**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969



*Jassi Gill*
CA DRE# 00966763

**Hardeep S. Rai**
ਇੰਮੀਗਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Fourtheenth Year in Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 14, Issue 04, January 26th, 2013 20451 N Plum Grove Rd. Palatine, IL 60074 Ph:847-359-0746, Fax:847-705-9388

## ਭਾਜਪਾ ਤੇ ਅਕਾਲੀ ਦਲ ਵਿਚਾਲੇ ਠੰਢੀ ਜੰਗ?

# ਸੱਤਾ ਵਿਚ ਬਣਦੀ ਥਾਂ ਨਾ ਮਿਲਣ ਤੋਂ ਭਾਜਪਾ ਨਾਰਾਜ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਲਗਾਤਾਰ ਦੂਜੀ ਵਾਰ ਬਣੀ ਸਰਕਾਰ ਲਈ ਨਿੱਤ ਨਵੀਆਂ ਵੰਗਾਰਾਂ ਮੂੰਹ ਅੱਡੀ ਖੜ੍ਹੀਆਂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬੇਸ਼ੱਕ ਆਪਣੀ ਸੂਝ-ਬੂਝ ਤੇ ਕੂਟਨੀਤਕ ਚਾਲਾਂ ਨਾਲ 'ਸਭ ਅੱਛਾ' ਹੋਣ ਦਾ ਪ੍ਰਭਾਵ ਦੇ ਰਹੇ ਹਨ, ਪਰ ਹੁਣ ਉਨ੍ਹਾਂ ਨੂੰ ਵੀ ਦੂਜੀ ਵਾਰ ਮਿਲੀ ਸੱਤਾ ਕੰਡਿਆਂ ਦਾ ਤਾਜ ਮਹਿਸੂਸ ਹੋਣ ਲੱਗਾ ਹੈ। ਇਸ ਵੇਲੇ ਜਿਥੇ ਸ਼੍ਰੋਮਣੀ ਅਕਾਲੀ ਦਲ ਅੰਦਰ ਉਭਰੀ ਧੜੇਬੰਦੀ ਨੇ ਸ. ਬਾਦਲ ਲਈ ਸੱਤਾ ਦਾ ਅਨੰਦ ਖਰਾਬ ਤਾਂ ਕੀਤਾ ਹੀ ਹੈ, ਉਥੇ ਕਈ ਸਾਲਾਂ ਤੋਂ ਭਾਈਵਾਲ ਚੱਲੀ ਆ ਰਹੀ ਭਾਰਤੀ ਜਨਤਾ ਪਾਰਟੀ ਦੇ ਤਿੱਖੇ ਤੇਵਰ ਵੀ ਉਨ੍ਹਾਂ ਨੂੰ ਸਤਾ ਰਹੇ ਹਨ।

### ਭਾਜਪਾ ਅਕਾਲੀ ਆਗੂਆਂ ਦੀਆਂ ਆਪ-ਹੁਦਰੀਆਂ ਤੋਂ ਵੀ ਔਖੀ




ਅਸਲ ਵਿਚ ਭਾਜਪਾ ਆਗੂ ਅਕਾਲੀ ਮੰਤਰੀਆਂ ਦੀ ਕਾਰਜ ਸ਼ੈਲੀ ਤੋਂ ਨਾਰਾਜ਼ ਹਨ। ਮੀਡੀਆ ਵਿਚ ਇਸ ਗੱਲ ਦੀ ਚਰਚਾ ਹੈ ਕਿ ਸਰਕਾਰ ਵਿਚ ਉਪਰੋਂ ਬੇਸ਼ੱਕ ਸਭ ਕੁਝ ਠੀਕ ਜਾਪਦਾ ਹੈ ਪਰ ਅਸਲੀਅਤ ਇਹ ਹੈ ਕਿ ਦੋਵਾਂ ਧਿਰਾਂ ਅੰਦਰ ਠੰਢੀ ਜੰਗ ਭਖੀ ਹੋਈ ਹੈ। ਭਾਜਪਾ ਆਗੂ ਖੁੱਲ੍ਹੇਆਮ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਵਿਰੁਧ ਕੁਝ ਨਹੀਂ ਬੋਲ ਰਹੇ ਪਰ ਅੰਦਰੋਂ ਬੇਹੱਦ ਦੁਖੀ ਹਨ। ਭਾਜਪਾ ਆਗੂ ਮਹਿਸੂਸ ਕਰਦੇ ਹਨ ਕਿ ਰਾਜ ਭਾਗ ਵਿਚ ਉਨ੍ਹਾਂ ਦੀ ਕਿਧਰੇ ਵੀ ਪੁੱਛਗਿਛ ਨਹੀਂ ਅਤੇ ਅਕਾਲੀ ਦਲ ਦੇ ਮੰਤਰੀਆਂ ਦੀ ਹੀ ਹਰ ਪਾਸੇ ਚੱਲਦੀ ਹੈ।

ਦੂਜਾ, ਅਕਾਲੀ ਦਲ ਜਿਥੇ ਪਿੰਡਾਂ ਵਿਚ ਅਪਣਾ ਵੋਟ ਬੈਂਕ ਪੂਰੀ ਤਰ੍ਹਾਂ ਮਜ਼ਬੂਤ ਕਰ ਰਿਹਾ ਹੈ, ਉਥੇ ਸ਼ਹਿਰਾਂ ਵਿਚ ਭਾਜਪਾ ਦੇ ਵੋਟ ਬੈਂਕ ਨੂੰ ਖੋਰਾ ਵੀ ਲਗਾ ਰਿਹਾ ਹੈ। ਅਕਾਲੀ ਦਲ ਵੱਲੋਂ ਹਿੰਦੂ ਨੇਤਾਵਾਂ ਨੂੰ ਟਿਕਟਾਂ ਦੇ ਕੇ ਵਿਧਾਇਕ ਬਣਾਉਣ ਦੇ ਅਮਲ ਨੂੰ ਵੀ ਭਾਜਪਾ ਗੰਭੀਰ ਚੁਣੌਤੀ ਸਮਝ ਰਹੀ ਹੈ। ਪਿਛਲੇ ਦਿਨੀਂ ਇਸੇ ਠੰਢੀ ਜੰਗ ਕਾਰਨ ਹੀ ਸਿਹਤ ਮੰਤਰੀ ਮਦਨ ਮੋਹਨ ਮਿੱਤਲ ਨੇ ਪਹਿਲਾਂ ਤਾਂ ਜਲੰਧਰ ਦੇ ਇਕ ਸਮਾਗਮ ਵਿਚ ਪੁਲਿਸ ਦੇ ਸੀਨੀਅਰ ਅਧਿਕਾਰੀ ਨੂੰ ਬੇਇੱਜ਼ਤ ਕੀਤਾ ਅਤੇ ਫਿਰ ਮੀਡੀਆ ਵਿਚ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਪੰਜਾਬ ਦੇ ਅਧਿਕਾਰੀ ਉਨ੍ਹਾਂ ਨੂੰ ਤਾਂ ਮੰਤਰੀ ਹੀ ਨਹੀਂ ਸਮਝਦੇ!

ਇਸ ਤੋਂ ਇਲਾਵਾ ਪਿਛਲੇ ਮਹੀਨਿਆਂ ਵਿਚ ਅਕਾਲੀਆਂ ਦੇ ਲੱਠਮਾਰਾਂ ਦੀਆਂ ਆਪ-ਹੁਦਰੀਆਂ

*(ਬਾਕੀ ਸਫਾ 6 'ਤੇ)*

## ਭਾਜਪਾ ਦੀ ਚੁੱਪ ਦੇ ਅਸਲ ਅਰਥ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਸਾਂਝ ਤੋਂ ਪਹਿਲਾਂ ਪੰਜਾਬ ਵਿਚ ਭਾਜਪਾ ਦਾ ਕੋਈ ਬਹੁਤਾ ਆਧਾਰ ਨਹੀਂ ਸੀ, ਪਰ ਅਕਾਲੀ ਦਲ ਨਾਲ ਸਾਂਝ ਤੋਂ ਬਾਅਦ ਇਸ ਨੂੰ ਵਿਧਾਨ ਸਭਾ ਵਿਚ ਮਜ਼ਬੂਤ ਧਿਰ ਬਣਨ ਦਾ ਮੌਕਾ ਮਿਲਿਆ। ਇਸ ਦਾ ਮੁੱਢਲਾ ਆਧਾਰ ਭਾਵੇਂ ਸ਼ਹਿਰਾਂ ਵਿਚ ਹੈ ਸੀ, ਪਰ ਕਾਂਗਰਸ ਸ਼ਹਿਰਾਂ ਵਿਚ ਵੀ ਇਸ ਦੀ ਪੇਸ਼ ਨਹੀਂ ਸੀ ਜਾਣ ਦਿੰਦੀ।

ਦੂਜੇ ਬੰਨੇ, ਅਕਾਲੀ ਦਲ ਦਾ ਮੁੱਖ ਆਧਾਰ ਪਹਿਲਾਂ ਪਿੰਡ ਹੀ ਸਨ। ਇਸ ਲਈ ਅਣਲਿਖੇ ਸਮਝੌਤੇ ਤਹਿਤ ਅਕਾਲੀ ਦਲ ਪਿੰਡਾਂ ਅਤੇ ਭਾਜਪਾ ਸ਼ਹਿਰਾਂ ਵੱਲ ਹੋਰ ਵਧੇਰੇ ਧਿਆਨ ਦੇਣ ਲੱਗ ਪਈ। ਸੱਤਾ ਹੱਥ ਆਉਂਦਿਆਂ ਹੀ ਦੋਹਾਂ ਧਿਰਾਂ ਨੇ ਆਪੋ-ਆਪਣਾ ਆਧਾਰ ਮਜ਼ਬੂਤ ਕਰਨ ਦਾ ਹੀਲਾ ਕੀਤਾ। ਭਾਜਪਾ ਆਗੂਆਂ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਅਕਾਲੀ ਦਲ ਦੀ ਇਮਦਾਦ ਤੋਂ ਬਿਨਾਂ ਇਹ ਸਭ ਅਸੰਭਵ ਸੀ। ਖਾੜਕੂ ਧਿਰਾਂ ਵੀ ਇਸੇ ਕਰ ਕੇ ਬਾਦਲਾਂ ਨਾਲ ਬਹੁਤੀਆਂ ਨਾਰਾਜ਼ ਰਹਿੰਦੀਆਂ ਹਨ ਕਿ ਇਸ ਨੇ ਪੰਜਾਬ ਵਿਚ ਇਸ ਪਾਰਟੀ ਦੇ ਪੈਰ ਲੁਆਏ ਹੀ ਨਹੀਂ, ਸਗੋਂ ਮਜ਼ਬੂਤ ਕੀਤੇ।

## ਚੌਟਾਲਿਆਂ ਨੂੰ ਭ੍ਰਿਸ਼ਟਾਚਾਰ ਦਾ ਘੇਰਾ
## ਪਿਓ-ਪੁੱਤ ਨੂੰ ਦਸ-ਦਸ ਸਾਲ ਕੈਦ

**ਚੰਡੀਗੜ੍ਹ:** ਅਧਿਆਪਕਾਂ ਦੀ ਭਰਤੀ ਵਿਚ ਹੋਏ ਘੁਟਾਲੇ ਦੇ ਮਾਮਲੇ ਵਿਚ ਸੀ.ਬੀ.ਆਈ. ਅਦਾਲਤ ਨੇ ਹਰਿਆਣਾ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਓਮ ਪ੍ਰਕਾਸ਼ ਚੌਟਾਲਾ ਤੇ ਉਨ੍ਹਾਂ ਦੇ ਪੁੱਤ ਅਜੈ ਚੌਟਾਲਾ ਨੂੰ 10-10



*ਓਮ ਪ੍ਰਕਾਸ਼ ਚੌਟਾਲਾ*

ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਨਾਲ ਜਿਥੇ ਚੌਟਾਲਾ ਪਿਓ-ਪੁੱਤ ਦੇ ਸਿਆਸੀ ਕੈਰੀਅਰ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ, ਉਥੇ ਉਨ੍ਹਾਂ ਦੀ ਇੰਡੀਅਨ ਨੈਸ਼ਨਲ ਲੋਕ ਦਲ ਪਾਰਟੀ ਦਾ ਭਵਿੱਖ ਵੀ ਦਾਅ 'ਤੇ ਲੱਗ ਗਿਆ ਹੈ ਕਿਉਂਕਿ ਹੁਣ ਤੱਕ ਪਾਰਟੀ ਦੀਆਂ ਸਾਰੀਆਂ ਸ਼ਕਤੀਆਂ ਚੌਟਾਲਾ ਪਿਓ-ਪੁੱਤ ਦੇ ਹੱਥ ਹੀ ਸਨ।

78 ਸਾਲਾ ਚੌਧਰੀ ਓਮ ਪ੍ਰਕਾਸ਼ ਚੌਟਾਲਾ ਅਤੇ ਉਨ੍ਹਾਂ ਦੇ 51 ਸਾਲਾ ਪੁੱਤਰ ਅਜੈ-ਦੋਵੇਂ ਹੀ ਵਿਧਾਇਕ ਹਨ ਤੇ ਜੇ ਉਪਰਲੀ ਅਦਾਲਤ ਵੱਲੋਂ ਉਨ੍ਹਾਂ ਦੀ ਸਜ਼ਾ 'ਤੇ ਰੋਕ ਨਹੀਂ ਲਾਈ ਜਾਂਦੀ ਤਾਂ ਉਨ੍ਹਾਂ ਨੂੰ ਅਗਲੇ ਸਾਲ ਵਿਧਾਨ ਸਭਾ ਚੋਣਾਂ ਵਿਚ ਖੜ੍ਹਾ ਹੋਣ ਦੇ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ ਕਿਉਂਕਿ ਲੋਕ ਪ੍ਰਤੀਨਿਧਤਾ



*ਅਜੈ ਚੌਟਾਲਾ*

ਕਾਨੂੰਨ ਅਨੁਸਾਰ ਕਿਸੇ ਅਪਰਾਧ ਲਈ ਦੋਸ਼ੀ ਤੇ ਦੋ ਸਾਲਾਂ ਤੋਂ ਵੱਧ ਜੇਲ੍ਹ ਦੀ ਸਜ਼ਾ ਵਾਲਾ ਕੋਈ ਵੀ ਵਿਅਕਤੀ ਸਜ਼ਾ ਖਤਮ ਹੋਣ ਦੇ ਛੇ ਸਾਲਾਂ ਬਾਅਦ ਤਕ ਚੋਣ ਨਹੀਂ ਲੜ ਸਕਦਾ।

ਜ਼ਿਕਰਯੋਗ ਹੈ ਕਿ ਸ੍ਰੀ ਚੌਟਾਲਾ ਨੇ ਮੁੱਖ ਮੰਤਰੀ ਹੁੰਦਿਆਂ 1999-2000 ਵਿਚ ਜੇ.ਬੀ.ਟੀ. ਅਧਿਆਪਕਾਂ ਦੀ ਭਰਤੀ ਕੀਤੀ ਸੀ। ਇਸ ਮਾਮਲੇ ਵਿਚ ਪਿਛਲੇ ਹਫ਼ਤੇ ਚੌਟਾਲਾ

*(ਬਾਕੀ ਸਫਾ 6 'ਤੇ)*

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Broker / Associate MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350



Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਪਹਿਲਵਾਨ ਕਾਲੀਚਰਨ ਗੋਲਡ ਜਿਮ ਪਹੁੰਚੇ




**ਫਰੀਮਾਂਟ (ਬਿਊਰੋ):** ਵਿਦੇਸ਼ਾਂ ਵਿਚ ਕਈ ਵਾਰ ਭਾਰਤ ਦੀ ਨੁਮਾਇੰਦਗੀ ਕਰ ਚੁਕੇ ਕੌਮਾਂਤਰੀ ਪਹਿਲਵਾਨ ਜਗਦੀਸ਼ ਕਾਲੀਚਰਨ ਇਨ੍ਹੀਂ ਦਿਨੀਂ ਆਪਣੇ ਅਮਰੀਕਾ ਦੌਰੇ ਦੌਰਾਨ ਕੈਲੀਫੋਰਨੀਆ ਆਏ ਹੋਏ ਹਨ ਜਿਥੇ ਉਹ ਆਪਣੇ ਪ੍ਰਸ਼ੰਸਕਾਂ ਵਲੋਂ ਕੀਤੇ ਜਾ ਰਹੇ ਵੱਖ ਵੱਖ ਪ੍ਰੋਗਰਾਮਾਂ ਵਿਚ ਸ਼ਰੀਕ ਹੋ ਰਹੇ ਹਨ। ਇਸੇ ਲੜੀ ਵਿਚ ਲੰਘੇ ਸੋਮਵਾਰ ਨੂੰ ਉਹ ਇਥੋਂ ਨਜ਼ਦੀਕ ਸ਼ਹਿਰ ਗਿਲਰਾਏ ਵਿਖੇ ਨਵੇਂ ਖੁਲ੍ਹੇ ਗੋਲਡ ਜਿਮ ਨੂੰ ਵੇਖਣ ਪਹੁੰਚੇ।

ਗੋਲਡ ਜਿਮ ਵਿਚ ਉਨ੍ਹਾਂ ਦਾ ਸਵਾਗਤ ਗੋਲਡ ਜਿਮ ਦੇ ਮਾਲਕਾਂ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਸਟਾਫ ਮੈਂਬਰਾਂ ਨੇ ਕੀਤਾ।

ਇਸ ਮੌਕੇ ਬੋਲਦਿਆਂ ਜਗਦੀਸ਼ ਕਾਲੀਚਰਨ ਨੇ ਕਿਹਾ ਕਿ ਸਾਨੂੰ ਇਸ ਸਮੇਂ ਵਿਸ਼ਵ ਪੱਧਰੀ ਕਸਰਤਘਰਾਂ ਦੀ ਬੇਹਦ ਜ਼ਰੂਰਤ ਹੈ ਜਿਸ ਨਾਲ ਖਿਡਾਰੀ ਵਿਸ਼ਵ ਪੱਧਰ ਉਤੇ ਖੇਡਾਂ ਵਿਚ ਚੰਗਾ ਪ੍ਰਦਰਸ਼ਨ ਕਰ ਸਕਦੇ ਹਨ। ਇਹ ਉਦਮ ਹੁਣ ਗਾਖਲ ਭਰਾ ਪੰਜਾਬ ਅਤੇ ਕੈਲੀਫੋਰਨੀਆ ਵਿਚ ਗੋਲਡ ਜਿਮ ਨਾਂ ਹੇਠ ਨਵੇਂ ਜਿਮ ਬਣਾ ਕੇ ਕਰ ਰਹੇ ਹਨ। ਇਸ ਸਮੇਂ ਸ. ਅਮੋਲਕ ਸਿੰਘ ਗਾਖਲ ਜੋ ਯੁਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਵੀ ਹਨ, ਨੇ ਸ੍ਰੀ ਕਾਲੀਚਰਨ ਨੂੰ ਕਲੱਬ ਵਲੋਂ 11 ਤੇ 12 ਮਈ ਨੂੰ ਯੂਨੀਅਨ ਸਿਟੀ ਵਿਚ ਕਰਵਾਏ ਜਾ ਰਹੇ ਕੌਮਾਂਤਰੀ ਖੇਡ ਟੂਰਨਾਮੈਂਟ ਲਈ ਵੀ ਸੱਦਾ ਦਿੱਤਾ।

# ਪੁਲਿਸ ਦੇ ਸਿਆਸੀਕਰਨ ਤੋਂ ਹਾਈ ਕੋਰਟ ਖ਼ਫ਼ਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਮਾਨਸਾ ਤੋਂ ਵਿਧਾਇਕ ਪ੍ਰੇਮ ਮਿੱਤਲ ਵੱਲੋਂ ਨਿਆਂਇਕ ਪ੍ਰਣਾਲੀ ਵਿਚ ਦਖਲ ਦੇਣ 'ਤੇ ਉਨ੍ਹਾਂ ਦੀ ਖਾਸੀ ਖਿਚਾਈ ਕੀਤੀ ਹੈ। ਪੰਜਾਬ ਵਿਚ ਪੁਲਿਸ ਦਾ ਸਿਆਸੀਕਰਨ ਹੋਣ ਦੇ ਦੋਸ਼ ਸਮੇਂ-ਸਮੇਂ 'ਤੇ ਲੱਗਦੇ ਰਹੇ ਹਨ ਪਰ ਅਦਾਲਤ ਵਿਚ ਪੰਜਾਬ ਦੀ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਲਈ ਖਾਸਾ ਨਮੋਸ਼ੀ ਭਰਿਆ ਵੇਲਾ ਰਿਹਾ। ਹਾਈ ਕੋਰਟ ਨੇ ਵਿਧਾਇਕ ਦੀ ਚੰਗੀ ਲਾਹ-ਪਾਹ ਕੀਤੀ।

ਅਦਾਲਤ ਨੇ ਕਿਹਾ ਕਿ ਅਕਾਲੀ ਵਿਧਾਇਕ ਨੇ ਨਾ ਸਿਰਫ ਪੁਲਿਸ ਦੇ ਸੁਤੰਤਰ ਕਾਰਜ ਵਿਚ ਦਖਲ ਦਿੱਤਾ, ਸਗੋਂ ਨਿਆਂਇਕ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਾਵੇਰੀ ਸੀਡ ਕੰਪਨੀ ਲਿਮਟਿਡ ਸਿਕੰਦਰਾਬਾਦ ਦੇ ਐਮਡੀ ਨੇ ਪਟੀਸ਼ਨ ਪਾ ਕੇ ਅਦਾਲਤ ਨੂੰ ਦੱਸਿਆ ਸੀ ਕਿ ਵਿਧਾਇਕ ਨੇ ਮਾਮੂਲੀ ਲੈਣ-ਦੇਣ ਦੇ ਮਾਮਲੇ ਵਿਚ ਦਖਲ ਦੇ ਕੇ ਉਨ੍ਹਾਂ ਖਿਲਾਫ ਫੌਜਦਾਰੀ ਕੇਸ ਦਰਜ ਕਰਵਾ ਦਿੱਤਾ।

ਜਸਟਿਸ ਰਣਜੀਤ ਸਿੰਘ ਨੇ ਕੇਸ ਰੱਦ ਕਰਦਿਆਂ ਕਿਹਾ ਕਿ ਪੁਲਿਸ ਤਾਜ਼ਾ ਮਾਮਲਿਆਂ 'ਤੇ ਤਾਂ ਹੱਥ ਨਹੀਂ ਧਰਦੀ ਪਰ ਉਸ ਨੇ 2009 ਦੇ ਮਾਮਲੇ ਵਿਚ ਤਿੰਨ ਦਿਨਾਂ ਵਿਚ ਜਾਂਚ ਕਰਕੇ ਕੇਸ ਵੀ ਦਰਜ ਕਰਵਾ ਦਿੱਤਾ ਕਿਉਂਕਿ ਵਿਧਾਇਕ ਨੇ ਅਜਿਹਾ ਕਰਨ ਦਾ ਹੁਕਮ ਦਿੱਤਾ ਸੀ। ਹਾਲ ਹੀ ਦੌਰਾਨ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਦੋਸ਼ ਲਾਇਆ ਸੀ ਕਿ ਅਕਾਲੀ-ਭਾਜਪਾ ਵਿਧਾਇਕ ਜਾਂ ਹਲਕਾ ਇੰਚਾਰਜ ਵੱਲੋਂ ਥਾਣਿਆਂ ਦੇ ਮੁਖੀ ਨਿਯੁਕਤ ਕੀਤੇ ਜਾ ਰਹੇ ਹਨ ਤੇ ਉਹ ਉਨ੍ਹਾਂ ਤੋਂ ਆਪਣੀ ਮਰਜ਼ੀ ਮੁਤਾਬਕ ਕੰਮ ਕਰਵਾਉਂਦੇ ਹਨ।

# ਬਰੈਂਪਟਨ ਦੇ ਗੁਰਦੁਆਰੇ ਵਿਚ ਝਗੜੇ ਦਾ ਜੁਰਮ ਇਕਬਾਲ

**ਟੋਰਾਂਟੋ:** ਦੋ ਕੁ ਸਾਲ ਪਹਿਲਾਂ ਬਰੈਂਪਟਨ ਦੇ ਗਲਿਡਨ ਰੋਡ ਸਥਿਤ ਗੁਰੂ ਨਾਨਕ ਸਿੱਖ ਸੈਂਟਰ ਗੁਰਦੁਆਰੇ ਵਿਚ ਪ੍ਰਬੰਧ ਦੇ ਕਬਜ਼ੇ ਨੂੰ ਲੈ ਕੇ ਹੋਈ ਲੜਾਈ ਵਿਚ ਸ਼ਾਮਲ ਚਾਰ ਜਣਿਆਂ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ। ਇਸ ਗਹਿਗੱਚ ਲੜਾਈ ਵਿਚ ਦੋਹਾਂ ਧਿਰਾਂ ਵਿਚਕਾਰ ਕਿਰਪਾਨਾਂ ਤੇ ਕੁਹਾੜੇ ਚੱਲੇ ਤੇ ਕਈ ਜਣੇ ਜ਼ਖਮੀ ਹੋਏ ਸਨ। ਪੁਲਿਸ ਨੇ ਉਦੋਂ ਕੁਝ ਬੰਦਿਆਂ 'ਤੇ ਦੋਸ਼ ਆਇਦ ਕੀਤੇ ਸਨ ਜਿਸ ਦੀ ਸੁਣਵਾਈ ਤਹਿਤ ਬੀਤੇ ਦਿਨ ਅਦਾਲਤ ਵਿਚ ਆਪਣਾ ਗੁਨਾਹ ਮੰਨਣ ਵਾਲਿਆਂ ਨੂੰ ਅਗਲੇ ਕੁਝ ਮਹੀਨਿਆਂ ਤੱਕ ਸਜ਼ਾ ਸੁਣਾਈ ਜਾਏਗੀ।

ਪੁਲਿਸ ਵੱਲੋਂ ਜਾਰੀ ਸੂਚਨਾ ਮੁਤਾਬਕ ਇਨ੍ਹਾਂ ਗੁਨਾਹੀਆਂ ਵਿਚ 62 ਸਾਲਾ ਟਹਿਲ ਸਿੰਘ ਸ਼ੇਰਗਿੱਲ, 43 ਸਾਲਾ ਹਰਵਿੰਦਰਪਾਲ ਧਾਲੀਵਾਲ, 60 ਸਾਲਾ ਅਮਰਜੀਤ ਮਾਨ ਤੇ 56 ਵਰ੍ਹਿਆਂ ਦੇ ਸੁਰਜੀਤ ਅਟਵਾਲ ਨੇ ਅਦਾਲਤ ਵਿਚ ਮੰਨਿਆ ਕਿ ਉਹ ਹਥਿਆਰਾਂ ਨਾਲ ਲੈਸ ਹੋ ਕੇ ਗੁਰਦੁਆਰੇ ਵਿਚ ਚੱਲ ਰਹੀ ਜਨਤਕ ਮੀਟਿੰਗ ਵਿਚ ਆਏ ਤੇ ਹਮਲਾ ਕੀਤਾ। ਇਨ੍ਹਾਂ ਨੂੰ ਮਈ ਵਿਚ ਸਜ਼ਾ ਹੋਵੇਗੀ ਜੋ ਸਾਲ ਤੱਕ ਦੀ ਕੈਦ ਤੇ ਸੂਤਰਾਂ ਮੁਤਾਬਕ ਕੁਝ ਬੰਦਸ਼ਾਂ ਲਾਈਆਂ ਜਾ ਸਕਦੀਆਂ ਹਨ।

ਸੂਤਰਾਂ ਅਨੁਸਾਰ ਬਰੈਂਪਟਨ ਦੇ ਗੁਰਦੁਆਰੇ ਦੀ ਕੋਈ 30 ਕਰੋੜ ਡਾਲਰ ਦੀ ਸੰਪਤੀ ਦੱਸੀ ਜਾ ਰਹੀ ਹੈ ਤੇ ਇਸ ਦਾ ਸਾਲਾਨਾ ਚੜ੍ਹਾਵਾ 20 ਲੱਖ ਡਾਲਰ ਦੇ ਨੇੜੇ ਪਹੁੰਚ ਜਾਂਦਾ ਹੈ। ਇਸ ਦੇ ਪ੍ਰਬੰਧ ਨੂੰ ਲੈ ਕੇ ਕਿਹਰ ਸਿੰਘ ਗਿੱਲ ਤੇ ਮਾਹਲ ਧੜੇ ਵਿਚ ਕਸ਼ਮਕਸ਼ ਚਲਦੀ ਰਹੀ ਹੈ।

ਇਹ ਘਟਨਾ 18 ਅਪਰੈਲ, 2010 ਨੂੰ ਵਾਪਰੀ ਜਦੋਂ ਇਕ ਧਿਰ ਗੁਰਦੁਆਰੇ ਵਿਚ ਮੀਟਿੰਗ ਕਰ ਰਹੀ ਸੀ ਤੇ ਦੂਜੀ ਧਿਰ ਨੇ ਹਮਲਾ ਕਰ ਦਿੱਤਾ।







Pacific Coast Law Firm P.C.

A Professional Corporation

2351 W. March Lane, Ste A, Stockton, CA 95207
704 I Street, Ste B, Modesto, CA 95253

(209) 475-6001

DIVORCE/FAMILY LAW (ਡਿਵੋਰਸ ਅਤੇ ਫੈਮਿਲੀ ਲਾਅ)
* Child Custody/Visitation
* Child Support
* Spousal Support/Alimony
* Property Division
* Restraining Orders
* Guardianships

IMMIGRATION LAW (ਇਮੀਗਰੇਸ਼ਨ ਲਾਅ)
* Family/Fiancee Visa
* Citizenship
* Removal/Deportation Defense
* Asylum
* Adjustment of Status
* Waivers (UP/Criminal)
* International Visas
* Passport Applications
* Power of Attorney
* Religious Visa/Adjustment
* EB-5/Investor Visas
* VAWA
* U/T Visas
* Green Card
* DACA
* OCI
* Passport/Identity Card

BANKRUPTCY (ਬੈਂਕਰਪਸੀ)
* Chapter 7
* Credit Card Bills
* Medical Bills
* Wage Garnishments



Harleen Wahid-Dail
Attorney at Law

WILLS, TRUSTS & ESTATES (ਵਿਰਾਸਤ, ਟਰਸਟ ਅਤੇ ਐਸਟੇਟਸ)
· Document Creation
· Inter Vivos Trusts
· Direction for Res Funding
· Notary on Site
· Durable Power of Attorney
· Power of Attorney

TAX LAW (ਟੈਕਸ ਲਾਅ)
* Offers In Compromise * Payment Plans

SOCIAL SECURITY & VETERAN DISABILITY (ਸੋਸ਼ਲ ਸਿਕਿਉਰਿਟੀ ਅਤੇ ਵੈਟਰਨ ਡਿਸਏਬਲਿਟੀ)
* Initial Applications
* SSDI / SSI
* Hearings / Appeals
* Survivor & Disabled
* Widower Benefit
* EDD Claims / Appeals



*Kiran Sihota*
*Attorney at Law*

# ਮੌਗਾ ਮਾਰਚ



**ਮੋਗਾ ਜ਼ਿਮਨੀ ਚੋਣ ਨੇ ਸਿਆਸੀ ਫਿਜ਼ਾ ਭਖਾ ਦਿੱਤੀ ਹੈ। 23 ਫਰਵਰੀ ਨੂੰ ਹੋ ਰਹੀ ਚੋਣ ਲਈ ਅਕਾਲੀ-ਭਾਜਪਾ ਗਠਜੋੜ ਨੇ ਕਾਂਗਰਸ ਛੱਡ ਕੇ ਆਏ ਜੋਗਿੰਦਰਪਾਲ ਜੈਨ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਕਾਂਗਰਸ ਪਹਿਲਾਂ ਵਾਂਗ ਹੀ ਉਮੀਦਵਾਰ ਐਲਾਨਣ ਤੋਂ ਪਛੜੀ ਹੈ। ਪੀਪਲਜ਼ ਪਾਰਟੀ ਆਫ਼ ਪੰਜਾਬ ਨੇ ਸਾਂਝੇ ਮੋਰਚੇ ਵੱਲੋਂ ਪਹਿਲਾਂ ਚੋਣ ਲੜ ਚੁੱਕੇ ਡਾ. ਰਵਿੰਦਰ ਸਿੰਘ ਧਾਲੀਵਾਲ ਨੂੰ ਮੈਦਾਨ ਵਿਚ ਉਤਾਰਿਆ ਹੈ। ਨਾਮਜ਼ਦਗੀ ਪੱਤਰ ਭਰਨ ਦੀ ਤਾਰੀਖ਼ ਛੇ ਫਰਵਰੀ ਅਤੇ ਵਾਪਸ ਲੈਣ ਦੀ ਤਾਰੀਖ ਨੌਂ ਫਰਵਰੀ ਹੈ। ਵੋਟਾਂ ਦੀ ਗਿਣਤੀ 28 ਫਰਵਰੀ ਨੂੰ ਹੋਵੇਗੀ।**

## ਮੋਗੇ ਵਿਚ ਖੋਲ੍ਹਿਆ ਗੱਫਿਆਂ ਦਾ ਮੋਘਾ

**ਚੰਡੀਗੜ੍ਹ:** ਜ਼ਿਮਨੀ ਚੋਣ ਕਰਕੇ ਪੰਜਾਬ ਸਰਕਾਰ ਮੋਗਾ ਜ਼ਿਲ੍ਹੇ 'ਤੇ ਮਿਹਰਬਾਨ ਹੈ। ਇਸ ਦਾ ਤਾਜ਼ਾ ਸਬੂਤ ਸਰਕਾਰ ਵੱਲੋਂ ਸਿਰਫ਼ ਮੋਗਾ ਜ਼ਿਲ੍ਹੇ ਵਿਚਲੇ ਬੁਢਾਪਾ, ਵਿਧਵਾ, ਬੇਸਹਾਰਾ ਤੇ ਅਪਾਹਿਜ ਲਾਭਪਾਤਰੀਆਂ ਦੀਆਂ ਪੈਨਸ਼ਨਾਂ ਦੇ ਹੀ ਭੁਗਤਾਨ ਕਰਨ ਤੋਂ ਮਿਲਦੀ ਹੈ। ਸੂਤਰਾਂ ਅਨੁਸਾਰ ਸਰਕਾਰੀ ਖ਼ਜ਼ਾਨਾ ਸੰਕਟ ਵਿਚ ਹੋਣ ਕਾਰਨ ਵਿੱਤ ਵਿਭਾਗ ਨੇ ਸੂਬੇ ਦੇ ਹੋਰ ਜ਼ਿਲ੍ਹਿਆਂ ਦੇ ਲਾਭਪਾਤਰੀਆਂ ਨੂੰ ਦਸੰਬਰ ਮਹੀਨੇ ਦੀਆਂ ਪੈਨਸ਼ਨਾਂ ਦੇ ਭੁਗਤਾਨ ਲਈ ਪੈਸਾ ਜਾਰੀ ਨਹੀਂ ਕੀਤਾ ਪਰ ਮੋਗਾ ਜ਼ਿਲ੍ਹੇ ਲਈ ਕੋਈ ਵਿੱਤੀ ਸੰਕਟ ਨਹੀਂ। ਇਸ ਦਾ ਕਾਰਨ ਸਪੱਸ਼ਟ ਹੈ ਕਿ ਸਰਕਾਰ ਮੋਗਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਕਾਰਨ ਲੋਕਾਂ ਦਾ ਗੁੱਸਾ ਸਹੇੜਨਾ ਨਹੀਂ ਚਾਹੁੰਦੀ। ਸਮਾਜਕ ਸੁਰੱਖਿਆ ਵਿਭਾਗ ਵੱਲੋਂ ਦਸੰਬਰ ਮਹੀਨੇ ਦੀਆਂ ਪੈਨਸ਼ਨਾਂ ਸਾਰੇ ਪੰਜਾਬ ਦੇ ਲਾਭਪਾਤਰੀਆਂ ਨੂੰ ਦੇਣ ਲਈ ਖ਼ਜ਼ਾਨੇ ਵਿਚ ਜੋ ਬਿਲ ਭੇਜਿਆ ਸੀ, ਉਸ ਵਿਚੋਂ ਸਿਰਫ਼ ਮੋਗਾ ਜ਼ਿਲ੍ਹੇ ਦਾ ਬਿੱਲ ਹੀ ਪ੍ਰਵਾਨ ਚੜ੍ਹਿਆ ਹੈ। ਮੋਗਾ ਜ਼ਿਲ੍ਹੇ ਵਿਚ ਬੁਢਾਪਾ ਪੈਨਸ਼ਨਾਂ ਦੇ 62757,



ਆਸ਼ਰਿਤ ਬੱਚਿਆਂ ਨੂੰ ਦਿੱਤੀ ਜਾਂਦੀ ਵਿੱਤੀ ਸਹਾਇਤਾ ਦੇ ਲਾਭਪਾਤਰੀ 4070, ਵਿਧਵਾਵਾਂ ਦੀ ਗਿਣਤੀ 11000 ਤੇ ਅਪਾਹਿਜ 6575 ਹਨ ਜਿਨ੍ਹਾਂ ਨੂੰ ਸਰਕਾਰ ਵੱਲੋਂ ਮਾਸਕ 250 ਰੁਪਏ ਪੈਨਸ਼ਨ ਦਿੱਤੀ ਜਾਂਦੀ ਹੈ।

ਇਸ ਜ਼ਿਲ੍ਹੇ ਦੇ ਉਕਤ ਲਾਭਪਾਤਰੀਆਂ ਨੂੰ ਪੈਨਸ਼ਨਾਂ ਦੇਣ ਲਈ ਸਮਾਜਿਕ ਸੁਰੱਖਿਆ ਵਿਭਾਗ ਨੂੰ 2 ਕਰੋੜ 11 ਲੱਖ ਰੁਪਏ ਜਾਰੀ ਕੀਤੇ ਗਏ ਹਨ। ਇਹ ਪੈਸਾ ਚੋਣ ਜ਼ਾਬਤਾ ਲੱਗਣ ਤੋਂ ਕੁਝ ਦਿਨ ਪਹਿਲਾਂ ਹੀ ਜਾਰੀ ਕੀਤਾ ਗਿਆ ਸੀ। ਗ਼ੌਰਤਲਬ ਹੈ ਕਿ ਮੋਗਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ 23 ਫਰਵਰੀ ਨੂੰ ਵੋਟਾਂ ਪੈਣੀਆਂ ਹਨ। ਸੂਤਰਾਂ ਮੁਤਾਬਕ ਸਰਕਾਰ ਨੇ ਹਦਾਇਤਾਂ ਦਿੱਤੀਆਂ ਸਨ ਕਿ ਲਾਭਪਾਤਰੀਆਂ ਨੂੰ ਤੁਰੰਤ ਪੈਨਸ਼ਨਾਂ ਦਾ ਭੁਗਤਾਨ ਕੀਤਾ ਜਾਵੇ ਤਾਂ ਜੋ ਚੋਣ ਕਮਿਸ਼ਨ ਵੱਲੋਂ ਕੋਈ ਅੜਿੱਕਾ ਨਾ ਖੜ੍ਹਾ ਕੀਤਾ ਜਾ ਸਕੇ।

ਪੰਜਾਬ ਵਿਚ ਸਮਾਜਿਕ ਸੁਰੱਖਿਆ ਵਿਭਾਗ ਰਾਹੀਂ ਦਿੱਤੀਆਂ ਜਾਂਦੀਆਂ ਇਨ੍ਹਾਂ ਪੈਨਸ਼ਨਾਂ ਦੇ ਲਾਭਪਾਤਰੀਆਂ ਦੀ ਕੁੱਲ ਗਿਣਤੀ 19 ਲੱਖ 29 ਹਜ਼ਾਰ 900 ਦੇ ਕਰੀਬ ਹੈ। ਇਨ੍ਹਾਂ ਪੈਨਸ਼ਨਾਂ ਲਈ ਹਰ ਮਹੀਨੇ 48 ਕਰੋੜ 25 ਲੱਖ ਰੁਪਏ ਜਾਰੀ ਕੀਤੇ ਜਾਂਦੇ ਹਨ। ਸੂਤਰਾਂ ਅਨੁਸਾਰ ਸਰਕਾਰ ਤਾਂ ਮੋਗਾ ਜ਼ਿਲ੍ਹੇ ਦੇ ਲਾਭਪਾਤਰੀਆਂ ਨੂੰ ਜਨਵਰੀ ਮਹੀਨੇ ਦੀਆਂ ਪੈਨਸ਼ਨਾਂ ਦੇਣ ਦਾ ਮਨ ਵੀ ਬਣਾ ਚੁੱਕੀ ਸੀ ਪਰ ਅਚਨਚੇਤ ਚੋਣ ਜ਼ਾਬਤਾ ਲੱਗਣ ਕਾਰਨ ਇਹ ਸਕੀਮ ਧਰੀ ਧਰਾਈ ਰਹਿ ਗਈ। ਰਾਜ ਸਰਕਾਰ ਇਨ੍ਹੀਂ ਦਿਨੀਂ ਗੰਭੀਰ ਮਾਲੀ ਸੰਕਟ ਵਿਚੋਂ ਲੰਘ ਰਹੀ ਹੈ।

## ਸਦਾ ਕਾਂਗਰਸ ਦਾ ਹੀ ਰਿਹਾ ਦਾਬਾ

**ਚੰਡੀਗੜ੍ਹ:** ਮੋਗਾ ਵਿਧਾਨ ਸਭਾ ਸੀਟ ਦਾ ਪੁਰਾਣਾ ਇਤਿਹਾਸ ਬੜਾ ਰੌਚਿਕ ਹੈ। ਪਿਛਲੇ ਸਾਢੇ ਤਿੰਨ ਦਹਾਕਿਆਂ ਦੌਰਾਨ ਵਿਧਾਨ ਸਭਾ ਦੀਆਂ ਹੋਈਆਂ ਸੱਤ ਚੋਣਾਂ ਦੌਰਾਨ ਮੋਗਾ ਹਲਕੇ ਵਿਚੋਂ ਅਕਾਲੀ ਦਲ ਦੀ ਲਾਜ ਸਿਰਫ ਜਥੇਦਾਰ ਤੋਤਾ ਸਿੰਘ ਹੀ ਰੱਖ ਸਕੇ ਹਨ। ਉਨ੍ਹਾਂ ਨੇ ਸਾਲ 1997 ਤੇ 2002 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਨਿਰੰਤਰ ਮੋਗਾ ਹਲਕੇ ਵਿਚ ਆਪਣੀ ਜਿੱਤ ਦਰਜ ਕੀਤੀ ਸੀ।

ਸਾਲ 1977 ਦੀਆਂ ਚੋਣਾਂ ਦੌਰਾਨ ਇਥੋਂ ਜਨਤਾ ਦਲ ਦੇ ਉਮੀਦਵਾਰ ਰੂਪ ਲਾਲ ਸਾਥੀ ਕਾਂਗਰਸ ਦੇ ਉਮੀਦਵਾਰ ਇਕਬਾਲ ਸਿੰਘ ਨੂੰ 5996 ਵੋਟਾਂ ਨਾਲ ਹਰਾ ਕੇ ਜੇਤੂ ਰਹੇ ਸਨ। ਫਿਰ ਸਾਲ 1980 ਵਿਚ ਹੋਈਆਂ ਚੋਣਾਂ ਦੌਰਾਨ ਕਾਂਗਰਸ ਦੇ ਨਛੱਤਰ ਸਿੰਘ ਨੇ ਜਨਤਾ ਪਾਰਟੀ ਦੇ ਉਮੀਦਵਾਰ ਰੂਪ ਲਾਲ ਸਾਥੀ ਨੂੰ 5774 ਵੋਟਾਂ ਨਾਲ ਹਰਾ ਕੇ ਇਹ ਸੀਟ ਜਿੱਤੀ ਸੀ।

ਇਸ ਤੋਂ ਬਾਅਦ ਵਿਧਾਨ ਸਭਾ ਦੀਆਂ ਸਾਲ 1985 ਵਿਚ ਹੋਈਆਂ ਚੋਣਾਂ ਦੌਰਾਨ ਕਾਂਗਰਸ ਦੇ ਉਮੀਦਵਾਰ ਗੁਰਚਰਨ ਸਿੰਘ ਨੇ ਜਨਤਾ ਪਾਰਟੀ ਦੇ ਉਮੀਦਵਾਰ ਰੂਪ ਲਾਲ ਸਾਥੀ ਨੂੰ 3803 ਵੋਟਾਂ ਨਾਲ ਹਰਾ ਕੇ ਇਹ ਸੀਟ ਜਿੱਤੀ ਸੀ। ਫਿਰ 12 ਸਾਲਾਂ ਬਾਅਦ ਸਾਲ 1997 ਵਿਚ ਵਿਧਾਨ ਸਭਾ ਦੀਆਂ ਹੋਈਆਂ ਚੋਣਾਂ ਦੌਰਾਨ ਅਕਾਲੀ ਦਲ ਦੇ ਜਥੇਦਾਰ ਤੋਤਾ ਸਿੰਘ ਨੇ ਰੂਪ ਲਾਲ ਸਾਥੀ ਦੇ ਪੁੱਤਰ ਤੇ ਜਨਤਾ ਪਾਰਟੀ ਦੇ ਉਮੀਦਵਾਰ ਸਾਥੀ ਵਿਜੈ ਕੁਮਾਰ ਨੂੰ 21,399 ਵੋਟਾਂ ਨਾਲ ਹਰਾ ਕੇ ਇਥੇ ਜਿੱਤ ਦਰਜ ਕੀਤੀ ਸੀ।

ਫਿਰ ਸਾਲ 2002 ਦੀਆਂ ਚੋਣਾਂ ਦੌਰਾਨ ਵੀ ਤੋਤਾ ਸਿੰਘ ਕਾਂਗਰਸ ਦੇ ਉਮੀਦਵਾਰ ਵਿਜੈ ਸਾਥੀ ਨੂੰ ਬੜੀ ਮੁਸ਼ਕਲ ਨਾਲ 305 ਵੋਟਾਂ ਨਾਲ ਹਰਾ ਕੇ ਜੇਤੂ ਰਹੇ ਸਨ। ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਉਮੀਦਵਾਰ ਜੋਗਿੰਦਰਪਾਲ ਜੈਨ ਨੇ ਅਕਾਲੀ ਦਲ ਦੇ ਉਮੀਦਵਾਰ ਤੋਤਾ ਸਿੰਘ ਨੂੰ 1292 ਵੋਟਾਂ ਨਾਲ ਹਰਾ ਕੇ ਜਿੱਤ ਦਰਜ ਕੀਤੀ ਸੀ। ਮੁੜ ਸਾਲ 2012 ਦੀਆਂ ਚੋਣਾਂ ਦੌਰਾਨ ਸ੍ਰੀ ਜੈਨ ਨੇ ਅਕਾਲੀ ਦਲ ਦੇ ਉਮੀਦਵਾਰ ਤੇ ਪੰਜਾਬ ਪੁਲਿਸ ਦੇ ਸੇਵਾਮੁਕਤ ਮੁਖੀ ਪੀਐਸ ਗਿੱਲ ਨੂੰ 4625 ਵੋਟਾਂ ਨਾਲ ਹਰਾ ਕੇ ਜਿੱਤ ਦਰਜ ਕੀਤੀ ਸੀ।

## ਮਾਨ ਨੇ ਵੀ ਮਨ ਬਦਲਿਆ ਚੋਣ ਲੜਨ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਆਪਣੇ ਪਹਿਲੇ ਫੈਸਲੇ ਤੋਂ ਡੋਲਦਾ ਨਜ਼ਰ ਆ ਰਿਹਾ ਹੈ। ਦਲ ਨੇ ਚੋਣ ਅਮਲ ਵਿਚ ਹਿੱਸਾ ਨਾ ਲੈਣ ਦੇ ਪਹਿਲਾਂ ਕੀਤੇ ਐਲਾਨ ਦੇ ਉਲਟ ਮੋਗਾ ਵਿਧਾਨ ਸਭਾ ਦੀ ਜ਼ਿਮਨੀ ਚੋਣ ਵਿਚ ਹਿੱਸਾ ਲੈਣ ਦਾ ਫੈਸਲਾ ਕੀਤਾ ਹੈ। ਦਲ ਦੇ ਸੀਨੀਅਰ ਮੀਤ ਪ੍ਰਧਾਨ ਧਿਆਨ ਸਿੰਘ ਮੰਡ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਦਲ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਵਿਚ ਮੋਗਾ ਵਿਧਾਨ ਸਭਾ ਦੀ ਜ਼ਿਮਨੀ ਚੋਣ ਲੜਨ ਬਾਰੇ ਸਹਿਮਤੀ ਬਣਨ ਤੋਂ ਬਾਅਦ ਉਮੀਦਵਾਰ ਲੱਭਣ ਦੇ ਸਾਰੇ ਅਧਿਕਾਰ ਧਿਆਨ ਸਿੰਘ ਮੰਡ ਨੂੰ ਦੇ ਦਿੱਤੇ ਗਏ। ਇਹ ਵੀ ਜਾਣਕਾਰੀ ਮਿਲੀ ਹੈ ਕਿ ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਚੋਣ ਅਮਲ ਵਿਚ ਹਿੱਸਾ ਲੈਣ ਲਈ ਹਰੀ ਝੰਡੀ ਦੇ ਦਿੱਤੀ ਸੀ।

ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕੁਝ ਸਮਾਂ ਪਹਿਲਾਂ ਚੋਣ ਅਮਲ ਵਿਚੋਂ ਬਾਹਰ ਹੋਣ ਦਾ ਐਲਾਨ ਕੀਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਚੋਣ ਪੈਸੇ ਦੀ ਖੇਡ ਬਣ ਕੇ ਰਹਿ ਗਈ ਹੈ ਤੇ ਉਨ੍ਹਾਂ ਦੀ ਪਾਰਟੀ ਕੋਲ ਮਾਇਆ ਦੀ ਤੋਟ ਰਹਿੰਦੀ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਉਹ ਆਪਣੀ ਆਵਾਜ਼ ਵਿਧਾਨ ਸਭਾ ਜਾਂ ਸੰਸਦ ਦੀ ਥਾਂ ਹੋਰ ਸਟੇਜਾਂ ਤੋਂ ਜ਼ਰੂਰ ਉਠਾਉਂਦੇ ਰਹਿਣਗੇ।

ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਨੇ ਕਿਹਾ ਕਿ "ਮੋਗਾ ਜ਼ਿਮਨੀ ਚੋਣ ਲੜਨ ਲਈ ਆਪਣੀ ਜੇਬ ਵਿਚੋਂ ਪੈਸਾ ਖਰਚ ਕਰਨ ਵਾਲਾ ਉਮੀਦਵਾਰ ਮਿਲ ਗਿਆ ਤਾਂ ਜ਼ਰੂਰ ਚੋਣ ਲੜਾਂਗੇ। ਨਾਲ ਹੀ ਉਨ੍ਹਾਂ ਕਿਹਾ ਕਿ ਦਲ ਦੀ ਉੱਚ ਪੱਧਰੀ ਮੀਟਿੰਗ ਵਿਚ ਪੈਸਾ ਖਰਚ ਕਰਨ ਵਾਲਾ ਉਮੀਦਵਾਰ ਮਿਲਣ 'ਤੇ ਹੀ ਚੋਣ ਅਮਲ ਵਿਚ ਹਿੱਸਾ ਲੈਣ ਦੀ ਸਹਿਮਤੀ ਬਣੀ ਹੈ।

ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਧਿਆਨ ਸਿੰਘ ਮੰਡ ਨੇ ਦੱਸਿਆ ਕਿ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਪ੍ਰਧਾਨ ਸ. ਮਾਨ ਦੇ ਘਰ ਹੋਈ ਸੀ ਜਿਸ ਵਿਚ ਮੋਗਾ ਦੀ ਜ਼ਿਮਨੀ ਚੋਣ ਲੜਨ ਦਾ ਫੈਸਲਾ ਲਿਆ ਗਿਆ। ਉਨ੍ਹਾਂ ਦੱਸਿਆ ਕਿ ਦਲ ਵੱਲੋਂ ਉਮੀਦਵਾਰ ਦੀ ਚੋਣ ਕਰਨ ਦੇ ਸਾਰੇ ਅਧਿਕਾਰ ਉਨ੍ਹਾਂ ਨੂੰ ਦਿੱਤੇ ਗਏ ਹਨ।

## ਗਿੱਲ ਦਾ ਗੁੱਸਾ

**ਚੰਡੀਗੜ੍ਹ:** ਵਿਧਾਨ ਸਭਾ ਹਲਕਾ ਮੋਗਾ ਦੀ ਜ਼ਿਮਨੀ ਚੋਣ ਦੇ ਨਤੀਜੇ ਜੋਗਿੰਦਰਪਾਲ ਜੈਨ ਵੱਲੋਂ ਦਲਬਦਲੀ ਕਾਰਨ ਹੈਰਾਨੀਜਨਕ ਹੋ ਸਕਦੇ ਹਨ ਕਿਉਂਕਿ ਅਕਾਲੀ ਦਲ ਵੱਲੋਂ



ਸ੍ਰੀ ਜੈਨ ਨੂੰ ਆਪਣਾ ਉਮੀਦਵਾਰ ਐਲਾਨਣ ਕਾਰਨ ਪਿਛਲੀ ਚੋਣ ਅਕਾਲੀ ਦਲ ਦੇ ਝੰਡੇ ਹੇਠ ਲੜੇ ਪੰਜਾਬ ਪੁਲਿਸ ਦੇ ਸੇਵਾਮੁਕਤ ਮੁਖੀ ਪੀਐਸ ਗਿੱਲ ਦੇ ਤਿੱਖੇ ਸੁਰ ਇਸ ਚੋਣ ਨੂੰ ਕੋਈ ਨਵਾਂ ਰੰਗ ਦੇਣ ਦੇ ਸੰਕੇਤ ਦੇ ਰਹੇ ਹਨ। ਮੋਗਾ ਸੀਟ ਕਾਂਗਰਸ ਦੀ ਰਵਾਇਤੀ ਸੀਟ ਮੰਨੀ ਜਾਂਦੀ ਹੈ।

## ਜੈਨ ਲਈ ਚੇਅਰਮੈਨੀ ਬਣੀ ਮੁਸੀਬਤ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਮਾਨਯੋਗ ਚੀਫ਼ ਜਸਟਿਸ ਏ.ਕੇ. ਸੀਕਰੀ ਤੇ ਜੱਜ ਰਾਕੇਸ਼ ਕੁਮਾਰ ਜੈਨ ਦੇ ਡਵੀਜ਼ਨ ਬੈਂਚ ਨੇ ਮੋਗਾ ਦੇ ਸਾਬਕਾ ਵਿਧਾਇਕ ਜੋਗਿੰਦਰਪਾਲ ਜੈਨ ਦੀ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਨਿਯੁਕਤੀ ਨੂੰ ਚੁਣੌਤੀ ਦੇਣ ਸਬੰਧੀ ਜਨਹਿਤ ਪਟੀਸ਼ਨ ਵਿਚ ਚੀਫ਼ ਸੈਕਟਰੀ ਪੰਜਾਬ, ਐਮ.ਡੀ. ਸੈਂਟਰਲ ਵੇਅਰਹਾਊਸਿੰਗ ਕਾਰਪੋਰੇਸ਼ਨ ਨਵੀਂ ਦਿੱਲੀ ਤੇ ਜੈਨ ਤੋਂ 8 ਮਾਰਚ ਤੱਕ ਜਵਾਬ ਮੰਗਿਆ ਹੈ। ਪਟੀਸ਼ਨਰ ਐਚਸੀ ਅਰੋੜਾ ਨੇ ਦਲੀਲ ਦਿੱਤੀ ਸੀ ਕਿ ਵੇਅਰਹਾਊਸਿੰਗ ਕਾਰਪੋਰੇਸ਼ਨ ਐਕਟ ਅਨੁਸਾਰ ਜੋ ਵਿਅਕਤੀ ਵੇਅਰਹਾਊਸਿੰਗ ਕਾਰਪੋਰੇਸ਼ਨ ਦਾ ਡਾਇਰੈਕਟਰ ਨਾ ਹੋਵੇ ਤੇ ਅਪਰਾਧਿਕ ਪਿਛੋਕੜ ਰੱਖਦਾ ਹੋਵੇ ਉਹ ਚੇਅਰਮੈਨ ਨਿਯੁਕਤ ਨਹੀਂ ਹੋ ਸਕਦਾ ਹੈ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਜਨਵਰੀ 2012 ਵਿਚ ਨਾਮਜ਼ਦਗੀ ਪੱਤਰ ਭਰਨ ਵੇਲੇ ਜੈਨ ਵੱਲੋਂ ਦਿੱਤੇ ਗਏ ਹਲਫ਼ਨਾਮੇ ਵਿਚ ਜਾਣਕਾਰੀ ਦਿੱਤੀ ਗਈ ਸੀ ਕਿ ਉਸ ਨੂੰ ਭਾਰਤੀ ਦੰਡਾਵਲੀ ਦੀ ਧਾਰਾ 419 ਤੇ 471 ਅਧੀਨ ਇਕ ਸਾਲ ਸਜ਼ਾ ਹੋਈ ਸੀ ਅਤੇ ਉਸ ਨੂੰ ਨੇਕਚਲਣੀ 'ਤੇ ਛੱਡ ਦਿੱਤਾ ਗਿਆ ਸੀ ਤੇ ਉਸ ਵਿਰੁੱਧ ਐਡੀਸ਼ਨਲ ਸੀਜੇਐਮ ਫ਼ਰੀਦਕੋਟ ਦੀ ਅਦਾਲਤ ਵੱਲੋਂ 28 ਸਤੰਬਰ, 2010 ਨੂੰ ਨਾਜਾਇਜ਼ ਕਲੋਨੀ ਕੱਟਣ ਕਾਰਨ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ ਅਧੀਨ ਦੋਸ਼ ਤੈਅ ਹੋਏ ਹਨ।

## ਦਿੱਲੀ ਗੁਰਦੁਆਰਾ ਚੋਣਾਂ ਕਰ ਕੇ ਮੈਦਾਨ ਅਜੇ ਠੰਢਾ

**ਚੰਡੀਗੜ੍ਹ:** ਪੰਜਾਬ ਦੇ ਮੋਗਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਪ੍ਰਚਾਰ 'ਤੇ ਦਿੱਲੀ ਸਿੱਖ ਗੁਰਦੁਅਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਪ੍ਰਭਾਵ ਸਪੱਸ਼ਟ ਦਿਖਾਈ ਦੇ ਰਿਹਾ ਹੈ। ਸਮੁੱਚੀ ਅਕਾਲੀ ਲੀਡਰਸ਼ਿਪ ਦੇ ਦਿੱਲੀ ਵਿਚ ਡੇਰੇ ਲਾ ਲੈਣ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜੋਗਿੰਦਰ ਪਾਲ ਜੈਨ ਆਪਣੀ ਨਵੀਂ ਪਾਰਟੀ ਦੇ ਰੁੱਸੇ ਆਗੂਆਂ ਨੂੰ ਮਨਾਉਣ ਵਿਚ ਹੀ ਰੁੱਝੇ ਹੋਏ ਹਨ।

ਅਕਾਲੀ ਲੀਡਰਸ਼ਿਪ ਲਈ ਵੱਕਾਰ ਦਾ ਸਵਾਲ ਬਣੀਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 27 ਜਨਵਰੀ ਨੂੰ ਹੋਣੀਆਂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਗੈਰਹਾਜ਼ਰੀ ਕਾਰਨ ਸਥਾਨਕ ਆਗੂ ਅਜੇ ਪੂਰੀ ਤਰ੍ਹਾਂ ਸਰਗਰਮ ਨਹੀਂ ਹੋਏ। ਜਥੇਦਾਰ ਤੋਤਾ ਸਿੰਘ, ਪਰਮਦੀਪ ਸਿੰਘ ਗਿੱਲ ਤੇ ਨਿਧੜਕ ਸਿੰਘ ਬਰਾੜ ਦਾ ਕਹਿਣਾ ਹੈ ਕਿ ਉਹ ਪਾਰਟੀ ਦੇ ਉਮੀਦਵਾਰ ਨੂੰ ਜਿਤਾਉਣ ਲਈ ਪਾਰਟੀ ਦੇ ਹੁਕਮ ਮੁਤਾਬਕ ਕੰਮ ਕਰ ਰਹੇ ਹਨ ਪਰ ਇਹ ਵੀ ਤੱਥ ਹੈ ਕਿ ਹਾਕਮ ਪਾਰਟੀ ਦੇ ਉਮੀਦਵਾਰ ਨੇ ਚੋਣ ਮੈਦਾਨ ਵਿਚ ਆਉਣ ਉਪਰੰਤ ਪਾਰਟੀ ਆਗੂਆਂ




ਨੂੰ ਇਕੱਤਰ ਕਰਨ ਲਈ ਕਈ ਮੀਟਿੰਗਾਂ ਕੀਤੀਆਂ ਪਰ ਜ਼ਿਆਦਾਤਰ ਮੀਟਿੰਗਾਂ ਵਿਚ ਸੀਨੀਅਰ ਅਕਾਲੀ ਆਗੂ ਜਥੇਦਾਰ ਤੋਤਾ ਸਿੰਘ, ਨਿਧੜਕ ਬਰਾੜ ਤੇ ਪਰਮਦੀਪ ਗਿੱਲ ਤੇ ਹੋਰਨਾਂ ਦੀ ਗੈਰਹਾਜ਼ਰੀ ਰੜਕ ਰਹੀ ਹੈ।

ਮੋਗਾ ਵਿਧਾਨ ਸਭਾ ਹਲਕੇ ਲਈ 23 ਫਰਵਰੀ ਨੂੰ ਵੋਟਾਂ ਪੈਣੀਆਂ ਹਨ। ਇਹ ਸੀਟ ਜੋਗਿੰਦਰ ਪਾਲ ਜੈਨ ਵੱਲੋਂ ਅਸਤੀਫ਼ਾ ਦੇਣ ਕਾਰਨ ਹੀ ਖਾਲੀ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਜੈਨ ਨੂੰ ਉਮੀਦਵਾਰ ਤਾਂ ਐਲਾਨ ਦਿੱਤਾ ਹੈ ਪਰ ਮੋਗੇ ਦੇ ਅਕਾਲੀ ਵਰਕਰਾਂ ਨੇ ਉਸ ਨੂੰ ਅਜੇ ਤੱਕ ਖੁੱਲ੍ਹਦਿਲੀ ਨਾਲ ਸਵੀਕਾਰਿਆ ਨਹੀਂ। ਉਹ ਰੋਜ਼ਾਨਾ ਮੀਟਿੰਗਾਂ ਤਾਂ ਕਰਦੇ ਹਨ ਪਰ ਇਨ੍ਹਾਂ ਮੀਟਿੰਗਾਂ ਦੀ ਸ਼ੋਭਾ ਸਾਬਕਾ ਕਾਂਗਰਸੀ ਹੀ ਵਧਾਉਂਦੇ ਹਨ।

ਮੋਗਾ ਵਿਧਾਨ ਸਭਾ ਹਲਕੇ ਵਿੱਚ ਉਸ ਤਰ੍ਹਾਂ ਦੀ ਰਾਜਸੀ ਚਹਿਲ ਪਹਿਲ ਨਹੀਂ ਹੈ ਜਿਸ ਤਰ੍ਹਾਂ ਦੀ ਅਕਸਰ ਜ਼ਿਮਨੀ ਚੋਣਾਂ ਦੇ ਮਾਹੌਲ ਵਿਚ ਹੁੰਦੀ ਹੈ। ਕਾਂਗਰਸ ਪਾਰਟੀ ਵੱਲੋਂ ਕੁਝ ਦਿਨ ਪਹਿਲਾਂ ਜਨਤਕ ਰੈਲੀ ਤਾਂ ਕੀਤੀ ਗਈ ਸੀ ਪਰ ਹੋਰ ਕੋਈ ਸਰਗਰਮੀ ਨਹੀਂ ਦਿਖਾਈ ਗਈ।

## ਟਕਸਾਲੀ ਅਕਾਲੀ ਆਗੂ ਵੀ ਬਾਦਲ ਤੋਂ ਖ਼ਫ਼ਾ

**ਚੰਡੀਗੜ੍ਹ:** ਟਕਸਾਲੀ ਅਕਾਲੀ ਆਗੂ ਵੀ ਮੋਗਾ ਮੋਰਚੇ ਤੋਂ ਗਾਇਬ ਹਨ। ਉਹ ਸ਼ਾਇਦ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੀ ਆਮਦ ਦਾ ਇੰਤਜ਼ਾਰ ਕਰ ਰਹੇ ਹਨ। ਮੋਗੇ ਦੇ ਕਈ ਅਕਾਲੀ ਵਰਕਰਾਂ ਨਾਲ ਗੱਲ ਕਰਨ ਤੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਅਕਾਲੀ ਦਲ ਵੱਲੋਂ ਕਾਂਗਰਸੀ ਤੋਂ ਅਕਾਲੀ ਬਣੇ ਜੈਨ ਨੂੰ ਟਿਕਟ ਦੇਣ ਨਾਲ ਮੋਗੇ ਦੇ ਅਕਾਲੀ ਆਗੂ ਠੱਗੇ ਹੋਏ ਮਹਿਸੂਸ ਵੀ ਕਰਨ ਲੱਗੇ ਹਨ। ਮੋਗਾ ਦੇ ਇਕ ਸੀਨੀਅਰ ਅਕਾਲੀ ਆਗੂ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਿਛਲੇ ਦਿਨਾਂ ਤੋਂ ਟਕਸਾਲੀ ਵਰਕਰਾਂ ਦੇ ਮਾਣ ਸਨਮਾਨ ਦੀ ਬਹਾਲੀ ਦੀਆਂ ਗੱਲਾਂ ਤਾਂ ਕਰ ਰਹੇ ਹਨ ਪਰ ਮੋਗਾ ਵਿਧਾਨ ਸਭਾ ਵਿਚ ਟਕਸਾਲੀਆਂ ਨੂੰ ਪਿਛਲੇ ਸਮੇਂ ਤੋਂ ਪੂਰੀ ਤਰ੍ਹਾਂ ਅਖੋਂ ਪਰੋਖੇ ਕੀਤਾ ਹੋਇਆ ਹੈ।

# ਕਾਂਗਰਸੀਆਂ ਵੱਲੋਂ ਹਾਈ ਕਮਾਨ ਕੋਲ ਅਕਾਲੀਆਂ ਦੀ ਸ਼ਿਕਾਇਤ

## ਸਰਕਾਰ ਦੀਆਂ ਧੱਕੇਸ਼ਾਹੀਆਂ ਦੀ ਪੋਲ ਖੋਲ੍ਹੀ

**ਚੰਡੀਗੜ੍ਹ:** ਪੰਜਾਬ ਦੇ ਕਾਂਗਰਸੀਆਂ ਨੇ ਇਕ ਫਿਰ ਹਾਈ ਕਮਾਨ ਕੋਲ ਆਪਣੇ ਦੁਖੜੇ ਫਰੋਲਦਿਆਂ ਮਦਦ ਦੀ ਗੁਹਾਰ ਲਾਈ ਹੈ। ਕਾਂਗਰਸੀਆਂ ਨੇ ਲੰਘੇ ਦਿਨੀਂ ਜੈਪੁਰ ਵਿਚ ਕਾਂਗਰਸ ਦੇ ਚਿੰਤਨ ਕੈਂਪ ਵਿਚ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਵਿਚ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਖ਼ਿਲਾਫ਼ ਵਰਤੀ ਭੱਦੀ ਸ਼ਬਦਾਵਲੀ ਤੇ ਪੁਲਿਸ ਮੁਲਾਜ਼ਮਾਂ ਤੇ ਅਧਿਕਾਰੀਆਂ ਉਪਰ ਅਕਾਲੀ ਨੇਤਾਵਾਂ ਵੱਲੋਂ ਕੀਤੇ ਹਮਲਿਆਂ ਤੋਂ ਬਾਅਦ ਬਣੀ ਹਾਲਤ ਬਾਰੇ ਜਾਣਕਾਰੀ ਦਿੱਤੀ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਬੁਲਾਰੇ ਅਨੁਸਾਰ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਪੰਜਾਬ ਦੀ ਵਿਗੜੀ ਕਾਨੂੰਨ ਵਿਵਸਥਾ ਤੇ ਕੇਂਦਰੀ ਯੋਜਨਾਵਾਂ ਵਿਚ ਅਕਾਲੀ-ਭਾਜਪਾ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਹੇਰਾਫੇਰੀਆਂ ਦੀ ਤੱਥਾਂ ਸਮੇਤ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਅਕਾਲੀ-ਭਾਜਪਾ ਸਰਕਾਰ ਖ਼ਿਲਾਫ਼ ਸਖ਼ਤ ਕਦਮ ਚੁੱਕੇ ਜਾਣ ਦੀ ਮੰਗ ਕਰਦੇ ਹੋਏ ਦਾਅਵਾ ਕੀਤਾ ਕਿ ਪੰਜਾਬ ਵਿਚ ਅੱਜ ਲੋਕਤੰਤਰ ਦਾ ਰਾਜ ਨਹੀਂ ਬਲਕਿ ਮਾਫ਼ੀਆ ਦਾ ਰਾਜ ਚੱਲ ਰਿਹਾ ਹੈ।

ਜ਼ਿਕਰਯੋਗ ਹੈ ਕਿ ਬੀਤੇ ਮਹੀਨੇ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਦਿੱਲੀ ਵਿਚ ਗ੍ਰਹਿ ਮੰਤਰੀ ਨਾਲ ਉਨ੍ਹਾਂ ਦੇ ਦਫ਼ਤਰ ਮਿਲ ਕੇ ਪੰਜਾਬ ਵਿਚ ਵਿਗੜ ਰਹੇ ਹਾਲਾਤ ਤੇ ਕਾਂਗਰਸੀ ਵਰਕਰਾਂ 'ਤੇ ਕੀਤੀ ਜਾ ਰਹੀ ਧੱਕੇਸ਼ਾਹੀ ਤੇ ਖਾੜਕੂਵਾਦ ਸਮੇਂ ਵਿਚ ਜਨ ਸੇਵਾ ਵਿਚ ਲੱਗੇ ਨੇਤਾਵਾਂ ਦੀ ਸੁਰੱਖਿਆ ਵਾਪਸ ਲੈਣ ਦੀ ਜਾਣਕਾਰੀ ਦਿੱਤੀ ਸੀ ਜਿਸ ਬਾਬਤ ਗ੍ਰਹਿ ਮੰਤਰੀ ਨੇ ਸ੍ਰੀ ਜਾਖੜ ਨਾਲ ਪੰਜਾਬ ਵਿਚ ਲੋਕਤੰਤਰ ਦੀ ਬਹਾਲੀ ਲਈ ਸਲਾਹ ਮਸ਼ਵਰਾ ਕਰਨ ਲਈ ਮੀਟਿੰਗ ਕੀਤੀ।

ਮੀਟਿੰਗ ਦੌਰਾਨ ਸੁਨੀਲ ਜਾਖੜ ਨੇ ਗ੍ਰਹਿ ਮੰਤਰੀ ਨੂੰ ਦੱਸਿਆ ਕਿ ਪੰਜਾਬ ਵਿਚ ਅਕਾਲੀ-ਭਾਜਪਾ ਵੱਲੋਂ ਮੁੜ ਸੱਤਾ ਵਿਚ ਕਾਬਜ਼ ਹੋਣ 'ਤੇ ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦਾ ਗੈਰ ਕਾਨੂੰਨੀ ਧੰਦਾ ਕਰਨ ਵਾਲੇ, ਰੇਤ-ਬੱਜਰੀ-ਇੱਟ ਤੇ ਭੂ ਮਾਫ਼ੀਆ ਭਾਰੂ ਹੋ ਗਏ ਹਨ। ਵਿਧਾਨ ਸਭਾ ਚੋਣਾਂ ਵਿਚ ਵੋਟਰਾਂ 'ਤੇ ਦਬਾਅ ਪਾਉਣ ਲਈ ਹਰ ਤਰ੍ਹਾਂ ਤੇ ਹੱਥਕੰਡੇ ਅਪਣਾਉਣ ਲਈ ਇਨ੍ਹਾਂ ਮਾਫ਼ੀਆ ਦਾ ਵੱਡੇ ਪੱਧਰ 'ਤੇ ਇਸਤੇਮਾਲ ਕੀਤਾ ਗਿਆ ਸੀ ਇਸ ਲਈ ਹੁਣ ਇਨ੍ਹਾਂ 'ਤੇ ਰੋਕ ਲਾਉਣਾ ਸੱਤਾਧਾਰੀ ਸਰਕਾਰ ਦੇ ਅਨੁਕੂਲ ਨਹੀਂ ਬੈਠਦਾ।

ਸ੍ਰੀ ਜਾਖੜ ਨੇ ਗ੍ਰਹਿ ਮੰਤਰੀ ਨੂੰ ਦੱਸਿਆ ਕਿ ਹਰ ਰੋਜ਼ ਪੂਰੇ ਸੂਬੇ ਵਿਚ ਗ਼ਰੀਬ ਤੇ ਦਲਿਤਾਂ 'ਤੇ ਅੱਤਿਆਚਾਰ ਕੀਤੇ ਜਾ ਰਹੇ ਹਨ ਤਾਂ ਜੋ ਉਹ ਅਪਣਾ ਹੱਕ ਨਾ ਮੰਗ ਸਕਣ। ਕਾਂਗਰਸੀ ਵਰਕਰਾਂ ਤੇ ਨੇਤਾਵਾਂ ਤੋ ਇਲਾਵਾ ਜਨਤਾ ਵੱਲੋਂ ਚੁਣੇ ਨੁਮਾਇੰਦਿਆਂ ਨੂੰ ਡਰਾਉਣ ਧਮਕਾਉਣ ਦੇ ਬਾਅਦ ਸੱਤਾਧਾਰੀ ਆਗੂਆਂ ਦੇ ਹੌਸਲੇ ਇੰਨੇ ਵਧ ਗਏ ਹਨ ਕਿ ਉਹ ਵਿਧਾਨ ਸਭਾ ਵਿਚ ਵੀ ਕਾਂਗਰਸੀ ਵਿਧਾਇਕ ਖ਼ਿਲਾਫ਼ ਭੱਦੀ ਸ਼ਬਦਾਵਲੀ ਦੀ ਵਰਤੋ ਕਰਕੇ ਖ਼ੌਫ਼ ਪੈਦਾ ਕਰ ਰਹੇ ਹਨ।

ਇਸ ਦੇ ਬਾਵਜੂਦ ਵਿਧਾਨ ਸਭਾ ਦੇ ਸਪੀਕਰ ਨੇ ਸਾਰੇ ਕਾਇਦੇ ਕਾਨੂੰਨਾਂ ਦੀਆ ਧੱਜੀਆਂ ਉਡਾਉਂਦੇ ਹੋਏ ਉਲਟਾ ਕਾਂਗਰਸੀ ਵਿਧਾਇਕ 'ਤੇ ਕਾਰਵਾਈ ਕਰਕੇ ਸੰਦੇਸ਼ ਦਿੱਤਾ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਰਹੇਗੀ। ਗ੍ਰਹਿ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਦੇ ਹਾਲਾਤ ਦੀ ਰਿਪੋਰਟ ਜਲਦੀ ਹੀ ਆਪਣੇ ਅਧਿਕਾਰੀਆਂ ਤੋ ਮੰਗਵਾ ਕੇ ਸੂਬਾ ਸਰਕਾਰ ਨੂੰ ਆਮ ਜਨਤਾ ਤੇ ਕਾਂਗਰਸੀ ਵਰਕਰਾਂ ਤੇ ਕੀਤੀ ਜਾ ਰਹੀ ਧੱਕੇਸ਼ਾਹੀ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਦੇ ਨਿਰਦੇਸ਼ ਦੇਣਗੇ।

# ਬਿਕਰਮ ਮਜੀਠੀਆ ਦੀ ਕਿਸਮਤ ਮਾੜੀ

**ਚੰਡੀਗੜ੍ਹ:** ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਅੱਜਕੱਲ੍ਹ ਦਿਨ ਮਾੜੇ ਚੱਲ ਰਹੇ ਹਨ। ਪਹਿਲਾਂ ਕੁਝ ਅਕਾਲੀਆਂ ਵੱਲੋਂ ਕੀਤੀ ਗੁੰਡਾਗਰਦੀ ਦਾ ਸਾਰਾ ਭਾਂਡਾ ਉਨ੍ਹਾਂ ਦੇ ਸਿਰ ਭੱਜਾ ਤੇ ਫਿਰ ਉਨ੍ਹਾਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੂੰ ਗਾਲਾਂ ਕੱਢ ਕੇ ਆਪਣੇ ਆਪ ਨੂੰ ਕਸੂਤਾ ਫਸਾ ਲਿਆ। ਰਹਿੰਦੀ-ਖੂੰਹਦੀ ਕਸਰ ਐਨਆਰਆਈ ਸੰਮੇਲਨ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੀਆਂ ਝਿੜਕਾਂ ਨੇ ਕੱਢ ਦਿੱਤੀ।



ਅੱਜ ਕੱਲ੍ਹ ਉਹ ਫਿਰ ਕੁੜਿੱਕੀ ਵਿਚ ਫਸ ਗਏ ਹਨ। ਉਹ ਬੇਸ਼ੱਕ ਆਪਣੇ ਵਿਭਾਗ ਵਿਚੋਂ ਭ੍ਰਿਸ਼ਟਾਚਾਰ ਦਾ ਨਾਮੋ-ਨਿਸ਼ਾਨ ਖਤਮ ਕਰਨ ਦੇ ਦਾਅਵੇ ਕਰ ਰਹੇ ਹਨ ਪਰ ਸੂਬੇ ਵਿਚ ਹਾਲਾਤ ਇਹ ਹਨ ਕਿ ਪਟਵਾਰੀ ਤੋਂ ਲੈ ਕੇ ਹੋਰ ਅਧਿਕਾਰੀ ਬਿਨਾ ਰਿਸ਼ਵਤ ਲੈਣ ਤੋਂ ਕੋਈ ਕੰਮ ਨਹੀਂ ਕਰਦੇ। ਇਕ ਪਟਵਾਰੀ ਨੇ ਤਾਂ ਸੁਪਰੀਮ ਕੋਰਟ ਦੇ ਸਾਬਕਾ ਜੱਜ ਤੋਂ ਹੀ ਰਿਸ਼ਵਤ ਮੰਗ ਲਈ ਜਿਸ ਤੋਂ ਬਾਅਦ ਇਹ ਸਾਰਾ ਗੋਰਖਧੰਦਾ ਮੀਡੀਆ ਦੀਆਂ ਸੁਰਖੀਆਂ ਬਣ ਗਿਆ। ਸੂਤਰਾਂ ਮੁਤਾਬਕ ਸੁਪਰੀਮ ਕੋਰਟ ਦੇ ਸਾਬਕਾ ਜੱਜ ਐਚਐਸ ਬੇਦੀ ਜੋ ਸੂਬੇ ਦੇ ਚੀਫ਼ ਜਸਟਿਸ ਵੀ ਰਹਿ ਚੁੱਕੇ ਹਨ, ਨੇ ਮੁਹਾਲੀ ਜ਼ਿਲ੍ਹੇ ਦੇ ਮਾਜਰੀ ਬਲਾਕ ਵਿਚ ਜ਼ਮੀਨ ਖਰੀਦੀ ਸੀ। ਇਸ ਸਬੰਧੀ ਉਨ੍ਹਾਂ ਦਾ ਇਕ ਸਾਥੀ ਇਲਾਕੇ ਦੇ ਪਟਵਾਰੀ ਮਧੂ ਗੌਤਮ ਕੋਲ ਰਜਿਸਟਰੀ ਦਾ ਇੰਤਕਾਲ ਕਰਵਾਉਣ ਲਈ ਪੁੱਜਾ। ਪਟਵਾਰੀ ਨੇ ਇਸ ਬਦਲੇ ਦੋ ਹਜ਼ਾਰ ਰੁਪਏ ਦੀ ਮੰਗ ਕੀਤੀ। ਜਸਟਿਸ ਬੇਦੀ ਦੇ ਉਕਤ ਨਜ਼ਦੀਕੀ ਨੇ ਪਟਵਾਰੀ ਨੂੰ ਦੱਸਿਆ ਕਿ ਇਹ ਜ਼ਮੀਨ ਜੱਜ ਦੀ ਹੈ, ਇਸ ਲਈ ਬਣਦੀ ਸਰਕਾਰੀ ਫੀਸ ਦੇਣ ਲਈ ਉਹ ਤਿਆਰ ਹੈ ਪਰ ਪਟਵਾਰੀ ਨਾ ਮੰਨਿਆ ਤੇ ਉਸ ਨੇ ਕਿਹਾ ਕਿ ਚਾਹੇ ਸਾਬਕਾ ਜੱਜ ਹੋਵੇ ਜਾਂ ਕੋਈ ਹੋਰ, ਪੈਸੇ ਤਾਂ ਦੇਣੇ ਹੀ ਪੈਣਗੇ ਕਿਉਂਕਿ ਉਨ੍ਹਾਂ ਨੇ ਉੱਪਰ ਤੱਕ ਹਿੱਸਾ ਪਹੁੰਚਾਉਣਾ ਹੁੰਦਾ ਹੈ। ਉਕਤ ਵਿਅਕਤੀ ਨੇ ਜਸਟਿਸ ਬੇਦੀ ਨੂੰ ਫੋਨ ਰਾਹੀਂ ਸਾਰਾ ਮਾਮਲਾ ਸੁਣਾਇਆ। ਪਟਵਾਰੀ ਦੀ ਇਸ ਹਰਕਤ ਦੇ ਸਬੰਧੀ ਜਸਟਿਸ ਬੇਦੀ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਰਾਹੀਂ ਸੂਚਿਤ ਕੀਤਾ ਕਿ ਕਿਸ ਤਰ੍ਹਾਂ ਮਾਲ ਮਹਿਕਮੇ ਵਿਚ ਰਿਸ਼ਵਤ ਦਾ ਬੋਲਬਾਲਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਜਸਟਿਸ ਬੇਦੀ ਨੇ ਇਸ ਪੱਤਰ ਵਿਚ ਲਿਖਿਆ ਹੈ ਕਿ ਜੇਕਰ ਸਾਬਕਾ ਜੱਜ ਨੂੰ ਹੀ ਨਹੀਂ ਬਖਸ਼ਿਆ ਜਾਂਦਾ ਤਾਂ ਆਮ ਲੋਕਾਂ ਦਾ ਕੀ ਹਾਲ ਹੁੰਦਾ ਹੋਵੇਗਾ। ਉਕਤ ਪੱਤਰ 'ਤੇ ਕਾਰਵਾਈ ਕਰਦਿਆਂ ਪੰਜਾਬ ਦੇ ਮੁੱਖ ਸਕੱਤਰ ਨੇ ਡੀ.ਸੀ. ਮੁਹਾਲੀ ਵਰੁਣ ਰੂਜ਼ਮ ਨੂੰ ਇਸ ਸਬੰਧੀ ਸਖ਼ਤ ਕਾਰਵਾਈ ਕਰਨ ਦੀ ਹਦਾਇਤ ਕੀਤੀ ਜਿਸ ਤੋਂ ਬਾਅਦ ਡੀਸੀ ਨੇ ਪਟਵਾਰੀ ਮਧੂ ਗੌਤਮ ਨੂੰ ਮੁਅੱਤਲ ਕਰ ਦਿੱਤਾ।

ਪਤਾ ਲੱਗਾ ਹੈ ਕਿ ਸਰਕਾਰ ਇਸ ਪਟਵਾਰੀ ਖਿਲਾਫ਼ ਭ੍ਰਿਸ਼ਟਾਚਾਰ ਐਕਟ ਤਹਿਤ ਮਾਮਲਾ ਦਰਜ ਕਰਨ ਜਾ ਰਹੀ ਹੈ। ਇਸ ਸਬੰਧੀ ਡੀ.ਸੀ. ਵਰੁਣ ਰੂਜ਼ਮ ਨੇ ਦੱਸਿਆ ਕਿ ਪਟਵਾਰੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਉਸ ਨੂੰ ਛੇਤੀ ਹੀ ਚਾਰਜਸ਼ੀਟ ਵੀ ਜਾਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਮਾਮਲਾ ਦਰਜ ਕਰਨ ਸਬੰਧੀ ਕਿਹਾ ਗਿਆ ਤਾਂ ਉਹ ਵੀ ਦਰਜ ਕੀਤਾ ਜਾਵੇਗਾ।

# *ਕਾਂਗਰਸ ਨੂੰ ਹਰਾਉਣ ਵਿਚ ਸਾਡਾ ਕੋਈ ਹੱਥ ਨਹੀਂ: ਮਨਪ੍ਰੀਤ*

**ਤਰਨ ਤਾਰਨ:** ਪੀਪਲਜ਼ ਪਾਰਟੀ ਆਫ ਪੰਜਾਬ (ਪੀਪੀਪੀ) ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਰਾਜਨੀਤੀ ਵਿਚ ਉਨ੍ਹਾਂ ਨੇ ਆਪਣਾ ਨਿਸ਼ਾਨਾ ਸੱਤਾ ਪ੍ਰਾਪਤ ਕਰਨ ਦਾ ਨਹੀਂ ਬਲਕਿ ਲੋਕਾਂ ਦੀ ਸੋਚ ਵਿਚ ਤਬਦੀਲੀ ਕਰਕੇ ਤੀਜਾ ਬਦਲ ਪੇਸ਼ ਕਰਨ ਨੂੰ ਮਿਥਿਆ ਹੈ। ਉਨ੍ਹਾਂ ਸੂਬੇ ਦੇ ਸਿਆਸੀ ਮਾਹਿਰਾਂ ਤੇ ਖਾਸ ਕਰਕੇ ਕਾਂਗਰਸ ਵੱਲੋਂ ਕੀਤੀਆਂ ਅਜਿਹੀਆਂ ਟਿੱਪਣੀਆਂ ਨੂੰ ਬੇਅਰਥ ਦੱਸਿਆ ਜਿਨ੍ਹਾਂ ਵਿਚ ਇਹ ਕਿਹਾ ਜਾ ਰਿਹਾ ਹੈ ਕਿ ਅਕਾਲੀ-ਭਾਜਪਾ ਦੇ ਸੱਤਾ 'ਤੇ ਮੁੜ ਕਾਬਜ਼ ਹੋਣ ਵਿਚ ਉਨ੍ਹਾਂ ਦੀਆਂ ਰਾਜਸੀ ਸਰਗਰਮੀਆਂ ਨੇ ਮਦਦ ਕੀਤੀ।

ਉਨ੍ਹਾਂ ਆਖਿਆ ਕਿ ਇਸ ਦੇ ਬਿਲਕੁਲ ਉਲਟ ਕਈ ਰਾਜਸੀ ਮਾਹਰ ਇਹ ਆਖਦੇ ਹਨ ਕਿ ਉਨ੍ਹਾਂ ਕਰਕੇ ਹੀ ਗਿੱਦੜਬਾਹਾ, ਲਹਿਰਾਗਾਗਾ, ਫ਼ਰੀਦਕੋਟ ਸਮੇਤ ਹੋਰ ਕਈ ਸੀਟਾਂ ਤੋਂ ਅਕਾਲੀ ਦਲ ਦੇ ਉਮੀਦਵਾਰ ਹਾਰ ਗਏ। ਉਨ੍ਹਾਂ ਮੋਗਾ ਦੀ ਜ਼ਿਮਨੀ ਚੋਣ ਨੂੰ ਸੂਬੇ ਦੀ ਰਾਜਨੀਤੀ ਦੀਆਂ ਮਾੜੀਆਂ ਕਦਰਾਂ-ਕੀਮਤਾਂ ਦਾ ਨਤੀਜਾ ਆਖਦਿਆਂ ਕਿਹਾ ਕਿ ਜੋਗਿੰਦਰ ਪਾਲ ਜੈਨ ਵੱਲੋਂ ਸਿਰਫ਼ ਇਸ ਕਰਕੇ ਕਾਂਗਰਸ ਨੂੰ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਜਾਣਾ ਕਿ ਉਸ ਦੇ ਹੀ ਹਮਾਇਤੀਆਂ ਦੇ ਕੰਮ ਨਹੀਂ ਹੋ ਰਹੇ ਸਨ, ਨੂੰ ਨੀਵੇਂ ਪੱਧਰ ਦੀ ਰਾਜਨੀਤੀ ਕਰਾਰ ਦਿੱਤਾ। ਉਨ੍ਹਾਂ ਸੂਬੇ ਅੰਦਰ ਸੱਤਾ ਪ੍ਰਾਪਤ ਕਰਨ ਦੀ ਗੱਲ ਨੂੰ ਆਪਣਾ ਟੀਚਾ ਨਾ ਹੋਣਾ ਦੱਸਿਆ ਤੇ ਆਖਿਆ ਕਿ ਉਹ ਸਿਰਫ ਤੀਜੇ ਬਦਲ ਦੀ ਮਜ਼ਬੂਤੀ ਚਾਹੁੰਦੇ ਹਨ।

# ਸੁਖਬੀਰ ਬਾਦਲ ਦੇ ਜਲਦ ਮੁੱਖ ਮੰਤਰੀ ਬਣਨ ਦੀ ਚਰਚਾ!

**ਚੰਡੀਗੜ੍ਹ:** ਪੰਜਾਬ ਵਿਚ ਕਮਲ ਸ਼ਰਮਾ ਦੇ ਭਾਜਪਾ ਦਾ ਪ੍ਰਧਾਨ ਬਣ ਜਾਣ ਤੋਂ ਬਾਅਦ ਹੁਣ ਪਾਰਟੀ ਦੇ ਸਮੀਕਰਨ ਬਦਲ ਗਏ ਹਨ ਹਾਲਾਂਕਿ ਭਾਜਪਾ ਹਾਈ ਕਮਾਂਡ ਕਿਸੇ ਤਬਦੀਲੀ ਦੇ ਪੱਖ ਵਿਚ ਨਹੀਂ ਪਰ ਇਸ ਦੇ ਬਾਵਜੂਦ ਅੰਦਾਜ਼ੇ ਲਾਏ ਜਾ ਰਹੇ ਹਨ ਕਿ ਪ੍ਰਦੇਸ਼ ਭਾਜਪਾ ਦੇ ਕੁਝ ਮੰਤਰੀਆਂ ਦੇ ਖੰਭ ਕੁਤਰੇ ਜਾ ਸਕਦੇ ਹਨ। ਦੂਜੇ ਪਾਸੇ ਚਰਚਾ ਜ਼ੋਰਾਂ 'ਤੇ ਹੈ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਬਜਟ ਸੈਸ਼ਨ ਤੋਂ ਪਹਿਲਾਂ ਮੁੱਖ ਮੰਤਰੀ ਬਣ ਸਕਦੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਹੀ ਕਿ ਸੁਖਬੀਰ ਬਾਦਲ ਨੂੰ ਆਖ ਚੁੱਕੇ ਹਨ ਕਿ ਉਹ ਉਸ ਦੇ ਮੋਢਿਆਂ ਦਾ ਭਾਰ ਖੁਦ ਚੁੱਕ ਲਵੇ।

ਸੂਤਰਾਂ ਮੁਤਾਬਕ ਲੋਕ ਸਭਾ ਚੋਣਾਂ ਵਿਚ ਇਕ ਸਾਲ ਤੋਂ ਘੱਟ ਸਮਾਂ ਰਹਿ ਗਿਆ ਹੈ। ਇਸ ਲਈ ਅੰਦਰਖਾਤੇ ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਦੀ ਤਿਆਰੀ ਕਰ ਲਈ ਹੈ ਤਾਂ ਜੋ ਉਹ ਮੁੱਖ ਮੰਤਰੀ ਵਜੋਂ ਆਪਣੀ ਯੋਗਤਾ ਇਕ ਸਾਲ ਵਿਚ ਸਾਬਤ ਕਰ ਸਕੇ। ਇਹ ਵੀ ਸੰਭਾਵਨਾ ਹੈ ਕਿ ਜੇਕਰ ਸੁਖਬੀਰ ਬਾਦਲ ਦੀ ਮੁੱਖ ਮੰਤਰੀ ਵਜੋਂ ਬਜਟ ਤੋਂ ਪਹਿਲਾਂ ਤਾਜਪੋਸ਼ੀ ਹੋ ਜਾਂਦੀ ਹੈ ਤਾਂ ਉਸ ਸਮੇਂ ਭਾਜਪਾ ਹਾਈ ਕਮਾਂਡ ਆਪਣੇ ਮੰਤਰੀਆਂ ਬਾਰੇ ਵਿਚਾਰ ਕਰ ਸਕਦੀ ਹੈ। ਇਹ ਵੀ ਚਰਚਾ ਚੱਲ ਰਹੀ ਹੈ ਕਿ ਜੇਕਰ ਸੁਖਬੀਰ ਬਾਦਲ ਮੁੱਖ ਮੰਤਰੀ ਬਣਦੇ ਹਨ ਤਾਂ ਅਕਾਲੀ ਮੰਤਰੀਆਂ ਦੇ ਵਿਭਾਗਾਂ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ।



ਦੂਜੇ ਪਾਸੇ ਕਮਲ ਸ਼ਰਮਾ ਦੇ ਪ੍ਰਧਾਨ ਬਣਨ ਤੋਂ ਬਾਅਦ ਭਾਜਪਾ ਦੀ ਅੰਦਰੂਨੀ ਜੰਗ ਪੂਰੀ ਤੇਜ਼ ਹੋ ਗਈ ਹੈ। ਹੁਣ ਅਸ਼ਵਨੀ ਸ਼ਰਮਾ ਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਮੰਤਰੀ ਮੰਡਲ ਦੀ ਦੌੜ ਵਿਚ ਸ਼ਾਮਲ ਹੋ ਗਏ ਹਨ ਜਦ ਕਿ ਭਾਜਪਾ ਹਾਈ ਕਮਾਂਡ ਫਿਲਹਾਲ ਮੰਤਰੀਆਂ ਦੇ ਵਿਭਾਗਾਂ ਵਿਚ ਤਬਦੀਲੀ ਕਰਨ ਦੇ ਮੂਡ ਵਿਚ ਨਹੀਂ ਹੈ ਕਿਉਂਕਿ ਭਾਜਪਾ ਦੇ ਕੌਮੀ ਪ੍ਰਧਾਨ ਦੀ ਚੋਣ ਹੋਣੀ ਬਾਕੀ ਹੈ।

ਇਸ ਤੋਂ ਇਲਾਵਾ ਮੋਗਾ ਜ਼ਿਮਨੀ ਚੋਣ ਵੀ ਨੇੜੇ ਹੈ ਜਿਸ ਤੋਂ ਬਾਅਦ ਬਜਟ ਸੈਸ਼ਨ ਸ਼ੁਰੂ ਹੋ ਜਾਵੇਗਾ। ਇਸ ਲਈ ਭਾਜਪਾ ਜਲਦਬਾਜ਼ੀ ਵਿਚ ਕੋਈ ਫ਼ੈਸਲਾ ਨਹੀਂ ਲੈਣਾ ਚਾਹੁੰਦੀ। ਸੂਤਰਾਂ ਮੁਤਾਬਕ ਭਾਜਪਾ ਪ੍ਰਧਾਨ ਕਮਲ ਸ਼ਰਮਾ ਨਹੀਂ ਚਾਹੁੰਦੇ ਕਿ ਮੰਤਰੀਆਂ ਦੇ ਵਿਭਾਗਾਂ ਵਿਚ ਤਬਦੀਲੀ ਕੀਤੀ ਜਾਵੇ ਕਿਉਂਕਿ ਕੁਝ ਮੰਤਰੀ ਉਨ੍ਹਾਂ ਦੇ ਖੇਮੇ ਦੇ ਹਨ।

# ਪੰਚਾਇਤਾਂ ਚੋਣ 'ਚ ਫਤਹਿ ਲਈ ਚਲਾਇਆ 'ਵਾਰਡਬੰਦੀ ਬ੍ਰਹਮ ਅਸਤਰ'

## ਅਕਾਲੀਆਂ ਦੀ ਰਣਨੀਤੀ 'ਤੇ ਕਾਂਗਰਸ ਨੂੰ ਸਖ਼ਤ ਇਤਰਾਜ਼



**ਚੰਡੀਗੜ੍ਹ:** ਪੰਜਾਬ ਦੇ ਪਿੰਡਾਂ ਵਿਚ ਪੰਚਾਇਤਾਂ ਦੇ ਨੁਮਾਇੰਦੇ ਚੁਣਨ ਲਈ ਸਰਕਾਰ ਵੱਲੋਂ ਕੀਤੀ ਵਾਰਡਬੰਦੀ ਦੇ ਮਾਮਲੇ 'ਤੇ ਕਾਂਗਰਸ ਤੇ ਹਾਕਮ ਸ਼੍ਰੋਮਣੀ ਅਕਾਲੀ ਦਲ ਆਹਮੋ-ਸਾਹਮਣੇ ਹੋ ਗਏ ਹਨ। ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਹਾਕਮ ਪਾਰਟੀ ਨੇ ਪੰਚਾਇਤਾਂ 'ਤੇ ਅਸਿੱਧੇ ਤੌਰ 'ਤੇ ਕਬਜ਼ਾ ਕਰਨ ਲਈ ਵਾਰਡ ਬਣਾਉਣ ਵਿਚ ਹੇਰਾਫੇਰੀ ਕੀਤੀ ਹੈ ਜਦੋਂਕਿ ਅਕਾਲੀ ਦਲ ਦਾ ਦਾਅਵਾ ਹੈ ਕਿ ਵਾਰਡ ਬਣਾਉਣ ਵਿਚ ਪਾਰਦਰਸ਼ਤਾ ਵਰਤੀ ਗਈ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ 'ਤੇ ਕਮੇਟੀ ਵੀ ਬਣਾਈ ਹੈ। ਇਸ ਕਮੇਟੀ ਦਾ ਚੇਅਰਮੈਨ ਜੀਤਮਹਿੰਦਰ ਸਿੰਘ ਸਿੱਧੂ ਤੇ ਕਨਵੀਨਰ ਸੁਖਪਾਲ ਸਿੰਘ ਖਹਿਰਾ ਨੂੰ ਲਾਇਆ ਗਿਆ ਹੈ। ਇਸ ਕਮੇਟੀ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਭਰ ਤੋਂ ਵਾਰਡਾਂ ਦੇ ਗਠਨ ਸਬੰਧੀ ਇਕੱਠੀ ਕੀਤੀ ਜਾਣਕਾਰੀ ਮੁਤਾਬਕ ਸਰਕਾਰੀ ਅਮਲੇ ਨੂੰ ਮੂਹਰੇ ਲਾ ਕੇ ਸ਼੍ਰੋਮਣੀ ਅਕਾਲੀ ਦਲ ਨੇ ਪੰਚਾਇਤਾਂ 'ਤੇ ਕਬਜ਼ਾ ਕਰਨ ਦਾ ਤਾਣਾ ਬਾਣਾ ਬੁਣ ਲਿਆ ਹੈ। ਸ. ਸਿੱਧੂ ਤੇ ਸ. ਖਹਿਰਾ ਦੀ ਅਗਵਾਈ ਹੇਠ ਕਾਂਗਰਸ ਦੇ ਵਫ਼ਦ ਨੇ ਇਸ ਮੁੱਦੇ 'ਤੇ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮੰਗ ਪੱਤਰ ਵੀ ਦਿੱਤਾ।

ਕਾਂਗਰਸ ਨੇ ਰਾਜਪਾਲ ਨੂੰ ਦਿੱਤੇ ਮੰਗ ਪੱਤਰ ਵਿਚ ਦੋਸ਼ ਲਾਇਆ ਹੈ ਕਿ ਸਰਕਾਰ ਵੱਲੋਂ ਪੰਜਾਬ ਰਾਜ ਪੰਚਾਇਤੀ ਐਕਟ ਵਿਚ ਸੋਧ ਕਰਕੇ ਵਾਰਡਾਂ ਰਾਹੀਂ ਪੰਚਾਇਤ ਮੈਂਬਰਾਂ ਦੀ ਚੋਣ ਕਰਾਉਣ ਪਿੱਛੇ ਸਿੱਧੇ ਤੌਰ 'ਤੇ ਰਾਜਸੀ ਏਜੰਡਾ ਦਿਖਾਈ ਦੇ ਰਿਹਾ ਹੈ। ਕਾਂਗਰਸ ਵੱਲੋਂ ਦੋਸ਼ ਲਾਇਆ ਜਾ ਰਿਹਾ ਹੈ ਕਿ ਸਰਕਾਰ ਦੇ ਇਸ ਕਦਮ ਨਾਲ ਹੇਠਲੇ ਪੱਧਰ 'ਤੇ ਜਮਹੂਰੀਅਤ ਦਾ ਜਨਾਜ਼ਾ ਨਿਕਲਣ ਵਾਲਾ ਹੈ। ਉਨ੍ਹਾਂ ਕਿਹਾ ਕਿ ਜਮਹੂਰੀਅਤ ਦੀ ਨੀਂਹ ਮੰਨੀਆਂ ਜਾਂਦੀਆਂ ਪੰਚਾਇਤੀ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਚੋਣ ਵਿਚ ਪਾਰਦਰਸ਼ਤਾ ਰਹਿਣ ਦੀ ਗੁੰਜਾਇਸ਼ ਹੀ ਸਰਕਾਰ ਨੇ ਖ਼ਤਮ ਕਰ ਦਿੱਤੀ ਹੈ।

ਕਾਂਗਰਸ ਨੇ ਕਿਹਾ ਕਿ ਸੰਵਿਧਾਨ ਨੇ ਪੰਚਾਇਤਾਂ ਤੇ ਲੋਕਾਂ ਨੂੰ ਹੇਠਲੇ ਪੱਧਰ 'ਤੇ ਜੋ ਤਾਕਤ ਦਿੱਤੀ ਹੈ, ਉਸ ਨੂੰ ਸਰਕਾਰ ਅਗਵਾ ਕਰਨ ਜਾ ਰਹੀ ਹੈ। ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਕਿ ਸਰਕਾਰ ਵੱਲੋਂ ਕੀਤੀ ਜਾ ਰਹੀ ਗ਼ੈਰ-ਵਿਧਾਨਕ ਤੇ ਗ਼ੈਰ-ਕਾਨੂੰਨੀ ਸਰਗਰਮੀ ਰੋਕੀ ਜਾਵੇ। ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਇਨ੍ਹਾਂ ਦੋਸ਼ਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਕਾਂਗਰਸ ਨੇ ਪੰਚਾਇਤੀ ਚੋਣਾਂ ਵਿਚ ਆਪਣੀ ਹਾਰ ਯਕੀਨੀ ਵੇਖ ਕੇ ਆਧਾਰਹੀਣ, ਸਿਆਸਤ ਤੋਂ ਪ੍ਰੇਰਿਤ ਤੇ ਪੂਰੀ ਤਰ੍ਹਾਂ ਗ਼ੈਰ-ਲੋੜੀਂਦੀ ਪ੍ਰਚਾਰ ਮੁਹਿੰਮ ਸਿਰਫ ਅਕਾਲੀ ਦਲ ਤੇ ਭਾਜਪਾ ਗਠਜੋੜ ਸਰਕਾਰ ਦੇ ਅਕਸ ਨੂੰ ਖਰਾਬ ਕਰਨ ਲਈ ਆਰੰਭੀ ਹੋਈ ਹੈ।

ਉਨ੍ਹਾਂ ਆਖਿਆ ਕਿ ਪਿੰਡ ਦੇ ਸਰਪੰਚ ਦੀ ਚੋਣ ਪਿੰਡ ਦੇ ਵਸਨੀਕਾਂ ਵੱਲੋਂ ਸਿੱਧੇ ਤੌਰ 'ਤੇ ਕੀਤੀ ਜਾਣੀ ਹੈ ਜਿਸ ਵਿਚ ਪਿੰਡ ਦੇ ਸਾਰੇ ਵੋਟਰ ਹਿੱਸਾ ਲੈਣਗੇ, ਇਸ ਲਈ ਵਾਰਡਾਂ ਦੀ ਹੱਦਬੰਦੀ ਦਾ ਚੋਣ ਨਤੀਜੇ 'ਤੇ ਕੋਈ ਅਸਰ ਨਹੀਂ ਪਵੇਗਾ। ਇਸ ਤੋਂ ਇਲਾਵਾ ਕਿਸੇ ਵੀ ਸਿਆਸੀ ਪਾਰਟੀ ਵੱਲੋਂ ਪਿੰਡ ਦੇ ਸਰਪੰਚ ਜਾਂ ਪੰਚ ਦੀ ਚੋਣ ਆਪਣੀ ਪਾਰਟੀ ਦੇ ਚੋਣ ਨਿਸ਼ਾਨ 'ਤੇ ਲੜੀ ਜਾਂਦੀ ਹੈ, ਅਜਿਹੇ ਵਿਚ ਭਾਈ ਭਤੀਜਾਵਾਦ ਜਾਂ ਵਾਰਡਾਂ ਦੀ ਆਪਣੇ ਲਾਭ ਲਈ ਵਰਤੋਂ ਦਾ ਸਵਾਲ ਹੀ ਕਿੱਥੇ ਪੈਦਾ ਹੁੰਦਾ ਹੈ।

# Short Sale Specialist

## Selling HUD homes anywhere in California



**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

**Sohanpreet (Sam) Chahal**
CA Lic. 01504071
**Realtor/Notary Public**
email:samchahal@hotmail.com

*Call: Sohanpreet 'Sam' Chahal*
**@916-612-5773**
visit: www.hudhomestore.com
Serving from Bay Area to Sacramento

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

# Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838


# ਫਰੀਮਾਂਟ ਗੁਰੂ ਘਰ ਦੇ ਵੋਟਰੋ ਹੁਸ਼ਿਆਰ ! ਖਬਰਦਾਰ !

## APEAL to the voters of Gurughar Fremont, cautious and be alert !

http://freedom-post-sikh-nation.blogspot.com/2013/01/apeal-to-voters-of-gurughar-fremont_9320.html

ਬੇਏਰੀਆ ਸਿੱਖ ਅਲਾਇੰਸ, ਫਰੀਮਾਂਟ ਗੁਰੂ ਘਰ ਦੀਆਂ ਚੋਣਾਂ ਸਮੇਂ ਸਿੱਖ ਵੋਟਰਾਂ ਦੇ ਹੱਕਾਂ ਦਾ ਪਹਿਰੇਦਾਰ ਬਣ ਕੇ ਅਖੌਤੀ ਏਕਤਾ ਅਤੇ ਅਖੌਤੀ ਸਿੱਖ ਪੰਚਾਇਤ ਅੱਗੇ ਉਸ ਸਮੇਂ ਸੀਨਾ ਤਾਣ ਕੇ ਖੜਾ ਹੋਇਆ ਸੀ, ਜਦੋਂ ਇਨ੍ਹਾਂ ਜਾਬਰਾਂ ਅਗੇ ਕੋਈ ਵੀ ਕੁੱਝ ਕਹਿਣ ਦੀ ਜੁਰਅਤ ਨਹੀਂ ਸੀ ਕਰਦਾ। ਬੇਏਰੀਆ ਸਿੱਖ ਅਲਾਇੰਸ ਅੱਜ ਵੀ ਸਿੱਖ ਵੋਟਰਾਂ ਦੇ ਹੱਕਾਂ ਦੀ ਰਖਵਾਲੀ ਲਈ ਸੰਗਤਾਂ ਦੇ ਸਹਿਯੋਗ ਨਾਲ ਸੰਘਰਸ਼ਸ਼ੀਲ ਹੈ। ਅਖੌਤੀ ਏਕਤਾ ਅਤੇ ਅਖੌਤੀ ਸਿੱਖ ਪੰਚਾਇਤ ਨੇ ਚੋਣਾਂ ਬੰਦ ਕਰਵਾ ਕੇ ਬਾਬਰੀ ਤੇ ਜਾਬਰੀ ਰਾਜ ਸਥਾਪਤ ਕਰਨ ਦੀ ਹਰ ਹੀਲੇ ਕੋਸ਼ਿਸ਼ ਕੀਤੀ ਪਰ ਇਹ ਬੇਏਰੀਆ ਸਿੱਖ ਅਲਾਇੰਸ ਦੇ ਕਾਫਲੇ ਅਗੇ ਆਪਣੇ ਮਨਸੂਬਿਆਂ 'ਚ ਸਫਲਤਾ ਹਾਸਲ ਨਹੀਂ ਕਰ ਸਕੇ।

*ਸਿੱਖ ਵਿਰੋਧੀ ਤਾਕਤਾਂ ਦਾ ਇਸੇ ਗੱਲ 'ਤੇ ਜੋਰ ਲੱਗਾ ਹੋਇਆ ਹੈ ਕਿ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਿਆਦਾ ਦਾ ਪ੍ਰਚਾਰ ਹਰ ਹੀਲੇ ਰੋਕਿਆ ਜਾਵੇ, ਕੀ ਇਸੇ ਪ੍ਰਭਾਵ ਹੇਠ ਸਿੱਖ ਰਹਿਤ ਮਰਿਆਦਾ ਦੇ ਪ੍ਰਚਾਰਕ ਪ੍ਰੋ. ਸਰਬਜੀਤ ਸਿੰਘ ਧੂੰਦਾ ਨੂੰ ਗੁਰੂ ਘਰ 'ਚ ਬੋਲਣ ਨਹੀਂ ਦਿੱਤਾ ਗਿਆ? ਜਿਹੜੇ ਡੇਰੇਦਾਰਾਂ ਦੇ ਪ੍ਰੇਮੀ ਸਰਬਜੀਤ ਸਿੰਘ ਧੂੰਦਾ ਦੀ ਪ੍ਰੋਫੈਸਰੀ ਬਾਰੇ ਸਵਾਲ ਕਰਦੇ ਹਨ, ਕੀ ਉਹ ਦਸਣਗੇ ਕਿ ਉਨ੍ਹਾਂ ਦੇ ਅਖੌਤੀ ਪਖੰਡੀ ਸਾਧਾਂ ਨੂੰ, ਬ੍ਰਹਮ ਗਿਆਨੀ, ਮਹਾਪੁਰਖ, ਸਿੰਘ ਸਾਹਿਬ, ਜਥੇਦਾਰ, ਸੰਤ, ਬਾਬਾ, ਗਿਆਨੀ ਆਦਿ ਸਤਿਕਾਰਯੋਗ ਉਪਾਧੀਆਂ ਕਿਥੋਂ ਮਿਲੀਆਂ ਹਨ?

*ਸਿੱਖ ਵਿਰੋਧੀ ਤਾਕਤਾਂ ਦਾ ਜੋਰ ਲੱਗਿਆ ਹੋਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਿੱਖਾਂ ਦੀ ਸ਼ਰਧਾ ਨੂੰ ਤੋੜਿਆ ਜਾਵੇ। ਕੀ ਇਸੇ ਪ੍ਰਭਾਵ ਹੇਠ ਗੁਰੂ ਗ੍ਰੰਥ ਸਾਹਿਬ ਜੀ 'ਤੇ ਕਿੰਤੂ-ਪ੍ਰੰਤੂ ਕਰਨ ਵਾਲਿਆਂ ਦੇ ਪ੍ਰੋਗਰਾਮ ਗੁਰੂ ਘਰ ਅੰਦਰ ਹੋ ਰਹੇ ਹਨ?

*ਸਿੱਖ ਵਿਰੋਧੀ ਤਾਕਤਾਂ ਦਾ ਜੋਰ ਲੱਗਿਆ ਹੋਇਆ ਹੈ ਕਿ ਗੁਰੂ ਘਰਾਂ ਅੰਦਰ ਗੁਰੂ ਨਾਨਕ ਸਾਹਿਬ ਜੀ ਦੇ ਬਰਾਬਰੀ ਵਾਲੇ ਫਲਸਫੇ ਦਾ ਪ੍ਰਚਾਰ ਨਾ ਹੋ ਸਕੇ। ਕੀ ਇਸੇ ਪ੍ਰਭਾਵ ਹੇਠ ਸੰਗਤਾਂ ਵੱਲੋਂ ਧੀ ਤੇ ਪੁੱਤਰ ਦੀ ਬਰਾਬਰੀ ਦਾ ਹੋਕਾ ਦੇਣ ਲਈ ਮਨਾਈ ਜਾ ਰਹੀ ਲੋਹੜੀ ਦਾ ਵਿਰੋਧ ਕੀਤਾ ਗਿਆ ਹੈ? ਧੀਆਂ ਦੀ ਲੋਹੜੀ ਦਾ ਵਿਰੋਧ ਕਰਨ ਵਾਲੇ ਕੀ ਇਹ ਦਸਣਗੇ ਕਿ ਪ੍ਰਬੰਧਕ ਕੈਂਡਲ ਲਾਈਟਾਂ 'ਚ ਸ਼ਮੂਲੀਅਤ ਕਰਕੇ ਕਿਹੜੀ ਮਰਿਆਦਾ ਦਾ ਪਾਲਣ ਕਰਦੇ ਆ ਰਹੇ ਹਨ? ਜੇ ਲੋਹੜੀ ਪਾਉਣਾ ਗਲਤ ਹੈ ਤਾਂ ਕੀ ਕੈਂਡਲ ਲਾਈਟ ਜਗਾਉਣਾ ਗੁਰਮਤਿ ਦੇ ਅਨਕੂਲ ਹੈ? ਜਿਹੜੀ ਡਿਕਟੇਟਰੀ ਸੋਚ ਅੱਜ ਗੁਰੂ ਘਰ ਅੰਦਰ ਕਾਬਜ ਹੈ, ਇਸ ਪ੍ਰਤੀ ਸੰਗਤਾਂ ਵਿਚ ਭਾਰੀ ਗੁੱਸਾ ਹੈ। ਇਸ ਗੁੱਸੇ ਦਾ ਲਾਵਾ ਅਗਲੇ ਸਾਲ ਚੋਣਾਂ 'ਚ ਫੁਟੇਗਾ।

*ਸਿੱਖ ਵਿਰੋਧੀ ਤਾਕਤਾਂ ਦਾ ਜੋਰ ਲੱਗਿਆ ਹੋਇਆ ਹੈ ਕਿ ਸਿੱਖੀ ਵਿਚ ਪਤਿਤਪੁਣੇ ਨੂੰ ਉਤਸ਼ਾਹਤ ਕੀਤਾ ਜਾਵੇ। ਕੀ ਇਸੇ ਪ੍ਰਭਾਵ ਹੇਠ ਗੁਰੂ ਘਰ ਅੰਦਰ ਅਖੰਡਪਾਠਾਂ ਦੀਆਂ ਰੌਲਾਂ 'ਚ ਕਲੀਨ ਸ਼ੇਵ ਬੰਦੇ ਨੂੰ ਪਾਠੀ ਦੀ ਡਿਊਟੀ ਦੇ ਦਿੱਤੀ ਜਾਂਦੀ ਹੈ? ਗੁਰੂ ਘਰ ਅੰਦਰ ਕਲੀਨ ਸ਼ੇਵ ਆਦਮੀ ਕੀਰਤਨ ਕਰ ਜਾਂਦੇ ਹਨ? ਗੁਰੂ ਘਰ ਅੰਦਰ ਕਟੜ ਹਿੰਦੂ ਬੀਬੀ ਕਥਾ ਕਰ ਜਾਂਦੀ ਹੈ? ਗੁਰੂ ਘਰ ਅੰਦਰ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਿਆਦਾ ਦੇ ਕਾਤਲ ਡੇਰੇਦਾਰ ਬੋਲ ਜਾਂਦੇ ਹਨ? ਜੇ ਗੁਰੂ ਘਰ ਅੰਦਰ ਇਨ੍ਹਾਂ ਸਾਰਿਆਂ ਨੂੰ ਸੇਵਾ ਸਿਮਰਨ ਦਾ ਹੱਕ ਹਾਸਲ ਹੈ ਤਾਂ ਫਿਰ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਿਆਦਾ ਦੇ ਪ੍ਰਚਾਰਕ ਪ੍ਰੋ. ਧੂੰਦਾ ਨੂੰ ਕਿਉਂ ਨਹੀਂ?

*ਸਿੱਖ ਵਿਰੋਧੀ ਤਾਕਤਾਂ ਦਾ ਜੋਰ ਲੱਗਾ ਹੋਇਆ ਹੈ ਕਿ ਕਿਸੇ ਨਾ ਕਿਸੇ ਤਰੀਕੇ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਿਆਦਾ ਨੂੰ ਖਤਮ ਕੀਤਾ ਜਾਵੇ। ਕੀ ਇਸੇ ਪ੍ਰਭਾਵ ਹੇਠ ਕੁੱਝ ਅਖੌਤੀ ਸਿਆਣੇ ਬੁੱਧੀਮਾਨ ਮਾਇਆਧਾਰੀ ਕਹਿ ਰਹੇ ਹਨ ਕਿ ਇਹ ਮਰਿਆਦਾ ਤਾਂ ਕੁੱਝ ਕੁ ਲੋਕਾਂ ਦੀ ਲਿੱਖੀ ਹੋਈ ਹੈ ਅਤੇ ਜਦੋਂ ਮਰਜੀ ਬਦਲੀ ਜਾ ਸਕਦੀ ਹੈ?

*ਫਰੀਮਾਂਟ ਗੁਰੂ ਘਰ ਦੇ ਸਤਿਕਾਰਯੋਗ ਵੋਟਰੋ, ਉਪਰ ਲਿਖੇ ਕੁੱਝ ਨੁਕਤੇ ਅਸੀਂ ਕਿਸੇ ਇੱਕ ਵਿਅਕਤੀ ਦੀ ਨਿਜੀ ਜ਼ਿੰਦਗੀ 'ਤੇ ਉਂਗਲ ਚੁੱਕ ਕੇ ਨਹੀਂ ਉਠਾਏ। ਇਹ ਸਵਾਲ ਫਰੀਮਾਂਟ ਗੁਰੂਘਰ ਦੇ ਮੌਜੂਦਾ ਪ੍ਰਬੰਧ ਨਾਲ ਸਬੰਧਤ ਹਨ। ਇਸ ਗੁਰੂ ਘਰ 'ਤੇ ਤੁਹਾਡਾ ਵੀ ਉਨਾ ਹੀ ਹੱਕ ਹੈ ਜਿੰਨਾ ਕਿ ਮੌਜੂਦਾ ਅਖੌਤੀ ਪ੍ਰਬੰਧਕਾਂ ਦਾ। ਇਥੋਂ ਦੇ ਵਿਗੜੇ ਹੋਏ ਪ੍ਰਬੰਧ ਦੇ ਸੁਧਾਰ ਲਈ ਬੇਏਰੀਆ ਸਿੱਖ ਅਲਾਇੰਸ ਨੂੰ ਗੁਰੂ ਰੂਪ ਸੰਗਤਾਂ ਦੀ ਵੋਟ 'ਤੇ ਸੁਪੋਰਟ ਦੀ ਲੋੜ ਹੈ। ਇਸ ਲਈ ਤੁਸੀਂ ਬੇਏਰੀਆ ਸਿੱਖ ਅਲਾਇੰਸ ਦੇ ਜਲਦੀ ਤੋਂ ਜਲਦੀ ਮੈਂਬਰ ਬਣੋ ਤਾਂ ਕਿ ਆਪਾਂ ਸਭ ਰਲ-ਮਿਲ ਕੇ 2014 ਦੀਆਂ ਚੋਣਾਂ ਸਮੇਂ ਇਥੋਂ ਦੇ ਤਾਨਾਸ਼ਾਹੀ ਮਾਹੌਲ ਨੂੰ ਤਿਲਾਂਜਲੀ ਦੇ ਕੇ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਿਆਦਾ ਦਾ ਬੋਲਬਾਲਾ ਕਾਇਮ ਕਰ ਸਕੀਏ।*

## ਜਾਰੀ ਕਰਤਾ: ਬੇਏਰੀਆ ਸਿੱਖ ਅਲਾਇੰਸ

ਅਵਤਾਰ ਸਿੰਘ ਧਾਮੀ, ਸੁਦੇਸ਼ ਸਿੰਘ ਅਟਵਾਲ, ਜਸਵੀਰ ਸਿੰਘ ਤੱਖਰ, ਪਰਮਜੀਤ ਸਿੰਘ ਸੇਖੋਂ (ਦਾਖਾ), ਅਮਰਜੀਤ ਸਿੰਘ ਸਿੱਧੂ, ਤਾਰਾ ਸਿੰਘ ਗਿੱਲ, ਸਤਪਾਲ ਸਿੰਘ ਮੰਡੇਰ, ਸੁਰਿੰਦਰ ਸਿੰਘ, ਪਰਮਿੰਦਰ ਸਿੰਘ ਗਿੱਲ, ਤੇਜਪਾਲ ਸਿੰਘ ਅਤੇ ਸਾਧ ਸੰਗਤ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ, ਫੋਨ: 510-755-2132, 510-372-5061, 510-376-9124, 510-774-5909

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚੌਟਾਲਿਆਂ ਨੂੰ ਭ੍ਰਿਸ਼ਟਾਚਾਰ ਦਾ ਘੇਰਾ, ਪਿਓ-ਪੁੱਤ ਨੂੰ ਦਸ-ਦਸ ਸਾਲ ਕੈਦ

*(ਸਫਾ ਇਕ ਦੀ ਬਾਕੀ)*

ਪਿਓ-ਪੁੱਤਰ, ਦੋ ਆਈ.ਏ.ਐਸ. ਅਧਿਕਾਰੀਆਂ ਸਣੇ 55 ਵਿਅਕਤੀਆਂ ਨੂੰ ਦੋਸ਼ੀ ਠਹਿਰਾਉਣ ਵਾਲੇ ਸੀ.ਬੀ.ਆਈ. ਅਦਾਲਤ ਦੇ ਵਿਸ਼ੇਸ਼ ਜੱਜ ਵਿਨੋਦ ਕੁਮਾਰ ਨੇ 22 ਜਨਵਰੀ ਨੂੰ ਦੋਸ਼ੀਆਂ ਨੂੰ ਵੱਖ-ਵੱਖ ਸਮੇਂ ਲਈ ਸਜ਼ਾ ਸੁਣਾਈ। ਸ੍ਰੀ ਚੌਟਾਲਾ ਨੂੰ ਪਿਛਲੇ ਹਫਤੇ ਹਿਰਾਸਤ ਵਿਚ ਲੈਣ ਮਗਰੋਂ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ ਜਿਸ ਕਾਰਨ ਉਹ ਸਜ਼ਾ ਸੁਣਾਉਣ ਸਮੇਂ ਅਦਾਲਤ ਵਿਚ ਹਾਜ਼ਰ ਨਹੀਂ ਸੀ ਪਰ ਉਨ੍ਹਾਂ ਦਾ ਪੁੱਤ ਤੇ ਹੋਰ ਸਾਰੇ ਦੋਸ਼ੀ ਮੌਜੂਦ ਸਨ।

ਅਦਾਲਤ ਨੇ ਪਿਓ-ਪੁੱਤ ਤੋਂ ਇਲਾਵਾ ਤਤਕਾਲੀ ਡਾਇਰੈਕਟਰ ਪ੍ਰਾਇਮਰੀ ਸਿੱਖਿਆ ਸੰਜੀਵ ਕੁਮਾਰ, ਚੌਟਾਲਾ ਦੇ ਸਾਬਕਾ ਓ.ਐਸ.ਡੀ. ਵਿਦਿਆਧਰ (ਦੋਵੇਂ ਆਈ.ਏ.ਐਸ.) ਤੇ ਹਰਿਆਣਾ ਦੇ ਮੁੱਖ ਮੰਤਰੀ ਦੇ ਤਤਕਾਲੀ ਸਿਆਸੀ ਸਲਾਹਕਾਰ ਸ਼ੇਰ ਸਿੰਘ ਬਡਸ਼ਾਮੀ (ਵਿਧਾਇਕ) ਨੂੰ ਵੀ 10-10 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਾਰੇ 55 ਦੋਸ਼ੀਆਂ ਨੂੰ ਤਾਜ਼ੀਰਾਤੇ ਹਿੰਦ ਦੀ ਧਾਰਾ 120 ਬੀ, 418, 467, 471 ਅਤੇ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 13 (1) ਡੀ ਤੇ 13 (2) ਤਹਿਤ ਦੋਸ਼ੀ ਠਹਿਰਾਇਆ ਗਿਆ ਤੇ ਸਜ਼ਾ ਸੁਣਾਈ ਗਈ ਹੈ।

ਪੰਜ ਮੁੱਖ ਦੋਸ਼ੀਆਂ ਤੋਂ ਇਲਾਵਾ ਇਕ ਔਰਤ ਸਣੇ ਚਾਰ ਹੋਰਨਾਂ ਨੂੰ 10-10 ਸਾਲਾਂ ਦੀ ਸਜ਼ਾ ਸੁਣਾਈ ਗਈ ਹੈ। ਇਸ ਤੋਂ ਇਲਾਵਾ ਇਕ ਦੋਸ਼ੀ ਨੂੰ ਪੰਜ ਸਾਲ, ਜਦਕਿ ਬਾਕੀ 45 ਦੋਸ਼ੀਆਂ ਨੂੰ 4-4 ਸਾਲਾਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਪੰਜ ਮੁੱਖ ਦੋਸ਼ੀਆਂ ਤੋਂ ਇਲਾਵਾ ਦੁਰਗਾ ਦੱਤ ਪ੍ਰਧਾਨ, ਬਨੀ ਸਿੰਘ, ਦਿਆ ਸੈਣੀ ਤੇ ਮਦਨ ਲਾਲ ਕਾਲੜਾ ਨੂੰ 10 ਸਾਲ ਦੀ ਸਜ਼ਾ ਹੋਈ। ਪੁਸ਼ਕਰ ਮਲ ਵਰਮਾ ਨੂੰ ਪੰਜ ਸਾਲ ਦੀ ਸਜ਼ਾ ਸੁਣਾਈ ਗਈ।

ਸਿਆਸੀ ਮਾਹਿਰਾਂ ਦੀ ਰਾਏ ਹੈ ਕਿ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਉਨ੍ਹਾਂ ਦੇ ਵੱਡੇ ਲੜਕੇ ਅਜੈ ਚੌਟਾਲਾ, ਹਰਿਆਣਾ ਵਿਧਾਨ ਸਭਾ ਵਿਚ ਪਾਰਟੀ ਦੇ ਉਪ ਆਗੂ ਸ਼ੇਰ ਸਿੰਘ ਬੜਸ਼ਾਮੀ ਨੂੰ ਜੇ.ਬੀ.ਟੀ. ਅਧਿਆਪਕ ਘੁਟਾਲੇ ਵਿਚ ਦਸ-ਦਸ ਸਾਲ ਦੀ ਸਜ਼ਾ ਹੋਣ ਨਾਲ ਇਨੈਲੋ ਨੂੰ ਜ਼ਬਰਦਸਤ ਰਾਜਨੀਤਕ ਸੱਟ ਵੱਜੀ ਹੈ। ਇਸ ਕਾਰਨ ਹਰਿਆਣਾ ਦੀ ਰਾਜਨੀਤੀ ਵਿਚ ਅਹਿਮ ਉਤਰਾ-ਚੜ੍ਹਾਅ ਆਉਣ ਦੇ ਆਸਾਰ ਬਣ ਗਏ ਹਨ।

ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਇਨੈਲੋ ਲਈ ਇਹ ਫੈਸਲਾ ਉਸ ਸਮੇਂ ਆਇਆ ਜਦੋਂ ਲੋਕ ਸਭਾ ਚੋਣਾਂ ਲਈ ਰਾਜਨੀਤਕ ਸਰਗਰਮੀਆਂ ਕਿਸੇ ਨਾ ਕਿਸੇ ਰੂਪ ਵਿਚ ਸ਼ੁਰੂ ਹੋਣ ਵਾਲੀਆਂ ਹਨ। ਇਨੈਲੋ ਲਈ ਲੀਡਰਸ਼ਿਪ ਦੀ ਘਾਟ ਨੂੰ ਪੂਰਾ ਕਰਨਾ ਮੁਸ਼ਕਿਲ ਹੈ ਪਰ ਸਾਬਕਾ ਮੁੱਖ ਮੰਤਰੀ ਦੇ ਪੋਤਰੇ ਦੁਸ਼ਿਅੰਤ, ਦਿਗਵਿਜੇ ਤੇ ਕਰਨ ਸਿੰਘ ਪਾਰਟੀ ਦੀ ਕਮਾਂਡ ਸੰਭਾਲਣ ਵਾਸਤੇ ਅੱਗੇ ਆਉਣ ਲਈ ਤਿਆਰ ਹਨ। ਇਨੈਲੋ ਹਰਿਆਣਾ ਦੇ ਪ੍ਰਧਾਨ ਅਸ਼ੋਕ ਅਰੋੜਾ ਤੇ ਸਾਬਕਾ ਮੁੱਖ ਮੰਤਰੀ ਦੇ ਛੋਟੇ ਲੜਕੇ ਤੇ ਵਿਧਾਇਕ ਅਭੈ ਚੌਟਾਲਾ ਨੇ ਇਸ ਕੇਸ ਦੇ ਫੈਸਲੇ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਪਰ ਕਿਹਾ ਕਿ ਪਾਰਟੀ ਇਸ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਵੇਗੀ। ਉਧਰ, ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਹੈ ਕਿ ਇਹ ਕੇਸ ਕੌਮੀ ਜਮਹੂਰੀ ਗਠਜੋੜ ਸਰਕਾਰ ਦੇ ਸਮੇਂ ਦਾ ਸੀ ਜੇ ਕਿਸੇ ਨੂੰ ਫੈਸਲੇ ਬਾਰੇ ਇਤਰਾਜ਼ ਹੈ ਤੇ ਉਹ ਉਚ ਅਦਾਲਤ ਵਿਚ ਜਾ ਸਕਦਾ ਹੈ।

## ਸਿਆਸੀ ਭਵਿੱਖ ਨੂੰ ਖਤਰਾ

**ਚੰਡੀਗੜ੍ਹ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਤੇ ਉਨ੍ਹਾਂ ਦੇ ਪੁੱਤਰ ਅਜੈ ਚੌਟਾਲਾ ਨੂੰ ਭ੍ਰਿਸ਼ਟਾਚਾਰ ਦੇ ਕੇਸ 'ਚ ਅਦਾਲਤ ਵੱਲੋਂ ਦੋਸ਼ੀ ਕਰਾਰ ਦੇਣ ਦੇ ਬਾਵਜੂਦ ਇਹ ਦੋਵੇਂ ਅਕਤੂਬਰ 2014 ਤੱਕ ਵਿਧਾਨ ਸਭਾ ਦੇ ਮੈਂਬਰ ਬਣੇ ਰਹਿ ਸਕਦੇ ਹਨ। ਇਨ੍ਹਾਂ ਨੂੰ ਲੋਕ ਪ੍ਰਤੀਨਿਧਤਾ ਕਾਨੂੰਨ 1951 ਦੀ ਧਾਰਾ 8(4) ਤਹਿਤ ਛੋਟ ਹਾਸਲ ਹੈ ਜਿਸ ਮੁਤਾਬਕ ਦੋਸ਼ੀ ਕਰਾਰ ਦਿੱਤਾ ਕੋਈ ਐਮ.ਪੀ. ਜਾਂ ਐਮ.ਐਲ.ਏ. ਆਪਣੇ ਹਲਕੇ ਦੇ ਨੁਮਾਇੰਦੇ ਵਜੋਂ ਆਪਣਾ ਦਰਜਾ ਬਹਾਲ ਰੱਖ ਸਕਦਾ ਹੈ ਪਰ ਉਸ ਨੂੰ 3 ਮਹੀਨੇ ਦੇ ਅੰਦਰ ਫੈਸਲੇ ਖ਼ਿਲਾਫ਼ ਅਪੀਲ ਕਰਨੀ ਪਵੇਗੀ।

ਉਂਜ, ਚੋਣ ਲੜ ਸਕਣ ਦੀ ਉਨ੍ਹਾਂ ਦੀ ਯੋਗਤਾ ਇਸ ਗੱਲ 'ਤੇ ਮੁਨੱਸਰ ਕਰੇਗੀ ਕਿ ਅਪੀਲ 'ਤੇ ਅੰਤਿਮ ਫੈਸਲਾ ਕੀ ਆਉਂਦਾ ਹੈ। ਹਾਈ ਕੋਰਟ ਜਾਂ ਸੁਪਰੀਮ ਕੋਰਟ ਵੱਲੋਂ ਉਨ੍ਹਾਂ ਨੂੰ ਦੁਬਾਰਾ ਚੋਣ ਲੜਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਬਸ਼ਰਤੇ ਕਿ ਉਨ੍ਹਾਂ ਦੀ ਅਪੀਲ ਦਾ ਨਿਬੇੜਾ ਹੋਣ ਤਕ ਫੈਸਲੇ 'ਤੇ ਰੋਕ ਲਗਾ ਦਿੱਤੀ ਜਾਵੇ। ਉਂਜ ਮਹਿਜ਼ ਸਜ਼ਾ ਦੇ ਅਮਲ 'ਤੇ ਰੋਕ ਲਗਾ ਦੇਣ ਨਾਲ ਹੀ ਉਨ੍ਹਾਂ ਨੂੰ ਮੁੜ ਚੋਣ ਲੜਨ ਦੀ ਖੁੱਲ੍ਹ ਨਹੀਂ ਮਿਲ ਸਕੇਗੀ।

ਜੇ ਉਹ ਹਾਈ ਕੋਰਟ ਜਾਂ ਸੁਪਰੀਮ ਕੋਰਟ ਤੋਂ ਕੋਈ ਰਾਹਤ ਲੈਣ ਵਿਚ ਨਾਕਾਮ ਰਹਿੰਦੇ ਹਨ ਤਾਂ ਸਜ਼ਾ ਦੇ ਅਰਸੇ ਦੌਰਾਨ ਤੇ ਸਜ਼ਾ ਪੂਰੀ ਕਰਨ ਤੋਂ ਬਾਅਦ ਛੇ ਸਾਲਾਂ ਤਕ ਕੋਈ ਚੋਣ ਨਹੀਂ ਲੜ ਸਕਣਗੇ। ਭ੍ਰਿਸ਼ਟਾਚਾਰ ਰੋਕੂ ਕਾਨੂੰਨ 1988 ਦੀ ਧਾਰਾ 8(2) ਤਹਿਤ ਭ੍ਰਿਸ਼ਟਾਚਾਰ ਦਾ ਕੋਈ ਦੋਸ਼ੀ ਛੇ ਸਾਲ ਲਈ ਚੋਣ ਨਹੀਂ ਲੜ ਸਕਦਾ ਭਾਵੇਂ ਟਰਾਇਲ ਕੋਰਟ ਵੱਲੋਂ ਉਸ ਨੂੰ ਮਹਿਜ਼ ਜੁਰਮਾਨਾ ਲਾ ਕੇ ਹੀ ਛੱਡ ਦਿੱਤਾ ਜਾਵੇ। ਜੇ ਸਜ਼ਾ ਹੋ ਜਾਂਦੀ ਹੈ ਤਾਂ ਦੋਸ਼ੀ ਵਿਅਕਤੀ ਸਜ਼ਾ ਦੇ ਅਰਸੇ ਅਤੇ ਇਸ ਤੋਂ ਬਾਅਦ ਛੇ ਸਾਲ ਤਕ ਕੋਈ ਚੋਣ ਨਹੀਂ ਲੜ ਸਕਦਾ।

## ਬਾਦਲ ਚੁੱਪ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜੋ ਚੌਟਾਲਾ ਪਰਿਵਾਰ ਦੇ ਬਹੁਤ ਨਜ਼ਦੀਕ ਹਨ, ਨੇ ਇਸ ਬਾਰੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ। ਯਾਦ ਰਹੇ ਕਿ ਸ੍ਰੀ ਬਾਦਲ ਦੀ ਆਪਣੀ ਵਜ਼ਾਰਤ ਦੀ ਇਕ ਅਹਿਮ ਮੈਂਬਰ ਜਗੀਰ ਕੌਰ ਨੂੰ ਸੀ.ਬੀ.ਆਈ. ਅਦਾਲਤ ਨੇ ਆਪਣੀ ਹੀ ਧੀ ਦਾ ਜਬਰੀ ਗਰਭਪਾਤ ਕਰਵਾਉਣ ਦੇ ਦੋਸ਼ ਵਿਚ ਪੰਜ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਸੀ। ਉਸ ਵੇਲੇ ਉਨ੍ਹਾਂ ਨੂੰ ਵਜ਼ਾਰਤ ਛੱਡਣੀ ਪਈ ਸੀ ਪਰ ਉਹ ਅਜੇ ਵੀ ਵਿਧਾਨ ਸਭਾ ਦੀ ਮੈਂਬਰ ਹੈ। ਉਸ ਵੇਲੇ ਵੀ ਸ੍ਰੀ ਬਾਦਲ ਚੁੱਪ ਹੀ ਰਹੇ ਸਨ।

## ਭਾਜਪਾ ਤੇ ਅਕਾਲੀ ਦਲ ਵਿਚਾਲੇ ਠੰਢੀ ਜੰਗ?

*(ਸਫਾ ਇਕ ਦੀ ਬਾਕੀ)*

ਨਾਲ ਸਰਕਾਰ ਦੇ ਅਕਸ ਨੂੰ ਢਾਹ ਲੱਗੀ ਹੈ। ਇਸ ਦਾ ਅਸਰ ਸ਼ਹਿਰੀ ਵੋਟਰਾਂ 'ਤੇ ਸਭ ਤੋਂ ਜ਼ਿਆਦਾ ਪੈ ਰਿਹਾ ਹੈ ਜਿਸ ਕਰ ਕੇ ਭਾਜਪਾ ਨੂੰ ਆਪਣਾ ਵੋਟ ਬੈਂਕ ਖੁਰਦਾ ਨਜ਼ਰ ਆ ਰਿਹਾ ਹੈ। ਭਾਜਪਾ ਨੇ ਅਮਨ ਕਾਨੂੰਨ ਦੀ ਮਾੜੀ ਹਾਲਤ ਦਾ ਮਾਮਲਾ ਮੁੱਖ ਮੰਤਰੀ ਕੋਲ ਵੀ ਉਠਾਇਆ ਹੈ, ਪਰ ਇਸ ਸਬੰਧੀ ਅਜੇ ਕੋਈ ਵੀ ਕਦਮ ਨਹੀਂ ਚੁੱਕਿਆ ਜਾ ਸਕਿਆ। ਭਾਜਪਾ ਸਰਕਾਰ ਦੀ ਕਾਰਜ ਸ਼ੈਲੀ ਤੋਂ ਵੀ ਖ਼ਫ਼ਾ ਹੈ ਕਿਉਂਕਿ ਵਿੱਤੀ ਸੰਕਟ ਨਾਲ ਨਜਿੱਠਣ ਲਈ ਲਾਏ ਗਏ ਟੈਕਸਾਂ ਦਾ ਜ਼ਿਆਦਾ ਬੋਝ ਸ਼ਹਿਰੀ ਵੱਲੋਂ 'ਤੇ ਹੀ ਪਿਆ ਹੈ।

ਭਾਜਪਾ ਇਨ੍ਹਾਂ ਮਾਮਲਿਆਂ ਨੂੰ ਲੈ ਕੇ ਦੁਖੀ ਤਾਂ ਹੈ, ਪਰ ਉਸ ਦੀ ਕੋਈ ਪੇਸ਼ ਨਹੀਂ ਚੱਲਦੀ ਕਿਉਂਕਿ ਉਸ ਨੂੰ ਪਤਾ ਹੈ ਕਿ ਅਕਾਲੀਆਂ ਦੇ ਸਾਥ ਬਿਨਾਂ ਉਹ ਇਕ ਵੀ ਸੀਟ ਨਹੀਂ ਜਿੱਤ ਸਕਦੇ। ਭਾਜਪਾ ਹਮੇਸ਼ਾ ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਦਾ ਵਿਰੋਧ ਕਰਦੀ ਆ ਰਹੀ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਸੁਖਬੀਰ ਦੇ ਹੱਥ ਸਾਰੀ ਤਾਕਤ ਆਉਣ ਨਾਲ ਉਨ੍ਹਾਂ ਦੀ ਕੋਈ ਪੁੱਛਗਿੱਛ ਨਹੀਂ ਰਹਿਣੀ। ਭਾਜਪਾ ਇਸ ਗੱਲ ਤੋਂ ਵੀ ਖ਼ਫ਼ਾ ਹੈ ਕਿ ਅਕਾਲੀ ਦਲ ਪੇਂਡੂ ਵੋਟਰਾਂ ਨੂੰ ਧਿਆਨ ਵਿਚ ਰੱਖ ਕੇ ਰਣਨੀਤੀ ਉਲੀਕ ਰਿਹਾ ਹੈ, ਪਰ ਉਨ੍ਹਾਂ ਦਾ ਵੋਟ ਬੈਂਕ ਤਾਂ ਸ਼ਹਿਰਾਂ ਵਿਚ ਹੈ।

ਭਾਜਪਾ ਨੇ ਇਹ ਸਾਰੇ ਮਾਮਲੇ ਕਈ ਵਾਰ ਮੁੱਖ ਮੰਤਰੀ ਕੋਲ ਉਠਾਏ ਹਨ, ਪਰ ਸ੍ਰੀ ਬਾਦਲ ਨੇ ਉਨ੍ਹਾਂ ਨੂੰ ਹਮੇਸ਼ਾ ਪਲੋਸ ਲਿਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਵੱਡੇ ਬਾਦਲ ਦੀ ਹਲੀਮੀ ਵਾਲੀ ਰਣਨੀਤੀ ਸੁਖਬੀਰ ਕੋਲ ਨਹੀਂ ਤੇ ਇਸ ਲਈ ਉਹ ਭਾਜਪਾ ਨੂੰ ਨਾਲ ਲੈ ਕੇ ਚੱਲਣ ਵਿਚ ਸਫਲ ਨਹੀਂ ਹੋ ਸਕਣਗੇ। ਇਹੀ ਕਾਰਨ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਜੇ ਸੁਖਬੀਰ ਨੂੰ ਪੂਰੀਆਂ ਤਾਕਤਾਂ ਨਹੀਂ ਦੇ ਰਹੇ।

# ਕੈਪਟਨ ਕੰਵਲਜੀਤ ਸਿੰਘ ਦੀ ਧੀ ਕਾਂਗਰਸ ਵਿਚ ਸ਼ਾਮਲ

ਚੰਡੀਗੜ੍ਹ: ਪੰਜਾਬ ਦੇ ਮਰਹੂਮ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਕੈਪਟਨ ਕੰਵਲਜੀਤ ਸਿੰਘ ਦੀ ਧੀ ਮਨਪ੍ਰੀਤ ਕੌਰ ਡੌਲੀ ਆਪਣੇ ਸਮਰਥਕਾਂ ਸਮੇਤ ਪੰਜਾਬ ਕਾਂਗਰਸ ਵਿਚ ਸ਼ਾਮਲ ਹੋ ਗਈ। ਬੀਬੀ ਡੌਲੀ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ, ਉਨ੍ਹਾਂ ਦੀ ਪਤਨੀ ਤੇ ਕੇਂਦਰੀ ਰਾਜ ਮੰਤਰੀ ਪਰਨੀਤ ਕੌਰ ਤੇ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਚੌਧਰੀ ਸੁਨੀਲ ਜਾਖੜ ਦੀ ਹਾਜ਼ਰੀ 'ਚ ਕਾਂਗਰਸ ਵਿਚ ਸ਼ਾਮਲ ਹੋਈ।



ਬੀਬੀ ਡੌਲੀ ਨੂੰ ਉਚੇਚੇ ਤੌਰ 'ਤੇ ਬੀਬੀ ਪਰਨੀਤ ਕੌਰ ਤੇ ਰਾਜਪੁਰਾ ਹਲਕੇ ਦੇ ਵਿਧਾਇਕ ਹਰਦਿਆਲ ਸਿੰਘ ਕੰਬੋਜ ਕਾਂਗਰਸ ਭਵਨ ਲੈ ਕੇ ਆਏ। ਬੀਬੀ ਡੌਲੀ ਦੇ ਵੱਡੀ ਗਿਣਤੀ ਵਿਚ ਪੁੱਜੇ ਸਮਰਥਕਾਂ ਸਮੇਤ ਕੈਪਟਨ ਨੇ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਦਿਆਂ ਕਿਹਾ ਕਿ ਕਾਂਗਰਸ ਵਿਚ ਇਸ ਆਗੂ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਕੈਪਟਨ ਨੇ ਸਪੱਸ਼ਟ ਕੀਤਾ ਕਿ ਬੀਬੀ ਡੌਲੀ ਨੂੰ ਕੋਈ ਅਹੁਦਾ ਦੇਣ ਦਾ ਭਰੋਸਾ ਨਹੀਂ ਦਿੱਤਾ ਗਿਆ ਪਰ ਉਨ੍ਹਾਂ ਨੂੰ ਪਾਰਟੀ ਵਿਚ ਯੋਗ ਥਾਂ ਮਿਲੇਗੀ।

ਦੱਸਣਯੋਗ ਹੈ ਕਿ ਪਿਛਲੇ ਸਮੇਂ ਖਾਸ ਕਰਕੇ ਡੇਰਾਬਸੀ ਹਲਕੇ ਦੇ ਠੋਸ ਕਾਂਗਰਸੀ ਆਗੂ ਦੀਪਇੰਦਰ ਸਿੰਘ ਢਿੱਲੋਂ ਦੇ ਅਕਾਲੀ ਦਲ ਵਿਚ ਸ਼ਾਮਲ ਹੋਣ ਤੋਂ ਬਾਅਦ ਕਾਂਗਰਸ ਇਸ ਹਲਕੇ ਵਿਚੋਂ ਉਨ੍ਹਾਂ ਦਾ ਤੋੜ ਲੱਭਦੀ ਆ ਰਹੀ ਸੀ। ਇਸ ਮੌਕੇ ਮਨਪ੍ਰੀਤ ਡੌਲੀ ਨੇ ਕਿਹਾ ਕਿ ਅਕਾਲੀ ਦਲ ਉਪਰੋਂ ਵਿਸ਼ਵਾਸ ਟੁੱਟਣ ਕਾਰਨ ਉਨ੍ਹਾਂ ਇਹ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਉਹ ਇਸ ਹਲਕੇ ਨੂੰ ਕਾਂਗਰਸੀ ਰੰਗ ਵਿਚ ਰੰਗਣ ਤੇ ਲੋਕ ਸਭਾ ਦੀ ਚੋਣ ਜਿੱਤਣ ਵਿਚ ਪੂਰਾ ਜ਼ੋਰ ਲਾਉਣਗੇ। ਇਸ ਮੌਕੇ ਕੇਂਦਰੀ ਰਾਜ ਮੰਤਰੀ ਪਰਨੀਤ ਕੌਰ ਨੇ ਕਿਹਾ ਕਿ ਬੀਬੀ ਡੌਲੀ ਦੇ ਕਾਂਗਰਸ ਵਿਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਹੋਰ ਤਾਕਤ ਮਿਲੇਗੀ ਕਿਉਂਕਿ ਬੀਬੀ ਡੌਲੀ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਆਜ਼ਾਦ ਤੌਰ 'ਤੇ ਲੜ ਕੇ 10 ਹਜ਼ਾਰ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਸਨ।

## ਗਡਕਰੀ ਤੋਂ ਖੋਹੀ ਭਾਜਪਾ ਦੀ ਕਮਾਨ

**ਨਵੀਂ ਦਿੱਲੀ:** ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਫਸੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਨਿਤਿਨ ਗਡਕਰੀ ਤੋਂ ਪਾਰਟੀ ਦੀ ਕਮਾਨ ਖੋਹ ਲਈ ਗਈ ਹੈ। ਬੇਸ਼ੱਕ ਆਰਆਰਐਸ ਨੇ ਉਨ੍ਹਾਂ ਦੀ ਪੂਰੀ ਹਮਾਇਤ ਕੀਤੀ ਪਰ ਪਾਰਟੀ ਅੰਦਰ ਹੀ ਵੱਡਾ ਵਿਰੋਧ ਹੋਣ ਕਾਰਨ ਉਨ੍ਹਾਂ ਨੂੰ ਪ੍ਰਧਾਨਗੀ ਤੋਂ ਲਾਂਭੇ ਕਰ ਦਿੱਤਾ ਗਿਆ। ਉਨ੍ਹਾਂ ਦੀ ਥਾਂ ਹੁਣ ਰਾਜਨਾਥ ਸਿੰਘ ਨੇ ਸੰਭਾਲੀ ਹੈ। ਗਡਕਰੀ ਨੇ ਕਿਹਾ ਕਿ ਉਨ੍ਹਾਂ ਪਾਰਟੀ ਅੰਦਰ ਆਪਣੇ ਨਾਮ ਉਪਰ ਸਹਿਮਤੀ ਨਾ ਬਣ ਸਕਣ ਕਾਰਨ ਇਹ ਫੈਸਲਾ ਲਿਆ।

ਗਡਕਰੀ ਨੇ ਕਿਹਾ ਹੈ ਕਿ ਉਹ ਪ੍ਰਧਾਨਗੀ ਦੀ ਚੋਣ ਮੁੜ ਨਹੀਂ ਲੜਨਗੇ ਤੇ ਲੱਗੇ ਬੇਨੇਮੀਆਂ ਦੇ ਦੋਸ਼ਾਂ ਵਿਚੋਂ ਬਰੀ ਹੋਣ ਪਿਛੋਂ ਹੀ ਅਹੁਦੇ ਲਈ ਦਾਅਵਾ ਜਤਾਉਣਗੇ। ਉਨ੍ਹਾਂ ਦੀ ਦੁਬਾਰਾ ਪ੍ਰਧਾਨ ਵਜੋਂ ਚੋਣ ਲਈ ਆਰਐਸਐਸ ਨੇ ਪੂਰਾ ਜ਼ੋਰ ਲਾਇਆ ਪਰ ਉਹ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਨਾਰਾਜ਼ ਕਰਨ ਦੇ ਹੱਕ ਵਿਚ ਵੀ ਨਹੀਂ ਸੀ।

ਸੂਤਰਾਂ ਅਨੁਸਾਰ ਪਾਰਟੀ ਦੇ ਸੀਨੀਅਰ ਆਗੂ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਵੱਲੋਂ ਸ੍ਰੀ ਗਡਕਰੀ ਨੂੰ ਦੁਬਾਰਾ ਪ੍ਰਧਾਨ ਬਣਾਉਣ ਲਈ ਸਹਿਮਤੀ ਨਹੀਂ ਪ੍ਰਗਟਾਈ ਜਾ ਰਹੀ ਸੀ। ਜ਼ਿਕਰਯੋਗ ਹੈ ਕਿ ਸ੍ਰੀ ਗਡਕਰੀ ਦੀ ਕੰਪਨੀ ਵਿਚ ਨਿਵੇਸ਼ ਕਰਨ ਵਾਲੀਆਂ ਕੁਝ ਕੰਪਨੀਆਂ ਦੇ ਦਫਤਰਾਂ ਉਪਰ ਆਮਦਨ ਕਰ ਵਿਭਾਗ ਦੇ ਛਾਪੇ ਪੈਣ ਤੇ ਸ੍ਰੀ ਗਡਕਰੀ ਨੂੰ ਨਿੱਜੀ ਤੌਰ 'ਤੇ ਪੇਸ਼ ਹੋ ਕੇ ਆਪਣਾ ਪੱਖ ਦੱਸਣ ਲਈ ਸੰਮਨ ਜਾਰੀ ਕੀਤੇ ਜਾਣ ਬਾਅਦ ਪਾਰਟੀ ਅੰਦਰ ਹਾਲਾਤ ਤੇਜ਼ੀ ਨਾਲ ਬਦਲਣੇ ਸ਼ੁਰੂ ਹੋ ਗਏ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਪੰਜਾਬ ਤੇ ਹਰਿਆਣਾ ਨੂੰ ਟੈਕਸ ਚੋਰੀ ਨੇ ਡੋਬਿਆ

## ਦੋਵਾਂ ਸੂਬਿਆਂ ਵਿਚ 75 ਫੀਸਦ ਟੈਕਸ ਚੋਰੀ

**ਚੰਡੀਗੜ੍ਹ:** ਆਰਥਕ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਤੇ ਹਰਿਆਣਾ ਵਿਚ 70 ਤੋਂ 75 ਫੀਸਦੀ ਟੈਕਸਾਂ ਦੀ ਚੋਰੀ ਹੁੰਦੀ ਹੈ ਜਿਸ ਕਰਕੇ ਦੋਵਾਂ ਸੂਬਿਆਂ ਦੀ ਆਮਦਨ ਦਾ ਵੱਡਾ ਨੁਕਸਾਨ ਹੁੰਦਾ ਹੈ। ਜੇ ਇਸ ਨੂੰ ਰੋਕਣ ਲਈ ਕਾਰਗਰ ਕਦਮ ਚੁੱਕੇ ਜਾਣ ਤਾਂ ਦੋਵੇਂ ਸੂਬੇ ਬਹੁਤ ਅੱਗੇ ਨਿਕਲ ਸਕਦੇ ਹਨ। ਪੰਜਾਬ ਨੂੰ ਪੈਸੇ ਦੇ ਨਿਵੇਸ਼ ਦਾ ਮੁਲਾਂਕਣ ਕਰਵਾਉਣ ਦੀ ਲੋੜ ਹੈ। ਹਰਿਆਣਾ ਨੂੰ ਮਾਨਵ ਵਿਕਾਸ ਖੇਤਰ ਵਿਚ ਜ਼ਿਆਦਾ ਪੈਸਾ ਖਰਚਣ ਦੀ ਲੋੜ ਹੈ। ਇਸ ਤੋਂ ਬਿਨਾਂ ਇਹ ਸੂਬਾ ਅੱਗੇ ਨਹੀਂ ਆ ਸਕੇਗਾ।

ਦੋਵਾਂ ਸੂਬਿਆਂ ਦੀ ਸਾਂਝੀ ਰਾਜਧਾਨੀ ਵਿਚ ਕਰਵਾਏ ਸੈਮੀਨਾਰ 'ਭਾਰਤ ਦੇ ਸੂਬਿਆਂ ਦੇ ਵਿੱਤੀ ਮੁੱਦੇ' ਦੌਰਾਨ ਉਘੇ ਅਰਥ ਸ਼ਾਸਤਰੀ ਤੇ ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਚਾਂਸਲਰ ਡਾ. ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਦੇਸ਼ ਦੇ ਅਰਥਚਾਰੇ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਾਲੇ ਧਨ ਦੀ ਸਮੱਸਿਆ ਦੀ ਬਹੁਤ ਵੱਡੀ ਸਮੱਸਿਆ ਹੈ ਤੇ ਇਸ ਦਾ ਹੱਲ ਕਰਨ ਲਈ ਕੋਈ ਖਾਸ ਕਦਮ ਨਹੀਂ ਚੁੱਕੇ ਜਾ ਰਹੇ।

ਉਨਾਂ ਕਿਹਾ ਕਿ ਸ਼ਹਿਰੀ ਤੇ ਪੇਂਡੂ ਜਾਇਦਾਦਾਂ ਦੀ ਖਰੀਦੋ-ਫਰੋਖ਼ਤ ਵਿਚ ਅਸ਼ਟਾਮ ਡਿਊਟੀ ਦੀ ਚੋਰੀ ਬਹੁਤ ਵੱਡੀ ਪੱਧਰ 'ਤੇ ਕੀਤੀ ਜਾਂਦੀ ਹੈ। ਇਹ ਪੈਸਾ ਬਿਨਾਂ ਕਿਸੇ ਖਾਤੇ ਦੇ ਹੁੰਦਾ ਹੈ ਤੇ ਇਹ ਸਿੱਕੇ ਦੀ ਪਸਾਰ ਦਰ ਨੂੰ ਵਧਾਉਂਦਾ ਹੈ ਜੋ ਮਹਿੰਗਾਈ ਵਧਣ ਦਾ ਇਕ ਕਾਰਨ ਬਣਦਾ ਹੈ। ਪੰਜਾਬ ਤੇ ਹਰਿਆਣਾ ਵਿਚ ਟੈਕਸਾਂ ਦੀ ਬਹੁਤ ਜ਼ਿਆਦਾ ਚੋਰੀ ਹੁੰਦੀ ਹੈ। ਇਸ ਨੂੰ ਰੋਕਣ ਵਿਚ ਸਫਲਤਾ ਪ੍ਰਾਪਤ ਕਰ ਲਈ ਜਾਵੇ ਤਾਂ ਦੋਵਾਂ ਸੂਬਿਆਂ ਦੀ ਵਿੱਤੀ ਹਾਲਤ ਚੰਗੀ ਹੋ ਸਕਦੀ ਹੈ।

ਡਾ. ਜੌਹਲ ਨੇ ਕਿਹਾ ਕਿ ਸੂਬਿਆਂ ਕੋਲ ਪੈਸਾ ਨਾ ਹੋਣ ਕਰਕੇ ਬਹੁਤ ਸਾਰੀਆਂ ਕੇਂਦਰੀ ਸਪਾਂਸਰਡ ਸਕੀਮਾਂ ਦਾ ਪੈਸਾ ਅਜਾਈਂ ਚਲਾ ਜਾਂਦਾ ਹੈ। ਇਸ ਪੈਸੇ ਦੀ ਵਰਤੋਂ ਨਾ ਹੋਣ ਕਰਕੇ ਸੂਬੇ ਨੁਕਸਾਨ ਵਿਚ ਰਹਿੰਦੇ ਹਨ। ਸੂਬਿਆਂ ਨੇ ਹੇਠਲੇ ਪੱਧਰ ਦੇ ਵਿਕਾਸ ਲਈ ਯੋਜਨਾ ਬੋਰਡ ਬਣਾਏ ਹਨ ਪਰ ਬਹੁਤੀ ਵਾਰ ਯੋਜਨਾ ਬੋਰਡਾਂ ਦੀਆਂ ਸਿਫਾਰਸ਼ਾਂ ਜਾਂ ਯੋਜਨਾਵਾਂ ਸਰਕਾਰੀ ਫਾਈਲਾਂ ਦਾ ਸ਼ਿੰਗਾਰ ਬਣ ਕੇ ਰਹਿ ਜਾਂਦੀਆਂ ਹਨ। ਸਾਰਾ ਪੈਸਾ ਵਿੱਤ ਵਿਭਾਗ ਦੀ ਮਰਜ਼ੀ ਨਾਲ ਹੀ ਖਰਚਿਆ ਜਾਂਦਾ ਹੈ।

ਪੰਜਾਬ ਯੋਜਨਾ ਬੋਰਡ ਦੇ ਉਪ ਚੇਅਰਮੈਨ ਸਮੇਂ ਦੇ ਆਪਣੇ ਤਜਰਬੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਪੈਸੇ ਖਰਚਣ ਸਬੰਧੀ ਉਨ੍ਹਾਂ ਨੇ ਮੁਲਾਂਕਣ ਕਰਵਾਉਣ ਦੀ ਸਿਫਾਰਸ਼ ਕੀਤੀ ਸੀ ਪਰ ਕਿਸੇ ਨੇ ਕੋਈ ਮੁਲਾਂਕਣ ਨਹੀਂ ਕਰਵਾਇਆ ਕਿਉਂਕਿ ਇਸ ਨਾਲ ਪਤਾ ਲੱਗ ਜਾਣਾ ਸੀ ਕਿ ਪੈਸਾ ਉਤਪਾਦਕ ਖੇਤਰ ਵਿਚ ਖਰਚਿਆ ਗਿਆ ਹੈ ਜਾਂ ਇਸ ਨੂੰ ਅਜਾਈਂ ਗੁਆ ਦਿੱਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਬਿਨਾਂ ਟੈਕਸ ਲਾਇਆ ਪੰਜਾਬ ਸਰਕਾਰ ਨੂੰ 2500 ਕਰੋੜ ਇਕੱਠੇ ਕਰਨ ਲਈ 25 ਸਫਿਆਂ ਦੀ ਰਿਪੋਰਟ ਦਿੱਤੀ ਸੀ ਜਿਸ ਦਿਨ ਮੀਟਿੰਗ ਹੋਣੀ ਸੀ, ਕੋਈ ਵੀ ਮੈਂਬਰ ਰਿਪੋਰਟ ਪੜ੍ਹ ਕੇ ਨਹੀਂ ਆਇਆ।

ਉਨ੍ਹਾਂ ਕਿਹਾ ਕਿ ਟਰਾਂਸਪੋਰਟ ਟੈਕਸ ਦੀ ਵੱਡੀ ਚੋਰੀ ਦਾ ਮਸਲਾ ਵੀ ਸਾਹਮਣੇ ਆਇਆ ਸੀ। ਜਦੋਂ ਇਸ ਨੂੰ ਰੋਕਣ ਦਾ ਮਾਮਲਾ ਉੱਠਿਆ ਤਾਂ ਚੋਰੀ ਕਰਨ ਤੇ ਕਰਾਉਣ ਵਾਲੇ ਵੱਡੀਆਂ ਥਾਵਾਂ 'ਤੇ ਸਨ। ਅਜਿਹੀ ਸੂਰਤ ਵਿਚ ਇਸ ਨੂੰ ਕਿਸੇ ਨੇ ਰੋਕਣਾ ਸੀ। ਕਰਿੱਡ ਦੀ ਆਰ.ਬੀ.ਆਈ. ਚੇਅਰ ਦੇ ਪ੍ਰੋ.ਤੇ ਹਰਿਆਣਾ ਦੀ ਆਰਥਿਕਤਾ ਦੇ ਮਾਹਿਰ ਡਾ. ਸੁਰਿੰਦਰ ਕੁਮਾਰ ਨੇ ਕਿਹਾ ਕਿ ਹਰਿਆਣਾ ਵਿਕਾਸ ਦਰ ਤੇ ਪ੍ਰਤੀ ਜੀਅ ਆਮਦਨ ਦੇ ਮਾਮਲੇ ਵਿਚ ਦੇਸ਼ ਦੇ ਮੋਹਰੀ ਸੂਬਿਆਂ ਵਿਚੋਂ ਹੈ ਪਰ ਮਾਨਵ ਸ੍ਰੋਤ ਵਿਕਾਸ ਦੇ ਮਾਮਲੇ ਵਿਚ ਸੱਤਵੇਂ-ਅੱਠਵੇ ਥਾਂ 'ਤੇ ਹੈ।

ਕਾਨਫਰੰਸ ਦੇ ਕੁੰਜੀਵਤ ਬੁਲਾਰੇ ਤੇ ਮਦਰਾਸ ਸਕੂਲ ਆਫ ਇਕਨੌਮਿਕਸ ਦੇ ਪ੍ਰੋ. ਡੀ.ਕੇ.ਵਾਸਤਵਾ ਨੇ ਕਿਹਾ ਕਿ ਕੇਂਦਰ ਵੱਲੋਂ ਸਪਾਂਸਰਡ ਸਕੀਮਾਂ ਸੀਮਤ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਬਹੁਤ ਵਾਰੀ ਕੇਂਦਰ ਵਿਚ ਬੈਠੇ ਵਿਆਕਤੀਆਂ ਨੂੰ ਸੂਬਿਆਂ ਦੀ ਹਕੀਕੀ ਜਾਣਕਾਰੀ ਨਹੀਂ ਹੁੰਦੀ। ਦੂਜਾ ਸੂਬਿਆਂ ਨੂੰ ਪੈਸਾ ਦੇਣ ਦਾ ਫਾਰਮੂਲਾ ਲਚਕੀਲਾ ਹੋਣਾ ਚਾਹੀਦਾ ਹੈ ਤੇ ਇਸ ਵਿਚ ਕਾਫੀ ਸੁਧਾਰ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੁਝ ਸੂਬਿਆਂ ਦੀ ਵਿੱਤੀ ਸਥਿਤੀ ਕਾਫੀ ਖਰਾਬ ਹੈ ਤੇ ਉਨ੍ਹਾਂ ਵਿਚ ਪੰਜਾਬ ਵੀ ਸ਼ਾਮਲ ਹੈ।

ਕਰਿਡ ਦੇ ਡਾਇਰੈਕਟਰ ਜਨਰਲ ਡਾ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਸੈਮੀਨਾਰ ਕਰਵਾਉਣ ਦਾ ਮੰਤਵ ਸੂਬਿਆਂ ਦੀਆਂ ਵਿੱਤੀ ਸਮੱਸਿਆਵਾਂ ਸਮਝਣਾ, ਹੱਲ ਕਰਨ ਵਿਚ ਮਦਦ ਕਰਨਾ, ਯੋਜਨਾਬੰਦੀ ਵਿਚ ਬਿਹਤਰੀ ਲਿਆਉਣ ਸਮੇਤ ਕਈ ਹੋਰ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਕਰਨਾ ਹੈ। ਸੈਮੀਨਾਰ ਨੂੰ ਆਰ.ਬੀ.ਆਈ.ਦੇ ਡਿਪਟੀ ਗਵਰਨਰ ਡਾ. ਸੁਧੀਰ ਗੋਕਰਨ ਨੇ ਵੀ ਸੰਬੋਧਨ ਕੀਤਾ।

## ਗੁਰਦੁਆਰੇ 'ਚ ਜਨਰਲ ਦਿਆਲ ਨਮਿਤ ਅਰਦਾਸ ਤੋਂ ਇਨਕਾਰ

**ਚੰਡੀਗੜ੍ਹ:** ਪੰਚਕੂਲਾ ਦੇ ਇਕ ਗੁਰਦੁਆਰੇ ਵਿਚ 1965 ਭਾਰਤ-ਪਾਕਿਸਤਾਨ ਜੰਗ ਦੇ ਹੀਰੋ ਰਹੇ ਲੈਫਟੀਨੈਂਟ ਜਨਰਲ ਆਰਐਸ ਦਿਆਲ ਦੀ ਬਰਸੀ 'ਤੇ ਅਰਦਾਸ ਕਰਨ ਤੋਂ ਇਸ ਲਈ ਇਨਕਾਰ ਕਰ ਦਿੱਤਾ ਗਿਆ ਕਿਉਂਕਿ ਉਹ ਆਪ੍ਰੇਸ਼ਨ ਬਲਿਊ ਸਟਾਰ ਵਿਚ ਸ਼ਾਮਲ ਸੀ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਧਾਰਮਿਕ ਮੁੱਦਿਆਂ 'ਤੇ ਕੋਈ ਟਿੱਪਣੀ ਨਹੀਂ ਕਰਦੇ।

ਇਸ ਬਾਰੇ ਗੁਰਦੁਆਰੇ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਲੈਫਟੀਨੈਂਟ ਜਨਰਲ ਦਿਆਲ ਨੇ 1984 ਦੇ ਆਪ੍ਰੇਸ਼ਨ ਬਲਿਊ ਸਟਾਰ ਵਿਚ ਹਿੱਸਾ ਲਿਆ ਸੀ। ਇਸ ਵਿਚ ਸੈਨਾ ਨੇ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਦੇ ਬਾਹਰ ਵੱਖਰੇ ਪੰਜਾਬ ਪ੍ਰਾਂਤ ਦੀ ਮੰਗ ਕਰਨ ਵਾਲੇ ਸਿੱਖਾਂ ਦੀ ਹੱਤਿਆ ਕਰ ਦਿੱਤੀ ਸੀ। ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਸਾਹਿਬ ਦੇ ਫੈਸਲੇ ਦਾ ਸਮਰਥਨ ਕੀਤਾ ਹੈ ਤੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਗੁਰਦੁਆਰੇ ਦੇ ਪ੍ਰਬੰਧਕਾਂ ਦੀ ਤਾਰੀਫ ਕੀਤੀ ਹੈ।

ਜ਼ਿਕਰਯੋਗ ਹੈ ਕਿ ਲੈਫ. ਦਿਆਲ ਦੇਸ਼ ਦੇ ਦੂਜੇ ਸਭ ਤੋਂ ਵੱਡੇ ਬਹਾਦਰੀ ਐਵਾਰਡ ਮਹਾਵੀਰ ਚੱਕਰ ਨਾਲ ਸਨਮਾਨਤ ਹਨ। ਉਨ੍ਹਾਂ ਨੇ 1965 ਵਿਚ ਭਾਰਤ-ਪਾਕਿਸਤਾਨ ਜੰਗ ਦੌਰਾਨ ਜੰਮੂ ਵਿਚ ਹਾਜੀ ਪੀਰ ਨੂੰ ਫੜਿਆ ਸੀ। ਉਨ੍ਹਾਂ ਦੀ ਪਤਨੀ ਬਰਜਿੰਦਰ ਕੌਰ ਦਿਆਲ ਨੇ ਕਿਹਾ ਕਿ ਉਹ ਗੁਰਦੁਆਰੇ ਦੇ ਇਨਕਾਰ ਤੋਂ ਹੈਰਾਨ ਹਨ। ਆਪ੍ਰੇਸ਼ਨ ਬਲਿਊ ਸਟਾਰ ਸਮੇਂ ਉਹ ਪੱਛਮੀ ਕਮਾਨ ਦੇ ਮੁਖੀ ਸਨ ਤੇ ਉਹ ਦੱਖਣੀ ਕਮਾਨ ਦੇ ਜਨਰਲ ਆਫਿਸਰ ਕਮਾਂਡਿੰਗ ਇਨ ਚੀਫ ਦੇ ਅਹੁਦੇ ਤੋਂ ਰਿਟਾਇਰ ਹੋਏ ਸਨ।

# ਬੱਸ ਡੰਗ ਟਪਾ ਰਹੀ ਹੈ ਸ਼੍ਰੋਮਣੀ ਕਮੇਟੀ

**ਸੰਗਰੂਰ (ਬਿਊਰੋ):** ਸੱਤਾਧਾਰੀ ਪਾਰਟੀ ਦੇ ਹਿੱਤ ਜੁੜੇ ਹੋਣ ਕਰਕੇ ਬਾਹਲੇ ਮਾਮਲਿਆਂ ਵਿਚ ਸ਼੍ਰੋਮਣੀ ਕਮੇਟੀ ਬੱਸ ਡੰਗ ਟਪਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ (ਦਿੱਲੀ) ਦੇ ਮੀਤ ਪ੍ਰਧਾਨ ਪ੍ਰਸ਼ੋਤਮ ਸਿੰਘ ਫੱਗੂਵਾਲਾ ਨੇ ਦੋਸ਼ ਲਾਇਆ ਹੈ ਕਿ ਮਸਤੂਆਣਾ ਸਾਹਿਬ ਵਿਖੇ ਹਰਮਿੰਦਰ ਸਾਹਿਬ ਦੀ ਤਰਜ਼ 'ਤੇ ਉਸਾਰੇ ਗੁਰਦੁਆਰੇ ਦੀ ਇਮਾਰਤ ਨੂੰ ਤੋੜ ਕੇ ਸਰੋਵਰ ਪੂਰਨ ਤੇ ਹੋਰ ਤਬਦੀਲੀਆਂ ਕਰਨ ਬਾਰੇ ਅਕਾਲ ਤਖ਼ਤ ਵੱਲੋਂ ਜਾਰੀ ਕੀਤੇ ਹੁਕਮਨਾਮੇ ਨੂੰ ਲਾਗੂ ਕਰਨ ਬਾਰੇ ਸ਼੍ਰੋਮਣੀ ਕਮੇਟੀ ਨੇ ਅਜੇ ਤੱਕ ਕੋਈ ਕਦਮ ਨਹੀਂ ਪੁੱਟਿਆ।

ਉਨ੍ਹਾਂ ਕਿਹਾ ਕਿ ਪਿਛਲੇ ਲੰਮੇਂ ਸਮੇਂ ਤੋਂ ਦਰਬਾਰ ਸਾਹਿਬ ਦੀ ਤਰਜ਼ 'ਤੇ ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੇ ਅਸਥਾਨ ਉਪਰ ਆਰ.ਐਸ.ਐਸ. ਦੇ ਇਸ਼ਾਰੇ 'ਤੇ ਬਣ ਰਹੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨਕਲ ਵਾਲੇ ਗੁਰਦੁਆਰੇ ਦੇ ਮਾਮਲੇ 'ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਇਸ ਸਾਰੇ ਮਾਮਲੇ ਦੀ ਪੜਤਾਲ ਕਰਨ ਲਈ ਕਿਹਾ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਦੀ ਅਗਵਾਈ ਵਿਚ ਤਿੰਨ ਮੈਂਬਰੀ ਕਮੇਟੀ ਮਸਤੂਆਣਾ ਸਾਹਿਬ ਵੀ ਭੇਜੀ ਗਈ ਸੀ।

ਉਸ ਕਮੇਟੀ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਰਿਪੋਰਟ ਦਿੱਤੀ ਸੀ ਕਿ ਮਸਤੂਆਣੇ ਬਣ ਰਹੀ ਇਮਾਰਤ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਹੂਬਹੂ ਨਕਲ ਹੈ। ਇਸ ਉਪਰੰਤ ਮੌਜੂਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਖ਼ੁਦ ਜਾਇਜ਼ਾ ਲੈਣ ਲਈ ਮਸਤੂਆਣਾ ਪਹੁੰਚੇ। ਉਨ੍ਹਾਂ ਵੀ ਗਿਆਨੀ ਗੁਰਬਚਨ ਸਿੰਘ ਨੂੰ ਰਿਪੋਰਟ ਦਿੱਤੀ ਕਿ ਮਸਤੂਆਣਾ ਸਾਹਿਬ ਵਿਖੇ ਉਸਰ ਰਿਹਾ ਗੁਰਦੁਆਰਾ ਹੂਬਹੂ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨਕਲ ਹੈ।

ਇਸ ਸਾਰੀ ਕਾਰਵਾਈ 'ਤੇ ਅਮਲ ਕਰਵਾਉਣ ਲਈ 20 ਜੂਨ, 2009 ਨੂੰ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਹੋਇਆ ਕਿ ਇਸ ਇਮਾਰਤ ਨੂੰ ਤੋੜ ਕੇ ਸਰੋਵਰ ਪੂਰ ਦਿੱਤਾ ਜਾਵੇ ਤੇ ਹੋਰ ਤਬਦੀਲੀਆਂ ਕਰ ਦਿੱਤੀਆਂ ਜਾਣ ਪਰ ਤਿੰਨ ਸਾਲ ਤੋਂ ਵੀ ਵੱਧ ਸਮਾਂ ਬੀਤ ਜਾਣ 'ਤੇ ਵੀ ਹੁਕਮਨਾਮੇ ਨੂੰ ਲਾਗੂ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਕੋਈ ਕਦਮ ਨਹੀਂ ਪੁੱਟਿਆ।

## ਸੁਰਿੰਦਰ ਸਿੰਘ ਅਟਵਾਲ ਨੂੰ ਸਦਮਾ, ਪਿਤਾ ਸੁਰਗਵਾਸ

**ਟਰੇਸੀ (ਬਿਊਰੋ):** ਸਥਾਨਕ ਪਤਵੰਤੇ ਅਤੇ ਕਬੱਡੀ ਪ੍ਰੋਮੋਟਰ ਸ. ਸੁਰਿੰਦਰ ਸਿੰਘ ਅਟਵਾਲ ਨੂੰ ਉਦੋਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਸ. ਪਿਆਰਾ ਸਿੰਘ ਅਟਵਾਲ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਪਿਛਲਾ ਪਿੰਡ ਬਹਿਰਾਮ ਸੀ ਅਤੇ ਉਹ ਇਥੇ ਆਪਣੇ ਪੁੱਤਰਾਂ-ਸੁਰਿੰਦਰ ਸਿੰਘ ਅਟਵਾਲ ਅਤੇ ਰਵਿੰਦਰ ਸਿੰਘ ਅਟਵਾਲ ਪਾਸ ਰਹਿੰਦੇ ਸਨ।

ਸ. ਪਿਆਰਾ ਸਿੰਘ ਅਟਵਾਲ ਦਾ ਅੰਤਿਮ ਸਸਕਾਰ 26 ਜਨਵਰੀ ਸਨਿਚਰਵਾਰ ਨੂੰ ਇਥੇ ਫਿਊਨਰਲ ਹੋਮ (505 ਸਾਊਥ ਸੈਂਟਰਲ ਐਵਨਿਊ, ਟਰੇਸੀ) ਵਿਖੇ ਸਵੇਰੇ 11 ਤੋਂ 2 ਵਜੇ ਤੱਕ ਹੋਵੇਗਾ। ਪਰਿਵਾਰ ਨਾਲ ਸੰਪਰਕ ਫੋਨ 209-321-5476 ਰਾਹੀਂ ਕੀਤਾ ਜਾ ਸਕਦਾ ਹੈ।

## 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਰੂਪਕ ਗੁਰਦੁਆਰਾ ਫਰੀਮਾਂਟ ਵਿਖੇ 26 ਨੂੰ

**ਫਰਿਮਾਂਟ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ (ਬੇ-ਏਰੀਆ) ਬਾਲ-ਸਾਹਿਤ ਕਲਾ ਅਤੇ ਰੰਗ-ਮੰਚ ਵੱਲੋ ਸ. ਚਰਨ ਸਿੰਘ ਸਿੰਧਰਾ ਦਾ ਲਿਖਿਆ ਅਤੇ ਨਿਰਦੇਸ਼ਤ ਰੂਪਕ 'ਨਿੱਕੀਆਂ ਜਿੰਦਾਂ ਵੱਡਾ ਸਾਕਾ (ਸਾਕਾ ਸਰਹਿੰਦ)' ਗੁਰਦੁਆਰਾ ਫ਼ਰੀਮਾਂਟ ਵਿਖੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਆਉਂਦੀ 26 ਜਨਵਰੀ, ਸਨਿਚਰਵਾਰ ਨੂੰ ਸ਼ਾਮ 8 ਵਜੇ ਪੇਸ਼ ਕੀਤਾ ਜਾਵੇਗਾ।

ਇਹ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਬਾਲ ਕਲਾਕਾਰਾਂ ਵੱਲੋਂ 'ਰੋਸ਼ਨੀ ਅਤੇ ਆਵਾਜ਼' ਦੇ ਮਾਧਿਅਮ 'ਤੇ ਆਧਾਰਤ ਇਹ ਰੂਪਕ ਗੁਰਦੁਆਰਾ ਸੈਨ ਹੋਜ਼ੇ ਅਤੇ ਟਾਇਰਾ ਬਿਊਨਾ, ਯੂਬਾ ਸਿਟੀ ਵਿਖੇ ਪੇਸ਼ ਕੀਤਾ ਜਾ ਚੁਕਾ ਹੈ। ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਬੱਚਿਆਂ ਨੂੰ ਆਪਣੇ ਸਾਹਿਤ, ਧਰਮ, ਸਭਿਆਚਾਰ ਅਤੇ ਪਿਛੋਕੜ ਨਾਲ ਜੋੜਨ ਦਾ ਇਹ ਇੱਕ ਸਸ਼ਕਤ ਯਤਨ ਹੈ। ਹੋਰ ਜਾਣਕਾਰੀ ਲਈ ਸ. ਢੀਂਡਸਾ ਨਾਲ ਫੋਨ 510-676-4440 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
Homeopathic natural medicines supply

Gurdip Singh Sandhu
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



# ਸਿੱਖ ਕਤਲੇਆਮ: ਸੀ.ਬੀ.ਆਈ. ਜਾਂਚ ਨਹੀਂ!

**ਨਵੀਂ ਦਿੱਲੀ:** ਸੱਜਣ ਕੁਮਾਰ ਖ਼ਿਲਾਫ਼ 1984 ਸਿੱਖ ਕਤਲੇਆਮ ਬਾਰੇ ਤਿਆਰ ਕੀਤੀ ਗਈ ਚਾਰਜਸ਼ੀਟ ਨਾਲ ਛੇੜਛਾੜ ਕਰਨ ਦੇ ਮਾਮਲੇ ਵਿਚ ਪੁਲਿਸ ਅਧਿਕਾਰੀਆਂ ਖ਼ਿਲਾਫ਼ ਸੀਬੀਆਈ ਜਾਂਚ ਕਰਾਉਣ ਦੀ ਮੰਗ ਲਈ ਦਾਇਰ ਕੀਤੀ ਅਰਜ਼ੀ ਨੂੰ ਦਿੱਲੀ ਹਾਈ ਕੋਰਟ ਨੇ ਖਾਰਜ ਕਰ ਦਿੱਤਾ। ਇਸ ਬਾਰੇ ਹਾਈ ਕੋਰਟ ਨੇ ਕਿਹਾ ਹੈ ਕਿ ਇਸ ਮਾਮਲੇ ਨੂੰ ਪਹਿਲਾਂ ਪੁਲਿਸ ਕਮਿਸ਼ਨਰ ਦੇਖਣਗੇ ਜੇ ਪੁਲਿਸ ਵੱਲੋਂ ਸੁਣਵਾਈ ਨਹੀਂ ਕੀਤੀ ਜਾਂਦੀ ਤਾਂ ਅਦਾਲਤੀ ਕਾਰਵਾਈ ਹੋਵੇਗੀ। ਅਰਜ਼ੀਕਰਤਾ ਉਪਦੇਸ਼ ਕੌਰ ਦੇ ਵਕੀਲ ਐਚਐਸ ਫੂਲਕਾ ਵੱਲੋਂ ਅਦਾਲਤ ਵਿਚ ਦਾਇਰ ਅਰਜ਼ੀ ਵਿਚ ਕਿਹਾ ਗਿਆ ਸੀ ਕਿ 1984 ਸਿੱਖ ਕਤਲੇਆਮ ਦੌਰਾਨ ਮਾਰੇ ਗਏ ਪੰਜ ਸਿੱਖਾਂ ਦੀ ਹੱਤਿਆ ਬਾਰੇ ਸੱਜਣ ਕੁਮਾਰ ਖ਼ਿਲਾਫ਼ ਜਿਹੜੀ ਐਫ.ਆਈ.ਆਰ. ਨੰਬਰ 67/87 ਦਰਜ ਕਰਵਾਈ ਗਈ ਸੀ, ਨਾਲ ਇਸ ਮਾਮਲੇ ਦੀ ਜਾਂਚ ਕਰ ਰਹੇ ਪੁਲਿਸ ਅਧਿਕਾਰੀਆਂ ਹੇਰਫੇਰ ਕੀਤਾ ਸੀ। ਉਨ੍ਹਾਂ ਕਿਹਾ ਕਿ ਭਾਵੇਂ ਇਹ ਚਾਰਜਸ਼ੀਟ ਪੁਲਿਸ ਵੱਲੋਂ ਤਿਆਰ ਕੀਤੀ ਗਈ ਸੀ ਪਰ 18 ਸਾਲਾਂ ਤੱਕ ਇਸ ਨੂੰ ਕਿਸੇ ਵੀ ਅਦਾਲਤ 'ਚ ਦਾਇਰ ਨਹੀਂ ਕਰਵਾਇਆ ਗਿਆ। ਇਹ ਐਫਆਈਆਰ 1987 ਵਿਚ ਨਾਂਗਲੋਈ ਪੁਲਿਸ ਸਟੇਸ਼ਨ 'ਚ ਸੱਜਣ ਕੁਮਾਰ ਖ਼ਿਲਾਫ਼ ਦਾਖਲ ਕਰਵਾਈ ਗਈ ਸੀ। ਇਸ ਦੀ ਚਾਰਜਸ਼ੀਟ 1991 'ਚ ਤਿਆਰ ਹੋਈ ਸੀ ਜਿਸ ਨਾਲ ਇਕ ਹੋਰ ਚਾਰਜਸ਼ੀਟ ਨੱਥੀ ਕੀਤੀ ਗਈ ਸੀ ਜੋ ਹੁਣ ਤੱਕ ਨਹੀਂ ਲੱਭੀ। ਅਰਜ਼ੀਕਰਤਾ ਨੇ ਮੰਗ ਕੀਤੀ ਸੀ ਕਿ ਉਨ੍ਹਾਂ ਸੀਨੀਅਰ ਪੁਲਿਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਜਿਨ੍ਹਾਂ ਨੇ ਇੰਨੇ ਸਮੇਂ ਤੱਕ ਚਾਰਜਸ਼ੀਟ ਨੂੰ ਛੁਪਾ ਕੇ ਰੱਖਿਆ। ਇਸ ਲਈ ਉਨ੍ਹਾਂ ਨੇ ਇਸ ਮਾਮਲੇ 'ਚ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ।



ਜ਼ਿਕਰਯੋਗ ਹੈ ਕਿ ਉਪਦੇਸ਼ ਕੌਰ ਨੇ ਸੱਜਣ ਕੁਮਾਰ ਖ਼ਿਲਾਫ਼ ਪੰਜ ਸਿੱਖਾਂ ਤਰਲੋਕ ਸਿੰਘ, ਫਤਿਹ ਚੰਦ, ਮਹਿੰਦਰ ਸਿੰਘ ਤੇ ਉਨ੍ਹਾਂ ਦੇ ਦੋਵੇ ਪੁੱਤਰ ਕੁਲਦੀਪ ਸਿੰਘ ਤੇ ਉੱਤਮ ਸਿੰਘ ਦੀ ਹੱਤਿਆ ਕਰਨ ਦੇ ਦੋਸ਼ 'ਚ ਦਿੱਲੀ ਪੁਲਿਸ ਕੋਲ ਐਫਆਈਆਰ ਦਰਜ ਕਰਵਾਈ ਸੀ ਪਰ ਇਸ ਕੇਸ ਨੂੰ ਇਕ ਹੋਰ ਐਫਆਈਆਰ ਨੰਬਰ 418/19 ਨਾਲ ਜੋੜ ਦਿੱਤਾ ਗਿਆ, ਜਿਸ 'ਚ ਸ਼ਿਕਾਇਤਕਰਤਾ ਦਵਿੰਦਰ ਕੌਰ ਨੇ ਪੰਜ ਹੋਰ ਸਿੱਖਾਂ ਦੀ ਹੱਤਿਆ ਦੇ ਮਾਮਲੇ 'ਚ ਕੇਸ ਦਰਜ ਕਰਵਾਇਆ ਸੀ। ਫੂਲਕਾ ਨੇ ਕਿਹਾ ਕਿ ਇਸ ਤਰ੍ਹਾਂ ਇਹ ਦੋਵੇਂ ਮਾਮਲੇ ਵੱਖ-ਵੱਖ ਹਨ ਪਰ ਉਪਦੇਸ਼ ਕੌਰ ਵਲੋਂ ਦਰਜ ਕਰਵਾਈ ਗਈ ਸ਼ਿਕਾਇਤ 'ਤੇ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ।

## ਆਜ਼ਾਦੀ ਘੁਲਾਟੀਆਂ ਬਾਰੇ ਬਣੀ ਕਮੇਟੀ 'ਤੇ ਸਵਾਲ

**ਚੰਡੀਗੜ੍ਹ:** ਇਤਿਹਾਸਕਾਰਾਂ ਨੇ ਪੰਜਾਬ ਸਰਕਾਰ ਵੱਲੋਂ ਆਜ਼ਾਦੀ ਸੰਗਰਾਮ ਦਾ ਅਹਿਮ ਹਿੱਸਾ ਰਹੀਆਂ ਲਹਿਰਾਂ ਕਾਮਾਗਾਟਾ ਮਾਰੂ ਘਟਨਾ, ਜਲ੍ਹਿਆਂ ਵਾਲਾ ਬਾਗ ਸਾਕਾ, ਕੂਕਾ ਲਹਿਰ ਤੇ ਹੋਰਾਂ ਵਿਚ ਸ਼ਾਮਲ ਆਜ਼ਾਦੀ ਘੁਲਾਟੀਆਂ ਦੀ ਸ਼ਨਾਖ਼ਤ ਲਈ ਕਮੇਟੀਆਂ ਬਣਾਉਣ ਦੇ ਕਦਮ 'ਤੇ ਸਵਾਲ ਖੜ੍ਹੇ ਕੀਤੇ ਹਨ। ਇਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਸਾਲ 2010 ਵਿਚ ਤਤਕਾਲੀ ਮੰਤਰੀ ਹੀਰਾ ਸਿੰਘ ਗਾਬੜੀਆ ਦੀ ਅਗਵਾਈ ਹੇਠ ਕਾਮਾਗਾਟਾ ਮਾਰੂ ਜਹਾਜ਼ ਦੇ ਸ਼ਹੀਦਾਂ ਤੇ ਕੁਰਬਾਨੀਆਂ ਦੇਣ ਵਾਲੇ ਸੂਰਬੀਰਾਂ ਦੀਆਂ ਯਾਦਗਾਰਾਂ ਕਾਇਮ ਕਰਨ, ਉਨ੍ਹਾਂ ਦੇ ਵਾਰਸਾਂ ਨੂੰ ਮਾਣ-ਸਨਮਾਨ ਦੇਣ ਤੇ ਇਸ ਬਾਰੇ ਸਹੀ ਤੱਥ ਜਨਤਕ ਕਰਨ ਦੇ ਮਨੋਰਥ ਨਾਲ 'ਕਾਮਾਗਾਟਾਮਾਰੂ ਯਾਦਗਾਰੀ ਕਮੇਟੀ' ਬਣਾਈ ਗਈ ਸੀ।

ਇਸ ਕਮੇਟੀ ਵੱਲੋਂ 28 ਜੁਲਾਈ, 2010 ਵਾਲੀ ਮੀਟਿੰਗ ਵਿਚ ਕਾਮਾਗਾਟਾ ਮਾਰੂ ਘਟਨਾ ਦੇ ਸਹੀ ਤੱਥ ਉਜਾਗਰ ਕਰਨ ਦੇ ਮਨੋਰਥ ਨਾਲ ਸੱਤ ਮੈਂਬਰੀ ਸਬ ਕਮੇਟੀ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਹੇਠ ਬਣਾਈ ਗਈ ਸੀ ਜਿਸ ਵਿਚ ਡਾ. ਗੁਰਦੇਵ ਸਿੰਘ ਸਿੱਧੂ ਵੀ ਸ਼ਾਮਲ ਸਨ। ਕਾਮਾਗਾਟਾ ਮਾਰੂ ਯਾਦਗਾਰੀ ਕਮੇਟੀ ਦੀ ਤੀਜੀ ਮੀਟਿੰਗ 4 ਅਕਤੂਬਰ, 2010 ਨੂੰ ਲੁਧਿਆਣਾ ਵਿਚ ਹੋਈ ਸੀ ਜਿਸ ਉਪਰੰਤ ਸਰਕਾਰ ਨੇ ਇਸ ਯਾਦਗਾਰੀ ਕਮੇਟੀ ਨੂੰ ਇਕ ਤਰ੍ਹਾਂ ਨਾਲ ਖ਼ਤਮ ਹੀ ਕਰ ਦਿੱਤਾ ਸੀ।

ਜਦਕਿ ਉਸ ਵੇਲੇ ਤੱਕ ਮੁਸਾਫ਼ਰਾਂ ਤੇ ਉਨ੍ਹਾਂ ਦੇ ਵਾਰਸਾਂ ਦੀ ਸ਼ਨਾਖ਼ਤ ਦਾ ਕੰਮ ਸਬ ਕਮੇਟੀ ਵੱਲੋਂ ਨੇਪਰੇ ਚਾੜ੍ਹਿਆ ਜਾ ਚੁੱਕਿਆ ਸੀ ਤੇ ਇਹ ਸਾਰਾ ਰਿਕਾਰਡ ਉੱਘੇ ਖੋਜੀ ਡਾ. ਗੁਰਦੇਵ ਸਿੰਘ ਸਿੱਧੂ ਕੋਲ ਮੌਜੂਦ ਹੈ। ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਜੋ ਕਾਰਜ ਕੈਬਨਿਟ ਮੰਤਰੀ ਦੀ ਦੇਖ-ਰੇਖ ਹੇਠ ਬਣਾਈ ਗਈ ਕਮੇਟੀ ਵੱਲੋਂ ਵਿੱਢਿਆ ਗਿਆ ਸੀ ਤੇ ਸਿਰਫ਼ ਅੰਤਮ ਛੋਹਾਂ ਦਿੱਤੀਆਂ ਜਾਣੀਆਂ ਬਾਕੀ ਸਨ, ਉਹ ਹੀ ਕਾਰਜ ਹੁਣ ਸਰਕਾਰ ਨੇ ਇਕ ਹੋਰ ਕਮੇਟੀ ਨੂੰ ਸੌਂਪ ਦਿੱਤਾ ਗਿਆ ਜਿਸ ਦੇ ਕਾਰਜਕਰਤਾ ਨਿਰੋਲ ਸਰਕਾਰੀ ਅਧਿਕਾਰੀ ਹੀ ਹਨ।

## ਸ਼੍ਰੋਮਣੀ ਕਮੇਟੀ ਸਿੱਖ ਇਤਿਹਾਸ ਮੁੜ ਲਿਖਵਾਏਗੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜ ਮੈਂਬਰੀ ਵਿਦਵਾਨਾਂ 'ਤੇ ਆਧਾਰਤ ਸਬ ਕਮੇਟੀ ਦਾ ਗਠਨ ਕੀਤਾ ਜੋ ਸਿੱਖ ਇਤਿਹਾਸ ਦੀ ਦੁਬਾਰਾ ਘੋਖ ਪੜਤਾਲ ਕਰਵਾ ਕੇ ਲਿਖਵਾਏਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਸ ਕਮੇਟੀ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋ ਵਾਈਸ ਚਾਂਸਲਰ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, ਡਾ. ਕਿਰਪਾਲ ਸਿੰਘ ਚੰਡੀਗੜ੍ਹ, ਇਤਿਹਾਸਕਾਰ ਡਾ. ਜੇ.ਐਸ ਗਰੇਵਾਲ ਤੇ ਡਾ. ਇੰਦੂ ਬੰਗਾ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਕੱਤਰ ਰੂਪ ਸਿੰਘ ਇਸ ਕਮੇਟੀ ਦੇ ਕੋਆਰਡੀਨੇਟਰ ਹੋਣਗੇ।

ਜਥੇਦਾਰ ਅਵਤਾਰ ਸਿੰਘ ਮੁਤਾਬਕ ਸੰਗਤਾਂ, ਸਭਾ ਸੁਸਾਇਟੀਆਂ ਵੱਲੋਂ ਸਿੱਖ ਇਤਿਹਾਸ ਨੂੰ ਘੋਖ ਕੇ ਮੁੜ ਲਿਖਣ ਦੀ ਮੰਗ ਕੀਤੀ ਜਾ ਰਹੀ ਸੀ। ਪ੍ਰਾਪਤ ਵੇਰਵਿਆਂ ਮੁਤਾਬਕ ਸੋਧੇ ਹੋਏ ਸਿੱਖ ਇਤਿਹਾਸ ਨੂੰ ਦਸ ਭਾਗਾਂ ਵਿਚ ਵੰਡਿਆ ਜਾਵੇਗਾ। ਪਹਿਲੇ ਦੋ ਭਾਗ ਗੁਰੂ ਸਾਹਿਬਾਨ ਦੇ ਸਮੇਂ ਨਾਲ ਸਬੰਧਤ ਹੋਣਗੇ ਜਦਕਿ ਬਾਕੀ ਦੇ ਅੱਠ ਭਾਗਾਂ ਵਿਚ ਅੰਗਰੇਜ਼ ਹਕੂਮਤ ਦੇ ਸਮੇਂ ਵਿਚ ਸਿੱਖਾਂ ਦੀ ਸਥਿਤੀ, ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਤੇ ਸਿੱਖ ਮਿਸਲਾਂ ਆਦਿ, ਬਾਬਾ ਆਲ੍ਹਾ ਸਿੰਘ, ਦੇਸ਼ ਵੰਡ ਤੋਂ ਪਹਿਲਾਂ ਦਾ ਸਿੱਖ ਇਤਿਹਾਸ ਤੇ ਦੇਸ਼ ਵੰਡ ਤੋਂ ਬਾਅਦ ਦਾ ਸਿੱਖ ਸੰਘਰਸ਼ ਸ਼ਾਮਲ ਹੋਵੇਗਾ।

## ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਿਆ ਵਿਰਾਸਤ-ਏ-ਖਾਲਸਾ

**ਆਨੰਦਪੁਰ ਸਾਹਿਬ:** ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖਾਲਸਾ ਸੰਗਤਾਂ ਲਈ ਖੋਲ੍ਹਣ ਤੋਂ ਬਾਅਦ ਆਨੰਦਪੁਰ ਸਾਹਿਬ ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਸੈਲਾਨੀਆਂ ਦੀ ਆਮਦ ਹੋਣ ਲੱਗੀ ਹੈ। ਇਹ ਕਾਰਨ ਹੈ ਕਿ ਸੈਲਾਨੀਆਂ ਦੀ ਵੱਡੀ ਗਿਣਤੀ ਵਿਚ ਆਮਦ ਦੇ ਨਾਲ ਜਿਥੇ ਆਨੰਦਪੁਰ ਸਾਹਿਬ ਇਕ ਵੱਡੇ ਸੈਰ ਸਪਾਟਾ ਕੇਂਦਰ ਵਜੋਂ ਉੱਭਰ ਰਿਹਾ ਹੈ, ਉਥੇ ਹੀ ਇਥੋਂ ਦੇ ਧਾਰਮਿਕ ਸਥਾਨਾਂ ਦੀ ਆਮਦਨ ਵੀ ਵਧੀ ਹੈ।

### ਕੇਸਗੜ੍ਹ ਸਾਹਿਬ ਤੇ ਮਾਤਾ ਨੈਣਾ ਦੇਵੀ ਦੀ ਆਮਦਨ ਵਿਚ ਚੋਖਾ ਵਾਧਾ



ਚਾਲੂ ਵਿੱਤੀ ਵਰ੍ਹੇ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਉੱਤਰ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਨੈਣਾ ਦੇਵੀ ਦੀ ਆਮਦਨ ਵਿਚ ਚੋਖਾ ਵਾਧਾ ਦਰਜ ਕੀਤਾ ਗਿਆ ਹੈ। ਪ੍ਰਾਪਤ ਅੰਕੜਿਆਂ ਮੁਤਾਬਕ ਜਿਥੇ ਤਖਤ ਸਾਹਿਬ ਦੀ ਆਮਦਨ ਵਿਚ ਪਿਛਲੇ ਸਾਲ ਨਾਲੋਂ 7.95 ਕਰੋੜ ਰੁਪਏ ਦਾ ਵਾਧਾ ਹੋਇਆ ਹੈ, ਉਥੇ ਨੈਣਾ ਦੇਵੀ ਦੀ ਆਮਦਨ ਵੀ ਚਾਰ ਕਰੋੜ ਰੁਪਏ ਵਧੀ ਹੈ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਗਤਾਂ ਵੱਲੋਂ ਗੋਲਕਾਂ ਵਿਚ ਜੋ ਚੜ੍ਹਾਵਾ ਪਿਛਲੇ ਵਰ੍ਹੇ 18.50 ਕਰੋੜ ਰੁਪਏ ਚੜ੍ਹਾਇਆ ਗਿਆ ਸੀ, ਉਹ ਇਸ ਸਾਲ ਚਾਰ ਕਰੋੜ ਦੇ ਵਾਧੇ ਨਾਲ 22.50 ਕਰੋੜ ਹੋ ਗਿਆ। ਇਸੇ ਤਰ੍ਹਾਂ ਕੜਾਹ ਪ੍ਰਸ਼ਾਦ ਦੀ ਆਮਦਨ ਵਿਚ ਵੀ 1.50 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਗਿਆ। ਜਦਕਿ ਅਖੰਡ ਪਾਠ ਦੀ ਆਮਦਨ ਵਿਚ ਪਿਛਲੇ ਸਾਲ ਦੀ ਤੁਲਨਾ ਵਿਚ 25 ਲੱਖ ਰੁਪਏ ਦਾ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਚੜ੍ਹਾਵਾ ਜੋ ਪਿਛਲੇ ਸਾਲ 65 ਲੱਖ ਸੀ, ਉਹ ਹੁਣ 35 ਲੱਖ ਦੇ ਵਾਧੇ ਨਾਲ ਇਕ ਕਰੋੜ 'ਤੇ ਪਹੁੰਚ ਗਿਆ ਹੈ। ਇਸੇ ਤਰ੍ਹਾਂ ਤਖਤ ਸਾਹਿਬ ਦੀ ਜਗ੍ਹਾ ਦੀ ਸਾਲਾਨਾ ਬੋਲੀ ਤੋਂ ਹੋਣ ਵਾਲੀ ਆਮਦਨ ਪਿਛਲੇ ਸਾਲ ਮਹਿਜ਼ 1.65 ਕਰੋੜ ਰੁਪਏ ਸੀ ਪਰ ਇਸ ਸਾਲ ਇਹ ਵਧ ਕੇ 3.50 ਕਰੋੜ ਹੋ ਗਈ ਹੈ।

ਉਧਰ, ਉੱਤਰ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਨੈਣਾ ਦੇਵੀ ਜੀ ਵਿਖੇ ਵੀ ਆਮਦਨ ਵਿਚ ਚਾਰ ਕਰੋੜ ਦਾ ਵਾਧਾ ਹੋਇਆ ਹੈ। ਸਾਲ 2012 ਵਿਚ ਮਾਤਾ ਦੇ ਮੰਦਰ ਵਿਚ 18 ਕਰੋੜ, 29 ਲੱਖ, 64 ਹਜ਼ਾਰ ਰੁਪਏ ਦਾ ਚੜ੍ਹਾਵਾ ਚੜ੍ਹਿਆ ਹੈ ਜੋ ਪਿਛਲੇ ਸਾਲ ਨਾਲੋਂ ਚਾਰ ਕਰੋੜ ਰੁਪਏ ਵੱਧ ਹੈ। ਉਕਤ ਸਾਰੇ ਅੰਕੜੇ ਅਧਿਕਾਰਤ ਤੌਰ 'ਤੇ ਪ੍ਰਾਪਤ ਕੀਤੇ ਗਏ ਹਨ ਜਦਕਿ ਇਨ੍ਹਾਂ ਤੋਂ ਇਲਾਵਾ ਸਮੁੱਚੇ ਇਲਾਕੇ ਦੇ ਵਪਾਰ ਵਿਚ ਵੀ ਵਾਧਾ ਦਰਜ ਕੀਤਾ ਗਿਆ ਹੈ।

## ਤਖ਼ਤ ਕੇਸਗੜ੍ਹ ਸਾਹਿਬ ਵਿਖੇ ਬੈਟਰੀ ਵਾਲੀਆਂ ਚੱਲਣਗੀਆਂ ਕਾਰਾਂ

**ਆਨੰਦਪੁਰ ਸਾਹਿਬ:** ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਤਰਜ਼ 'ਤੇ ਹੁਣ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵੀ ਸ਼ਰਧਾਲੂਆਂ ਦੀ ਸਹੂਲਤ ਲਈ ਬੈਟਰੀ ਵਾਲੀਆਂ ਕਾਰਾਂ ਚਲਾਈਆਂ ਜਾਣਗੀਆਂ ਕਿਉਂਕਿ ਸ਼੍ਰੋਮਣੀ ਕਮੇਟੀ ਵੱਲੋਂ ਹੁੱਲੜਬਾਜ਼ਾਂ ਤੋਂ ਤੰਗ ਆ ਕੇ ਜਦੋਂ ਤੋਂ 300 ਸਾਲ ਤੋਂ ਚੱਲਿਆ ਆ ਰਿਹਾ ਰਸਤਾ ਸੰਗਤ ਲਈ ਬੰਦ ਕੀਤਾ ਗਿਆ ਹੈ, ਉਦੋਂ ਤੋਂ ਤਖਤ ਸਾਹਿਬ ਦੀ ਚੜ੍ਹਾਈ ਚੜ੍ਹਨ ਵਿਚ ਸ਼ਰਧਾਲੂਆਂ ਨੂੰ ਅਕਸਰ ਮੁਸ਼ਕਲ ਆਉਂਦੀ ਸੀ। ਜ਼ਿਕਰਯੋਗ ਹੈ ਕਿ ਕੁਝ ਹਫਤੇ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਕੁਝ ਲੋਕਾਂ ਦੀ ਮੰਗ 'ਤੇ ਅਤੇ ਕੁਝ ਕੁ ਹੁੱਲੜਬਾਜ਼ਾਂ ਤੋਂ ਤੰਗ ਆ ਕੇ ਉਹ ਰਸਤਾ ਵਾਹਨਾਂ 'ਤੇ ਸਵਾਰ ਹੋ ਕੇ ਜਾਣ ਵਾਲੇ ਸ਼ਰਧਾਲੂਆਂ ਲਈ ਬੰਦ ਕਰ ਦਿੱਤਾ ਸੀ ਜੋ ਤਿੰਨ ਸਦੀਆਂ ਤੋਂ ਵੀ ਜ਼ਿਆਦਾ ਚਲਦਾ ਆ ਰਿਹਾ ਸੀ। ਪ੍ਰਬੰਧਕਾਂ ਵੱਲੋਂ ਇਹ ਤਰਕ ਦਿੱਤਾ ਗਿਆ ਸੀ ਕਿ ਰਸਤਾ ਇਸ ਕਰਕੇ ਬੰਦ ਕੀਤਾ ਗਿਆ ਹੈ ਕਿਉਂਕਿ ਮੋਟਰਸਾਈਕਲਾਂ 'ਤੇ ਸਵਾਰ ਨੌਜਵਾਨ ਜਿੱਥੇ ਤੇਜ਼ ਰਫਤਾਰ ਨਾਲ ਗੁਜ਼ਰਦੇ ਸਨ, ਉੱਥੇ ਕਾਰ ਵਾਲੇ ਵੀ ਫਿਲਮੀ ਗੀਤਾਂ ਤੇ ਉੱਚੀ ਆਵਾਜ਼ ਵਿਚ ਗਾਣੇ ਚਲਾ ਕੇ ਤਖਤ ਸਾਹਿਬ ਦੇ ਅੱਗੇ ਤੋਂ ਲੰਘਦੇ ਸਨ ਪਰ ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਦੇ ਨਾਲ ਸਹੀ ਅਰਥਾਂ ਵਿਚ ਮੱਥਾ ਟੇਕਣ ਲਈ ਜਾਣ ਵਾਲੇ ਸ਼ਰਧਾਲੂਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

## ਕੁੰਭ ਮੇਲੇ ਵਿਚ ਸ਼੍ਰੋਮਣੀ ਕਮੇਟੀ ਦੀ ਸ਼ਮੂਲੀਅਤ ਤੋਂ ਜਥੇਦਾਰ ਬੇਖ਼ਬਰ!

**ਜਲੰਧਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਤੇ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਅਖਵਾਉਂਦੀ ਸ਼੍ਰੋਮਣੀ ਕਮੇਟੀ ਵਿਚ ਆਪਸੀ ਤਾਲਮੇਲ ਦੀ ਘਾਟ ਨਜ਼ਰ ਆ ਰਹੀ ਹੈ। ਸ਼੍ਰੋਮਣੀ ਕਮੇਟੀ ਜਿਥੇ ਸਾਰਾ ਜ਼ੋਰ ਲਾ ਕੇ ਕੁੰਭ ਮੇਲੇ ਵਿਚ ਸ਼ਾਮਲ ਹੋਣ ਜਾ ਰਹੀ ਹੈ, ਉਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਇਸ ਤੋਂ ਅਨਜਾਣ ਦੱਸੇ ਜਾ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁੰਭ ਮੇਲੇ ਵਿਚ ਸ਼ਮੂਲੀਅਤ ਕਰਨ ਦੇ ਕੀਤੇ ਗਏ ਫੈਸਲੇ ਦਾ ਕਈ ਪੰਥਕ ਧਿਰਾਂ ਤਿੱਖਾ ਵਿਰੋਧ ਕਰ ਰਹੀਆਂ ਹਨ ਤੇ ਇਹ ਮਾਮਲਾ ਏਨਾ ਜ਼ਿਆਦਾ ਗਰਮਾਇਆ ਹੋਇਆ ਹੈ ਕਿ ਦਿੱਲੀ ਵਿਚ ਹੋ ਰਹੀਆਂ ਗੁਰਦੁਆਰਾ ਕਮੇਟੀ ਦੀਆਂ ਚੋਣਾਂ 'ਚ ਮੁੱਖ ਮੁੱਦਾ ਵੀ ਬਣਿਆ ਹੋਇਆ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਇਸ ਤੋਂ ਪੂਰੀ ਤਰ੍ਹਾਂ ਨਾਲ ਅਨਜਾਣ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਖ਼ੁਦ ਇਸ ਗੱਲ ਦੀ ਪੁਸ਼ਟੀ ਕਈ ਵਾਰ ਕਰ ਚੁੱਕੇ ਹਨ ਕਿ ਕੁੰਭ ਦੇ ਮੇਲੇ 'ਚ ਸ਼੍ਰੋਮਣੀ ਕਮੇਟੀ ਧਾਰਮਿਕ ਸਾਹਿਤ ਦੀ ਪ੍ਰਦਰਸ਼ਨੀ ਦੇ ਨਾਲ-ਨਾਲ ਉਥੇ ਲੰਗਰ ਵੀ ਲਾਵੇਗੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਕਮੇਟੀ ਵੱਲੋਂ ਲਾਈ ਜਾਣ ਵਾਲੀ ਪ੍ਰਦਰਸ਼ਨੀ ਲਈ ਥਾਂ ਦੇਖਣ ਲਈ ਅਲਾਹਾਬਾਦ ਵੀ ਗਏ ਸਨ। ਉਧਰ, ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਪੱਸ਼ਟ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ। ਸ਼੍ਰੋਮਣੀ ਕਮੇਟੀ ਦੀ ਇਸ ਕਾਰਵਾਈ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਜਾਣਕਾਰੀਆਂ ਤੋਂ ਕੋਰੇ ਰੱਖਣ ਦਾ ਮਾਮਲਾ ਵੀ ਸਾਹਮਣੇ ਆਇਆ ਹੈ।

ਕਈ ਪੰਥਕ ਧਿਰਾਂ ਸ਼੍ਰੋਮਣੀ ਕਮੇਟੀ ਵੱਲੋਂ ਕੁੰਭ ਵਿਚ ਸ਼ਮੂਲੀਅਤ ਕਰਨ ਨੂੰ ਸਿੱਖ ਵਿਰੋਧੀ ਕਾਰਵਾਈ ਮੰਨ ਰਹੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮਾਮਲੇ ਤੋਂ ਪੂਰੀ ਤਰ੍ਹਾਂ ਨਾਲ ਅਨਜਾਣਤਾ ਪ੍ਰਗਟਾਉਂਦਿਆਂ ਇਸ ਬਾਰੇ ਕੋਈ ਜਾਣਕਾਰੀ ਨਾ ਹੋਣ ਦੀ ਗੱਲ ਆਖੀ ਹੈ। ਸਿੱਖ ਸਟੂਡੈਂਟ ਫੈਡਰੇਸ਼ਨ ਦੇ ਇਕ ਧੜੇ ਨੇ ਸਿੰਘ ਸਾਹਿਬ ਕੋਲ ਇਸ ਬਾਰੇ ਸ਼ਿਕਾਇਤ ਵੀ ਭੇਜੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਕੁੰਭ ਮੇਲੇ 'ਚ ਸ਼ਾਮਲ ਹੋਣ ਤੋਂ ਰੋਕਣ ਬਾਰੇ ਆਦੇਸ਼ ਜਾਰੀ ਕਰਨ।

## ਗੱਦੀ ਦੇ ਵਾਰਸ ਉਦੈ ਸਿੰਘ ਸਿੰਘ ਹੀ ਰਹਿਣਗੇ

**ਮਾਛੀਵਾੜਾ:** ਮਾਤਾ ਚੰਦ ਕੌਰ ਨੇ ਸਤਿਗੁਰੂ ਜਗਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਦੇ ਅਗਲੇ ਮੁਖੀ ਲਈ ਪੈਦਾ ਹੋਏ ਵਿਵਾਦ ਨੂੰ ਬੇਬੁਨਿਆਦ ਦੱਸਿਆ ਹੈ। ਇਸ ਬਾਰੇ ਉਨ੍ਹਾਂ ਕਿਹਾ ਕਿ ਸਤਿਗੁਰੂ ਜਗਜੀਤ ਸਿੰਘ ਦੇ ਹੁਕਮ ਮੁਤਾਬਕ ਹੀ ਉਨ੍ਹਾਂ ਨੇ ਸਤਿਗੁਰੂ ਉਦੈ ਸਿੰਘ ਨੂੰ ਨਾਮਧਾਰੀ ਸੰਪਰਦਾ ਦਾ ਮੁਖੀ ਥਾਪਿਆ ਸੀ। ਇਸ ਨੂੰ ਭੋਗ ਵਾਲੇ ਦਿਨ ਸਮੂਹ ਨਾਮਧਾਰੀ ਸੰਗਤ ਨੇ ਪ੍ਰਵਾਨ ਵੀ ਕਰ ਲਿਆ ਸੀ।

ਸਤਿਗੁਰੂ ਜਗਜੀਤ ਸਿੰਘ ਨੇ ਆਪਣੇ ਹੁੰਦਿਆਂ ਹੀ ਨਾਮਧਾਰੀ ਪੰਥ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਸ. ਉਦੈ ਸਿੰਘ ਨੂੰ ਸੰਭਾਲ ਦਿੱਤੀਆਂ ਸਨ। ਉਨ੍ਹਾਂ ਕਿਹਾ ਕਿ 23 ਦਸੰਬਰ ਨੂੰ ਸਤਿਗੁਰੂ ਜੀ ਦੇ ਸ਼ਰਧਾਂਜਲੀ ਸਮਾਗਮ ਵਿਚ ਨਾਮਧਾਰੀ ਸੰਗਤ, ਸੰਤ ਸਮਾਜ, ਸਮਾਜਿਕ, ਰਾਜਨੀਤਕ ਆਗੂਆਂ ਦੀ ਮੌਜੂਦਗੀ ਵਿਚ ਨਾਮਧਾਰੀ ਸੰਪਰਦਾ ਦੀਆਂ ਪ੍ਰੰਪਰਾਵਾਂ ਮੁਤਾਬਕ ਦਸਤਾਰ ਬੰਦੀ ਦੀ ਰਸਮ ਨਿਭਾਈ ਗਈ ਤੇ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਸ. ਉਦੈ ਸਿੰਘ ਨੇ ਗੁਰਗੱਦੀ ਸੰਭਾਲੀ ਸੀ। ਹੁਣ



ਸਤਿਗੁਰੂ ਜੀ ਦੇ ਬ੍ਰਹਮਲੀਨ ਹੋਣ ਤੋਂ ਬਾਅਦ ਸਾਰਾ ਕਾਰ ਵਿਹਾਰ ਸਤਿਗੁਰੂ ਉਦੈ ਸਿੰਘ ਦੀ ਰਹਿਨੁਮਾਈ ਵਿਚ ਹੋ ਰਿਹਾ ਹੈ।

ਮਾਤਾ ਜੀ ਨੇ ਕਿਹਾ ਕਿ ਠਾਕੁਰ ਦਲੀਪ ਸਿੰਘ ਜੀ ਤੇ ਕੁਝ ਨਾਮਧਾਰੀ ਸੰਗਤ ਆਪਣੇ ਨਿੱਜੀ ਹਿੱਤਾਂ ਲਈ ਸਤਿਗੁਰੂ ਉਦੈ ਸਿੰਘ ਨੂੰ ਮੁਖੀ ਮੰਨਣ ਦੀ ਬਜਾਏ ਉਨ੍ਹਾਂ ਨੂੰ ਨਾਮਧਾਰੀ ਸਤਿਗੁਰੂ ਕਹਿ ਕੇ ਤੇ ਉਨ੍ਹਾਂ ਦੀਆਂ ਫ਼ੋਟੋਆਂ ਲਾ ਕੇ ਸਤਿਗੁਰੂ ਜਗਜੀਤ ਸਿੰਘ ਦੇ ਹੁਕਮ ਦੀ ਉਲੰਘਣਾ ਕਰ ਰਹੇ ਹਨ। ਮਾਤਾ ਜੀ ਨੇ ਠਾਕੁਰ ਦਲੀਪ ਸਿੰਘ ਨੂੰ ਕਿਹਾ ਕਿ ਉਹ ਗੈਰ ਜ਼ਿੰਮੇਵਾਰਾਨਾ ਬਿਆਨਬਾਜ਼ੀ ਤੋਂ ਗੁਰੇਜ਼ ਕਰਨ ਤੇ ਸਤਿਗੁਰੂ ਉਦੈ ਸਿੰਘ ਨੂੰ ਨਾਮਧਾਰੀ ਸੰਪਰਦਾ ਦਾ ਮੁਖੀ ਖਿੜੇ ਮੱਥੇ ਪ੍ਰਵਾਨ ਕਰਨ।

ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਪ੍ਰਭਾਵ ਹੇਠ ਨਹੀਂ ਤੇ ਨਾ ਹੀ ਪਹਿਲਾਂ ਉਨ੍ਹਾਂ ਉਪਰ ਕੋਈ ਦਬਾਅ ਸੀ। ਸਤਿਗੁਰੂ ਉਦੈ ਸਿੰਘ ਨੇ ਕਿਹਾ ਕਿ ਨਾਮਧਾਰੀ ਪੰਥ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੀ ਮਿਲੀ ਹੈ। ਧੱਕੇ ਨਾਲ ਜਾਂ ਕੋਈ ਹੋਰ ਤਰੀਕਾ ਵਰਤ ਕੇ ਇਹ ਸੇਵਾ ਕੋਈ ਵੀ ਵਿਅਕਤੀ ਪ੍ਰਾਪਤ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸੁਪਨਾ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਧਾਰਮਿਕ, ਖੇਡਾਂ, ਸਿਹਤ, ਸਿੱਖਿਆ, ਸਮਾਜਿਕ ਖੇਤਰ ਵਿਚ ਸ਼ੁਰੂ ਕੀਤੇ ਗਏ ਕੰਮਾਂ ਨੂੰ ਜਾਰੀ ਰੱਖਣਾ ਹੈ।

# Matrimonials

### ਵਰ ਦੀ ਲੋੜ ਹੈ

ਜੱਟ ਸਿੱਖ ਸੇਖੋਂ ਕੈਲੀਫੋਰਨੀਆ ਰਹਿੰਦੀ ਗਰੀਨ ਕਾਰਡ ਹੋਲਡਰ (ਜੁਲਾਈ 2014 'ਚ ਸਿਟੀਜ਼ਨ ਬਣ ਰਹੀ) ਐਮ ਏ, 33 ਸਾਲਾ, ਕੱਦ 5'-5" ਲੜਕੀ ਲਈ ਅਮਰੀਕਾ 'ਚ ਕੱਚੇ ਜਾਂ ਪੱਕੇ ਤੌਰ 'ਤੇ ਰਹਿੰਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਫੋਟੋ ਤੇ ਵੇਰਵਾ ਈਮੇਲ ਕਰੋ: prince.kular@yahoo.com

ਕੰਬੋਜ ਸਿੱਖ ਐਮ ਐਸ ਸੀ (ਆਈ ਟੀ) ਇੰਡੀਆ ਰਹਿੰਦੀ ਲੜਕੀ, ਉਮਰ 26 ਸਾਲ, ਕੱਦ 5'-5" ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੇ ਮਾਪੇ ਅਮਰੀਕਾ ਰਹਿੰਦੇ ਹਨ। ਲੜਕਾ ਜੇ ਇੰਡੀਆ ਹੋਵੇ ਤਾਂ ਸਰਕਾਰੀ ਨੌਕਰੀ 'ਚ ਹੋਵੇ। ਜਾਤ-ਪਾਤ ਦਾ ਭੇਦ ਨਹੀਂ। ਸੰਪਰਕ ਕਰੋ: ਫੋਨ 575-815-8264

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਸੁਨੱਖੇ, ਬੀ ਏ, 35 ਸਾਲ, 5'-10", ਅਮਰੀਕੀ ਗਰੀਨ ਕਾਰਡਹੋਲਡਰ ਪਰਿਵਾਰ ਨਾਲ ਰਹਿ ਰਹੇ ਲੜਕੇ ਲਈ ਸੁਨੱਖੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 510-880-9381 ਜਾਂ 510-688-3354

Suitable US/Canadian girl sought for Jatt Sikh boy 26/5'3", B. Pharmacy, MBA, Green Cardholder, Vegetarian. Cont: vicksidhu19@gmail.com Or 815-439-9369

# ਮਹਾਰਾਣੀ ਵਿਕਟੋਰੀਆ ਦੀ ਪੁੱਠੀ ਫੋਟੋ ਵਾਲੀ ਟਿਕਟ ਨਿਲਾਮ

**ਲੰਡਨ:** ਚਾਰ ਆਨੇ ਦੀ 159 ਸਾਲ ਪੁਰਾਣੀ ਇਕ ਭਾਰਤੀ ਟਿਕਟ ਜਿਸ ਉਪਰ ਮਹਾਰਾਣੀ ਵਿਕਟੋਰੀਆ ਦੀ ਤਸਵੀਰ ਗਲਤੀ ਨਾਲ ਉਲਟੀ ਛਪੀ ਹੋਈ ਹੈ, ਦੇ ਇਥੇ 70000 ਪੌਂਡ ਵਿਚ ਨਿਲਾਮ ਹੋਣ ਦੇ ਆਸਾਰ ਹਨ। ਕੋਲਕਾਤਾ ਦੇ ਸਰਵੇ ਦਫਤਰ ਵਿਚ 1854 ਵਿਚ ਚਾਰੇ ਆਨੇ ਦੀਆਂ ਟਿਕਟਾਂ ਦੀ ਪਲੇਠੀ ਛਪਾਈ ਦੌਰਾਨ ਟਿਕਟ 'ਤੇ ਗਲਤੀ ਨਾਲ ਮਹਾਰਾਣੀ ਵਿਕਟੋਰੀਆ ਦੀ ਤਸਵੀਰ ਉਲਟੀ ਛਪ ਗਈ ਸੀ।

'ਡੇਲੀ ਮੇਲ' ਦੀ ਰਿਪੋਰਟ ਅਨੁਸਾਰ ਗਲਤੀ ਨਾ ਫੜੀ ਜਾਣ ਕਾਰਨ ਬਹੁਤ ਸਾਰੀਆਂ ਟਿਕਟਾਂ ਇਵੇਂ ਹੀ ਭਾਰਤ ਵਿਚ ਜਾਰੀ ਕਰ ਦਿੱਤੀਆਂ ਗਈਆਂ ਸਨ। ਪੁਰਾਣੇ ਜ਼ਮਾਨੇ ਦੀਆਂ ਚੀਜ਼ਾਂ ਵਿਚੋਂ ਡਾਕ ਟਿਕਟਾਂ ਦੀ ਚਾਹਤ ਬਹੁਤ ਜ਼ਿਆਦਾ ਹੈ। ਇਸ ਵੇਲੇ ਇਹ 25-30 ਟਿਕਟਾਂ ਹੀ ਬਚੀਆਂ ਹਨ।

# ਪਾਕਿ ਮੂਲ ਦੇ ਨਾਗਰਿਕ ਤਹੱਵੁਰ ਰਾਣਾ ਨੂੰ 14 ਸਾਲ ਕੈਦ

**ਸ਼ਿਕਾਗੋ:** ਪਾਕਿਸਤਾਨੀ ਦਹਿਸ਼ਤੀ ਸੰਗਠਨ ਲਸ਼ਕਰ-ਏ-ਤੋਇਬਾ ਦੀ ਮਦਦ ਕਰਨ ਤੇ ਡੈਨਮਾਰਕ ਦੇ ਇਕ ਅਖਬਾਰ ਉਪਰ ਹਮਲੇ ਦੀ ਸਾਜ਼ਿਸ਼ ਵਿਚ ਸ਼ਰੀਕ ਹੋਣ ਦੇ ਜੁਰਮ ਹੇਠ ਇਥੋਂ ਦੀ ਇਕ ਅਦਾਲਤ ਨੇ ਪਾਕਿਸਤਾਨੀ-ਅਮਰੀਕੀ ਦਹਿਸ਼ਤਗਰਦ ਡੇਵਿਡ ਹੈਡਲੀ ਦੇ ਸਾਥੀ ਤਹੱਵੁਰ ਹੁਸੈਨ ਰਾਣਾ ਨੂੰ 14 ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਕੈਦ ਮਗਰੋਂ ਉਸ ਨੂੰ ਪੰਜ ਸਾਲਾਂ ਲਈ ਸਰਕਾਰੀ ਨਿਗਰਾਨੀ ਹੇਠ ਰਹਿਣਾ ਪਵੇਗਾ।

52 ਸਾਲਾ ਰਾਣਾ ਪਾਕਿਸਤਾਨ ਮੂਲ ਦਾ ਕੈਨੇਡੀਅਨ ਨਾਗਰਿਕ ਹੈ। ਸ਼ਿਕਾਗੋ ਦੀ ਫੈਡਰਲ ਅਦਾਲਤ ਵਿਚ ਉਸ ਦੇ ਵਕੀਲਾਂ ਨੇ ਉਸ ਦੀ ਖਰਾਬ ਸਿਹਤ ਦਾ ਵਾਸਤਾ ਪਾਉਂਦਿਆਂ ਹਲਕੀ ਸਜ਼ਾ ਦਿੱਤੇ ਜਾਣ ਦੀ ਬੇਨਤੀ ਕੀਤੀ। ਵਕੀਲਾਂ ਦਾ ਤਰਕ ਸੀ ਕਿ ਸਜ਼ਾ ਨੌਂ ਸਾਲਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਤਰਕ ਨੂੰ ਖਾਰਜ ਕਰਦਿਆਂ ਅਦਾਲਤ ਨੇ ਉਸ ਨੂੰ 14 ਸਾਲਾਂ ਲਈ ਜੇਲ੍ਹ ਵਿਚ ਬੰਦ ਰੱਖਣ ਲਈ ਕਿਹਾ। ਅਮਰੀਕਾ ਸਰਕਾਰ ਦੇ ਵਕੀਲਾਂ ਨੇ ਉਸ ਲਈ 30 ਸਾਲਾਂ ਲਈ ਸਜ਼ਾ ਦੀ ਮੰਗ ਕੀਤੀ ਸੀ, ਪਰ ਅਦਾਲਤ ਰਾਣਾ ਦੇ ਵਕੀਲਾਂ ਦੀ ਇਸ ਦਲੀਲ ਨਾਲ ਕੁਝ ਹੱਦ ਤੱਕ ਸਹਿਮਤ ਜਾਪੀ ਕਿ ਰਾਣਾ ਨੂੰ ਅਪਰਾਧ ਦੇ ਰਾਹ ਉਸ ਦੇ ਦੋਸਤ ਡੇਵਿਡ ਹੈਡਲੀ ਨੇ ਧੋਖੇ ਨਾਲ ਪਾਇਆ।

ਰਾਣਾ ਨੂੰ ਜੂਨ 2011 ਵਿਚ ਗ੍ਰੈਂਡ ਜਿਊਰੀ ਨੇ ਦੋਸ਼ੀ ਕਰਾਰ ਦਿੱਤਾ ਸੀ। ਉਸ ਨੂੰ 2009 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਸਮੇਂ ਉਸ ਦੀ ਗ੍ਰਿਫ਼ਤਾਰੀ ਮੁੰਬਈ ਵਿਚ 26/11 ਦੇ ਹਮਲੇ ਬਾਰੇ ਕੀਤੀ ਗਈ ਸੀ। ਇਸ ਕੇਸ ਵਿਚੋਂ ਤਾਂ ਉਹ ਬਰੀ ਹੋ ਗਿਆ ਪਰ ਉਸ ਨੂੰ ਲਸ਼ਕਰ ਦੀ ਮਦਦ ਕਰਨ ਤੇ ਡੈਨਿਸ਼ ਅਖ਼ਬਾਰ 'ਜਾਈਲੈਂਡਜ਼ ਪੋਸਟਨ' ਉਪਰ ਬੰਬ ਹਮਲੇ ਦੀ ਸਾਜ਼ਿਸ਼ ਵਿਚ ਸ਼ਰੀਕ ਹੋਣ ਦੇ ਦੋਸ਼ਾਂ ਹੇਠ ਵੱਖਰਾ ਮੁਕੱਦਮਾ ਚਲਾਇਆ ਗਿਆ।

ਜੂਨ 2012 ਵਿਚ ਰਾਣਾ ਨੂੰ ਦਿਲ ਦਾ ਦੌਰਾ ਪਿਆ ਤੇ ਉਹ ਕੁਝ ਸਮਾਂ ਹਸਪਤਾਲ ਰਿਹਾ। ਇਸੇ ਗੱਲ ਨੂੰ ਆਧਾਰ ਬਣਾ ਕੇ ਉਸ ਨਾਲ ਨਰਮਾਈ ਦੀ ਮੰਗ ਕੀਤੀ ਗਈ। ਰਾਣਾ ਬੁਨਿਆਦੀ ਤੌਰ 'ਤੇ ਕਾਰੋਬਾਰੀ ਸੀ। ਉਹ ਕਾਰੋਬਾਰ ਲਈ 10 ਸਾਲ ਪਹਿਲਾਂ ਸ਼ਿਕਾਗੋ ਆ ਟਿਕਿਆ ਸੀ। ਇਥੇ ਹੀ ਉਹ ਹੈਡਲੀ ਦੇ ਸੰਪਰਕ ਵਿਚ ਆਇਆ।

# ਪਰਵਾਸੀ ਭਾਰਤੀ ਦੀ ਲਾਸ਼ ਕਬਰ ਵਿਚੋਂ ਕੱਢੀ

**ਸ਼ਿਕਾਗੋ:** ਭਾਰਤੀ ਮੂਲ ਦੇ 46 ਸਾਲਾ ਕਾਰੋਬਾਰੀ ਜਿਸ ਦੀ ਲਾਟਰੀ ਦਾ ਚੈੱਕ ਮਿਲਣ ਤੋਂ ਅਗਲੇ ਦਿਨ ਭੇਤਭਰੀ ਹਾਲਤ ਵਿਚ ਮੌਤ ਹੋ ਗਈ ਸੀ, ਦੀ ਲਾਸ਼ ਨੂੰ ਕਬਰ ਵਿਚੋਂ ਬਾਹਰ ਕੱਢ ਕੇ ਮੁੜ ਤੋਂ ਉਸ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਉਸ ਦੀ ਮੌਤ ਦੇ ਭੇਤ ਬਾਰੇ ਪਤਾ ਲਾਇਆ ਜਾ ਸਕੇ। ਭਾਰਤੀ ਮੂਲ ਦੇ ਅਮਰੀਕੀ ਉਰੋਜ਼ ਖਾਨ ਦੀ ਲਾਟਰੀ ਨਿਕਲੀ ਸੀ ਤੇ ਜੁਲਾਈ ਮਹੀਨੇ ਦੇ ਅਖੀਰ ਵਿਚ ਉਸ ਨੂੰ ਸਾਰੇ ਟੈਕਸ ਕੱਟ ਕੇ 42,5000 ਡਾਲਰ ਮਿਲੇ ਸਨ ਤੇ ਚੈੱਕ ਮਿਲਣ ਤੋਂ ਅਗਲੇ ਦਿਨ ਹੀ ਸਾਇਨਾਈਡ ਖਾਣ ਨਾਲ ਉਸ ਦੀ ਮੌਤ ਹੋ ਗਈ ਸੀ ਤੇ ਪਰਿਵਾਰ ਦੇ ਮੈਂਬਰਾਂ ਨੇ ਉਸ ਦਾ ਕਤਲ ਕੀਤੇ ਜਾਣ ਸਬੰਧੀ ਸ਼ੰਕਾ ਪ੍ਰਗਟਾਇਆ ਸੀ।

ਇਲੀਨੋਇਸ ਵਿਚ ਕੁੱਕ ਕਾਊਂਟੀ ਸਰਕਟ ਕੋਰਟ ਦੇ ਜੱਜ ਸੂਸਾਨ ਕੋਲਮੈਨ ਨੇ ਕੁੱਕ ਕਾਊਂਟੀ ਦੇ ਮੈਡੀਕਲ ਜਾਂਚਕਰਤਾ ਨੂੰ ਮੈਡੀਕਲ ਜਾਂਚ ਲਈ ਉਸ ਦੀ ਲਾਸ਼ ਕਬਰ ਵਿਚੋਂ ਕੱਢਣ ਦੀ ਆਗਿਆ ਦੇ ਦਿੱਤੀ ਹੈ। ਮੁੱਖ ਮੈਡੀਕਲ ਜਾਂਚਕਰਤਾ ਡਾ. ਸਟੀਫ਼ਨ ਸੀਨਾ ਨੇ ਦੱਸਿਆ ਕਿ ਉਸ ਦੇ ਸਰੀਰ ਦੀ ਜਾਂਚ ਕਰਨ ਲਈ ਕਾਫੀ ਜ਼ਿਆਦਾ ਸੈਂਪਲ ਲਏ ਹਨ। ਇਨ੍ਹਾਂ ਵਿਚ ਉਸ ਦੇ ਸਿਰ ਦੇ ਵਾਲਾਂ, ਨਹੁੰ, ਪੇਟ ਦੇ ਹਿੱਸੇ ਸ਼ਾਮਲ ਹਨ ਤੇ ਪੂਰੀ ਰਿਪੋਰਟ ਤਿਆਰ ਕਰਨ ਨੂੰ ਦੋ ਤੋਂ ਤਿੰਨ ਹਫ਼ਤੇ ਦਾ ਸਮਾਂ ਲੱਗੇਗਾ।



ਪੰਥ ਪ੍ਰਸਿਧ ਢਾਡੀ ਜਥਾ ਗਿਆਨੀ ਇੰਦਰਜੀਤ ਸਿੰਘ ਅਣਖੀ ਜਾਂਗਪੁਰ ਵਾਲੇ ਅਤੇ ਉਨ੍ਹਾਂ ਦੇ ਸਾਥੀ ਬਲਦੇਵ ਸਿੰਘ ਬਿੱਲੂ, ਜਗਸੀਰ ਸਿੰਘ ਅਤੇ ਸੁਰਿੰਦਰਪਾਲ ਸਿੰਘ ਚੌਕੀਮਾਨ ਜੋ ਕਿ ਅੱਜ ਕੱਲ੍ਹ ਆਪਣੇ ਅਮਰੀਕਾ ਦੌਰੇ ਦੌਰਾਨ ਮਨਟੀਕਾ, ਕੈਲੀਫੋਰਨੀਆ ਵਿਚ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਜਥੇ ਨਾਲ ਸੰਪਰਕ ਫੋਨ 602-754-5124 ਰਾਹੀਂ ਕੀਤਾ ਜਾ ਸਕਦਾ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
A-R-C FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

Asiana Airlines Emirates KOREAN AIR
India Vacation tour package also available.
SINGAPORE AIRLINES CATHAY PACIFIC Lufthansa CHINA AIRLINES

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)

Cell: (510)-677-9942
Shop: (510)-505-9605

FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein market iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

# ਅਕਾਲੀਆਂ ਦੇ ਰਾਜ ਵਿਚ ਪੁਲਿਸ ਦੀ ਵੀ ਸ਼ਾਮਤ ਆਈ

**ਚੰਡੀਗੜ੍ਹ:** ਪੰਜਾਬ ਪੁਲਿਸ ਦੀ ਅੱਜ ਕੱਲ੍ਹ ਸ਼ਾਮਤ ਆਈ ਹੋਈ ਹੈ। ਇਕ ਪਾਸੇ ਪੁਲਿਸ ਅਧਿਕਾਰੀ ਸਿਆਸੀ ਦਬਾਅ ਕਰਕੇ ਕੋਈ ਵੀ ਕਾਰਵਾਈ ਕਰਨ ਤੋਂ ਕੰਨੀ ਕਤਰਾ ਰਹੇ ਹਨ ਤੇ ਦੂਜੇ ਪਾਸੇ ਸਰਕਾਰ ਕਿਸੇ ਵੀ ਦੋਸ਼ ਵਿਚ ਘਿਰੇ ਅਫਸਰ ਨੂੰ ਘਰ ਦਾ ਤੁਰਤ-ਫੁਰਤ ਰਾਹ ਵਿਖਾ ਰਹੀ ਹੈ। ਇਸ ਸਭ ਦੇ ਚੱਲਦਿਆਂ ਇਹ ਚਰਚਾ ਵੀ ਭਾਰੂ ਹੈ ਕਿ ਇਸ ਨਾਲ ਪੁਲਿਸ ਦਾ ਮਨੋਬਲ ਡਿੱਗ ਰਿਹਾ ਹੈ ਤੇ ਉਹ ਹੁਣ ਆਪਣੀ ਖ਼ੁਦ ਦੀ ਵੀ ਰਾਖੀ ਕਰਨ ਤੋਂ ਡਰ ਰਹੀ ਹੈ।

ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਐਵਾਰਡੀ ਤੇ ਏਸ਼ਿਆਈ ਖੇਡਾਂ ਵਿਚ ਭਾਰਤ ਦੀ ਨੁਮਾਇੰਦਗੀ ਕਰ ਚੁੱਕੇ ਐਸਪੀ ਧਰਮ ਸਿੰਘ ਉਪਲ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋਣ ਤੇ ਵਿਜੀਲੈਂਸ ਪੰਜਾਬ ਦੀ ਐਸਪੀ ਅਮਨਦੀਪ ਕੌਰ ਰਾਏ ਨੂੰ ਈਟੀਓ ਰਣਜੀਤ ਸਿੰਘ ਨੂੰ ਖ਼ੁਦਕੁਸ਼ੀ ਕਰਨ ਦੇ ਦੋਸ਼ ਤਹਿਤ ਜੇਲ੍ਹ ਵਿਚ ਬੰਦ ਕਰਨ ਦੀਆਂ ਘਟਨਾਵਾਂ ਨੇ ਪੰਜਾਬ ਪੁਲਿਸ ਵਿਚ ਨਵੀਂ ਚਰਚਾ ਛੇੜੀ ਹੈ।

ਉਂਜ ਪਤਾ ਲੱਗਾ ਹੈ ਕਿ ਪੰਜਾਬ ਕਾਂਗਰਸ ਵੱਲੋਂ ਰਾਜ ਦੀ ਅਮਨ ਤੇ ਕਾਨੂੰਨ ਦੀ ਵਿਗੜੀ ਵਿਵਸਥਾ ਦੇ ਆਧਾਰ 'ਤੇ ਇਥੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਪਿਛਲੇ ਸਮੇਂ ਤੋਂ ਚਲਾਈ ਚਰਚਾ ਕਾਰਨ ਸਰਕਾਰ ਵੱਲੋਂ ਆਪਣੇ ਉਪਰ ਕਿਸੇ ਤਰ੍ਹਾਂ ਦੀ ਉਂਗਲ ਉਠਣ ਤੋਂ ਪਹਿਲਾਂ ਹੀ ਕਾਹਲ ਵਿਚ ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਵਿਰੁੱਧ ਧੜਾਧੜ ਕਾਰਵਾਈ ਕਰਨ ਕਾਰਨ ਪੁਲਿਸ ਵਿਚ ਪਹਿਲੀ ਵਾਰ ਨਵੀਂ ਤਰ੍ਹਾਂ ਦੀ ਹਾਲਤ ਪੈਦਾ ਹੋਈ ਹੈ।

## ਕਈ ਵੱਡੇ ਅਧਿਕਾਰੀ ਕੁੜਿੱਕੀ ਵਿਚ ਫਸੇ



ਐਨਸੀਆਰਬੀ ਦੇ ਅੰਕੜਿਆਂ ਅਨੁਸਾਰ 2011 ਦੌਰਾਨ ਪੰਜਾਬ ਪੁਲਿਸ ਦੇ ਕੁੱਲ 67 ਹਜ਼ਾਰ ਦੇ ਕਰੀਬ ਮੁਲਾਜ਼ਮਾਂ ਵਿਚੋਂ 5800 ਦੇ ਕਰੀਬ ਮੁਲਾਜ਼ਮਾਂ ਖ਼ਿਲਾਫ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਪੰਜਾਬ ਪੁਲਿਸ ਉਪਰ ਜਿਥੇ ਲੋਕ ਰੋਹ ਕਾਰਨ ਐਕਸ਼ਨ ਲਏ ਗਏ ਹਨ ਉਥੇ ਸੀਬੀਆਈ ਨੇ ਵੀ ਪੰਜਾਬ ਪੁਲਿਸ ਦੇ ਏਆਈਜੀਪੀਐਸ ਬਰਾੜ ਤੇ ਡੀਐਸਪੀ ਰਾਕਾ ਗੇਰਾ ਨੂੰ ਪਿਛਲੇ ਸਮੇਂ ਰਿਸ਼ਵਤ ਲੈਂਦਿਆਂ ਫੜਨ ਕਾਰਨ ਖਾਕੀ ਵਰਦੀ ਸ਼ਰਮਸ਼ਾਰ ਹੋਈ ਹੈ।

ਇਸ ਤੋਂ ਇਲਾਵਾ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਸਮੇਤ ਤਕਰੀਬਨ 400 ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਵਿਰੁੱਧ ਵੱਖ-ਵੱਖ ਦੋਸ਼ਾਂ ਤਹਿਤ ਅਦਾਲਤਾਂ ਵਿਚ ਕੇਸ ਵੀ ਚੱਲ ਰਹੇ ਹਨ। ਇਨ੍ਹਾਂ ਵਿਚ ਪੰਜ ਦਰਜਨ ਦੇ ਕਰੀਬ ਆਈਪੀਐਸ ਤੇ ਪੀਪੀਐਸ ਅਧਿਕਾਰੀ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਐਸਪੀ ਧਰਮ ਸਿੰਘ ਉਪਲ ਦੇ ਪੁੱਤਰ ਨੂੰ ਪਿਛਲੇ ਸਮੇਂ ਇਕ ਅਫਰੀਕੀ ਵਿਦਿਆਰਥੀ ਉਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰਨ ਤੋਂ ਬਾਅਦ ਸ. ਉਪਲ ਨੂੰ ਇਸ ਆਧਾਰ 'ਤੇ ਮੁਅੱਤਲ ਕੀਤਾ ਸੀ ਕਿ ਉਸ ਨੇ ਆਪਣੇ ਪੁੱਤਰ ਨੂੰ ਹਿਰਾਸਤ ਦੌਰਾਨ ਵੀਆਈਪੀ ਸਹੂਲਤਾਂ ਦਿਵਾਈਆਂ ਹਨ।ਸੂਤਰਾਂ ਅਨੁਸਾਰ ਉਹ ਇਨ੍ਹਾਂ ਘਟਨਾਵਾਂ ਤੋਂ ਬਾਅਦ ਮਾਨਸਿਕ ਪ੍ਰੇਸ਼ਾਨੀ ਵਿਚੋਂ ਗੁਜਰ ਰਿਹਾ ਸੀ। ਪਟਵਾਰੀ ਮੋਹਨ ਸਿੰਘ ਭੇਡਪੁਰਾ ਉਪਰ ਝੂਠਾ ਕੇਸ ਕਰਨ ਦੇ ਦੋਸ਼ਾਂ ਤਹਿਤ ਵਿਜੀਲੈਂਸ ਦੇ ਅਧਿਕਾਰੀ ਸ਼ਿਵ ਕੁਮਾਰ ਸ਼ਰਮਾ ਸਮੇਤ ਕਈ ਸੀਨੀਅਰ ਅਧਿਕਾਰੀਆਂ ਵਿਰੁੱਧ ਹੋਈ ਕਾਰਵਾਈ ਵੀ ਇਕ ਮਿਸਾਲ ਹੈ।

ਦਰਅਸਲ ਪੁਲਿਸ ਉਤੇ ਸਾੜਸਤੀ ਦਾ ਦੌਰ ਪਿਛਲੇ ਵਰ੍ਹੇ 24 ਸਤੰਬਰ ਨੂੰ ਫਰੀਦਕੋਟ ਵਿਖੇ ਇਕ 15 ਸਾਲਾ ਲੜਕੀ ਨੂੰ ਸ਼ਰੇਆਮ ਉਸ ਦੇ ਘਰੋਂ ਅਗਵਾ ਕਰਨ ਤੋਂ ਬਾਅਦ ਸ਼ੁਰੂ ਹੋਇਆ ਸੀ। ਇਸ ਕਾਂਡ ਵਿਚ ਵੀ ਪੁਲਿਸ ਦੇ ਕਈ ਮੁਲਾਜ਼ਮਾਂ ਵਿਰੁੱਧ ਕਾਰਵਾਈ ਕੀਤੀ ਗਈ ਸੀ।

ਇਸ ਤੋਂ ਬਾਅਦ ਪਿਛਲੇ ਵਰ੍ਹੇ ਪੰਜ ਦਸੰਬਰ ਨੂੰ ਅੰਮ੍ਰਿਤਸਰ ਵਿਖੇ ਆਪਣੀ ਧੀ ਦੀ ਇੱਜ਼ਤ ਬਚਾਉਂਦੇ ਏਐਸਆਈ ਰਵਿੰਦਰਪਾਲ ਸਿੰਘ ਦਾ ਇਕ ਅਕਾਲੀ ਆਗੂ ਨੇ ਕਤਲ ਕਰ ਦਿੱਤਾ ਸੀ।

ਇਸ ਮਾਮਲੇ ਵਿਚ ਛੇਹਰਟਾ ਥਾਣੇ ਦੇ ਐਸਐਚਓ ਸਮੇਤ ਕੁਝ ਹੋਰ ਮੁਲਾਜ਼ਮਾਂ ਦੀਆਂ ਨੌਕਰੀਆਂ ਖੋਹੀਆਂ ਗਈਆਂ ਸਨ। ਇਸੇ ਦੌਰਾਨ ਪੰਜਾਬ ਸਰਕਾਰ ਨੇ ਨਾਟਕੀ ਢੰਗ ਨਾਲ ਅੰਮ੍ਰਿਤਸਰ ਦੇ ਡੀਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਮੁਅੱਤਲ ਕੀਤਾ ਗਿਆ ਸੀ ਪਰ ਅੱਜ ਤੱਕ ਸਰਕਾਰ ਨੇ ਸਪਸ਼ਟ ਨਹੀਂ ਕੀਤਾ ਕਿ ਇਸ ਅਧਿਕਾਰੀ ਨੂੰ ਕਿਹੜੇ ਦੋਸ਼ਾਂ ਤਹਿਤ ਮੁਅੱਤਲ ਕੀਤਾ ਗਿਆ ਹੈ।

ਇਸ ਤੋਂ ਬਾਅਦ ਪਿਛਲੇ ਵਰ੍ਹੇ ਹੀ 26 ਦਸੰਬਰ ਨੂੰ ਪਟਿਆਲਾ ਜ਼ਿਲ੍ਹੇ ਦੀ ਸਮੂਹਕ ਬਲਾਤਕਾਰ ਦੀ ਪੀੜਤ ਇਕ ਲੜਕੀ ਵੱਲੋਂ ਪੁਲਿਸ ਦੀਆਂ ਅਣਗਹਿਲੀਆਂ ਕਾਰਨ ਖ਼ੁਦਕੁਸ਼ੀ ਕਰਨ ਕਾਰਨ ਥਾਣੇਦਾਰ ਨਸੀਬ ਸਿੰਘ ਸਮੇਤ ਹੋਰਾਂ ਉਪਰ ਗਾਜ਼ ਡਿੱਗੀ ਤੇ ਇਹ ਥਾਣੇਦਾਰ ਆਪਣੇ-ਆਪ ਨੂੰ ਬੇਕਸੂਰ ਦੱਸਦਾ ਆ ਰਿਹਾ ਹੈ। ਇਸ ਤੋਂ ਬਾਅਦ ਪੰਜਾਬ ਪੁਲਿਸ ਦੇ ਖਾਲੜਾ ਥਾਣੇ ਵਿਚ ਉਤਰਾਖੰਡ ਦੇ ਦੂਹਰੇ ਕਤਲ ਦੇ ਦੋ ਮੁਲਜ਼ਮਾਂ ਨੂੰ ਬਚਾਉਣ ਲਈ ਉਸੇ ਸਮੇਂ ਉਨ੍ਹਾਂ ਵਿਰੁੱਧ ਸ਼ਰਾਬ ਦੀਆਂ ਚਾਰ ਪੇਟੀਆਂ ਫੜਨ ਦੇ ਦੋਸ਼ਾਂ ਤਹਿਤ ਦਰਜ ਕੀਤੇ ਕੇਸ ਕਾਰਨ ਇਸ ਥਾਣੇ ਦੇ ਐਸਐਚਓ ਦੀ ਨੌਕਰੀ ਖਤਮ ਕੀਤੀ ਗਈ ਸੀ।

ਹਾਲੇ ਇਹ ਮਾਮਲੇ ਗਰਮਾਏ ਹੀ ਪਏ ਸਨ ਕਿ ਲੁਧਿਆਣਾ ਵਿਖੇ ਪੰਜਾਬ ਪੁਲਿਸ ਦੇ ਇਕ ਏਆਈਜੀਐਸਐਸ ਮੰਡ ਦੀ ਇਕ ਅਕਾਲੀ ਆਗੂ ਵੱਲੋਂ ਲੱਤ ਭੰਨ੍ਹਣ ਕਾਰਨ ਇਹ ਗੱਲ ਵੀ ਫਿਰ ਉਭਰ ਕੇ ਸਾਹਮਣੇ ਆ ਗਈ ਹੈ ਕਿ ਪੰਜਾਬ ਪੁਲਿਸ ਉਤੇ ਸਿਆਸੀ ਆਗੂਆਂ ਦਾ ਗਲਬਾ ਹੈ। ਹੁਣ ਬਠਿੰਡਾ ਵਿਖੇ ਇਕ ਅਕਾਲੀ ਆਗੂ ਦੇ ਪੁੱਤਰ ਵੱਲੋਂ ਥਾਣੇਦਾਰ ਦੀ ਕੁੱਟਮਾਰ ਕਰਨ ਦੇ ਮਾਮਲੇ ਵਿਚ ਸਰਕਾਰ ਵੱਲੋਂ ਸਖ਼ਤ ਐਕਸ਼ਨ ਲੈਣ ਵਾਲੇ ਏਐਸਪੀ ਕੇਤਿਨ ਪਾਟਿਲ ਦੀ ਬਦਲੀ ਕਰਨ ਕਾਰਨ ਨਵੀਂ ਚਰਚਾ ਛਿੜ ਗਈ ਹੈ।

ਇਸ ਤੋਂ ਇਲਾਵਾ ਪਿਛਲੇ ਸਮੇਂ ਕਈ ਹੋਰ ਮੁਲਾਜ਼ਮਾਂ ਵਿਰੁੱਧ ਵੀ ਵੱਖ-ਵੱਖ ਐਕਸ਼ਨ ਲਏ ਗਏ ਹਨ। ਹਾਲੇ ਨਾਮਧਾਰੀ ਸੁਖਦੇਵ ਸਿੰਘ ਵੱਲੋਂ ਪੰਜਾਬ ਵਿਚ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਪਾਸਪੋਰਟ ਤੇ ਅਸਲੇ ਦੇ ਲਾਈਸੈਂਸ ਬਣਾਉਣ ਤੇ ਰਾਜ ਦੇ ਥਾਣਿਆਂ ਵਿਚ ਲੱਗੇ ਗੈਰ-ਮਿਆਰੀ ਸੀਸੀਟੀਵੀ ਕੈਮਰਿਆਂ ਦੇ ਮਾਮਲਿਆਂ ਵਿਚ ਪੁਲਿਸ ਫਸੀ ਪਈ ਹੈ।

# ਆਰ.ਡੀ.ਐਕਸ. ਦੇ ਜ਼ਖ਼ੀਰੇ ਨੇ ਪੁਲਿਸ ਨੂੰ ਵਖਤ ਪਾਇਆ

**ਅੰਮ੍ਰਿਤਸਰ:** ਬਿਆਸ ਥਾਣੇ ਦੇ ਅਹਾਤੇ ਵਿਚ ਖਾੜਕੂਵਾਦ ਵੇਲੇ ਦੀ ਬਰਾਮਦ ਕੀਤੀ ਗਈ ਵਿਸਫੋਟਕ ਸਮੱਗਰੀ ਆਰਡੀਐਕਸ ਰੱਖੀ ਹੋਈ ਹੈ ਜਿਸ ਨੂੰ ਨਕਾਰਾ ਕਰਨ ਲਈ ਪੰਜਾਬ ਪੁਲਿਸ ਵੱਲੋਂ ਕੇਂਦਰੀ ਰੱਖਿਆ ਮੰਤਰਾਲੇ ਨੂੰ ਇਕ ਵਾਰ ਮੁੜ ਪੱਤਰ ਭੇਜਿਆ ਗਿਆ। ਮਿਲੇ ਵੇਰਵਿਆਂ ਅਨੁਸਾਰ ਬਿਆਸ ਥਾਣੇ ਵਿਚ ਤਕਰੀਬਨ 100 ਕਿਲੋ ਆਰਡੀਐਕਸ ਰੱਖਿਆ ਹੋਇਆ ਹੈ ਜੋ ਸ਼ਹਿਰ ਨੂੰ ਉਡਾਉਣ ਲਈ ਕਾਫੀ ਹੈ। ਇਹ ਵਿਸਫੋਟਕ ਸਮੱਗਰੀ ਪੁਲਿਸ ਵੱਲੋਂ ਪੰਜਾਬ ਵਿਚ ਖਾੜਕੂਵਾਦ ਵੇਲੇ ਵੱਖ-ਵੱਖ ਥਾਵਾਂ ਤੋਂ ਬਰਾਮਦ ਕੀਤੀ ਹੋਈ ਹੈ।

ਪੁਲਿਸ ਸੂਤਰਾਂ ਅਨੁਸਾਰ ਪੰਜਾਬ ਪੁਲਿਸ ਵੱਲੋਂ ਇਸ ਸਬੰਧੀ ਕੇਂਦਰੀ ਰੱਖਿਆ ਮੰਤਰਾਲੇ ਨੂੰ ਕਈ ਵਾਰ ਸੂਚਿਤ ਕੀਤਾ ਜਾ ਚੁੱਕਾ ਹੈ ਕਿ ਇਸ ਵਿਸਫੋਟਕ ਸਮੱਗਰੀ ਨੂੰ ਨਕਾਰਾ ਕੀਤਾ ਜਾਵੇ ਪਰ ਹੁਣ ਤੱਕ ਇਸ ਬਾਰੇ ਰੱਖਿਆ ਮੰਤਰਾਲੇ ਵੱਲੋਂ ਕੋਈ ਹੁੰਗਾਰਾ ਨਹੀਂ ਆਇਆ। ਇਸ ਵਾਰ ਮੁੜ ਰੱਖਿਆ ਮੰਤਰਾਲੇ ਨੂੰ ਪੱਤਰ ਭੇਜਿਆ ਗਿਆ ਹੈ। ਇਹ ਪੱਤਰ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਰਾਹੀਂ ਭੇਜਿਆ ਗਿਆ ਹੈ।

ਇਸ ਦੀ ਪੁਸ਼ਟੀ ਕਰਦਿਆਂ ਦਿਹਾਤੀ ਪੁਲਿਸ ਦੇ ਐਸਐਸਪੀ ਪ੍ਰੀਤਪਾਲ ਸਿੰਘ ਵਿਰਕ ਨੇ ਦੱਸਿਆ ਕਿ ਬਿਆਸ ਥਾਣੇ ਵਿਖੇ ਇਸ ਵਿਸਫੋਟਕ ਸਮੱਗਰੀ ਦੇ ਬਚਾਅ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ ਪਰ ਇਸ ਦੇ ਬਾਵਜੂਦ ਇਸ ਨੂੰ ਇਥੇ ਰੱਖੇ ਜਾਣ ਕਾਰਨ ਹਰ ਵੇਲੇ ਵੱਡਾ ਖ਼ਤਰਾ ਬਣਿਆ ਰਹਿੰਦਾ ਹੈ। ਇਹ ਜਿਥੇ ਥਾਣੇ ਵਿਚ ਮੌਜੂਦ ਪੁਲਿਸ ਅਮਲੇ ਲਈ ਖ਼ਤਰਨਾਕ ਹੈ, ਉਥੇ ਸ਼ਹਿਰ ਵਾਸੀਆਂ ਲਈ ਵੀ ਖ਼ਤਰਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿਚ ਰੱਖਿਆ ਮੰਤਰਾਲੇ ਨੂੰ ਭੇਜੇ ਪੱਤਰ ਦੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਹੈ।

# ਵਿਦੇਸ਼ਾਂ ਵਿਚ ਜਾ ਵਸੇ ਅਧਿਆਪਕ ਬਰਖਾਸਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਿੱਖਿਆ ਵਿਭਾਗ ਵਿਚ ਆਪਣੀ ਨੌਕਰੀ ਛੱਡ ਕੇ ਵਿਦੇਸ਼ਾਂ ਵਿਚ ਜਾ ਵਸੇ ਤੇ ਲੰਬੇ ਸਮੇਂ ਤੋਂ ਗੈਰਹਾਜ਼ਰ 206 ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਖਤਮ ਕਰ ਦਿੱਤਾ ਹੈ ਤੇ ਕਈ ਹੋਰਾਂ ਵਿਰੁੱਧ ਕਾਰਵਾਈ ਚੱਲ ਰਹੀ ਹੈ। ਪੰਜਾਬ ਦੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਦੱਸਿਆ ਕਿ ਕਈ ਅਧਿਆਪਕ ਤਾਂ ਪਿਛਲੇ 10 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਲਗਾਤਾਰ ਗੈਰਹਾਜ਼ਰ ਚਲਦੇ ਆ ਰਹੇ ਹਨ। ਇਨ੍ਹਾਂ ਅਧਿਆਪਕਾਂ ਦੀ ਇਹ ਗੈਰਹਾਜ਼ਰੀ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੀ ਵਿੱਦਿਆ 'ਤੇ ਉਲਟ ਅਸਰ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਤੇ ਇਨ੍ਹਾਂ ਅਧਿਆਪਕਾਂ ਵਿਰੁੱਧ ਕਾਰਵਾਈ ਕਰਨ ਦੀਆਂ ਸਕੀਮਾਂ ਬਣਦੀਆਂ ਰਹੀਆਂ ਸਨ ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਅਜਿਹੇ ਗੈਰਹਾਜ਼ਰ ਅਧਿਆਪਕਾਂ ਦੀਆਂ ਸੇਵਾਵਾਂ ਖਤਮ ਕਰਨ ਲਈ ਇਕ ਐਕਸ਼ਨ ਪਲਾਨ ਬਣਾ ਕੇ ਕਾਰਵਾਈ ਕੀਤੀ ਗਈ ਹੈ। ਇਸ ਕਾਰਵਾਈ ਅਧੀਨ ਪਿਛਲੇ ਦੋ ਮਹੀਨਿਆਂ ਵਿਚ ਲਗਪਗ 206 ਗੈਰਹਾਜ਼ਰ ਅਧਿਆਪਕਾਂ ਦੀਆਂ ਸੇਵਾਵਾਂ ਸਿੱਖਿਆ ਵਿਭਾਗ ਵੱਲੋਂ ਸਮਾਪਤ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਬਰਖਾਸਤ ਕੀਤੇ 206 ਮੁਲਾਜ਼ਮਾਂ ਵਿਚੋਂ 166 ਮਾਸਟਰ ਕਾਡਰ, 25 ਸਰਵ ਸਿੱਖਿਆ ਅਭਿਆਨ ਦੇ ਅਧਿਆਪਕ, ਛੇ ਕੰਪਿਊਟਰ ਅਧਿਆਪਕ ਤੇ ਨੌਂ ਨਾਨ ਟੀਚਿੰਗ ਕਰਮਚਾਰੀ ਸ਼ਾਮਲ ਹਨ। ਸਿੱਖਿਆ ਮੰਤਰੀ ਨੇ ਦੱਸਿਆ ਕਿ ਇਸ ਮੰਤਵ ਲਈ ਡੀਜੀਐਸਈ ਦੇ ਦਫਤਰ ਵਿਚ ਇਕ ਵੱਖਰਾ ਸੈੱਲ ਕਾਇਮ ਕੀਤਾ ਗਿਆ ਹੈ ਜੋ ਲੰਬੇ ਸਮੇਂ ਤੋਂ ਗੈਰਹਾਜ਼ਰ ਅਧਿਆਪਕਾਂ ਵਿਰੁੱਧ ਹੋ ਰਹੀ ਕਾਰਵਾਈ ਦੀ ਨਿਗਰਾਨੀ ਕਰੇਗਾ। ਇਸ ਵਿਭਾਗ ਕੋਲ ਹੁਣ ਤੱਕ ਤਕਰੀਬਨ 1100 ਲੰਬੇ ਸਮੇਂ ਤੋਂ ਗੈਰਹਾਜ਼ਰ ਅਧਿਆਪਕਾਂ ਦੀ ਜਾਣਕਾਰੀ ਪੁੱਜੀ ਹੈ ਜਿਨ੍ਹਾਂ ਵਿਰੁੱਧ ਵੱਖ-ਵੱਖ ਪੱਧਰ ਦੇ ਅਧਿਕਾਰੀਆਂ ਵੱਲੋਂ ਕਾਰਵਾਈ ਕੀਤੀ ਜਾਵੇਗੀ। ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਾਹਨ ਸਿੰਘ ਪਨੂੰ ਨੇ ਦੱਸਿਆ ਹੈ ਕਿ ਲੰਬੇ ਸਮੇਂ ਤੋਂ ਗੈਰਹਾਜ਼ਰ ਸਿੱਖਿਆ ਵਿਭਾਗ ਦੇ ਅਧਿਆਪਕਾਂ ਤੇ ਮੁਲਾਜ਼ਮਾਂ ਦੀਆਂ ਸੇਵਾਵਾਂ ਖਤਮ ਕਰਨ ਦੇ ਫੈਸਲੇ 31 ਮਾਰਚ ਤੱਕ ਲੈ ਲਏ ਜਾਣਗੇ। ਨਵੀਆਂ ਹਦਾਇਤਾਂ ਅਨੁਸਾਰ ਜੇ ਕੋਈ ਕਰਮਚਾਰੀ/ਅਧਿਆਪਕ ਵਿਦੇਸ਼ ਛੁੱਟੀ 'ਤੇ ਜਾਂਦਾ ਹੈ ਤਾਂ ਉਸ ਕਰਮਚਾਰੀ/ਅਧਿਆਪਕ ਕੋਲੋਂ ਹਲਫੀਆ ਬਿਆਨ ਲਿਆ ਜਾਂਦਾ ਹੈ ਕਿ ਜੇ ਉਹ ਅਣਅਧਿਕਾਰਤ ਛੁੱਟੀ 'ਤੇ ਵਿਦੇਸ਼ ਰਹਿੰਦਾ ਹੈ ਤਾਂ ਉਸ ਦੀਆਂ ਸੇਵਾਵਾਂ ਸਮਾਪਤ ਕਰ ਦਿੱਤੀਆਂ ਜਾਣਗੀਆਂ।

**ਬਰਖਾਸਤ 206 ਮੁਲਾਜ਼ਮਾਂ 'ਚ 166 ਮਾਸਟਰ ਕਾਡਰ, 25 ਸਰਵ ਸਿੱਖਿਆ ਅਭਿਆਨ, ਛੇ ਕੰਪਿਊਟਰ ਅਧਿਆਪਕ ਤੇ 9 ਨਾਨ ਟੀਚਿੰਗ ਕਰਮਚਾਰੀ**

# ਲੁਟੇਰਿਆਂ ਨੇ ਲਾਈ ਪਰਵਾਸੀ ਭਾਰਤੀਆਂ ਦੇ ਲਾਕਰਾਂ ਨੂੰ ਸੰਨ੍ਹ

**ਜਲੰਧਰ:** ਪੰਜਾਬ ਐਂਡ ਸਿੰਧ ਬੈਂਕ ਦੀ ਰੇਰੂ ਬਰਾਂਚ ਵਿਚ ਪਏ ਡਾਕੇ ਦੌਰਾਨ ਲੁਟੇਰਿਆਂ ਨੇ ਪਰਵਾਸੀ ਭਾਰੀਆਂ ਦੇ 40 ਲਾਕਰਾਂ ਵਿਚੋਂ ਕਰੋੜਾਂ ਦੀ ਕੀਮਤ ਦੇ ਸੋਨੇ ਦੇ ਗਹਿਣੇ, ਵਿਦੇਸ਼ੀ ਕਰੰਸੀ ਤੇ ਜਾਇਦਾਦਾਂ ਦੇ ਦਸਤਾਵੇਜ਼ ਲੁੱਟ ਲਏ ਹਨ। ਲੁਟੇਰਿਆਂ ਨੇ ਗੁਰਪੁਰਬ ਦੀ ਛੁੱਟੀ ਵਾਲੇ ਦਿਨ ਬੈਂਕ ਨੂੰ ਨਿਸ਼ਾਨਾ ਬਣਾਇਆ। ਲੁਟੇਰੇ 18 ਤੇ 19 ਜਨਵਰੀ ਦੀ ਰਾਤ ਨੂੰ ਬੈਂਕ ਦੇ ਮੁੱਖ ਸ਼ਟਰ ਦੇ ਤਾਲੇ ਨੂੰ ਗੈਸ ਕਟਰ ਨਾਲ ਕੱਟ ਕੇ ਅੰਦਰ ਦਾਖਲ ਹੋਏ ਫਿਰ ਲੁਟੇਰੇ ਸਟਰਾਂਗ ਰੂਮ ਦੇ ਭਾਰੀ ਦਰਵਾਜ਼ਿਆਂ ਨੂੰ ਲੱਗੇ ਦੋ ਮਜ਼ਬੂਤ ਤਾਲਿਆਂ ਨੂੰ ਵੀ ਗੈਸ ਕਟਰ ਨਾਲ ਕੱਟ ਕੇ ਅੰਦਰ ਵੜੇ ਗਏ। ਉਥੇ ਉਨ੍ਹਾਂ ਨੇ ਪੂਰੀ ਤਸੱਲੀ ਨਾਲ 40 ਦੇ ਕਰੀਬ ਲਾਕਰਾਂ ਦੇ ਤਾਲੇ ਕੱਟੇ।



ਇਨ੍ਹਾਂ ਲਾਕਰਾਂ ਵਿਚੋਂ ਲੁਟੇਰੇ ਸੋਨੇ ਦੇ ਗਹਿਣੇ, ਪੌਂਡ, ਡਾਲਰ, ਯੂਰੋ, ਪਾਸਪੋਰਟ, ਗਰੀਨ ਕਾਰਡ, ਜਾਇਦਾਦਾਂ ਦੇ ਕਾਗਜ਼ ਤੇ ਹੋਰ ਜ਼ਰੂਰੀ ਦਸਤਾਵੇਜ਼ ਲੈ ਗਏ। ਇਨ੍ਹਾਂ ਲਾਕਰਾਂ ਵਿਚੋਂ ਜ਼ਿਆਦਾਤਰ ਲਾਕਰ ਐਨਆਰਆਈਜ਼ ਦੇ ਸਨ। ਕਈ ਐਨਆਰਆਈਜ਼ ਨੇ ਤਾਂ ਹੋਰ ਥੋੜ੍ਹੇ ਦਿਨਾਂ ਤੱਕ ਵਾਪਸ ਜਾਣਾ ਸੀ ਪਰ ਉਨ੍ਹਾਂ ਦੇ ਪਾਸਪੋਰਟਾਂ ਦਾ ਕੋਈ ਥਹੁ ਪਤਾ ਨਹੀਂ ਲੱਗ ਰਿਹਾ ਜਦਕਿ ਬੈਂਕ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਲਾਕਰ ਧਾਰਕਾਂ ਦੇ 21 ਪਾਸਪੋਰਟ ਵਾਪਸ ਵੀ ਕੀਤੇ ਹਨ ਤੇ ਲੁਟੇਰਿਆਂ ਵੱਲੋਂ ਗੈਸ ਕਟਰ ਨਾਲ ਲਾਕਰ ਕੱਟਣ ਕਾਰਨ ਕਈ ਪਾਸਪੋਰਟ ਸੜ ਵੀ ਗਏ ਹਨ। ਹੈਰਾਨੀ ਦੀ ਗੱਲ ਇਹ ਵੀ ਰਹੀ ਕਿ ਬੈਂਕ ਦੇ ਕੈਸ਼ ਨੂੰ ਲੁਟੇਰਿਆਂ ਨੇ ਹੱਥ ਤੱਕ ਨਹੀ ਲਾਇਆ ਸਿਰਫ ਲਾਕਰਾਂ ਨੂੰ ਹੀ ਨਿਸ਼ਾਨਾ ਬਣਾਇਆ।

ਬੈਂਕ ਦੇ ਅੰਦਰਲੇ ਦ੍ਰਿਸ਼ ਨੂੰ ਦੇਖਕੇ ਪਹਿਲੀ ਨਜ਼ਰੇ ਹੀ ਲੱਗ ਰਿਹਾ ਸੀ ਕਿ ਲੁਟੇਰਿਆਂ ਨੂੰ ਬੈਂਕ ਦੀ ਅੰਦਰਲੀ ਹਰ ਸਥਿਤੀ ਬਾਰੇ ਬਾਰੀਕੀ ਨਾਲ ਜਾਣਕਾਰੀ ਸੀ। ਰਾਤ ਸਮੇਂ ਬੈਂਕ ਵਿਚ ਕੋਈ ਵੀ ਸੁਰੱਖਿਆ ਮੁਲਾਜ਼ਮ ਤਾਇਨਾਤ ਨਹੀਂ ਸੀ। ਬੈਂਕ ਅੰਦਰ ਕੋਈ ਵੀ ਸੀਸੀਟੀਵੀ ਕੈਮਰੇ ਨਹੀਂ ਲੱਗੇ ਹੋਏ। ਬੈਂਕ ਦੇ ਸਟਰਾਂਗ ਰੂਮ ਦੇ ਮਜ਼ਬੂਤ ਦਰਵਾਜ਼ੇ ਦੇ ਦੋ ਤਾਲਿਆਂ ਨੂੰ ਬੜੇ ਹੀ ਪੇਸ਼ੇਵਰ ਢੰਗ ਨਾਲ ਗੈਸ ਕਟਰ ਨਾਲ ਕੱਟਿਆ ਗਿਆ ਸੀ।

ਸਟਰਾਂਗ ਰੂਮ ਅੰਦਰ ਪਏ ਬੈਂਕ ਦੇ ਕੈਸ਼ ਵਾਲੀ ਅਲਮਾਰੀ ਨੂੰ ਲੁਟੇਰਿਆਂ ਨੇ ਹੱਥ ਤੱਕ ਨਹੀਂ ਲਾਇਆ। ਬੈਂਕ ਦੀ ਸੁਰੱਖਿਆਂ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਉਠ ਰਹੇ ਸਨ ਕਿ ਬੈਂਕ ਵਿਚ 1992 ਦੌਰਾਨ ਵੀ ਡਾਕੇ ਦੀ ਕੋਸ਼ਿਸ਼ ਕੀਤੀ ਗਈ ਸੀ ਉਦੋਂ ਸਿਰਫ ਤਾਲੇ ਹੀ ਟੁੱਟੇ ਸਨ ਪਰ ਕੋਈ ਮਾਲੀ ਨੁਕਸਾਨ ਨਹੀਂ ਸੀ ਹੋਇਆ।

# ਮਹਿਲਾ ਹੌਲਦਾਰ ਵੱਲੋਂ ਥਾਣੇ ਵਿਚ ਖੁਦਕੁਸ਼ੀ

**ਸਮਰਾਲਾ:** ਪੁਲੀਸ ਸਟੇਸ਼ਨ ਸਮਰਾਲਾ ਵਿਚ ਮਹਿਲਾ ਹੌਲਦਾਰ ਅਮਰਜੀਤ ਕੌਰ (51) ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਆਤਮ ਹੱਤਿਆ ਕਰਨ ਦਾ ਪਤਾ ਸਮਰਾਲਾ ਥਾਣੇ ਵਿਚ ਤਾਇਨਾਤ ਮੁਨਸ਼ੀ ਨੂੰ ਉਸ ਸਮੇਂ ਚੱਲਿਆ ਜਦੋਂ ਉਹੋ ਥਾਣੇ ਉਪਰ ਬਣੇ ਕਮਰਿਆਂ ਵਿਚ ਗਿਆ ਤਾਂ ਅਮਰਜੀਤ ਗਰਿਲ ਨਾਲ ਫਾਹਾ ਲੈ ਕੇ ਲਟਕੀ ਹੋਈ ਸੀ।

ਉਸ ਨੇ ਤੁਰੰਤ ਇਸ ਦੀ ਸੂਚਨਾ ਥਾਣਾ ਮੁਖੀ ਨੂੰ ਦਿੱਤੀ। ਮਿਲੀ ਜਾਣਕਾਰੀ ਅਨੁਸਾਰ ਅਮਰਜੀਤ ਨੇ ਚਾਰ ਦਿਨ ਪਹਿਲਾਂ ਹੀ ਸਮਰਾਲਾ ਪੁਲਿਸ ਸਟੇਸ਼ਨ ਵਿਚ ਜੁਆਇਨ ਕੀਤਾ ਸੀ ਤੇ ਇਸ ਤੋਂ ਪਹਿਲਾਂ ਉਹ ਪੁਲਿਸ ਲਾਈਨ ਖੰਨਾ ਵਿਚ ਤਾਇਨਾਤ ਸੀ। ਖੁਦਕੁਸ਼ੀ ਦਾ ਕਾਰਨ ਮਾਨਸਿਕ ਪ੍ਰੇਸ਼ਾਨੀ ਦੱਸਿਆ ਜਾ ਰਿਹਾ ਹੈ। ਅਮਰਜੀਤ ਪਿੰਡ ਸੇਹ ਵਿਚ ਵਿਆਹੀ ਹੋਈ ਸੀ ਤੇ ਇਸ ਦਾ ਦੂਜਾ ਵਿਆਹ ਸੀ। ਇਸ ਤੋਂ ਪਹਿਲਾਂ 2000 ਵਿਚ ਅਮਰਜੀਤ ਕੌਰ ਦੇ ਪਤੀ ਦੀ ਮੌਤ ਹੋ ਚੁੱਕੀ ਸੀ।

# ਹਿੰਦੁਸਤਾਨ ਦਾ ਸਿਸਟਮ ਉਕਾ ਨਿਕੰਮਾ:ਰਾਜੋਆਣਾ

**ਪਟਿਆਲਾ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਇਥੇ ਕੇਂਦਰੀ ਜੇਲ੍ਹ ਵਿਚ ਫਾਂਸੀ ਦੀ ਸਜ਼ਾਯਾਫ਼ਤਾ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਇਕ ਸਾਲ ਬਾਅਦ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਅਦਾਲਤ ਵਿਚ ਪੇਸ਼ ਕੀਤਾ ਗਿਆ। 1995 ਵਿਚ



ਉਨ੍ਹਾਂ ਖ਼ਿਲਾਫ਼ ਦਰਜ ਹੋਏ ਦੋ ਕੇਸਾਂ ਦੀ ਸੁਣਵਾਈ ਸੀ। ਆਪਣੇ ਕੇਸਾਂ ਦੀ ਖ਼ੁਦ ਪੈਰਵੀ ਕਰਦਿਆਂ ਭਾਈ ਰਾਜੋਆਣਾ ਨੇ ਕਿਹਾ ਕਿ ਇਹ ਪੁਲਿਸ ਵੱਲੋਂ ਘੜੀਆਂ ਝੂਠੀਆਂ ਕਹਾਣੀਆਂ ਹਨ। ਜੇ ਇਨ੍ਹਾਂ ਵਿਚ ਸੱਚਾਈ ਹੁੰਦੀ ਤਾਂ ਉਹ ਕਤਲ ਕੇਸ ਵਿਚ ਆਪਣੀ ਸ਼ੂਮਲੀਅਤ ਵਾਂਗ ਇਹ ਵੀ ਮੰਨ ਲੈਂਦਾ। ਇਨ੍ਹਾਂ ਪੇਸ਼ੀਆਂ ਨੂੰ ਲੈ ਕੇ ਕੋਰਟ ਕੰਪਲੈਕਸ ਪੁਲਿਸ ਛਾਉਣੀ ਬਣਿਆ ਰਿਹਾ।

ਭਾਈ ਬਲਵੰਤ ਸਿੰਘ ਰਾਜੋਆਣਾ ਨੇ ਅਦਾਲਤ ਵਿਚ 'ਖਾਲਿਸਤਾਨ ਜਿੰਦਾਬਾਦ' ਦੇ ਨਾਅਰੇ ਲਾਉਂਦਿਆਂ ਕਿਹਾ ਕਿ ਉਨ੍ਹਾਂ ਦਾ ਜੋ ਵੀ ਬਿਆਨ ਹੈ, ਸਾਰਾ ਰਿਕਾਰਡ ਕੀਤਾ ਜਾਵੇ। ਸਿੱਖ ਕੌਮ ਦੇ ਜਿੰਦਾ ਸ਼ਹੀਦ ਭਾਈ ਰਾਜੋਆਣਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਬਾਬਤ ਕਿਹਾ ਕਿ ਇਹ ਚੋਰ ਹਨ, ਉਹ ਲੁਟੇਰੇ ਹਨ। ਇਸ ਲਈ ਉਹ ਕਿਸੇ ਦਾ ਸਮਰਥਨ ਨਹੀਂ ਕਰਦੇ ਪਰ ਸਿੱਖ ਕੌਮ ਦਾ ਭਲਾ ਚਾਹੁੰਦੇ ਹਨ। ਉਨ੍ਹਾਂ ਕਿਹਾ ਖਾਲਸਾ ਹਮੇਸ਼ਾ ਚੜ੍ਹਦੀਕਲਾ ਵਿਚ ਰਹੇ ਇਹ ਮੇਰੀ ਆਖਰੀ ਵੀ ਤੇ ਪਹਿਲੀ ਤਮੰਨਾ ਹੈ।

ਪੁਲਿਸ ਨਹੀਂ ਚਾਹੁੰਦੀ ਸੀ ਕਿ ਕੋਈ ਵੀ ਪੱਤਰਕਾਰ ਉਨ੍ਹਾਂ ਨਾਲ ਗੱਲ ਕਰੇ ਪਰ ਭਾਈ ਰਾਜੋਆਣਾ ਨੇ ਉਚੀ ਆਵਾਜ਼ ਵਿਚ ਕਿਹਾ ਕਿ ਉਹ ਸਿੱਖ ਕੌਮ ਦਾ ਭਲਾ ਚਾਹੁੰਦੇ ਹਨ ਤੇ ਉਹ ਚਾਹੁੰਦੇ ਹਨ ਕਿ ਸਿੱਖ ਕੌਮ ਹਮੇਸ਼ਾ ਚੜ੍ਹਦੀਕਲਾ ਵਿਚ ਰਹੇ। ਭਾਈ ਰਾਜੋਆਣਾ ਨੇ ਕਿਹਾ ਕਿ ਉਨ੍ਹਾਂ ਨੂੰ ਪੁਲਿਸ 'ਤੇ ਕੋਈ ਗਿਲਾ ਨਹੀਂ ਪਰ ਹਿੰਦੂਸਤਾਨ ਦਾ ਸਿਸਟਮ ਬਿਲਕੁਲ ਨਿੰਕਮਾ ਹੈ ਤੇ ਉਹ ਨਹੀਂ ਚਾਹੁੰਦੇ ਕਿ ਇਥੇ ਕੋਈ ਵੀ ਘੱਟ ਗਿਣਤੀ ਆਪਣਾ ਪੱਖ ਰੱਖ ਸਕੇ।

ਜ਼ਿਕਰਯੋਗ ਹੈ ਕਿ 1995 ਵਿਚ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਭਾਈ ਰਾਜੋਆਣਾ ਦੀ ਗ੍ਰਿਫ਼ਤਾਰੀ ਮੌਕੇ ਉਨ੍ਹਾਂ ਖ਼ਿਲਾਫ਼ ਥਾਣਾ ਸਿਟੀ ਰਾਜਪੁਰਾ ਵਿਖੇ ਐਫਆਈਆਰ 196 ਅਧੀਨ ਆਰਡੀਐਕਸ ਦੀ ਬਰਾਮਦਗੀ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਦੋਂ ਹੀ ਐਫਆਈਆਰ 302 ਅਧੀਨ ਅਸਲਾ ਬਰਾਮਦਗੀ ਦਾ ਇਕ ਹੋਰ ਕੇਸ ਥਾਣਾ ਸਦਰ ਪਟਿਆਲਾ ਵਿਖੇ ਦਰਜ ਕੀਤਾ ਗਿਆ। ਪੁਲਿਸ ਸੁਰੱਖਿਆ ਤੇ ਫੋਰਸ ਦੀ ਘਾਟ ਕਰਕੇ ਸਾਲ ਭਰ ਉਨ੍ਹਾਂ ਨੂੰ ਬਾਹਰ ਨਾ ਲਿਆਂਦਾ ਜਾ ਸਕਿਆ ਤੇ ਹਰ ਵਾਰ ਸੁਣਵਾਈ ਅੱਗੇ ਪੈਂਦੀ ਰਹੀ।

ਭਾਈ ਰਾਜੋਆਣਾ ਨੇ ਕਿਹਾ ਕਿ ਪੁਲਿਸ ਵੱਲੋਂ ਘੜੀ ਗਈ ਇਹ ਸਾਰੀ ਕਹਾਣੀ ਝੂਠੀ ਹੈ ਕਿਉਂਕਿ ਉਨ੍ਹਾਂ ਨੂੰ ਰਾਜਪੁਰਾ ਤੋਂ ਨਹੀਂ ਬਲਕਿ ਜਲੰਧਰ ਤੋਂ ਫੜਿਆ ਗਿਆ ਸੀ। ਉਦੋਂ ਉਨ੍ਹਾਂ ਕੋਲ ਕੋਈ ਵਿਸਫੋਟਕ ਸਮੱਗਰੀ ਨਹੀਂ ਸੀ, ਉਂਜ ਇਕ ਪਿਸਤੌਲ ਜ਼ਰੂਰ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਅਜਿਹਾ ਹੁੰਦਾ ਤਾਂ ਉਹ ਕਤਲ ਕੇਸ ਵਾਂਗ ਇਹ ਗੱਲ ਵੀ ਮੰਨ ਲੈਂਦੇ। ਉਧਰ, ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ 28 ਜਨਵਰੀ 'ਤੇ ਪਾ ਦਿੱਤੀ।

ਇਸ ਪਿਛੋਂ ਉਨ੍ਹਾਂ ਨੂੰ ਜੁਡੀਸ਼ਲ ਮੈਜਿਸਟਰੇਟ ਰਵਿੰਦਰਪਾਲ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਥਾਣਾ ਸਦਰ ਪਟਿਆਲਾ ਵਿਚਲੇ ਇਸ ਕੇਸ ਅਧੀਨ ਭਾਈ ਰਾਜੋਆਣਾ ਨੂੰ ਪਹਿਲੀ ਵਾਰ ਪੇਸ਼ ਕੀਤਾ ਗਿਆ। ਇਸ ਕਰਕੇ ਅਦਾਲਤ ਨੇ ਉਨ੍ਹਾਂ ਨੂੰ ਵਕੀਲ ਕਰਨ ਬਾਰੇ ਪੁੱਛਿਆ ਪਰ ਭਾਈ ਰਾਜੋਆਣਾ ਨੇ ਵਕੀਲ ਕਰਨ ਤੋਂ ਨਾਂਹ ਕਰ ਦਿੱਤੀ। ਇਸ ਕੇਸ ਦੀ ਅਗਲੀ ਸੁਣਵਾਈ ਹੁਣ ਚਾਰ ਫਰਵਰੀ ਨੂੰ ਹੋਵੇਗੀ। ਅਦਾਲਤ ਤੋਂ ਬਾਹਰ ਆ ਕੇ ਉਸ ਨੇ ਜਦੋਂ ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਲਾਏ ਤਾਂ ਹੋਰ ਕੇਸਾਂ ਵਿਚ ਪੇਸ਼ੀ ਲਈ ਲਿਆਂਦੇ ਗਏ ਕੁਝ ਹੋਰ ਵਿਅਕਤੀਆਂ ਨੇ ਬਖਸ਼ੀਖਾਨੇ ਵਿਚੋਂ ਹੀ ਇਸ ਦਾ ਜਵਾਬ ਵੀ ਦਿੱਤਾ।

## ਜਬਰ ਜਨਾਹ ਕੇਸ ਦਾ ਹਫ਼ਤੇ ਵਿਚ ਨਿਬੇੜਾ

**ਪਟਿਆਲਾ:** ਨਾਬਾਲਗ਼ ਨਾਲ ਜਬਰ ਜਨਾਹ ਦੇ ਕੇਸ ਦਾ ਹਫ਼ਤੇ ਵਿਚ ਨਿਬੇੜਾ ਕਰਦਿਆਂ ਇਥੋਂ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਜ ਸ਼ੇਖਰ ਅਤਰੀ ਨੇ 23 ਸਾਲਾ ਦੋਸ਼ੀ ਨੂੰ ਸੱਤ ਸਾਲ ਦੀ ਸਜ਼ਾ ਤੇ ਜੁਰਮਾਨਾ ਕੀਤਾ ਹੈ। ਹਾਸਲ ਵੇਰਵਿਆਂ ਅਨੁਸਾਰ ਥਾਣਾ ਭਾਦਸੋਂ ਵਿਖੇ ਦਰਜ ਇਸ ਕੇਸ ਅਨੁਸਾਰ ਪਟਿਆਲਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਦੇ ਵਸਨੀਕ ਜੀਵਨ ਸਿੰਘ ਨੇ 29 ਜੂਨ, 2012 ਨੂੰ ਆਪਣੇ ਗੁਆਂਢ ਵਿਚ ਹੀ ਰਹਿੰਦੀ ਨਾਬਾਲਗ਼ ਲੜਕੀ ਨਾਲ ਉਸ ਦੇ ਘਰ ਦਾਖ਼ਲ ਹੋ ਕੇ ਜਬਰ ਜਨਾਹ ਕੀਤਾ ਸੀ।

ਪੀੜਤ ਦੇ ਮੈਡੀਕਲ ਦੌਰਾਨ ਜਬਰ ਜਨਾਹ ਦੀ ਪੁਸ਼ਟੀ ਹੋ ਗਈ ਸੀ। ਇਸ ਮਗਰੋਂ ਮੁਲਜ਼ਮ ਨੇ ਆਪਣੇ ਆਪ ਨੂੰ ਨਬਾਲਗ ਦੱਸ ਕੇ ਰਾਹਤ ਲੈਣ ਦੀ ਕੋਸ਼ਿਸ਼ ਕੀਤੀ ਪਰ ਪੜਤਾਲ ਦੌਰਾਨ ਉਹ ਬਾਲਗ ਪਾਇਆ ਗਿਆ। ਉਸ ਵਿਰੁੱਧ ਅੱਠ ਜਨਵਰੀ ਨੂੰ ਦੋਸ਼ ਆਇਦ ਹੋਣ ਮਗਰੋਂ ਮਾਮਲੇ ਦੀ ਬਾਕਾਇਦਾ ਸੁਣਵਾਈ 14 ਜਨਵਰੀ ਨੂੰ ਸ਼ੁਰੂ ਹੋਈ। ਇਸ ਕੇਸ ਵਿਚ ਦਰਜਨ ਤੋਂ ਵੱਧ ਗਵਾਹਾਂ ਦੇ ਬਿਆਨ ਲਗਾਤਾਰ ਤਿੰਨ ਦਿਨ ਹੁੰਦੇ ਰਹੇ।

ਸੈਸ਼ਨ ਜੱਜ ਰਾਜੇਸ਼ ਸ਼ੇਖਰ ਅਤਰੀ ਦੀ ਅਦਾਲਤ ਨੇ ਇਸ ਕੇਸ ਦਾ ਫੈਸਲਾ ਸੁਣਾਉਂਦਿਆਂ ਜੀਵਨ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਉਸ ਨੂੰ ਧਾਰਾ 376 ਤਹਿਤ ਸੱਤ ਸਾਲ ਤੇ ਧਾਰਾ 452 ਤਹਿਤ ਤਿੰਨ ਸਾਲ ਦੀ ਸਜ਼ਾ ਸੁਣਾਈ। ਉਂਜ ਇਹ ਦੋਵੇਂ ਸਜ਼ਾਵਾਂ ਇਕੱਠੀਆਂ ਚੱਲਣਗੀਆਂ ਜਿਸ ਕਰਕੇ ਉਸ ਨੂੰ ਸੱਤ ਸਾਲਾਂ ਦੀ ਕੈਦ ਕੱਟਣੀ ਪਵੇਗੀ।

# ਬਾਦਲਾਂ ਵੱਲੋਂ ਦਿੱਲੀ ਵਾਲਿਆਂ ਨੂੰ ਭਰਮਾਉਣ ਦੀ ਕੋਸ਼ਿਸ਼

**ਨਵੀਂ ਦਿੱਲੀ:** ਪੰਜਾਬ ਵਿਧਾਨ ਸਭਾ ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਪੰਜਾਬੀਆਂ ਨਾਲ ਕੀਤੇ ਵਾਅਦਿਆਂ ਵਿਚੋਂ ਭਾਵੇਂ ਇਕ ਵੀ ਪੂਰਾ ਨਹੀਂ ਹੋਇਆ ਪਰ ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਹੁਣ ਦਿੱਲੀ ਵਾਲਿਆਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਆਪਣਾ ਮੈਨੀਫੈਸਟੋ ਜਾਰੀ ਕਰਦਿਆਂ ਗੁਰਧਾਮਾਂ ਵਿਚ ਸੁਚੱਜੇ ਤੇ ਪਾਰਦਰਸ਼ੀ ਪ੍ਰਬੰਧਾਂ, ਸਿੱਖ ਗੁਰਧਾਮਾਂ ਲਈ ਜੁਡੀਸ਼ਲ ਕਮਿਸ਼ਨ, ਉਚੇਰੀ ਪੇਸ਼ੇਵਾਰ ਸਿੱਖਿਆ ਲਈ ਗੁਰੂ ਤੇਗ ਬਹਾਦਰ ਯੂਨੀਵਰਸਿਟੀ, ਦਸਵੀਂ ਜਮਾਤ ਵਿਚ 75 ਫੀਸਦੀ ਤੋਂ ਵੱਧ ਅੰਕ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਮੁਫ਼ਤ ਸਿੱਖਿਆ ਤੇ ਵਿਦਿਆਰਥੀਆਂ ਨੂੰ ਮੁਫਤ ਪੁਸਤਕਾਂ ਅਤੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀਆਂ ਬੱਚੀਆਂ ਦੇ ਵਿਆਹ ਮੌਕੇ 51 ਹਜ਼ਾਰ ਰੁਪਏ ਸ਼ਗਨ ਸਕੀਮ ਦੇਣ ਦਾ ਵਾਅਦਾ ਕੀਤਾ।

ਉਂਜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਚੋਣ ਮੈਨੀਫੈਸਟੋ ਜਾਰੀ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਜਾਣਿਆ ਜਾਂਦਾ ਹੈ, ਇਸੇ ਦਾ ਸਬੂਤ ਹੈ ਕਿ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰੀ ਸੱਤਾਧਾਰੀ ਧਿਰ ਨੇ ਲਗਾਤਾਰ ਦੂਜੀ ਵਾਰ ਜਿੱਤ ਪ੍ਰਾਪਤ ਕੀਤੀ। ਸ. ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਮੈਨੀਫੈਸਟੋ ਵਿਚ ਨਵੀਂ ਸਿੱਖ ਪੀੜੀ ਨੂੰ ਚੰਗਾ ਭਵਿੱਖ ਦੇਣ ਲਈ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਵਿਚ ਅੱਗੇ ਲਿਜਾਣ ਲਈ ਗੁਰੂ ਅੰਗਦ ਦੇਵ ਖੇਡ ਸੰਸਥਾਵਾਂ ਕਾਇਮ ਕੀਤੀਆਂ ਜਾਣਗੀਆਂ।


ਮੈਥ ਅਤੇ ਸਾਇੰਸ ਦੀ ਟਿਊਸ਼ਨ

ਐਲੀਮੈਂਟਰੀ, ਮਿਡਲ ਅਤੇ ਹੋਰ ਕਲਾਸਾਂ ਲਈ ਮੈਥ ਅਤੇ ਸਾਇੰਸ ਦੀਆਂ ਕਲਾਸਾਂ ਵਾਸਤੇ ਅਨੁਭਵੀ ਕੈਲੀਫੋਰਨੀਆ ਕਰੀਡੈਂਸ਼ੀਅਲਡ ਟੀਚਰ ਅਤੇ ਹੋਰ ਅਨੁਭਵੀ ਟਿਊਟਰ, ਜੋ ਹੋਮ ਵਰਕ ਕਰਾਉਣ ਵਿਚ ਵੀ ਮਾਹਿਰ ਹਨ।

ਸੰਪਰਕ: http://fremonttutorialhome.weebly.com/

ਫੋਨ: 510-304-1475

HELP WANTED

We need a couple for managing & housekeeping a small motel in Tulare county (CA). Must be able to speak English. Good salary, free accommodation.

ਟੁਲੇਅਰ ਕਾਊਂਟੀ, ਕੈਲੀਫੋਰਨੀਆ ਵਿਚ ਇਕ ਛੋਟੀ ਮੋਟਲ ਸੰਭਾਲਣ ਵਾਸਤੇ ਇਕ ਜੋੜੇ ਦੀ ਲੋੜ ਹੈ ਜੋ ਅੰਗਰੇਜ਼ੀ ਬੋਲਣੀ ਜਾਣਦਾ ਹੋਵੇ। ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼।

ਸੰਪਰਕ ਕਰੋ: ਅਮਰੀਕ ਭੰਡਾਲ

ਫੋਨ: 559-380-8888

ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ

ਫੋਨ: (559) 317-2149



Paramjit S. Khaira
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e- mail: drpskhaira@gmail.com
Working under state law SB 577



ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi
Coupon Code

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

24/7 Customer Service Available

Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸਨਿਚਰਵਾਰ, 26 ਜਨਵਰੀ 2013*

## ਦਿੱਲੀ ਅਜੇ ਦੂਰ ਕਿ ਨੇੜੇ!

ਦਿੱਲੀ ਦੀ ਕੇਂਦਰੀ ਸਿਆਸਤ ਅਤੇ ਖਾਸ ਕਰ ਕੇ ਸਿੱਖ ਸਿਆਸਤ ਵਿਚ ਇਹ ਹਫਤਾ ਬੜਾ ਅਹਿਮ ਰਿਹਾ ਹੈ। ਕਾਂਗਰਸ ਅਗਲੇ ਸਾਲ ਵਾਲੀਆਂ ਲੋਕ ਸਭਾ ਚੋਣਾਂ ਲਈ ਜੀਅ-ਜਾਨ ਨਾਲ ਜੁਟੀ ਹੋਈ ਹੈ। ਇਸ ਦਾ 'ਚਿੰਤਨ ਸ਼ਿਵਰ' ਭਾਵੇਂ ਜੈਪੁਰ ਵਿਚ ਜਮਾਇਆ ਗਿਆ ਪਰ ਸਾਰੀਆਂ ਤਰਕੀਬਾਂ ਦਿੱਲੀ ਵਿਚ ਹੀ ਹੋਈਆਂ ਹਨ। ਇਹ ਚਿੰਤਨ ਸ਼ਿਵਰ ਰਤਾ ਕੁ ਵੱਧ ਧਿਆਨ ਮੰਗਦਾ ਹੈ। ਇਸ ਮੁਤਾਬਕ ਹੁਣ ਵੱਡੀ ਅਤੇ ਖਾਸ ਤਰ੍ਹਾਂ ਦੀ ਵੰਗਾਰ ਦੇਸ਼ ਵਿਚ ਕਿਤੇ ਨਹੀਂ ਹੈ। ਪੰਜਾਬ ਵਿਚ ਖਾੜਕੂਆਂ ਜਾਂ ਮਾਓਵਾਦੀਆਂ ਦੇ ਉਭਾਰ ਵਾਲੀਆਂ ਖਬਰਾਂ ਹੋਰ ਖਬਰਾਂ ਵਾਂਗ ਆ ਕੇ ਗੌਣ ਹੋ ਜਾਂਦੀਆਂ ਹਨ। ਕਸ਼ਮੀਰ ਵਿਚ ਵੀ 'ਸਭ ਅੱਛਾ' ਹੀ ਜਾਪਦਾ ਹੈ। ਉਤਰ-ਪੂਰਬੀ ਰਾਜਾਂ ਵਿਚ ਵਿਦਰੋਹ ਦੀ ਧੂਣੀ ਭਾਵੇਂ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਲਗਾਤਾਰ ਕਿਸੇ ਨਾ ਕਿਸੇ ਰੂਪ ਵਿਚ ਧੁਖ ਰਹੀ ਹੈ, ਪਰ ਨਾਗਿਆਂ ਨਾਲ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਚੱਲ ਰਹੀ ਵਾਰਤਾ ਨਾਲ ਸਰਕਾਰ ਨੂੰ ਸੁੱਖ ਦਾ ਸਾਹ ਆਇਆ ਹੋਇਆ ਹੈ। ਆਸਾਮ ਦੀ ਆਜ਼ਾਦੀ ਲਈ ਹਥਿਆਰ ਚੁੱਕਣ ਵਾਲੀ 'ਉਲਫਾ' ਨਾਲ ਸਮਝੌਤਾ ਚੱਲ ਰਿਹਾ ਹੈ। ਉਸ ਖਿੱਤੇ ਵਿਚ ਇਹੀ ਜਥੇਬੰਦੀ ਸਭ ਤੋਂ ਵੱਡੀ ਵੰਗਾਰ ਸਮਝੀ ਜਾ ਰਹੀ ਸੀ। ਇਹ ਭਾਰਤ ਦੀ ਸ਼ਾਇਦ ਇਕੋ-ਇਕ ਹਿੰਦੂ ਜਥੇਬੰਦੀ ਸੀ ਜਿਸ ਨੇ ਇੰਨੀ ਵੱਡੀ ਪੱਧਰ ਉਤੇ ਭਾਰਤ ਦੀ ਸੱਤਾ ਨੂੰ ਵੰਗਾਰਿਆ ਸੀ। ਕੇਂਦਰੀ ਰਾਜਾਂ ਵਿਚ ਮਾਓਵਾਦੀਆਂ ਨੇ ਸੱਤਾ ਨੂੰ ਵੰਗਾਰ ਅਜੇ ਕਾਇਮ ਰੱਖੀ ਹੋਈ ਹੈ, ਪਰ ਸਰਕਾਰ ਨੇ ਉਥੇ ਦਸ ਹਜ਼ਾਰ ਹੋਰ ਫੌਜੀ ਘੱਲ ਦਿੱਤੇ ਹਨ ਤਾਂ ਕਿ ਇਨ੍ਹਾਂ ਨੂੰ ਹੁਣ ਕੁਚਲ ਕੇ ਹੀ ਵਾਪਸ ਮੁੜਿਆ ਜਾਵੇ। ਉਸ ਇਲਾਕੇ ਵਿਚ ਹੁਣ ਕੁਲ 85 ਹਜ਼ਾਰ ਫੌਜੀ ਤੇ ਨੀਮ-ਫੌਜੀ ਤਾਇਨਾਤ ਹਨ। ਪੁਲਿਸ ਫੋਰਸ ਦੀ ਨਫਰੀ ਵੱਖਰੀ ਹੈ। ਸਰਕਾਰ ਦੇ ਫੈਸਲੇ ਮੁਤਾਬਕ ਮਾਓਵਾਦੀਆਂ ਦੀ ਰੜਕ ਵੀ ਮੁੱਕ ਜਾਣੀ ਚਾਹੀਦੀ ਹੈ। ਉਂਜ, ਸਰਕਾਰ ਨੂੰ ਇਨ੍ਹਾਂ ਦੇ ਤੌਰ-ਤਰੀਕਿਆਂ ਦੀ ਵੱਧ ਚਿੰਤਾ ਹੈ। ਸਰਕਾਰ ਨੂੰ ਚੱਲ ਰਹੇ ਹਥਿਆਰਾਂ ਨਾਲੋਂ ਕਿਤੇ ਵੱਧ ਖਤਰਾ ਅਤੇ ਫਿਕਰ ਲੋਕਾਂ ਦੇ ਬਣ ਰਹੇ ਵਿਚਾਰਾਂ ਦਾ ਸਤਾ ਰਿਹਾ ਹੈ। ਇਹ ਹਨ ਅੱਜ ਦੇ ਭਾਰਤ ਦੇ ਹਾਲਾਤ ਜਿਨ੍ਹਾਂ ਦੇ ਪ੍ਰਸੰਗ ਵਿਚ ਨਹਿਰੂ-ਗਾਂਧੀ ਪਰਿਵਾਰ ਦੇ ਵਾਰਸ ਰਾਹੁਲ ਗਾਂਧੀ ਨੂੰ 2014 ਦੀਆਂ ਚੋਣਾਂ ਲਈ ਸ਼ਿੰਗਾਰਿਆ ਗਿਆ ਹੈ। ਪਾਰਟੀ ਦਾ ਜਨਰਲ ਸਕੱਤਰ ਤਾਂ ਉਹ ਪਹਿਲਾਂ ਹੀ ਸੀ ਅਤੇ ਅਹਿਮ ਫੈਸਲਿਆਂ ਵਿਚ ਉਸ ਦਾ ਦਖਲ ਵੀ ਹੁੰਦਾ ਸੀ, ਹੁਣ ਉਸ ਨੂੰ ਪਾਰਟੀ ਦੇ ਮੀਤ ਪ੍ਰਧਾਨ ਦਾ ਅਹੁਦਾ ਦੇ ਦਿੱਤਾ ਗਿਆ ਹੈ। ਹੁਣ ਤੱਕ ਦੇ ਸਿਆਸੀ ਸਫਰ ਵਿਚ ਉਹ ਭਾਵੇਂ ਕੋਈ ਮੱਲ ਤਾਂ ਨਹੀਂ ਮਾਰ ਸਕਿਆ, ਪਰ ਹੁਣ ਮੌਜੂਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬਾਰੇ ਦੇਸ਼ ਵਿਚ ਜਿਸ ਤਰ੍ਹਾਂ ਦਾ ਮਾਹੌਲ ਬਣ ਗਿਆ ਹੈ, ਉਸ ਨੂੰ ਪੜ੍ਹਦਿਆਂ ਕਾਂਗਰਸ ਨੇ ਸ਼ਾਇਦ ਡਾਕਟਰ ਸਾਹਿਬ ਨੂੰ ਪਿਛਾਂਹ ਕਰਨ ਦਾ ਫੈਸਲਾ ਕਰ ਲਿਆ ਜਾਪਦਾ ਹੈ। ਉਸ ਦੀ ਥਾਂ ਮੱਲਣ ਲਈ ਹੀ ਰਾਹੁਲ ਦੀ ਇਉਂ ਉਚੇਚੇ ਤੌਰ 'ਤੇ ਤਾਜਪੋਸ਼ੀ ਕੀਤੀ ਗਈ ਹੈ।

ਦੂਜਾ ਮਸਲਾ ਸਿੱਖ ਸਿਆਸਤ ਦਾ ਹੈ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਚੋਣਾਂ ਲਈ ਮੁੱਖ ਧਿਰਾਂ ਨੇ ਇੰਨੀਆਂ ਧੂੜਾਂ ਪੁੱਟੀਆਂ ਹਨ। ਸਿੱਖ ਸੰਗਤ ਹੈਰਾਨ ਹੈ ਕਿ ਆਖਰ ਹੋ ਕੀ ਰਿਹਾ ਹੈ! ਇਸ ਤਰ੍ਹਾਂ ਦੀ ਸਰਗਰਮੀ ਤਾਂ ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਨਹੀਂ ਸੀ ਹੋਈ। ਕਿਸੇ ਧਾਰਮਿਕ ਸੰਸਥਾ ਲਈ ਸਿਆਸੀ ਲੜਾਈ ਦਾ ਇਹ ਜਲਵਾ ਆਪਣੇ ਹੀ ਰੰਗ ਦਿਖਾ ਰਿਹਾ ਹੈ। ਦਿੱਲੀ ਵਿਚ ਪਹਿਲੀ ਵਾਰ ਆਗੂਆਂ ਦੀ ਖਰੀਦੋ-ਫਰੋਖਤ ਦੀਆਂ ਖਬਰਾਂ ਆ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਤੇ ਫਿਰ ਪੰਜਾਬ ਵਿਧਾਨ ਸਭਾ ਚੋਣਾਂ ਜਿੱਤਣ ਖਾਤਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਹਰ ਹਰਬਾ ਵਰਤਿਆ ਸੀ। ਸ਼੍ਰੋਮਣੀ ਕਮੇਟੀ ਚੋਣਾਂ ਤੋਂ ਐਨ ਪਹਿਲਾਂ ਇਸ ਖਿਲਾਫ ਹੋਂਦ ਵਿਚ ਆਇਆ ਪੰਥਕ ਮੋਰਚਾ ਇਸ ਨੇ ਆਪਣੀਆਂ ਸਿਆਸੀ ਚਾਲਾਂ ਨਾਲ ਹੀ ਭੰਨ ਸੁੱਟਿਆ ਸੀ ਅਤੇ ਸਿੱਧੀ ਜਿੱਤ ਲਈ ਰਾਹ ਪੱਧਰਾ ਕਰ ਲਿਆ ਸੀ। ਹੁਣ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਜਿਹੜਾ ਮੈਨੀਫੈਸਟੋ ਬਾਦਲਾਂ ਨੇ ਜਾਰੀ ਕੀਤਾ ਹੈ, ਉਸ ਦਾ ਧਰਮ ਨਾਲ ਕੋਈ ਸਬੰਧ ਹੀ ਨਹੀਂ ਹੈ, ਸੁਧੀ ਸਿਆਸਤ ਦਾ ਚਿੱਠਾ ਹੈ। ਸਰਨਾ ਧੜੇ ਦਾ ਹਾਲ ਵੀ ਇਸ ਤੋਂ ਕੋਈ ਵੱਖਰਾ ਨਹੀਂ। ਉਹ ਵੀ ਸਿਆਸਤ ਹੀ ਕਰ ਰਹੇ ਹਨ, ਉਨ੍ਹਾਂ ਦਾ ਵਧੇਰੇ ਖਿਆਲ ਵੀ ਆਪਣੇ ਕਾਰੋਬਾਰ ਵੱਲ ਹੈ। ਕਾਰੋਬਾਰ ਅਤੇ ਸਿਆਸਤ ਦੇ ਸੁਮੇਲ ਨਾਲ ਉਨ੍ਹਾਂ ਦੀ ਗੁੱਡੀ ਵਾਹਵਾ ਉੱਚੀ ਉੱਡ ਰਹੀ ਹੈ। ਦਿੱਲੀ ਵਿਚ ਅੱਜ ਇਕ ਹੀ ਚਰਚਾ ਹੈ ਕਿ ਸਿਆਸਤ ਦੇ ਪਿੜ ਵਿਚ ਬਾਦਲਾਂ ਨੂੰ ਵੰਗਾਰਨ ਵਾਲਾ ਸਿਰਫ ਪਰਮਜੀਤ ਸਿੰਘ ਸਰਨਾ ਹੀ ਹੈ। ਪੰਜਾਬ ਵਿਚ ਇਸ ਤਰ੍ਹਾਂ ਦਾ ਵਿਚਾਰ ਕੁਝ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਬਾਰੇ ਵੀ ਬਣਿਆ ਸੀ, ਪਰ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਅਤੇ ਖੁਦ ਕੈਪਟਨ ਦੇ ਕੁਝ ਫੈਸਲਿਆਂ ਕਰ ਕੇ ਅੱਜ ਬਾਦਲਾਂ ਦਾ ਹੱਥ ਉਤੇ ਹੈ। ਕੋਈ ਤੀਜੀ ਧਿਰ ਨਾ ਦਿੱਲੀ ਦੀ ਸਿੱਖ ਸਿਆਸਤ ਅਤੇ ਨਾ ਹੀ ਪੰਜਾਬ ਵਿਚ ਰੜਕ ਰਹੀ ਹੈ। ਪੰਜਾਬ ਵਿਚ ਕੁਝ ਖਾੜਕੂ ਧਿਰਾਂ ਨੇ ਹੰਭਲਾ ਮਾਰਨ ਦਾ ਯਤਨ ਕੀਤਾ ਸੀ, ਪਰ ਪੰਜਾਬ ਅਤੇ ਪੰਥ ਦੀ ਸਿਆਸਤ ਵਿਚ ਆਈ ਖੜੋਤ ਭੰਨਣ ਲਈ ਜਿੰਨੀ ਬੌਧਿਕ ਬੁਲੰਦੀ ਅਤੇ ਸਰਗਰਮੀ ਦੀ ਜ਼ਰੂਰਤ ਹੈ, ਉਥੇ ਤੱਕ ਪੁੱਜਣ ਵਿਚ ਇਹ ਧਿਰਾਂ ਨਾਕਾਮ ਰਹੀਆਂ ਹਨ। ਉਂਜ ਵੀ ਚੋਣ ਸਿਆਸਤ ਦੀਆਂ ਆਪਣੀਆਂ ਗਿਣਤੀਆਂ-ਮਿਣਤੀਆਂ ਹਨ ਅਤੇ ਅੱਜ ਦੀ ਸਿਆਸਤ ਵਿਚ ਪੈਂਠ ਲਈ ਜਿੰਨੇ ਬਾਹੂ ਬਲ ਤੇ ਮਾਇਆ ਦੀ ਲੋੜ ਪੈਂਦੀ ਹੈ, ਉਹਦੇ ਲਈ ਬਾਦਲਾਂ ਕੋਲ ਹੁਣ ਕੋਈ ਤੋਟ ਨਹੀਂ ਹੈ। ਹੁਣ ਤਾਂ ਸਵਾਲ ਹੀ ਇਹ ਹੈ ਕਿ ਇਨ੍ਹਾਂ ਨੂੰ ਇਸ ਰਾਹ 'ਤੇ ਪੈ ਕੇ ਟੱਕਰਿਆ ਵੀ ਜਾ ਸਕਦਾ ਹੈ ਜਾਂ ਨਹੀਂ; ਜਾਂ ਕੋਈ ਹੋਰ ਬੰਨ੍ਹ-ਸੁਭ ਕਰਨਾ ਪਵੇਗਾ? ਹਾਲਾਤ ਦੱਸਦੇ ਹਨ ਕਿ ਇਸ ਰਾਹ ਉਤੇ ਇਨ੍ਹਾਂ ਨੂੰ ਘੇਰਨਾ ਹੁਣ ਜੇ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੈ। ਇਸ ਦੇ ਲਈ ਸਿਰਫ ਬੌਧਿਕ ਬੁਲੰਦੀ ਅਤੇ ਸਖਤ ਸਰਗਰਮੀ ਦਾ ਹੀ ਇਕੋ-ਇਕ ਰਾਹ ਬਚਦਾ ਹੈ ਜਿਸ ਵੱਲ ਅਜੇ ਤੱਕ ਸ਼ਾਇਦ ਕਿਸੇ ਨੇ ਝਾਕਿਆ ਵੀ ਨਹੀਂ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲੋਕ ਰਾਜ ਵਿਚ ਜਾਂਨਸ਼ੀਨ?*

ਲੱਛੇਦਾਰ ਤਕਰੀਰਾਂ ਨਿਤ ਕਰੀ ਜਾਂਦੇ, ਖਾਲੀ ਵਾਅਦਿਆਂ ਨਾਲ ਹੀ ਲੱਦੀਆਂ ਜੀ।
ਰਹਿੰਦੇ ਭੰਡਦੇ ਸਦਾ ਵਿਰੋਧੀਆਂ ਨੂੰ, ਲਾ ਕੇ ਤੋਹਮਤਾਂ ਝੂਠੀਆਂ ਭੱਦੀਆਂ ਜੀ।
ਬਾਦਸ਼ਾਹਾਂ ਦੇ ਵਾਂਗ ਖੁਦ ਐਸ਼ ਕਰਦੇ, ਪਰਜਾ ਸਹਿੰਦੀ ਏ ਤੰਗੀਆਂ ਤੱਦੀਆਂ ਜੀ।
'ਵੋਟਾਂ ਲੈਣ' ਦਾ ਇੱਕੋ ਹੀ ਫਾਰਮੂਲਾ, ਕਾਲੇ ਧਨ ਦੀਆਂ ਰੱਖੀਆਂ ਥੱਦੀਆਂ ਜੀ।
'ਲੋਕਾਂ ਵਲੋਂ' ਜਾਂ 'ਲੋਕਾਂ ਦਾ' ਰਾਜ ਕਿੱਥੇ? ਸਾਰੇ ਲੀਡਰਾਂ ਗੱਲਾਂ ਇਹ ਰੱਦੀਆਂ ਜੀ।
ਲੋਕ ਰਾਜ ਦਾ ਦੇਖੋ ਜੀ ਰੰਗ ਦੇਸੀ! ਹਾਕਮ ਪੁੱਤਾਂ ਨੂੰ ਸੌਂਪਦੇ ਗੱਦੀਆਂ ਜੀ!!

# ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ

## ਦੋਸ਼ੀ ਦੇ ਇਕਬਾਲੀਆ ਬਿਆਨ ਨਾਲ ਹਕੂਮਤ ਕਟਹਿਰੇ 'ਚ

ਤਿੰਨ ਸਾਲ ਪਹਿਲਾਂ (16 ਫਰਵਰੀ 2010 ਨੂੰ) ਪੰਜਾਬ ਦੇ ਕਿਸਾਨ ਆਗੂ ਸਾਧੂ ਸਿੰਘ ਤਖਤੂਪੁਰਾ ਦਾ ਭੋਂਇ ਮਾਫ਼ੀਆ ਵਲੋਂ ਕਤਲ ਹੁਕਮਰਾਨ ਅਕਾਲੀ ਦਲ, ਪੁਲਿਸ ਤੇ ਗੁੰਡਾ ਗਰੋਹਾਂ ਦੇ ਲੋਕ ਵਿਰੋਧੀ ਗੱਠਜੋੜ ਦੀ ਘਿਨਾਉਣੀ ਕਾਰਵਾਈ ਸੀ। ਉਸ ਬਜ਼ੁਰਗ ਸ਼ਖਸੀਅਤ ਨੂੰ ਕਤਲ ਕਰ ਦਿੱਤਾ ਗਿਆ ਜਿਸ ਨੇ ਅਧਿਆਪਕ ਵਜੋਂ ਸੇਵਾ-ਮੁਕਤੀ ਲੈਣ ਤੋਂ ਬਾਅਦ ਘਰ ਬੈਠ ਕੇ ਅਰਾਮ ਕਰਨ ਅਤੇ ਔਲਾਦ ਤੋਂ ਸੇਵਾ ਕਰਾਉਣ ਦੀ ਥਾਂ ਗ਼ਰੀਬ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਉਨ੍ਹਾਂ ਨੂੰ ਜਥੇਬੰਦ ਕਰਨ 'ਚ ਮਸਰੂਫ਼ ਹੋਣ ਦਾ ਬਿਖੜਾ ਰਾਹ ਚੁਣਿਆ। ਕਤਲ ਦੀ ਸਾਜ਼ਿਸ਼ ਦਾ ਮੁੱਖ ਸੂਤਰਧਾਰ ਅਜਨਾਲੇ ਤੋਂ ਸਾਬਕਾ ਐਮ.ਐਲ.ਏ. ਤੇ ਅਕਾਲੀ ਆਗੂ ਬੀਰ ਸਿੰਘ ਲੋਪੋਕੇ ਸੀ। ਉਸ ਦੀ ਭੂਮਿਕਾ ਐਸਾ ਮੂੰਹ ਜ਼ੋਰ ਤੱਥ ਸੀ ਜਿਸ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਵੀ ਨਹੀਂ ਸੀ, ਪਰ ਹੁਕਮਰਾਨ ਅਕਾਲੀ ਸਰਕਾਰ ਨੇ ਸਾਰੇ ਕਾਇਦੇ-ਕਾਨੂੰਨ ਛਿੱਕੇ 'ਤੇ ਟੰਗ ਕੇ ਇਸ ਤੱਥ ਉੱਪਰ ਪਰਦਾ ਪਾਉਣ ਅਤੇ ਬੀਰ ਸਿੰਘ ਲੋਪੋਕੇ ਤੇ ਉਸ ਦੇ ਪਾਲੇ ਕਾਤਲ ਗਰੋਹ ਨੂੰ ਬਚਾਉਣ ਲਈ ਸਾਰੀ ਤਾਕਤ ਝੋਕ ਦਿੱਤੀ ਸੀ। ਕਤਲ ਵਿਚ ਉਸ ਦੀ ਭੂਮਿਕਾ ਨੂੰ ਸਵੀਕਾਰ ਕਰਨ ਦਾ ਅਰਥ ਹੋਣਾ ਸੀ, ਅਕਾਲੀ ਆਗੂਆਂ ਤੇ ਭੋਂਇ ਮਾਫ਼ੀਆ-ਗੁੰਡਾ ਗਰੋਹਾਂ ਦੇ ਗੱਠਜੋੜ ਨੂੰ ਸਵੀਕਾਰ ਕਰਨਾ ਜੋ ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਮਾਲਕ ਕਿਸਾਨਾਂ ਤੇ ਅਬਾਦਕਾਰਾਂ ਨੂੰ ਉਜਾੜ ਕੇ ਇਨ੍ਹਾਂ ਜ਼ਮੀਨਾਂ ਉੱਪਰ ਨਾਜਾਇਜ਼ ਕਬਜ਼ੇ ਕਰਨ ਲਈ ਸਰਗਰਮ ਹੈ। ਬੀਰ ਸਿੰਘ ਲੋਪੋਕੇ ਬਾਦਲਕਿਆਂ ਦਾ ਖਾਸ-ਮ-ਖਾਸ ਹੈ। ਅਗਲੇ ਤਿੰਨ ਸਾਲਾਂ 'ਚ ਸੂਬੇ ਵਿਚ ਵਾਪਰੇ ਵੱਖ-ਵੱਖ ਜੁਰਮਾਂ ਦੀ ਲੜੀ ਜ਼ਰੀਏ ਇਸ ਤਰ੍ਹਾਂ ਦੇ ਕਈ ਮੁਜਰਮਾਂ ਨਾਲ ਬਾਦਲਾਂ ਤੇ ਮਜੀਠੀਏ ਦੀਆਂ ਜੁੜੀਆਂ ਸਿਆਸੀ ਕੜੀਆਂ ਵਾਰ-ਵਾਰ ਸਾਹਮਣੇ ਆਉਣੀਆਂ ਸਨ।

ਬੂਟਾ ਸਿੰਘ
ਫੋਨ: 91-94634-74342

ਕਤਲ ਦੀ ਐਫ.ਆਈ.ਆਰ. ਵਿਚ ਸ਼ਾਮਲ ਲੋਪੋਕੇ ਦਾ ਅੰਮ੍ਰਿਤਸਰ ਵਿਚ ਕੇਂਦਰੀ ਗ੍ਰਹਿ ਮੰਤਰੀ ਦੀ ਫੇਰੀ ਸਮੇਂ ਇਕੱਠ ਦੀਆਂ ਵੀ.ਆਈ.ਪੀ. ਕਤਾਰਾਂ 'ਚ ਸੁਸ਼ੋਭਿਤ ਹੋਣਾ ਸਪਸ਼ਟ ਇਸ਼ਾਰਾ ਸੀ ਕਿ ਉਸ ਦੇ ਖ਼ਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਹੋਣੀ। ਅਗਲੇ ਦਿਨਾਂ 'ਚ ਇਹ ਗੱਲ ਸਾਫ਼ ਹੋ ਗਈ। ਕਤਲ ਦੀ ਐੱਫ.ਆਈ.ਆਰ. ਵਿਚ ਬੀਰ ਸਿੰਘ ਲੋਪੋਕੇ ਨੂੰ ਸ਼ਾਮਲ ਕਰਨ ਵਾਲੇ ਐੱਸ.ਐੱਸ.ਪੀ. (ਜੀ.ਐੱਸ. ਚੌਹਾਨ) ਨੂੰ ਜਬਰੀ ਛੁੱਟੀ 'ਤੇ ਭੇਜ ਦਿੱਤਾ ਗਿਆ। ਮੌਕੇ 'ਤੇ ਮੌਜੂਦ ਚਾਰ ਜ਼ਖ਼ਮੀਆਂ (ਚਸ਼ਮਦੀਦ ਗਵਾਹਾਂ) ਵਲੋਂ ਦਿੱਤੇ ਬਿਆਨ ਘੱਟੇ ਵਿਚ ਰੋਲ ਦਿੱਤੇ ਗਏ। ਜਾਂਚ ਦੇ ਨਾਂ ਹੇਠ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੇ ਵਫ਼ਾਦਾਰ ਪੁਲਿਸ ਅਧਿਕਾਰੀਆਂ ਦੀ ਉਚੇਚੀ ਟੀਮ ਲਗਾ ਕੇ ਲੋਪੋਕੇ ਨੂੰ ਕਲੀਨ ਚਿੱਟ ਦਿੱਤੀ ਗਈ ਅਤੇ ਕਤਲ ਦੇ ਪਿਛੋਕੜ ਨੂੰ ਪੂਰੀ ਤਰ੍ਹਾਂ ਦਰ-ਕਿਨਾਰ ਕਰ ਕੇ ਇਸ ਨੂੰ ਅਚਾਨਕ ਤਕਰਾਰ ਦੌਰਾਨ ਹੋਈ ਮੌਤ ਦਾ ਸਾਧਾਰਨ ਮਾਮਲਾ ਬਣਾ ਦਿੱਤਾ ਗਿਆ; ਹਾਲਾਂਕਿ ਇਹ ਸਪਸ਼ਟ ਸੀ ਕਿ ਇੱਥੇ ਕਿਸਾਨ ਜਥੇਬੰਦੀ ਤੇ ਉਸ ਦੇ ਆਗੂ ਸਾਧੂ ਸਿੰਘ ਤਖਤੂਪੁਰਾ ਦਾ 'ਤਕਰਾਰ' ਕਿਸ ਨਾਲ ਸੀ-ਬੀਰ ਸਿੰਘ ਲੋਪੋਕੇ ਦੀ ਧਿਰ ਨਾਲ ਜਿਸ ਦੀ ਵਜ੍ਹਾ ਉਨ੍ਹਾਂ ਦਾ ਅਬਾਦਕਾਰਾਂ ਦੀਆਂ ਜ਼ਮੀਨਾਂ ਉੱਪਰ ਨਾਜਾਇਜ਼ ਕਬਜ਼ੇ ਕਰਨਾ ਸੀ। ਪੰਜਾਬ ਦੀਆਂ 22 ਕਿਸਾਨ ਮਜ਼ਦੂਰ ਜਥੇਬੰਦੀਆਂ ਵਲੋਂ ਨੰਗੀ-ਚਿੱਟੀ ਸਿਆਸੀ ਸ਼ਹਿ 'ਤੇ ਹੋਏ ਇਸ ਕਤਲ ਖ਼ਿਲਾਫ਼ ਆਵਾਜ਼ ਉਠਾਈ ਗਈ, ਦਹਿ-ਹਜ਼ਾਰਾਂ ਲੋਕਾਂ ਵਲੋਂ ਇਸ ਖ਼ਿਲਾਫ਼ ਰੋਸ ਮੁਜ਼ਾਹਰੇ ਕਰ ਕੇ ਬੀਰ ਸਿੰਘ ਲੋਪੋਕੇ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰ ਕੇ ਉਸ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਜਾਂਦੀ ਰਹੀ, ਪਰ ਮੁੱਖ ਮੰਤਰੀ ਵਲੋਂ ਜਥੇਬੰਦੀਆਂ ਦੇ ਅਵਾਮੀ ਵਫ਼ਦ ਨੂੰ ਦਿੱਤੀਆਂ ਇਨਸਾਫ਼ ਦੀਆਂ ਯਕੀਨ ਦਹਾਨੀਆਂ ਦੇ ਐਨ ਉਲਟ ਦੋਮ ਦਰਜੇ ਦੇ ਦੋਸ਼ੀਆਂ ਉੱਪਰ ਮੁਕੱਦਮੇਬਾਜ਼ੀ ਸ਼ੁਰੂ ਹੋ ਗਈ।

ਲੋਪੋਕੇ ਸਣੇ ਜਿਨ੍ਹਾਂ ਬੰਦਿਆਂ ਦੇ ਨਾਂ ਇਸ ਕਤਲ 'ਚ ਸਾਹਮਣੇ ਆਏ, ਉਨ੍ਹਾਂ ਸਾਰਿਆਂ ਖ਼ਿਲਾਫ਼ ਪਹਿਲਾਂ ਹੀ ਹੋਰ ਫ਼ੌਜਦਾਰੀ ਪਰਚੇ ਦਰਜ ਸਨ ਜੋ ਉਨ੍ਹਾਂ ਦੇ ਮੁਜਰਮਾਨਾ ਪਿਛੋਕੜ ਦਾ ਪ੍ਰਤੱਖ ਪ੍ਰਮਾਣ ਸਨ। ਇਨ੍ਹਾਂ ਵਿਚ ਲੋਪੋਕੇ ਦਾ ਦਾਮਾਦ ਥਾਣੇਦਾਰ ਰਛਪਾਲ ਸਿੰਘ ਬਾਬਾ (ਜੋ ਇਸ ਭੋਂਇ ਮਾਫ਼ੀਆ ਦਾ ਅਨਿੱਖੜ ਹਿੱਸਾ ਹੈ) ਵੀ ਸ਼ਾਮਲ ਸੀ ਜਿਸ ਉੱਪਰ ਕਿਸਾਨ ਸੁੱਖਾ ਸਿੰਘ ਨੂੰ ਪੁਲਿਸ ਹਿਰਾਸਤ ਵਿਚ ਕੁੱਟ ਕੁੱਟ ਕੇ ਮਾਰ ਦੇਣ ਦਾ ਮੁਕੱਦਮਾ ਪਹਿਲਾਂ ਹੀ ਦਰਜ ਹੋ ਚੁੱਕਾ ਸੀ। ਦਰਅਸਲ ਸਾਧੂ ਸਿੰਘ ਤਖਤੂਪੁਰਾ ਦੀ ਅਗਵਾਈ ਹੇਠ ਕਿਸਾਨ ਜਥੇਬੰਦੀ ਇਸ ਕਾਤਲ ਥਾਣੇਦਾਰ ਨੂੰ ਗ੍ਰਿਫ਼ਤਾਰ ਕਰਾਉਣ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਵਾਲੇ ਭੋਂਇ ਮਾਫ਼ੀਏ ਵਿਰੁੱਧ ਹੀ ਲਾਮਬੰਦੀ ਕਰ ਰਹੀ ਸੀ। ਸਰਕਾਰ ਨੇ ਲੋਪੋਕੇ ਨੂੰ ਕਲੀਨ ਚਿੱਟ ਦੇ ਕੇ ਸਾਫ਼ ਸਿਆਸੀ ਸੰਕੇਤ ਦੇ ਦਿੱਤਾ ਕਿ ਉਨ੍ਹਾਂ ਦੀ ਰਾਜਸੀ ਛਤਰੀ ਹੇਠ ਗ਼ਰੀਬ ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਵਾਲਿਆਂ ਅਤੇ ਇਸ ਖ਼ਾਤਰ ਅਜਿਹੇ ਕਤਲ ਕਰਨ ਵਾਲਿਆਂ ਨੂੰ ਤੱਤੀ ਵਾਅ ਵੀ ਨਹੀਂ ਲੱਗੇਗੀ!

ਹੁਣ 14 ਜਨਵਰੀ, 2013 ਨੂੰ ਇਸ ਕਤਲ ਕੇਸ 'ਚ ਸ਼ਾਮਲ ਮੁਜਰਮ ਸੰਦੀਪ ਸਿੰਘ ਨੇ ਟਰਾਇਲ ਅਦਾਲਤ 'ਚ ਜੋ ਦਰਖ਼ਾਸਤਨੁਮਾ ਇਕਬਾਲੀਆ ਬਿਆਨ ਦਿੱਤਾ ਹੈ, ਉਸ ਨੇ ਬੀਰ ਸਿੰਘ ਲੋਪੋਕੇ ਦੀ ਕਤਲ 'ਚ ਮੁੱਖ ਭੂਮਿਕਾ 'ਤੇ ਮੋਹਰ ਲਾ ਕੇ ਪੂਰੀ ਸਾਜ਼ਿਸ਼ ਤੋਂ ਪਰਦਾ ਚੁੱਕ ਦਿੱਤਾ ਹੈ। ਇਸ ਨੇ ਹੁਕਮਰਾਨ ਧਿਰ ਦੀ ਭੂਮਿਕਾ ਵੀ ਕਟਹਿਰੇ 'ਚ ਖੜ੍ਹੀ ਕਰ ਦਿੱਤੀ ਹੈ। ਉਸ ਨੇ ਆਪਣੇ ਬਿਆਨ ਵਿਚ ਸਪਸ਼ਟ ਕਿਹਾ ਹੈ ਕਿ ਉਹ "ਸਾਬਕਾ ਐੱਮ.ਐੱਲ.ਏ. ਬੀਰ ਸਿੰਘ ਲੋਪੋਕੇ...ਅਤੇ ਰਛਪਾਲ ਸਿੰਘ ਬਾਬਾ ਦਾ ਭਾਰੀ ਵਿਸ਼ਵਾਸਪਾਤਰ ਅਤੇ ਬਹੁਤ ਹੀ ਨਜ਼ਦੀਕੀ ਰਿਹਾ ਹੈ ਜਿਨ੍ਹਾਂ ਉੱਪਰ ਐੱਫ.ਆਈ.ਆਰ. ਵਿਚ ਸ਼ਿਕਾਇਤ ਕਰਤਾ ਧਿਰ ਨੇ ਇਸ ਮਾਮਲੇ 'ਚ ਸ਼ਾਮਲ ਹੋਣ ਦਾ ਦੋਸ਼ ਲਾਇਆ ਹੈ।"

### ਇੰਜ ਦਿੱਤਾ ਸੀ ਕਤਲ ਨੂੰ ਅੰਜ਼ਾਮ

...ਜਨਵਰੀ 2010 ਤੋਂ ਲੈ ਕੇ (ਉਹ) ਉਨ੍ਹਾਂ ਵੱਖ-ਵੱਖ ਮੌਕਿਆਂ 'ਤੇ ਮੌਜੂਦ ਸੀ ਜਦੋਂ ਬੀਰ ਸਿੰਘ ਲੋਪੋਕੇ, ਰਛਪਾਲ ਸਿੰਘ ਬਾਬਾ, ਸਰਬਜੀਤ ਸਿੰਘ ਲੋਧੀ ਗੁੱਜਰ, ਕੁਲਵਿੰਦਰ ਸਿੰਘ ਸੌਰੀਆਂ, ਰਣਧੀਰ ਸਿੰਘ ਰਾਣਾ, ਡਾ. ਸਰਬਜੀਤ ਸਿੰਘ ਆਦਿ ਨੇ ਸਾਧੂ ਸਿੰਘ ਤਖਤੂਪੁਰਾ ਦੇ ਕਤਲ ਦੀ ਸਾਜ਼ਿਸ਼ ਘੜੀ, ਅਤੇ ਇਸ ਨੂੰ ਅੰਜ਼ਾਮ ਦੇਣ ਦੀਆਂ ਵਿਉਂਤਾਂ ਬਣਾਈਆਂ। 16.02.2010 ਨੂੰ ਵੀ ਉਹ ਪਿੰਡ ਲੋਪੋਕੇ 'ਚ ਵੀਰ ਸਿੰਘ ਲੋਪੋਕੇ ਦੇ ਘਰ ਮੌਜੂਦ ਸੀ, ਜਦੋਂ ਉਸ, ਰਛਪਾਲ ਸਿੰਘ ਬਾਬਾ, ਕੁਲਵਿੰਦਰ ਸਿੰਘ ਸੌਰੀਆਂ, ਸਰਬਜੀਤ ਸਿੰਘ ਲੋਧੀ ਗੁੱਜਰ, ਰਣਧੀਰ ਸਿੰਘ ਰਾਣਾ ਵਗੈਰਾ ਨੇ ਉਸ ਨੂੰ ਤੇ ਹੋਰ ਦੋਸ਼ੀਆਂ ਨੂੰ ਇਸ ਲਈ ਪ੍ਰੇਰਿਆ, ਜਿਨ੍ਹਾਂ ਨੂੰ ਉਪਰੋਕਤ ਵਿਅਕਤੀਆਂ ਨੇ ਇਹ ਜਾਣਕਾਰੀ ਮਿਲਣ ਤੋਂ ਬਾਅਦ ਉਥੇ ਇਕੱਠੇ ਕੀਤਾ ਸੀ ਕਿ ਸਾਧੂ ਸਿੰਘ ਤਖਤੂਪੁਰਾ 17.02.2010 ਨੂੰ ਅਜਨਾਲਾ ਵਿਖੇ ਦਿੱਤੇ ਜਾਣ ਵਾਲੇ ਧਰਨੇ ਲਈ ਲੋਕਾਂ ਨੂੰ ਲਾਮਬੰਦ ਕਰ ਰਿਹਾ ਹੈ ਜਿਸ ਦੀ ਮੰਗ ਰਛਪਾਲ ਸਿੰਘ ਬਾਬਾ ਨੂੰ ਗ੍ਰਿਫ਼ਤਾਰ ਕਰਨ ਦੀ ਸੀ ਜੋ ਬੀਰ ਸਿੰਘ ਲੋਪੋਕੇ ਦਾ ਨਜ਼ਦੀਕੀ ਰਿਸ਼ਤੇਦਾਰ ਹੈ।

ਉਨ੍ਹਾਂ ਨੂੰ ਕਿਹਾ ਗਿਆ ਕਿ ਸਾਧੂ ਸਿੰਘ ਤਖਤੂਪੁਰਾ ਦਾ ਪਿੱਛਾ ਕਰ ਕੇ ਉਸ ਨੂੰ ਕਤਲ ਕਰ ਦਿਉ। ਇਸ ਯੋਜਨਾ ਨੂੰ ਅਮਲ 'ਚ ਲਿਆਉਂਦਿਆਂ ਉਸੇ ਦਿਨ ਸਾਧੂ ਸਿੰਘ ਤਖਤੂਪੁਰਾ ਨੂੰ ਕਤਲ ਕਰ ਦਿੱਤਾ ਗਿਆ। ਉਹ ਉਸ ਵਕਤ ਉੱਥੇ ਮੌਜੂਦ ਸੀ ਜਦੋਂ ਰਣਧੀਰ ਸਿੰਘ ਰਾਣਾ, ਡਾ. ਸ਼ਰਨਜੀਤ ਸਿੰਘ, ਤੇਜਿੰਦਰ ਸਿੰਘ ਕਾਲਾ ਉਰਫ਼ ਜਤਿੰਦਰ ਸਿੰਘ ਅਤੇ ਹੋਰਨਾਂ ਨੇ ਸਾਧੂ ਸਿੰਘ ਤਖਤੂਪੁਰਾ ਤੇ ਉਸ ਦੇ ਨਾਲ ਦਿਆਂ ਉੱਪਰ 16.02.2010 ਨੂੰ ਪਿੰਡ ਘੋਗਾ ਨੇੜੇ ਧੁਸੀ ਬੰਨ੍ਹ ਉੱਪਰ ਹਮਲਾ ਕਰ ਕੇ ਸਾਧੂ ਸਿੰਘ ਤਖਤੂਪੁਰਾ ਨੂੰ ਕਤਲ ਕਰ ਦਿੱਤਾ ਅਤੇ ਉਸ ਦੇ ਨਾਲ ਦਿਆਂ ਨੂੰ ਫੱਟੜ ਕਰ ਦਿੱਤਾ...।

ਉਸ ਦਾ ਵਾਅਦਾ ਮੁਆਫ਼ ਬਣਨ ਦਾ ਇਰਾਦਾ ਕਿਉਂ ਬਣਿਆ, ਇਸ ਦਾ ਸਪਸ਼ਟੀਕਰਨ ਉਸ ਨੇ ਇਸ ਤਰ੍ਹਾਂ ਦਿੱਤਾ ਹੈ: "...ਮਰਹੂਮ ਸਾਧੂ ਸਿੰਘ ਤਖਤੂਪੁਰਾ ਨੇਕ ਇਨਸਾਨ ਸੀ ਜੋ ਇਲਾਕੇ ਵਿਚ ਜ਼ਮੀਨਾਂ ਹਥਿਆਉਣ ਵਾਲਿਆਂ ਤੋਂ ਗ਼ਰੀਬ ਕਿਸਾਨਾਂ ਨੂੰ ਬਚਾਉਣ ਲਈ ਅਣਥੱਕ ਸੰਘਰਸ਼ ਕਰ ਰਿਹਾ ਸੀ। ਉਸ ਨਾਲ ਵਿਆਪਕ ਹਮਦਰਦੀ ਦੀ ਲਹਿਰ ਉੱਠੀ ਅਤੇ ਉਸ ਦੇ ਕਤਲ ਦੀ ਵਿਆਪਕ ਨਿਖੇਧੀ ਹੋਈ ਹੈ। ਮੈਂ ਕਿਉਂਕਿ ਸਾਧੂ ਸਿੰਘ ਤਖਤੂਪੁਰਾ ਦੇ ਕਤਲ ਵਿਚ ਸ਼ਾਮਲ ਸੀ, ਇਸ ਕਾਰਨ ਵੱਡੀ ਤਾਦਾਦ 'ਚ ਲੋਕਾਂ ਵਲੋਂ ਕੀਤੀ ਨਿਖੇਧੀ ਅਤੇ ਪਾਈ ਫਿੱਟ-ਲਾਹਣਤ ਮੇਰੀ ਜ਼ਮੀਰ ਨੂੰ ਡੂੰਘੇ ਰੂਪ 'ਚ ਝੰਜੋੜਦੀ ਰਹੀ ਹੈ। ਇਸ ਮਾਮਲੇ 'ਚ ਆਪਣੀ ਭੂਮਿਕਾ ਤੇ ਜ਼ਿੰਮੇਵਾਰੀ ਬਾਰੇ ਮਨ 'ਚ ਵਿਚਾਰ ਕਰਦਿਆਂ, ਮੈਂ ਐਨਾ ਪ੍ਰੇਸ਼ਾਨ ਰਿਹਾ ਹਾਂ ਕਿ ਬਹੁਤ ਸਾਰੀਆਂ ਰਾਤਾਂ ਮੈਂ ਜਾਗ ਕੇ ਕੱਟੀਆਂ ਤੇ ਸੌਂ ਨਹੀਂ ਸਕਿਆ। ਸਹਿਜੇ-ਸਹਿਜੇ ਮੈਂ ਇਸ ਸਿੱਟੇ 'ਤੇ ਪੁੱਜਿਆ ਹਾਂ ਕਿ ਮੌਜੂਦਾ ਮੋੜ 'ਤੇ ਖ਼ਾਮੋਸ਼ ਰਹਿ ਕੇ ਉਨ੍ਹਾਂ ਕੁਝ ਦੋਸ਼ੀਆਂ ਦੇ ਸਾਫ਼ ਬਚ ਜਾਣ ਦੀ ਇਜਾਜ਼ਤ ਦੇਣ ਦਾ ਸਿੱਟਾ ਇਨਸਾਫ਼ ਨਾ ਮਿਲਣ 'ਚ ਨਿਕਲੇਗਾ, ਜਿਨ੍ਹਾਂ ਨੇ ਸਾਧੂ ਸਿੰਘ ਤਖਤੂਪੁਰਾ ਦੇ ਕਤਲ ਦੀ ਸਾਜ਼ਿਸ਼ ਰਚਣ, ਇਸ ਦੀ ਗੋਂਦ ਗੁੰਦਣ ਅਤੇ ਇਸ ਨੂੰ ਅੰਜ਼ਾਮ ਦੇਣ 'ਚ ਅਹਿਮ ਭੂਮਿਕਾ ਨਿਭਾਈ ਸੀ; ਕਿਉਂਕਿ ਉਹ ਗ਼ਰੀਬ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਵਾਲਿਆਂ ਦੇ ਚੰਦਰੇ ਮਨਸੂਬਿਆਂ ਲਈ ਗੰਭੀਰ ਖ਼ਤਰਾ ਬਣ ਗਿਆ ਸੀ। ਜੇ ਅਜਿਹਾ ਹੋ ਜਾਂਦਾ ਹੈ ਤਾਂ ਮੇਰੀ ਆਤਮਾ ਹਮੇਸ਼ਾ ਲਈ ਦਾਗ਼ੀ ਹੋ ਜਾਵੇਗੀ ਅਤੇ ਮੈਂ ਬਾਕੀ ਜ਼ਿੰਦਗੀ ਗੁਨਾਹ ਦਾ ਬੋਝ ਢੋਣ ਲਈ ਸਰਾਪਿਆ ਜਾਵਾਂਗਾ"।

ਸੰਦੀਪ ਸਿੰਘ ਦੇ ਵਾਅਦਾ ਮੁਆਫ਼ ਬਣਨ ਦੀ ਪੇਸ਼ਕਸ਼ ਅਤੇ ਕਤਲ ਦੀ ਪੂਰੀ ਸਾਜ਼ਿਸ਼ ਤੋਂ ਪਰਦਾ ਚੁੱਕ ਦੇਣ ਨੇ ਚਸ਼ਮਦੀਦ ਗਵਾਹਾਂ ਤੇ ਕਿਸਾਨ ਜਥੇਬੰਦੀਆਂ ਦਾ ਪੱਖ ਮਜ਼ਬੂਤ ਕਰ ਦਿੱਤਾ ਹੈ, ਪਰ ਬੀਰ ਸਿੰਘ ਲੋਪੋਕੇ ਨੂੰ ਬਚਾਉਣ ਲਈ ਹਰ ਹਰਬਾ ਵਰਤਣ ਵਾਲੀ ਹਕੂਮਤ ਕੀ ਅਦਾਲਤੀ ਮਾਮਲੇ ਨੂੰ ਨਿਰਵਿਘਨ ਚੱਲਣ ਦੀ ਇਜਾਜ਼ਤ ਦੇਵੇਗੀ? ਕੀ ਲੋਪੋਕੇ ਵਰਗੇ ਸਰਕਾਰੇ-ਦਰਬਾਰੇ ਵੱਡੀ ਪੁੱਗਤ ਵਾਲੇ ਮੁਜਰਮ ਇਸ ਨੂੰ ਬਰਦਾਸ਼ਤ ਕਰਨਗੇ? ਕੀ ਅਦਾਲਤ ਇਸ ਵਾਅਦਾ ਮੁਆਫ਼ ਗਵਾਹ ਦੀ ਸੁਰੱਖਿਆ ਯਕੀਨੀ ਬਣਾਏਗੀ? ਕੀ ਅਦਾਲਤ ਪਾਰਦਰਸ਼ੀ ਢੰਗ ਨਾਲ ਕੰਮ ਕਰਦਿਆਂ ਮੁੱਖ ਦੋਸ਼ੀ ਨੂੰ ਮੁਕੱਦਮੇ 'ਚ ਸ਼ਾਮਲ ਕਰੇਗੀ? ਜੇ ਉਸ ਨੂੰ ਮੁਕੱਦਮੇ 'ਚ ਸ਼ਾਮਲ ਕਰ ਵੀ ਲਿਆ ਜਾਂਦਾ ਹੈ, ਕੀ ਉਸ ਨੂੰ ਬਣਦੀ ਸਜ਼ਾ ਮਿਲੇਗੀ?

ਭਾਰਤ ਦੀ ਨਿਆਂ ਪ੍ਰਣਾਲੀ ਜਿੰਨੇ ਸਿਆਸੀ ਦਬਾਅ ਹੇਠ ਕੰਮ ਕਰ ਰਹੀ ਹੈ, ਇਸ ਵਿਚ ਭ੍ਰਿਸ਼ਟਾਚਾਰ ਦਾ ਜਿੰਨਾ ਬੋਲਬਾਲਾ ਹੈ ਜਿਸ ਬਾਰੇ ਮੁਲਕ ਦੀ ਸਰਵ-ਉੱਚ ਅਦਾਲਤ ਦੇ ਜੱਜ ਹੀ ਕਿੰਨੀ ਵਾਰ ਚਿੰਤਾ ਜ਼ਾਹਿਰ ਕਰ ਚੁੱਕੇ ਹਨ, ਉਸ ਨੂੰ ਦੇਖਦਿਆਂ ਇਸ ਦੀ ਉਮੀਦ ਬਹੁਤ ਘੱਟ ਹੈ। ਦਿੱਲੀ ਵਿਚ ਸਿੱਖਾਂ ਦਾ ਘਾਣ ਕਰਨ ਵਾਲੇ ਸਿਆਸੀ ਗੁੰਡਿਆਂ ਵਿਚੋਂ ਕਿੰਨਿਆਂ ਨੂੰ ਅਦਾਲਤਾਂ ਨੇ ਬਣਦੀ ਸਜ਼ਾ ਦਿੱਤੀ ਹੈ? ਛੱਤੀਸਗੜ੍ਹ ਦੇ ਜਾਨਦਾਰ ਮਜ਼ਦੂਰ ਆਗੂ ਸ਼ੰਕਰ ਗੁਹਾ ਨਿਓਗੀ ਦੇ ਅਸਲ ਕਾਤਲ ਆਖ਼ਿਰ ਸਰਵਉੱਚ ਅਦਾਲਤ 'ਚ ਜਾ ਕੇ ਬਰੀ ਹੋ ਹੀ ਗਏ!

ਇਸ ਨੂੰ ਪੰਜਾਬ 'ਚ ਰਾਜ-ਤੰਤਰ ਦੀ ਕਾਰਗੁਜ਼ਾਰੀ ਦੇ ਮੱਦੇਨਜ਼ਰ ਵੀ ਸਮਝਣ ਦੀ ਲੋੜ ਹੈ। ਫ਼ਰੀਦਕੋਟ ਦੇ ਸ਼ਰੁਤੀ ਅਗਵਾ ਮਾਮਲੇ ਦਾ ਮੁੱਖ ਦੋਸ਼ੀ ਨਿਸ਼ਾਨ ਸਿੰਘ ਜੇਲ੍ਹ 'ਚ ਬੈਠਾ ਮੁੱਖ ਗਵਾਹਾਂ ਨੂੰ ਮੋਬਾਈਲ ਫ਼ੋਨ ਉੱਪਰ ਧਮਕੀਆਂ ਦੇ ਰਿਹਾ ਹੈ। ਜੇਲ੍ਹ 'ਚ ਕੈਦੀਆਂ ਦੇ ਫ਼ੋਨ ਰੱਖਣ ਉੱਪਰ ਮੁਕੰਮਲ ਮਨਾਹੀ ਹੈ ਪਰ ਉਸ ਨੂੰ ਸਰੇਆਮ ਫ਼ੋਨ ਰੱਖਣ ਦੀ ਖੁੱਲ੍ਹ ਕਿਵੇਂ ਮਿਲ ਗਈ? ਇਨ੍ਹਾਂ ਹਾਲਾਤ 'ਚ ਅਵਾਮ ਲਈ ਆਪਣੀ ਸੁਰੱਖਿਆ ਦੀ ਉਮੀਦ ਰਾਜ-ਤੰਤਰ ਤੋਂ ਨਾ ਕਰਨ ਅਤੇ ਆਪਣੀਆਂ ਜਮਹੂਰੀ ਜਥੇਬੰਦੀਆਂ ਨੂੰ ਮਜ਼ਬੂਤ ਕਰਦੇ ਹੋਏ ਜ਼ੋਰਦਾਰ ਦਬਾਅ ਬਣਾ ਕੇ ਰਾਜ-ਤੰਤਰ ਨੂੰ ਸੱਚ ਸੁਣਨ ਲਈ ਮਜਬੂਰ ਕਰਨ ਦਾ ਸਵਾਲ ਵੱਧ ਅਹਿਮ ਬਣ ਗਿਆ ਹੈ। ਇਹ ਕਿਉਂਕਿ ਮਹਿਜ਼ ਇਕ ਕਾਤਲ ਨੂੰ ਸਜ਼ਾ ਦਿਵਾਉਣ ਦਾ ਹੀ ਨਹੀਂ, ਸਗੋਂ ਅਵਾਮ ਦੇ ਹਿੱਤਾਂ ਦੀ ਰਾਖੀ ਅਤੇ ਉਨ੍ਹਾਂ ਲਈ ਇਨਸਾਫ਼ ਲੈਣ ਦਾ ਸਵਾਲ ਹੈ।

# ਅਮਨ, ਜੰਗ ਤੇ ਸੁਰੱਖਿਆ

## ਆਇਨਸਟਾਇਨ ਦੀ ਸੁਣੋ: ਜਾਗਰੂਕ ਲੋਕ ਮੌਤ ਦੀ ਥਾਂ ਜੀਵਨ ਲਈ ਕੰਮ ਕਰਨਗੇ...

***ਭਾਰਤ-ਪਾਕਿਸਤਾਨ ਦੇ ਸਬੰਧਾਂ ਬਾਰੇ ਕਸੂਰ ਤੋਂ ਪਾਕਿਸਤਾਨ ਦੀ ਕੌਮੀ ਅਸੈਂਬਲੀ ਦੇ ਸਾਬਕਾ ਨੁਮਾਇੰਦੇ ਚੌਧਰੀ ਮਨਜ਼ੂਰ ਅਹਿਮਦ ਨੇ 2003 ਵਿਚ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਬਾਬਤ ਕਿਹਾ ਸੀ, "ਸਾਡਾ ਮੌਜੂਦਾ ਅਮਨ ਜੰਗ ਤੋਂ ਸਿਰਫ਼ ਇੱਕ ਸ਼ਰਾਰਤ/ਸਾਜ਼ਿਸ਼/ਬੰਦੂਕ ਦੀ ਗੋਲੀ ਦੀ ਵਿੱਥ ਉਤੇ ਹੈ।***

ਗੋਲੀਬੰਦੀ ਦੀ ਉਲੰਘਣਾ ਅਤੇ ਭਾਰਤੀ ਫ਼ੌਜੀ ਦੇ ਸਿਰ ਕਲਮ ਕਰਨ ਦੇ ਹਾਦਸੇ ਨੇ ਇੱਕ ਵਾਰ ਮੁੜ ਭਾਰਤ-ਪਾਕਿਸਤਾਨ ਵਿਚ ਬੇਵਿਸਾਹੀ ਦਾ ਮਾਹੌਲ ਗਾੜ੍ਹਾ ਕਰ ਦਿੱਤਾ ਹੈ। ਟੈਲੀਵਿਜ਼ਨ ਪੇਸ਼ਕਾਰਾਂ, ਸਾਬਕਾ ਜਰਨੈਲਾਂ-ਕਰਨੈਲਾਂ, ਮੂਲਵਾਦੀਆਂ ਤੋਂ ਲੈ ਕੇ ਸਰਕਾਰ ਤੱਕ ਅਮਨ ਲਈ ਕੀਤੇ ਉਪਰਾਲਿਆਂ ਦੀ ਨਾਕਾਮਯਾਬੀ ਬਾਬਤ ਬਿਆਨਬਾਜ਼ੀ ਕਰ ਰਹੇ ਹਨ। ਸਖ਼ਤ ਕਦਮਾਂ ਤੋਂ ਯੁੱਧ ਤੱਕ ਦੀ ਵਕਾਲਤ ਕਰਨ ਵਾਲੇ ਹਰ ਸਵਾਲ ਕਰਨ ਵਾਲੇ ਨੂੰ ਗੱਦਾਰ ਕਰਾਰ ਦੇਣ ਲੱਗੇ ਹਨ। ਗੱਦਾਰ ਕਰਾਰ ਦਿੱਤੇ ਜਾਣ ਦਾ ਜੋਖਮ ਲੈਂਦੇ ਹੋਏ ਇਸ ਵੇਲੇ ਇਹ ਕਹਿਣਾ ਬਹੁਤ ਜ਼ਰੂਰੀ ਹੈ ਕਿ

**ਦਲਜੀਤ ਅਮੀ**
ਫੋਨ: 91-97811-21873

ਦੋਵਾਂ ਮੁਲਕਾਂ ਦੇ ਤਕਰੀਬਨ 140 ਕਰੋੜ ਲੋਕਾਂ ਦੀ ਹੋਣੀ ਦਾ ਫ਼ੈਸਲਾ 'ਭਾਵਨਾ ਦੇ ਦੌਰੇ' ਦੇ ਹਵਾਲੇ ਨਹੀਂ ਕੀਤਾ ਜਾ ਸਕਦਾ। ਹੇਮਰਾਜ ਦੀ ਬੇਸ਼ਕੀਮਤੀ ਜਾਨ ਜਾਣ ਦਾ ਸੋਗ ਉਸ ਦੇ ਬਾਕੀ ਮੁਲਕਵਾਸੀਆਂ ਦੀ ਜਾਨ ਜੋਖ਼ਮ ਵਿਚ ਪਾ ਕੇ ਨਹੀਂ ਮਨਾਇਆ ਜਾ ਸਕਦਾ। ਇਸ ਵੇਲੇ ਜ਼ਰੂਰੀ ਤਾਂ ਇਹ ਹੈ ਕਿ ਦੋਵੇਂ ਮੁਲਕ ਯਕੀਨੀ ਬਣਾਉਣ ਕਿ ਇਹ ਕਤਲ ਦੀ ਜਾਂਚ ਕੀਤੀ ਜਾਏ ਤੇ ਦੋਸ਼ੀ ਉੱਤੇ ਬਣਦੀ ਕਾਰਵਾਈ ਕੀਤੀ ਜਾਏ। ਉਸ ਦੇ ਕਤਲ ਲਈ ਕਸੂਰਵਾਰ ਤਾਕਤ ਦੀ ਚਿਰਕਾਲੀ ਵਿਉਂਤ ਸਿਰੇ ਚੜ੍ਹਨ ਤੋਂ ਰੋਕਣ ਲਈ ਜੰਗ ਦੀ ਥਾਂ ਅਮਨ ਦੇ ਰਾਹ ਦੀ ਚੋਣ ਕਰਨਾ ਜ਼ਰੂਰੀ ਹੈ। ਜੋ ਪਿਛਲੀਆਂ ਜੰਗਾਂ ਵਿਚ ਹਾਸਲ ਨਹੀਂ ਹੋ ਸਕਿਆ, ਉਸ ਨੂੰ ਇੱਕ ਹੋਰ ਜੰਗ ਰਾਹੀਂ ਕਿਵੇਂ ਹਾਸਲ ਕੀਤਾ ਜਾ ਸਕਦਾ ਹੈ ਭਲਾ? ਹੁਣ ਵਾਲੇ ਮਾਹੌਲ ਵਿਚ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਭਾਰਤ-ਪਾਕਿਸਤਾਨ ਕਿਸ ਤਰ੍ਹਾਂ ਦੇ ਖ਼ਦਸ਼ਿਆਂ ਨਾਲ ਦੋ-ਚਾਰ ਹੋ ਰਹੇ ਹਨ। ਗ਼ੁਰਬਤ, ਜ਼ਹਾਲਤ, ਅਤਿਵਾਦ, ਮੂਲਵਾਦ ਅਤੇ ਬਿਮਾਰੀਆਂ ਤੋਂ ਇਲਾਵਾ ਅਸੀਂ ਜੰਗ ਦੇ ਖ਼ਤਰੇ ਨਾਲ ਜੂਝ ਰਹੇ ਹਾਂ। ਇਸ ਲੇਖ ਦਾ ਉਦੇਸ਼ ਮੌਜੂਦਾ ਮਾਹੌਲ ਦੀਆਂ ਸਿਆਸੀ ਤੰਦਾਂ ਫਰੋਲਣ ਦੀ ਥਾਂ ਦੋਵਾਂ ਮੁਲਕਾਂ ਦੇ ਪਰਮਾਣੂ-ਜ਼ਖੀਰਿਆਂ ਤੋਂ ਲੈ ਕੇ ਜੰਗਾਂ ਦੇ ਅਰਥਚਾਰੇ ਦੀ ਨਜ਼ਰਸਾਨੀ ਕਰਨਾ ਹੈ।

ਗੱਲ ਵਿਗਿਆਨ ਦੇ ਨੁਕਸਾਨਾਂ ਦਾ ਜਾਇਜ਼ਾ ਲੈਣ ਲਈ ਹੋਵੇ ਜਾਂ ਨਵੀਆਂ ਸੰਭਾਵਨਾਵਾਂ ਤਲਾਸ਼ਣ ਦੀ, ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਹਾਦਸਿਆਂ ਦਾ ਜ਼ਿਕਰ ਅਟੱਲ ਹੈ। ਸਾਲਾਂ ਵਿਚ 62 ਸਾਲ ਪੁਰਾਣੇ ਹੋ ਚੁੱਕੇ ਇਹ ਹਾਦਸੇ ਮੌਜੂਦਾ ਅੰਨ੍ਹੀ ਦੇਸ਼ ਭਗਤੀ, ਫ਼ਿਰਕਾਪ੍ਰਸਤੀ ਅਤੇ 'ਅਤਿਵਾਦ ਖ਼ਿਲਾਫ਼ ਜੰਗ' ਦੇ ਦੌਰ ਵਿਚ ਕਦੇ ਵੀ ਕਿਸੇ ਦੂਜੀ ਥਾਂ ਵਾਪਰ ਸਕਦੇ ਹਨ। ਜਾਣਕਾਰਾਂ ਦਾ ਦਾਅਵਾ ਹੈ ਕਿ ਪਰਮਾਣੂ ਬੰਬਾਂ ਦੀ ਮੌਜੂਦਾ ਸਮਰੱਥਾ ਨਾਲ ਪੂਰੀ ਧਰਤੀ ਨੂੰ ਤੀਹ ਵਾਰ ਹੀਰੋਸ਼ੀਮਾ ਅਤੇ ਨਾਗਾਸਾਕੀ ਦੀ ਤਰਜ਼ ਉੱਤੇ ਤਬਾਹ ਕੀਤਾ ਜਾ ਸਕਦਾ ਹੈ। ਇਹ 'ਹਿਸਾਬੀ ਅਟੱਲਤਾ' ਹੈ। ਤਬਾਹੀ ਤੋਂ ਭਾਵ ਹਰ ਕਿਸਮ ਦਾ ਜੀਵਨ ਤਬਾਹ। ਪਸ਼ੂ, ਪੰਛੀ, ਦਰਖ਼ਤ ਅਤੇ ਮਨੁੱਖ ਆਪ। ਕੋਈ ਅੱਖੀਂ ਡਿੱਠਾ ਸੁਣਾਉਣ ਵਾਲਾ ਨਹੀਂ ਹੋਵੇਗਾ। ਨਾ ਬੰਬ ਬਣਾਉਣ ਵਾਲਾ ਨਾ ਚਲਾਉਣ ਵਾਲਾ। ਜੇ ਇੱਕੋ ਵਾਰ ਇਹ ਕੀਤਾ ਜਾ ਸਕਦਾ ਹੈ ਤਾਂ ਤੀਹ ਵਾਰ ਹੋਵੇ ਜਾਂ ਅਨੰਤ ਵਾਰ ਹੋਵੇ। ਦੂਜੀ ਵਾਰ ਦੀ ਸੰਭਾਵਨਾ ਨੂੰ ਵਿਗਿਆਨੀ ਤਾਂ ਪ੍ਰਾਪਤੀ ਵਜੋਂ ਗਿਣ ਸਕਦੇ ਹਨ, ਪਰ ਇਸ ਦੀ ਅਹਿਮੀਅਤ ਕਾਗ਼ਜ਼ੀ ਕਸਰਤ ਤੋਂ ਵੱਧ ਕੁਝ ਨਹੀਂ।

ਵਿਗਿਆਨੀ ਆਇਨਸਟਾਇਨ ਦਾ ਮੱਹਤਵਪੂਰਨ ਕਥਨ ਹੈ, "...ਸਾਡਾ ਵਿਸ਼ਵਾਸ ਹੈ ਕਿ ਜਾਗਰੂਕ ਲੋਕ ਮੌਤ ਦੀ ਥਾਂ ਜੀਵਨ ਲਈ ਕੰਮ ਕਰਨਗੇ। ਸੋ, ਵਿਗਿਆਨੀ ਭਾਈਚਾਰੇ ਦੀ ਪਹਿਲੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਲੋਕਾਂ ਨੂੰ ਪਰਮਾਣੂ ਊਰਜਾ ਅਤੇ ਇਸ ਦੇ ਸਮਾਜ ਉੱਤੇ ਪੈਣ ਵਾਲੇ ਅਸਰਾਂ ਤੋਂ ਜਾਣੂ ਕਰਵਾਈਏ। ਇਸ ਵਿਚ ਹੀ ਸਾਡੀ ਸੁਰੱਖਿਆ ਅਤੇ ਉਮੀਦ ਕਾਇਮ ਹੈ...।" ਮੌਜੂਦਾ ਮਾਹੌਲ ਵਿਚ ਭਾਰਤ-ਪਾਕਿਸਤਾਨ ਦੇ ਹਵਾਲੇ ਨਾਲ ਆਇਨਸਟਾਇਨ ਦੇ ਇਸ ਕਥਨ ਵਿਚਲੇ ਅਰਥਾਂ ਨੂੰ ਸਮਝਣਾ ਜ਼ਰੂਰੀ ਹੈ। ਹੀਰੋਸ਼ੀਮਾ-ਨਾਗਾਸਾਕੀ ਦੇ ਹਾਦਸਿਆਂ ਦੇ ਵੇਰਵੇ, ਅਸਰ ਅਤੇ ਮੌਜੂਦਾ ਹਾਲਾਤ ਨੂੰ ਆਹਮੋ-ਸਾਹਮਣੇ ਰੱਖ ਕੇ ਸਚਾਈ ਆਪਣੇ ਆਪ ਉਘੜਦੀ ਹੈ।

ਛੇ ਅਗਸਤ 1945; ਸਥਾਨ ਜਪਾਨ ਦਾ ਸ਼ਹਿਰ ਹੀਰੋਸ਼ੀਮਾ। ਸਵੇਰੇ ਸਵਾ ਅੱਠ ਵਜੇ। ਜ਼ਿਆਦਾਤਰ ਲੋਕ ਆਪਣੇ ਕੰਮਾਂ ਨੂੰ ਜਾਣ ਲਈ ਸੜਕਾਂ ਉੱਤੇ ਹਨ। ਅਚਾਨਕ 580 ਮੀਟਰ ਦੀ ਉਚਾਈ ਤੋਂ ਦੁਨੀਆਂ ਵਿਚ ਪਹਿਲਾ ਪਰਮਾਣੂ ਬੰਬ ਸੁੱਟਿਆ ਗਿਆ। ਇਸ ਬੰਬ ਦੀ ਸਮਰੱਥਾ 15,000 ਟੀ.ਐਨ.ਟੀ. ਸੀ। ਬੇਕਾਬੂ ਵਿਸਫੋਟ ਕਾਰਨ ਸਕਿੰਟ ਤੋਂ ਵੀ ਘੱਟ ਸਮੇਂ ਵਿਚ ਤਕਰੀਬਨ 10,00,000 ਡਿਗਰੀ ਤਾਪਮਾਨ ਹੋ ਗਿਆ। ਅੰਨ੍ਹਾ ਕਰ ਦੇਣ ਵਾਲੀ ਰੋਸ਼ਨੀ ਹੋਈ। ਬੰਬ ਸੁੱਟਣ ਵਾਲੇ ਜਹਾਜ਼ ਦੇ ਪਾਇਲਟ ਨੇ ਸਾਥੀ ਪਾਇਲਟ ਨੂੰ ਕਿਹਾ, "ਓਹ ਰੱਬਾ! ਅਸੀਂ ਇਹ ਕੀ ਕਰ ਦਿੱਤਾ?" ਧਮਾਕੇ ਨਾਲ ਇੱਕ ਕਿਲੋਮੀਟਰ ਅਰਧ-ਵਿਆਸ ਵਾਲੇ ਘੇਰੇ ਵਿਚ ਸੁੰਗੜੀ ਹਵਾ ਜਦੋਂ ਲੋਹੇ ਦੇ ਭਾਰੇ ਦੁਰਮਟ ਦੇ ਰੂਪ ਵਿਚ ਧਰਤੀ ਉੱਤੇ ਵੱਜੀ ਤਾਂ ਇਸ ਦਾ ਤਾਪਮਾਨ 8000 ਡਿਗਰੀ ਸੀ। ਇਸ ਖੇਤਰ ਵਿਚ ਸਭ ਕੁਝ ਪਿਘਲ ਗਿਆ। ਕੁਝ ਪਲਾਂ ਵਿਚ 1,40,000 ਲੋਕ ਮਰ (ਮਾਰ ਦਿੱਤੇ) ਗਏ। ਇਸ ਖੇਤਰ ਨੂੰ ਗਰਾਊਂਡ ਜ਼ੀਰੋ ਕਿਹਾ ਜਾਂਦਾ ਹੈ। ਗਰਾਊਂਡ ਜ਼ੀਰੋ ਤੋਂ ਤੁਰੰਤ ਬਾਅਦ ਦੇ ਖੇਤਰ ਨੂੰ 'ਭਿਆਨਕ ਤਬਾਹੀ ਜ਼ੋਨ' ਕਿਹਾ ਜਾਂਦਾ ਹੈ। ਇਸ ਖੇਤਰ ਵਿਚ ਲੋਕਾਂ ਨੂੰ ਕੁਝ ਪਲਾਂ ਦੀ ਅਸਹਿ ਪੀੜ ਨਾਲ ਘੁਲਣਾ ਪਿਆ। ਇਨ੍ਹਾਂ ਲੋਕਾਂ ਨੇ ਪਹਿਲਾਂ ਆਪਣੇ ਕੱਪੜੇ ਅਤੇ ਫਿਰ ਚਮੜੀ ਜਲ਼ ਕੇ ਪਿਘਲਦੀ ਹੋਈ ਦੇਖੀ। ਰੇਡੀਓ ਐਕਟਿਵ ਕਿਰਨਾਂ ਨਾਲ ਹਰ ਕਿਸਮ ਦੇ ਬਿਜਲਈ ਯੰਤਰ ਬੇਕਾਰ ਹੋ ਗਏ। ਆਵਾਜਾਈ ਦੀ ਹਰ ਸਹੂਲਤ ਤਬਾਹ ਹੋ ਗਈ।

ਇਹ ਸਭ ਕੁਝ ਨੌਂ ਅਗਸਤ ਨੂੰ ਨਾਗਾਸਾਕੀ ਵਿਚ 70,000 ਲੋਕਾਂ ਨੂੰ ਮਾਰ ਕੇ ਦੁਹਰਾਇਆ ਗਿਆ। ਦੋਵਾਂ ਸ਼ਹਿਰਾਂ ਦੇ 45 ਹਸਪਤਾਲਾਂ ਵਿਚੋਂ 42 ਤਬਾਹ ਹੋ ਗਏ। ਤਿੰਨ ਸੌ ਡਾਕਟਰਾਂ ਵਿਚੋਂ ਸਿਰਫ਼ 28 ਡਾਕਟਰ ਜਿਉਂਦੇ ਸਨ। ਸਤਾਰਾਂ ਸੌ ਅੱਸੀ ਨਰਸਾਂ ਵਿਚੋਂ ਸੋਲਾਂ ਸੌ ਚੌਰਾਸੀ ਮਰ ਗਈਆਂ। ਇਸ ਹਾਦਸੇ ਦੇ ਹਰ 1500 ਗੰਭੀਰ ਜ਼ਖ਼ਮੀਆਂ ਦੀ ਦੇਖਭਾਲ ਲਈ ਮਸਾਂ ਇੱਕ ਡਾਕਟਰ ਬਚਿਆ। ਉਹ ਵੀ ਦਵਾਈਆਂ ਅਤੇ ਸਾਜ਼ੋ-ਸਮਾਨ ਤੋਂ ਨਿਹੱਥਾ। ਰੇਡੀਓ ਐਕਟਿਵ ਕਿਰਨਾਂ ਦੇ ਅਸਰ ਕਾਰਨ ਉਸ ਜਗ੍ਹਾ ਹੁਣ ਵੀ ਜਮਾਂਦਰੂ ਅਪੰਗ ਪੈਦਾ ਹੁੰਦੇ ਹਨ। ਬੰਬਾਂ ਤੋਂ ਤੁਰੰਤ ਬਾਅਦ ਖ਼ੂਨ ਦੇ ਕੈਂਸਰ ਅਤੇ ਚਮੜੀ ਦੇ ਰੋਗਾਂ ਤੋਂ ਪੀੜਤ ਲੋਕ ਕਿਵੇਂ-ਕਿਵੇਂ ਮਰੇ? ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਦਾ ਹੈ; ਬੰਬ ਸੁੱਟਣ ਵਾਲੇ ਜਹਾਜ਼ ਦਾ ਚਾਲਕ ਵੀ ਰੇਡੀਓ ਐਕਟਿਵ ਕਿਰਨਾਂ ਦੇ ਅਸਰ ਤੋਂ ਨਹੀਂ ਬਚਿਆ ਅਤੇ ਖ਼ੂਨ ਦੇ ਕੈਂਸਰ ਨਾਲ ਮਰਿਆ। ਇਨ੍ਹਾਂ ਰੇਡੀਓ ਐਕਟਿਵ ਕਿਰਨਾਂ ਦੇ ਅਸਰ ਕਾਰਨ ਬੰਬ ਪੀੜਤਾਂ ਨੂੰ ਬਾਹਰੋਂ ਕੋਈ ਸਿਹਤ ਸਹੂਲਤ ਨਹੀਂ ਪਹੁੰਚੀ। ਇਸ ਖੇਤਰ ਦੇ ਉਪਰੋਂ ਲੰਘੇ ਬੱਦਲ ਰੇਡੀਓ ਐਕਟਿਵ ਕਿਰਨਾਂ ਕਾਰਨ ਜਿਸ ਜਗ੍ਹਾ ਵੀ ਬਰਸਦੇ ਹਨ, ਚਮੜੀ ਦੇ ਰੋਗ ਫੈਲਾਉਂਦੇ ਹਨ।

ਪਰਮਾਣੂ ਬੰਬਾਂ ਨੂੰ ਜਦੋਂ ਹਮਲਾਵਰ ਹਥਿਆਰਾਂ ਵਜੋਂ ਪ੍ਰਚਾਰਦੇ ਹਨ ਤਾਂ ਇਨ੍ਹਾਂ ਦੇ ਆਤਮਘਾਤੀ ਪੱਖ ਲੁਕਾ ਲਏ ਜਾਂਦੇ ਹਨ। ਪਾਕਿਸਤਾਨ ਅਤੇ ਭਾਰਤ ਦੇ ਪਰਮਾਣੂ ਬੰਬ ਜ਼ਖੀਰਿਆਂ ਬਾਬਤ ਇੱਕ ਅਧਿਐਨ ਧਿਆਨ ਗੋਚਰਾ ਹੈ। ਚਾਰ ਵਿਗਿਆਨੀਆਂ (ਨੈਚੁਰਲ ਰਿਸੋਰਸਜ਼ ਡਿਫੈਂਸ ਕੌਂਸਲ, ਵਾਸ਼ਿੰਗਟਨ ਦੇ ਮੈਥਿਓ ਮੈਕੀਨਜ਼ੀ, ਪ੍ਰਿੰਸਟਨ ਯੂਨੀਵਰਸਿਟੀ ਦੇ ਜ਼ਿਆ ਮੀਆਂ ਤੇ ਐਮ.ਵੀ. ਰਾਮੰਨਾ ਅਤੇ ਕਾਇਦੇ-ਆਜ਼ਮ ਯੂਨੀਵਰਸਿਟੀ, ਇਸਲਾਮਾਬਾਦ ਦੇ ਏ.ਐਚ. ਨਈਅਰ) ਨੇ 'ਦੱਖਣੀ ਏਸ਼ੀਆ ਵਿਚ ਪਰਮਾਣੂ ਜੰਗ' ਨਾਂ ਦਾ ਪਰਚਾ ਲਿਖਿਆ ਹੈ। ਇਸ ਪਰਚੇ ਵਿਚ ਪਾਕਿਸਤਾਨ ਅਤੇ ਭਾਰਤ ਦੇ ਦਸ ਸ਼ਹਿਰਾਂ ਦਾ ਅਧਿਐਨ ਹੈ। ਪਰਚੇ ਮੁਤਾਬਕ ਬੰਬ ਸੁੱਟੇ ਜਾਣ ਦੀ ਹਾਲਤ ਵਿਚ ਬੰਗਲੌਰ ਵਿਚ 9,00,000; ਮੁੰਬਈ ਵਿਚ 11,83,000; ਕੋਲਕਾਤਾ ਵਿਚ 10,21,000; ਚੇਨਈ ਵਿਚ 10,09,000; ਦਿੱਲੀ ਵਿਚ 488,000; ਫੈਸਲਾਬਾਦ ਵਿਚ 8,84,000; ਇਸਲਾਮਾਬਾਦ ਵਿਚ 3,51,000; ਕਰਾਚੀ ਵਿਚ 6,50,000; ਲਾਹੌਰ ਵਿਚ 7,62,000; ਅਤੇ ਰਾਵਲਪਿੰਡੀ ਵਿਚ 5,02,000 ਮੌਤਾਂ ਫੌਰੀ ਹੋ ਜਾਣਗੀਆਂ। ਇਸ ਤੱਥ ਦੀ ਭਿਆਨਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਚੰਡੀਗੜ੍ਹ ਵਰਗਾ ਸ਼ਹਿਰ ਬੰਬ ਡਿਗਣ ਦੀ ਸੂਰਤ ਵਿਚ ਬਿਲਕੁਲ ਖ਼ਤਮ ਹੋ ਜਾਵੇਗਾ। ਉਪਰੋਕਤ ਤੱਥਾਂ ਨੂੰ ਇੱਕ ਰੂਸੀ ਵਿਗਿਆਨੀ ਨੇ ਇਸ ਆਧਾਰ ਉੱਤੇ ਚਣੌਤੀ ਦਿੱਤੀ ਹੈ ਕਿ ਵਸੋਂ ਸੰਘਣੀ ਹੋਣ ਕਾਰਨ ਮੌਤਾਂ ਦੀ ਗਿਣਤੀ ਵਧੇਰੇ ਹੋਵੇਗੀ। ਪਨਾਹਗੀਰਾਂ ਦਾ ਹੜ੍ਹ, ਖੰਡਰ ਸ਼ਹਿਰ, ਪ੍ਰਦੂਸ਼ਿਤ ਪਾਣੀ ਸਰੋਤ, ਖ਼ੂਨ ਦਾ ਕੈਂਸਰ ਅਤੇ ਹੋਰ ਢੇਰਾਂ ਅਲਾਮਤਾਂ ਪਲਾਂ ਵਿਚ ਸਾਡੇ ਸਾਹਮਣੇ ਆ ਖੜ੍ਹਨਗੇ। ਇਹ ਅਧਿਐਨ ਦਸ ਸਾਲ ਪੁਰਾਣਾ ਹੈ, ਇਸ ਤੋਂ ਬਾਅਦ ਵਸੋਂ ਸੰਘਣੀ ਹੋਈ ਹੈ; ਸੋ, ਪਰਮਾਣੂ ਬੰਬਾਂ ਦੀ ਮਾਰ ਇਸ ਅੰਦਾਜ਼ੇ ਤੋਂ ਕਿਤੇ ਵੱਧ ਹੋਵੇਗੀ।

ਦੱਖਣੀ ਏਸ਼ੀਆ ਵਿਚ ਹਵਾਵਾਂ ਦੇ ਸਾਲਾਨਾ ਰੁਝਾਨ ਦਾ ਅਧਿਐਨ ਕਰ ਕੇ ਇਹ ਜਾਣਨ ਦਾ ਉਪਰਾਲਾ ਹੋ ਰਿਹਾ ਹੈ ਕਿ ਭਾਰਤ ਦਾ ਸੁੱਟਿਆ ਬੰਬ ਭਾਰਤ ਲਈ ਕੀ ਕੀ ਅਤੇ ਪਾਕਿਸਤਾਨ ਦਾ ਸੁੱਟਿਆ ਬੰਬ ਪਾਕਿਸਤਾਨ ਲਈ ਕੀ ਕੀ ਅਲਾਮਤਾਂ ਲਿਆਵੇਗਾ? ਪੂਰਾ ਅੰਦਾਜ਼ਾ ਨਾ ਲੱਗਣ ਦੇ ਬਾਵਜੂਦ ਇਹ ਤੱਥ ਸਭ ਨੂੰ ਪ੍ਰਵਾਨਤ ਹੈ ਕਿ ਬੰਬ ਸੁੱਟਣ ਵਾਲਾ ਦੇਸ਼ ਆਪਣੇ ਸੁੱਟੇ ਬੰਬ ਦੀ ਮਾਰ ਤੋਂ ਨਹੀਂ ਬਚੇਗਾ।

ਭਾਰਤ-ਪਾਕਿਸਤਾਨ ਦੇ ਸਬੰਧਾਂ ਬਾਰੇ ਕਸੂਰ ਤੋਂ ਪਾਕਿਸਤਾਨ ਦੀ ਕੌਮੀ ਅਸੈਂਬਲੀ ਦੇ ਸਾਬਕਾ ਨੁਮਾਇੰਦੇ ਚੌਧਰੀ ਮਨਜ਼ੂਰ ਅਹਿਮਦ ਨੇ 2003 ਵਿਚ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਬਾਬਤ ਕਿਹਾ ਸੀ, "ਸਾਡਾ ਮੌਜੂਦਾ ਅਮਨ ਜੰਗ ਤੋਂ ਸਿਰਫ਼ ਇੱਕ ਸ਼ਰਾਰਤ/ਸਾਜ਼ਿਸ਼/ਬੰਦੂਕ ਦੀ ਗੋਲੀ ਦੀ ਵਿੱਥ ਉੱਤੇ ਹੈ। ਪਰਮਾਣੂ ਬੰਬਾਂ ਵਾਲੇ ਦੋਵੇਂ ਗਵਾਂਢੀ ਮੁਲਕ ਬਰੂਦ ਦੇ ਢੇਰ ਉੱਤੇ ਬੈਠੇ ਹਨ।" ਸਾਡੇ ਦੇਸ਼ਾਂ ਦੇ ਹੁਕਮਰਾਨਾਂ ਦਾ ਫ਼ਾਸ਼ੀਵਾਦੀ ਵਿਹਾਰ ਸਾਨੂੰ ਪਰਮਾਣੂ ਬੰਬ ਦੇ ਖ਼ਤਰੇ ਤੋਂ ਸਿਰਫ਼ ਪਲਾਂ ਦੇ ਫ਼ਾਸਲੇ ਉੱਤੇ ਲਈ ਖੜ੍ਹਾ ਹੈ। ਜ਼ਿਆਦਾਤਰ ਅਨਪੜ੍ਹ ਲੋਕਾਈ ਉੱਤੇ ਫ਼ਾਸ਼ੀਵਾਦੀ ਅਤੇ ਜਾਤਵਾਦੀ ਜਮਾਤ ਦਾ ਗ਼ਲਬਾ ਹਾਲਤ ਨੂੰ ਬਦ ਤੋਂ ਬਦਤਰ ਬਣਾਉਂਦਾ ਹੈ।

ਜੇ ਕੋਈ ਇਲਾਹੀ ਤਾਕਤ ਸਾਡੇ ਹੁਕਮਰਾਨਾਂ ਨੂੰ ਸੁਮੱਤ ਬਖਸ਼ੇ ਤਾਂ ਵੀ ਸਾਡੇ ਸਿਰ ਤੋਂ ਪਰਮਾਣੂ ਬੰਬ ਦਾ ਖ਼ਤਰਾ ਘਟ ਨਹੀਂ ਜਾਂਦਾ। ਪਾਕਿਸਤਾਨ ਅਤੇ ਭਾਰਤ ਦੀ ਭਗੋਲਿਕ ਨੇੜਤਾ, ਦੋਵਾਂ ਦੇਸ਼ਾਂ ਦਾ ਸੀਮਤ ਵਿਗਿਆਨ, ਨਾ ਭਰੋਸੇਯੋਗ ਸੂਚਨਾ ਸਾਧਨ ਅਤੇ ਸ਼ੱਕੀ ਖ਼ੁਫ਼ੀਆ ਏਜੰਸੀਆਂ ਕਦੇ ਵੀ ਕਿਸੇ ਪਰਮਾਣੂ ਹਾਦਸੇ ਦਾ ਕਾਰਨ ਬਣ ਸਕਦੀਆਂ ਹਨ। ਦੋ ਪਰਮਾਣੂ ਸ਼ਕਤੀਆਂ ਅਮਰੀਕਾ ਅਤੇ ਸਾਬਕਾ ਸੋਵੀਅਤ ਯੂਨੀਅਨ ਦਾ ਤਜਰਬਾ ਬਹੁਤ ਕੁਝ ਸਿਖਾਉਂਦਾ ਹੈ। ਦੋਵਾਂ ਦੇਸ਼ਾਂ ਦੇ ਵਿਕਸਿਤ ਸੂਚਨਾ ਯੰਤਰ ਅਤੇ 'ਭਰੋਸੇਯੋਗ' ਖ਼ੁਫ਼ੀਆ ਏਜੰਸੀਆਂ ਦੇ ਬਾਵਜੂਦ ਕਈ ਵਾਰ ਪਰਮਾਣੂ ਬੰਬ ਹਾਦਸੇ ਵਜੋਂ (ਸਿਰਫ਼ ਤਕਨੀਕੀ ਗ਼ਲਤੀਆਂ ਕਾਰਨ) ਚਲਦੇ-ਚਲਦੇ ਭੂਗੋਲਿਕ ਦੂਰੀ ਕਾਰਨ ਮਿਲੇ ਸਮੇਂ ਕਰ ਕੇ ਰੁਕ ਗਏ। ਇਨ੍ਹਾਂ ਦੋਵਾਂ ਦੇਸ਼ਾਂ ਦੀ ਭੂਗੋਲਿਕ ਦੂਰੀ ਤੈਅ ਕਰਨ ਲਈ ਪਰਮਾਣੂ ਅਸਤਰਾਂ ਨੂੰ ਕਰੀਬ 25 ਮਿੰਟ ਲੱਗ ਸਕਦੇ ਸਨ। ਇਨ੍ਹਾਂ 25 ਮਿੰਟਾਂ ਵਿਚੋਂ ਪਹਿਲੇ ਇੱਕ-ਡੇਢ ਮਿੰਟ ਵਿਚ ਹਮਲੇ ਦੀ ਸੂਚਨਾ ਦੂਜੇ ਮੁਲਕ ਨੂੰ ਮਿਲਦੀ ਸੀ। ਇਸ ਸੂਚਨਾ ਦੇ ਆਧਾਰ ਉੱਤੇ ਹਮਲੇ ਦੀ ਦਿਸ਼ਾ, ਨਿਸ਼ਾਨੇ ਅਤੇ ਹੋਰ ਤਕਨੀਕੀ ਜਾਣਕਾਰੀ ਅਗਲੇ ਦੋ ਤੋਂ ਢਾਈ ਮਿੰਟ ਵਿਚ ਮਿਲ ਸਕਦੀ ਸੀ। ਸਲਾਹਕਾਰਾਂ ਨਾਲ ਸਲਾਹ ਕਰ ਕੇ ਛੇ-ਸੱਤ ਮਿੰਟ ਵਿਚ ਤੈਅ ਹੋ ਸਕਦਾ ਹੈ ਕਿ ਕੀ ਪਰਮਾਣੂ ਹਮਲਾ ਸ਼ੁਰੂ ਹੋ ਚੁੱਕਿਆ ਹੈ? ਮੁੱਢਲੀ ਜਾਣਕਾਰੀ ਦੀ ਤਫ਼ਤੀਸ਼ ਤੇ ਤਸਦੀਕ ਲਈ ਸਮਾਂ ਹਾਲੇ ਵੀ ਬਚਦਾ ਹੈ। ਦੋਵਾਂ ਦੇਸ਼ਾਂ ਨੇ ਵੱਡੇ ਪੱਧਰ ਉੱਤੇ ਤਕਨੀਕੀ ਅਤੇ ਵਿੱਤੀ ਸੋਮੇ ਅਗੇਤੀ ਚਿਤਾਵਨੀ ਦੇਣ ਵਾਲੇ ਪ੍ਰਬੰਧ ਨੂੰ ਉਸਾਰਨ ਵਿਚ ਲੱਗੇ ਸਨ। ਇਹ ਵੀ ਕਿੰਨਾ ਭਰੋਸੇਯੋਗ ਸੀ? ਅਮਰੀਕਾ ਵਿਚ 1979 ਤੋਂ 1984 ਵਿਚਕਾਰ 20,000 ਵਾਰ ਮਿਜ਼ਾਇਲ ਹਮਲੇ ਦੀ ਸੂਚਨਾ ਮਿਲੀ। ਇੱਕ ਹਜ਼ਾਰ ਤੋਂ ਵੱਧ ਵਾਰ ਇਸ ਚਿਤਾਵਨੀ ਨੂੰ ਗੰਭੀਰਤਾ ਨਾਲ ਲੈਂਦਿਆਂ ਮੋੜਵੇਂ ਹਮਲੇ ਲਈ ਬੰਬ ਸੁੱਟਣ ਵਾਲੇ ਜਹਾਜ਼ਾਂ ਅਤੇ ਮਿਜ਼ਾਇਲਾਂ ਨੂੰ ਚੌਕੰਨਾ ਕਰ ਦਿੱਤਾ ਗਿਆ। ਭੂਗੋਲਿਕ ਦੂਰੀ ਕਾਰਨ ਮਿਲੇ ਸਮੇਂ ਦੇ ਨਤੀਜੇ ਵਜੋਂ ਦੂਜੇ ਦੇਸ਼ ਨੂੰ ਸੋਚਣ ਦਾ ਸਮਾਂ ਕਿਆਸੇ ਹਮਲੇ ਦੇ ਮੋੜਵੇਂ ਹਮਲੇ ਤੋਂ ਬਚਾਅ ਵਿਚ ਸਹਾਈ ਹੋਇਆ।

ਪਾਕਿਸਤਾਨ ਅਤੇ ਭਾਰਤ ਵਿਚ ਅਜਿਹਾ ਮੌਕਾ ਨਹੀਂ ਹੈ। ਭਾਰਤ ਦੀ 'ਪ੍ਰਿਥਵੀ' ਮਿਜ਼ਾਇਲ ਤਿੰਨ ਤੋਂ ਪੰਜ ਮਿੰਟ ਵਿਚ ਪਾਕਿਸਤਾਨ ਦੇ ਕਿਸੇ ਵੀ ਖੂੰਜੇ ਵਿਚ ਮਾਰ ਕਰ ਸਕਦੀ ਹੈ। ਪਾਕਿਸਤਾਨ ਦੀ 'ਗੌਰੀ' ਮਿਜ਼ਾਇਲ ਪੰਜ ਮਿੰਟ ਦੇ ਅੰਦਰ ਦਿੱਲੀ ਧਮਾਕਾ ਕਰ ਸਕਦੀ ਹੈ। ਹੁਣ ਤਾਂ ਇਸ ਤੋਂ ਵੀ ਘਾਤਕ ਮਿਜ਼ਾਇਲਾਂ ਦੋਵਾਂ ਮੁਲਕਾਂ ਕੋਲ ਹਨ। ਜੇ ਕਿਤੇ ਪਾਕਿਸਤਾਨ ਅਤੇ ਭਾਰਤ ਵਿਚਕਾਰ ਪਰਮਾਣੂ ਹਮਲੇ ਦਾ ਸਾਇਰਨ ਗ਼ਲਤੀ ਨਾਲ ਵੱਜ ਜਾਵੇ ਤਾਂ ਤਸਦੀਕ ਕਰਨ ਦਾ ਮੌਕਾ ਨਹੀਂ ਹੈ। ਕਿਸੇ ਕਿਆਸੇ ਪਰਮਾਣੂ ਹਮਲੇ ਦੀ ਸ਼ੰਕਾ ਪਰਮਾਣੂ ਹਮਲੇ ਦਾ ਕਾਰਨ ਬਣ ਸਕਦੀ ਹੈ। ਅੰਦਾਜ਼ਾ ਲਗਾਉਣਾ ਔਖਾ ਨਹੀਂ ਕਿ ਅਸੀਂ ਕਿੰਨੇ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਹੇ ਹਾਂ। ਪਰਮਾਣੂ ਬੰਬ ਦੀ ਹੋਂਦ ਦਾ ਸਮਾਜਿਕ ਪੱਖ ਵੀ ਹੈ। ਸਾਡੇ ਦੋਵਾਂ ਦੇਸ਼ਾਂ ਵਿਚ ਗ਼ੁਰਬਤ ਅਤੇ ਜ਼ਹਾਲਤ ਲਗਾਤਾਰ ਵਧ ਰਹੀ ਹੈ। ਗ਼ਰੀਬੀ ਅਤੇ ਸਾਖ਼ਰਤਾ ਹਟਾਉਣ ਲਈ ਕੀਤੇ ਵਾਅਦੇ ਲਗਾਤਾਰ ਭਵਿੱਖ ਉੱਤੇ ਟਾਲੇ ਗਏ। ਹੁਣ ਗ਼ਰੀਬੀ ਅਤੇ ਸਾਖ਼ਰਤਾ ਬਾਬਤ ਕੀਤੀ ਕੋਈ ਵੀ ਗੱਲ ਚੁਟਕਲਾ ਸਮਝ ਕੇ ਗੰਭੀਰਤਾ ਨਾਲ ਨਹੀਂ ਜਾਂਦੀ। ਇਨ੍ਹਾਂ ਬੰਬਾਂ ਲਈ ਸੋਮੇ ਕਿੱਥੋਂ ਆਏ ਹਨ?

ਕੁਝ ਵਿਗਿਆਨੀਆਂ ਨੇ ਪਰਮਾਣੂ ਬੰਬ ਬਣਾਉਣ ਦੇ ਨੁਕਸੇ ਕਿਤਾਬ ਵਿਚ ਛਾਪ ਦਿੱਤੇ। ਚਿੰਤਕਾਂ ਦੀ ਚਿੰਤਾ ਕਿ ਇਸ ਨਾਲ ਆਲਮੀ ਅਸੁਰੱਖਿਆ ਵਧ ਗਈ ਹੈ। ਹੁਣ ਹਰ ਕੋਈ ਬੰਬ ਬਣਾ ਲਵੇਗਾ। ਵਿਗਿਆਨੀਆਂ ਦਾ ਵਿਸ਼ਵਾਸ ਭਰਿਆ ਜੁਆਬ ਸੀ। 'ਇਸ ਬੰਬ ਨੂੰ ਕੋਈ ਆਪਣੇ ਨਾਗਰਿਕਾਂ ਦੇ ਸਰੋਤ ਲੁੱਟ ਕੇ ਹੀ ਬਣਾ ਸਕਦਾ ਹੈ। ਕੋਈ ਕੰਪਨੀ ਜਾਂ ਅਤਿਵਾਦੀ ਧੜਾ ਇਹ ਬੰਬ ਬਣਾਉਣ ਲਈ ਸਾਧਨ ਨਹੀਂ ਜੁਟਾ ਸਕਦਾ।' ਸਰਕਾਰਾਂ ਹੀ ਆਪਣੇ ਨਾਗਰਿਕਾਂ ਉੱਤੇ ਵਜ਼ਨ ਪਾ ਕੇ ਇਹ ਬੰਬ ਬਣਾ ਸਕਦੀਆਂ ਹਨ। ਇਸ ਕਾਰਨ ਹੀ ਸਰਕਾਰਾਂ ਬਹੁਤ ਸਾਰੇ ਤੱਥ ਲਕੋਂਦੀਆਂ ਹਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਦਾ ਭਾਰਤ ਦੇ ਪਹਿਲੇ ਪਰਮਾਣੂ ਪਰੀਖਣ ਤੋਂ ਬਾਅਦ ਦਿੱਤਾ ਬਿਆਨ ਧਿਆਨ ਗੋਚਰਾ ਹੈ, "ਬੇਸ਼ੱਕ ਸਾਨੂੰ ਘਾਹ ਖਾਣਾ ਪਵੇ ਜਾਂ ਭੁੱਖਾ ਮਰਨਾ ਪਵੇ, ਪਰ ਪਰਮਾਣੂ ਬੰਬ ਜ਼ਰੂਰ ਬਣਾਉਣਾ ਚਾਹੀਦਾ ਹੈ।" ਜੇ ਮੁਲਕ ਵਾਸੀਆਂ ਨੇ ਘਾਹ ਖਾਣਾ ਜਾਂ ਭੁੱਖਾ ਮਰਨਾ ਹੈ ਤਾਂ ਬੰਬ ਬਣਾਉਣ ਤੋਂ ਵੱਡੀ ਅਸੁਰੱਖਿਆ ਹੋਰ ਕੀ ਹੈ?

ਇਹ ਬੰਬ ਚੱਲਣ ਤੋਂ ਪਹਿਲਾਂ ਹੀ ਸਾਡੇ ਗ਼ੁਰਬਤ ਅਤੇ ਜ਼ਹਾਲਤ ਵਿਚ ਜੀਅ ਰਹੇ ਲੋਕਾਂ ਦੇ ਸਿਰ ਫ਼ਟ ਚੁੱਕੇ ਹਨ। ਭਾਰਤ ਅਤੇ ਪਾਕਿਸਤਾਨ ਆਪਣੇ ਬਜਟ ਦਾ ਕਰੀਬ 40 ਫ਼ੀਸਦੀ ਹਥਿਆਰਾਂ ਉੱਤੇ ਖ਼ਰਚ ਕਰਦੇ ਹਨ। ਭਾਰਤ ਆਪਣੇ ਬਜਟ ਦਾ 3 ਫ਼ੀਸਦੀ ਅਤੇ ਪਾਕਿਸਤਾਨ ਆਪਣੇ ਬਜਟ ਦਾ 4 ਫ਼ੀਸਦੀ ਸਿਹਤ ਅਤੇ ਸਿੱਖਿਆ ਉੱਤੇ ਖ਼ਰਚ ਕਰਦਾ ਹੈ। ਦੱਖਣੀ ਏਸ਼ੀਆ ਵਿਚ ਅੱਧੀ ਤੋਂ ਵਧੇਰੇ ਵਸੋਂ ਗ਼ਰੀਬੀ ਰੇਖਾ ਤੋਂ ਥੱਲੇ ਹੈ। ਇੱਕ ਤਿਹਾਈ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਅੱਧੀ ਵਸੋਂ ਦੀ ਜ਼ਰੂਰੀ ਦਵਾਈਆਂ ਤੱਕ ਪਹੁੰਚ ਨਹੀਂ। ਇਨ੍ਹਾਂ ਦੇਸ਼ਾਂ ਵਿਚ ਹਾਲੇ ਵੀ ਛੂਤ ਦੀਆਂ ਬਿਮਾਰੀਆਂ ਦੇ ਰੋਗੀ ਵੱਡੀ ਗਿਣਤੀ ਵਿਚ ਹਨ।

ਇਨ੍ਹਾਂ ਅੰਕੜਿਆਂ ਦਾ ਦੂਜਾ ਪਾਸਾ ਵੀ ਹੈ; ਦੁਨੀਆਂ ਵਿਚ ਹੁੰਦੇ ਹਥਿਆਰਾਂ ਉਪਰ ਜਿਨ੍ਹਾਂ ਖ਼ਰਚ ਇੱਕ ਘੰਟੇ ਵਿਚ ਹੁੰਦਾ ਹੈ, ਉਸ ਨਾਲ ਛੋਟੀ ਮਾਤਾ ਦੇ ਖ਼ਾਤਮੇ ਦਾ ਪ੍ਰੋਗਰਾਮ ਵੀਹ ਸਾਲ ਚੱਲ ਸਕਦਾ ਹੈ। ਅੱਧੇ ਦਿਨ ਦੇ ਖ਼ਰਚ ਨਾਲ ਪੂਰੀ ਦੁਨੀਆਂ ਦੇ ਬੱਚਿਆਂ ਦਾ ਟੀਕਾਕਰਨ ਹੋ ਸਕਦਾ ਹੈ। ਇੱਕ ਦਿਨ ਦੇ ਖ਼ਰਚ ਨਾਲ ਮਲੇਰੀਆ ਦਾ ਖ਼ਾਤਮਾ ਹੋ ਸਕਦਾ ਹੈ। ਤਿੰਨ ਹਫ਼ਤਿਆਂ ਦੇ ਖ਼ਰਚ ਨਾਲ ਸਾਰੇ ਸੰਸਾਰ ਦੇ ਬੱਚਿਆਂ ਲਈ ਮੁੱਢਲੀ ਸਿਹਤ ਸਹੂਲਤ ਅਤੇ ਇੱਕ ਹੋਰ ਹਫ਼ਤੇ ਦੇ ਖਰਚੇ ਨਾਲ ਇਨ੍ਹਾਂ ਦੀ ਮੁਢਲੀ ਖ਼ੁਰਾਕ ਦਾ ਬੰਦੋਬਸਤ ਹੋ ਸਕਦਾ ਹੈ। ਤਿੰਨ ਘੰਟਿਆਂ ਦੇ ਖ਼ਰਚ ਨਾਲ ਯੂ.ਐਨ.ਓ. ਦਾ ਸਾਲਾਨਾ ਬਜਟ ਨਿਕਲ ਆਉਂਦਾ ਹੈ।

'ਅਤਿਵਾਦ ਖ਼ਿਲਾਫ਼ ਜੰਗ' ਨੇ ਦੁਨੀਆ ਵਿਚ ਸ਼ੱਕ ਦਾ ਮਾਹੌਲ ਬਣਾ ਦਿੱਤਾ ਹੈ। ਅਫ਼ਗ਼ਾਨਿਸਤਾਨ ਅਤੇ ਇਰਾਕ ਦੀ ਤਬਾਹੀ ਤੋਂ ਬਾਅਦ ਇਰਾਨ ਉੱਤੇ ਵੱਧ ਰਿਹਾ ਦਬਾਅ ਸਾਨੂੰ ਵੱਡੇ ਖ਼ਤਰੇ ਦੇ ਮੂੰਹ ਉੱਤੇ ਲਈ ਖੜ੍ਹਾ ਹੈ। ਦੁਨੀਆਂ ਦਾ ਅਮਰੀਕਾ ਅਧੀਨ ਚੱਲ ਰਿਹਾ ਇਕ-ਪਾਸੜ ਨਿਜ਼ਾਮ ਸਾਡੇ ਸ਼ੰਸਿਆਂ ਵਿਚ ਭਾਰੀ ਵਾਧਾ ਕਰ ਰਿਹਾ ਹੈ। ਇਨ੍ਹਾਂ ਤੱਥਾਂ ਨਾਲ ਆਇਨਸਟਾਇਨ ਦੇ ਕਥਨ ਦੀ ਅਹਿਮੀਅਤ ਸਮਝ ਪੈਂਦੀ ਹੈ। ਮੌਜੂਦਾ ਦੌਰ ਵਿਚ ਇਹ ਕਥਨ ਹੋਰ ਵੀ ਅਹਿਮ ਹੋ ਗਿਆ ਹੈ। ਮੌਜੂਦਾ ਅੰਨ੍ਹੀ ਦੇਸ਼ਭਗਤੀ ਦੇ ਦੌਰ ਵਿਚ ਇਨ੍ਹਾਂ ਤੱਥਾਂ ਨੂੰ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਾ ਸਕਣਾ ਸ਼ਾਇਦ ਸਾਡੇ ਲਈ ਕੋਈ ਉਮੀਦ ਜਾਂ ਸੁਰੱਖਿਆ ਬਣ ਸਕੇਗਾ।

***ਵਿਗਿਆਨੀ ਆਇਨਸਟਾਇਨ ਦਾ ਮੱਹਤਵਪੂਰਨ ਕਥਨ ਹੈ, "...ਸਾਡਾ ਵਿਸ਼ਵਾਸ ਹੈ ਕਿ ਜਾਗਰੂਕ ਲੋਕ ਮੌਤ ਦੀ ਥਾਂ ਜੀਵਨ ਲਈ ਕੰਮ ਕਰਨਗੇ। ਸੋ, ਵਿਗਿਆਨੀ ਭਾਈਚਾਰੇ ਦੀ ਪਹਿਲੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਲੋਕਾਂ ਨੂੰ ਪਰਮਾਣੂ ਊਰਜਾ ਅਤੇ ਇਸ ਦੇ ਸਮਾਜ ਉੱਤੇ ਪੈਣ ਵਾਲੇ ਅਸਰਾਂ ਤੋਂ ਜਾਣੂ ਕਰਵਾਈਏ। ਇਸ ਵਿਚ ਹੀ ਸਾਡੀ ਸੁਰੱਖਿਆ ਅਤੇ ਉਮੀਦ ਕਾਇਮ ਹੈ...।" ਮੌਜੂਦਾ ਮਾਹੌਲ ਵਿਚ ਭਾਰਤ-ਪਾਕਿਸਤਾਨ ਦੇ ਹਵਾਲੇ ਨਾਲ ਆਇਨਸਟਾਇਨ ਦੇ ਇਸ ਕਥਨ ਵਿਚਲੇ ਅਰਥਾਂ ਨੂੰ ਸਮਝਣਾ ਜ਼ਰੂਰੀ ਹੈ। ਹੀਰੋਸ਼ੀਮਾ-ਨਾਗਾਸਾਕੀ ਦੇ ਹਾਦਸਿਆਂ ਦੇ ਵੇਰਵੇ, ਅਸਰ ਅਤੇ ਮੌਜੂਦਾ ਹਾਲਾਤ ਨੂੰ ਆਹਮੋ-ਸਾਹਮਣੇ ਰੱਖ ਕੇ ਸਚਾਈ ਆਪਣੇ ਆਪ ਉਘੜਦੀ ਹੈ...ਹੁਣ ਵਾਲੇ ਮਾਹੌਲ ਵਿਚ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਭਾਰਤ-ਪਾਕਿਸਤਾਨ ਕਿਸ ਤਰ੍ਹਾਂ ਦੇ ਖ਼ਦਸ਼ਿਆਂ ਨਾਲ ਦੋ-ਚਾਰ ਹੋ ਰਹੇ ਹਨ। ਗ਼ੁਰਬਤ, ਜ਼ਹਾਲਤ, ਅਤਿਵਾਦ, ਮੂਲਵਾਦ ਅਤੇ ਬਿਮਾਰੀਆਂ ਤੋਂ ਇਲਾਵਾ ਅਸੀਂ ਜੰਗ ਦੇ ਖ਼ਤਰੇ ਨਾਲ ਜੂਝ ਰਹੇ ਹਾਂ।***

# ਸਰਕਾਰ ਜੀ ਹਾਜ਼ਰ ਨੇ...'ਖਾਸਮਖਾਸ ਸੱਥਰਾਂ' 'ਤੇ

ਸੱਥਰ ਸ਼ਬਦ ਹੀ ਬੜਾ ਭੈੜਾ ਹੈ। ਕੋਈ ਨਹੀਂ ਚਾਹੁੰਦਾ ਕਿ ਰੰਗੀਂ ਭਾਗੀਂ ਵਸਦੇ ਘਰ 'ਚ ਸੱਥਰ ਵਿਛੇ। ਪਰ ਕੁਦਰਤ ਦਾ ਦਸਤੂਰ ਹੈ ਕਿ ਸਾਹਾਂ ਦੀ ਤੰਦ ਟੁੱਟਣੀ ਹੀ ਹੈ, ਅੱਜ, ਕੱਲ੍ਹ, ਪਰਸੋਂ, ਨਰਸੋਂ...ਕਦੇ ਵੀ। ਕੋਈ ਵੀ ਅਮਰ ਨਹੀਂ। ਅੱਜ ਮੇਰੀ ਵਾਰੀ, ਕੱਲ੍ਹ ਤੇਰੀ ਵਾਰੀ...ਕੋਈ ਨਹੀਂ ਜਾਣਦਾ ਕਿ ਕਦੋਂ ਕਿਸ ਘੜੀ ਇਸ ਜਹਾਨ ਤੋਂ ਸਦੀਵੀ ਵਿਛੋੜਾ ਪੈ ਜਾਵੇ।



ਜਿੰਨੀ ਸੱਚੀ ਮੌਤ

ਅਮਨਦੀਪ ਹਾਂਸ

ਹੈ, ਓਨਾ ਹੀ ਵੱਡਾ ਸੱਚ ਇਹ ਵੀ ਹੈ ਕਿ ਸਿਰਫ ਮੌਤ ਹੀ ਹੈ ਜੋ ਕਿਸੇ ਨਾਲ ਵਿਤਕਰਾ ਨਹੀਂ ਕਰਦੀ। ਕੋਈ ਵੱਡਾ-ਛੋਟਾ, ਅਮੀਰ-ਗ਼ਰੀਬ ਨਹੀਂ ਵੇਖਦੀ। ਪਰ ਹੈਰਾਨੀ ਹੋਈ ਇਹ ਜਾਣ ਕੇ ਕਿ ਸਾਡੇ-ਤੁਹਾਡੇ ਮਾਣਮੱਤੇ ਪੰਜਾਬ 'ਚ ਮੌਤ ਵਰਗੇ ਮੁੱਦੇ ਨੂੰ ਵੀ ਸਰਕਾਰ ਇਸ ਤਰ੍ਹਾਂ ਵਰਤ ਰਹੀ ਹੈ ਕਿ ਵਿਤਕਰਾ ਸਪੱਸ਼ਟ ਨਜ਼ਰੀਂ ਪੈ ਰਿਹਾ ਹੈ।

ਆਪਣੇ ਪਿਆਰਿਆਂ ਦੇ ਸਦੀਵੀ ਵਿਛੋੜੇ ਸਬੰਧੀ ਜਾਂ ਅੰਤਿਮ ਅਰਦਾਸ ਸਬੰਧੀ ਕਈ ਪਰਿਵਾਰ ਅਖ਼ਬਾਰਾਂ 'ਚ ਇਸ਼ਤਿਹਾਰ ਦਿੰਦੇ ਨੇ। ਇਸ ਦੇ ਦੋ ਕਾਰਨ ਸਮਝੇ ਜਾ ਸਕਦੇ ਨੇ-ਇਕ ਤਾਂ ਸਭ ਜਾਣੂਆਂ ਤੱਕ ਸ਼ੋਕ ਸੁਨੇਹਾ ਆਸਾਨੀ ਨਾਲ ਪੁੱਜ ਜਾਵੇਗਾ ਤੇ ਦੂਜਾ ਜਾਣੂਆਂ 'ਚ 'ਨੁੱਕ ਬੱਝਣ' ਵਾਲੀ ਮਾਨਸਿਕਤਾ ਵੀ ਇਸ ਵਰਤਾਰੇ ਪਿੱਛੇ ਕੰਮ ਕਰਦੀ ਸਮਝੀ ਜਾ ਸਕਦੀ ਹੈ। ਅਖ਼ਬਾਰਾਂ 'ਚ ਮਰਨਿਆਂ ਦੇ ਭੋਗਾਂ ਸਬੰਧੀ ਤੇ ਸ਼ਰਧਾਂਜਲੀ ਭੇਟ ਕਰਨ ਵਾਲੇ ਇਸ਼ਤਿਹਾਰਾਂ ਦਾ ਇਕ ਹੋਰ ਰੂਪ ਵੀ ਹੈ, ਜਿਸ ਨੂੰ ਅਖ਼ਬਾਰੀ ਭਾਸ਼ਾ 'ਚ 'ਸਪਲੀਮੈਂਟ' ਕਿਹਾ ਜਾਂਦਾ ਹੈ। ਪਰ ਇਹ ਸ਼ਰਧਾਂਜਲੀ ਸਪਲੀਮੈਂਟ ਕਰੀਮੀ ਲੇਅਰ 'ਚ ਆਉਂਦੇ ਪਰਿਵਾਰਾਂ ਦੇ ਜੀਆਂ ਦੇ ਮਰਨਿਆਂ ਨਾਲ ਸਬੰਧਤ ਹੁੰਦੇ ਨੇ। ਕਿਸੇ ਪਾਰਟੀ ਦੇ ਲੀਡਰ, ਸੀਨੀਅਰ ਵਰਕਰ, ਕੋਈ ਵੱਡਾ ਸਮਾਜ ਸੇਵੀ ਜਾਂ ਉੱਘੀ ਸ਼ਖ਼ਸੀਅਤ ਆਦਿ ਦੀ ਮੌਤ 'ਤੇ ਇਹ ਸਪਲੀਮੈਂਟ ਨਿਕਲਦੇ ਨੇ। ਸਬੰਧਤ ਅਖ਼ਬਾਰਾਂ ਤੇ ਸਪਲੀਮੈਂਟ ਕੱਢਣ ਵਾਲੇ ਪੱਤਰਕਾਰ ਵਾਹਵਾ ਕਮਾਈ ਕਰ ਲੈਂਦੇ ਨੇ। ਇਹ ਵੱਖਰਾ ਮੁੱਦਾ ਹੈ। ਇੱਥੇ ਛੋਹਿਆ ਜਾ ਰਿਹਾ ਮੁੱਦਾ ਇਹ ਹੈ ਮਰਨਿਆਂ ਨੂੰ ਵੀ ਮੌਜੂਦਾ ਸਰਕਾਰ 'ਵੋਟ ਬੈਂਕ' ਵਜੋਂ ਚਤੁਰਾਈ ਨਾਲ ਇਸ ਤਰ੍ਹਾਂ ਵਰਤ ਰਹੀ ਹੈ ਕਿ ਮੇਰੇ ਭੋਲੇ ਲੋਕਾਂ ਨੂੰ ਸਮਝ ਹੀ ਨਹੀਂ ਆਉਂਦੀ।

ਅਸਲ 'ਚ ਕੀ ਹੋ ਰਿਹਾ ਹੈ?

ਲਗਾਤਾਰ ਦੂਜੀ ਵਾਰ ਪੰਜਾਬ ਦੀ ਸੱਤਾ ਸਾਂਭਦਿਆਂ ਉਤਸ਼ਾਹਤ ਹੋਈ ਬਾਦਲ ਸਰਕਾਰ ਨੇ ਮਈ 2012 ਤੋਂ ਇਕ ਅਣਛੋਹਿਆ ਮੁੱਦਾ ਛੋਹ ਲਿਆ। ਆਮ ਲੋਕਾਂ ਨਾਲ ਨੇੜਤਾ ਵਧਾਉਣ ਦਾ ਆਸਾਨ ਤਰੀਕਾ ਕਿਸੇ ਨੇ ਸੁਝਾਅ ਦਿੱਤਾ ਤੇ ਉਸ 'ਤੇ ਝੱਟਪੱਟ ਅਮਲ ਹੋਇਆ। ਲੋਕ ਸੰਪਰਕ ਵਿਭਾਗ ਦੇ ਚੋਣਵੇਂ ਅਫਸਰਾਂ ਦੀ ਡਿਊਟੀ ਲਾਈ ਹੋਈ ਹੈ ਕਿ ਪੰਜਾਬ ਦੀਆਂ ਜਿੰਨੀਆਂ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ ਅਖ਼ਬਾਰਾਂ ਛਪਦੀਆਂ ਨੇ ਉਨ੍ਹਾਂ 'ਚ ਛਪਦੇ ਅੰਤਿਮ ਅਰਦਾਸਾਂ ਵਾਲੇ ਇਸ਼ਤਿਹਾਰਾਂ ਦੀ ਸੂਚੀ ਨਿੱਤ ਦਿਨ ਬਣੇ ਤੇ 'ਵੱਡੀ ਸਰਕਾਰ ਜੀ' ਵੱਲੋਂ ਇਨ੍ਹਾਂ ਦੇ ਪਤਿਆਂ 'ਤੇ ਸ਼ੋਕ ਸੁਨੇਹਾ ਘੱਲਿਆ ਜਾਵੇ, ਤਾਂ ਜੋ ਆਪਣੇ ਪਿਆਰਿਆਂ ਦੇ ਸਦੀਵੀ ਵਿਛੋੜੇ ਦਾ ਸੱਲ ਝੱਲ ਰਹੇ ਦੁਖੀ ਪਰਿਵਾਰਾਂ ਨੂੰ ਮਹਿਸੂਸ ਹੋ ਸਕੇ ਕਿ 'ਸਰਕਾਰ ਜੀ' ਵੀ ਉਨ੍ਹਾਂ ਦੇ ਦੁੱਖ 'ਚ ਬਰਾਬਰ ਸ਼ਰੀਕ ਹੋ ਰਹੇ ਨੇ।

ਸਿਆਣੇ ਆਂਹਦੇ ਨੇ ਕਿਸੇ ਦੀ ਖ਼ੁਸ਼ੀ 'ਚ ਸ਼ਰੀਕ ਹੋਣਾ ਭਾਵੇਂ ਖੁੰਝਾ ਦਿਓ, ਪਰ ਗ਼ਮੀ 'ਚ ਜ਼ਰੂਰ ਸ਼ਰੀਕ ਹੋਵੋ। ਸਰਕਾਰ ਜੀ ਦਾ ਇਹ ਕਾਰਜ ਨਿੰਦਿਆ ਨਹੀਂ ਜਾਣਾ ਚਾਹੀਦਾ, ਪਰ ਮੈਂ ਇਹ ਗ਼ੁਸਤਾਖ਼ੀ ਕਰਨ ਦੀ ਜੁਰਅਤ ਕਰ ਰਹੀ ਹਾਂ। ਇਸ ਦੇ ਕਈ ਕਾਰਨ ਨੇ। ਜਿਨ੍ਹਾਂ ਪਰਿਵਾਰਾਂ ਨੇ ਆਪਣੇ ਪਿਆਰਿਆਂ ਦੇ ਵਿਛੋੜੇ ਬਾਬਤ ਜਾਂ ਸ਼ਰਧਾਂਜਲੀ ਬਾਬਤ ਇਸ਼ਤਿਹਾਰ ਛਪਵਾਉਣੇ ਹੁੰਦੇ ਨੇ, ਉਨ੍ਹਾਂ ਦੀ ਕਿੰਨੀ ਕੁ ਗਿਣਤੀ ਹੈ ਆਖ਼ਰ? ਸ਼ਾਇਦ ਜ਼ਿਆਦਾ ਨਹੀਂ ਕਿਉਂਕਿ ਇਹ ਕਾਰਜ ਵੀ 'ਸੰਪੰਨ ਆਰਥਿਕਤਾ' ਨਾਲ ਜੁੜਿਆ ਹੈ। ਜਿਹੜੇ ਮ੍ਹਾਤੜ-ਤਮ੍ਹਾਤੜ ਇਸ ਸੋਚ 'ਚ ਹੁੰਦੇ ਨੇ ਕਿ ਮਕਾਣਾਂ ਤੇ ਭੋਗ ਦਾ ਖ਼ਰਚਾ ਕਿਹੜੀ ਖੁੰਜ ਫਰੋਲ ਕੇ ਕੱਢਣਾ ਹੈ, ਉਹ ਇਸ਼ਤਿਹਾਰਾਂ ਲਈ ਹਜ਼ਾਰਾਂ ਰੁਪਏ ਕਿੱਥੋਂ ਕੱਢਣਗੇ? ਤੇ ਇਹੋ ਜਿਹੇ ਮਰਨਿਆਂ 'ਤੇ ਸਰਕਾਰ ਜੀ ਵੱਲੋਂ ਕੋਈ ਸ਼ੋਕ-ਰੁੱਕਾ ਨਹੀਂ ਆਉਂਦਾ, ਕਿਉਂਕਿ 'ਭੋਲੀ ਸਰਕਾਰ' ਨੂੰ ਕੋਈ ਦੱਸਦਾ ਹੀ ਨਹੀਂ ਕਿ ਕਾਲਾ, ਕੈਲਾ, ਕੈਲੂ, ਬੰਸਾ, ਬੰਸੋ, ਤਾਰੂ, ਤਾਰੀ, ਨੱਥਾ, ਨੱਥੂ...ਦਮੇ, ਕੈਂਸਰ, ਕਾਲਾ ਪੀਲੀਆ, ਗੁਰਦੇ/ਦਿਲ ਦੇ ਫੇਲ੍ਹ ਹੋਣ ਜਾਂ ਹੋਰ ਕਿਸੇ ਬਿਮਾਰੀ ਕਰਕੇ ਜਾਂ ਕਰਜ਼ੇ ਕਰਕੇ ਜਾਂ ਫਿਰ ਆਪਣੇ ਸੁਆਸ ਭੋਗ ਇਸ ਰੰਗਲੀ ਦੁਨੀਆਂ ਨੂੰ ਛੱਡ ਗਿਆ ਹੈ। ਉਸ ਦਾ ਸੱਥਰ ਮਖ਼ਮਲੀ ਗੱਦੇ ਨਹੀਂ, ਪਾਟੀਆਂ ਪੱਲੀਆਂ ਝੱਲ ਰਹੀਆਂ ਨੇ ਤੇ ਜਦੋਂ ਸਰਕਾਰ ਜੀ ਤੱਕ ਇਨ੍ਹਾਂ ਮੌਤਾਂ ਦਾ ਸੁਨੇਹਾ ਹੀ ਨਹੀਂ ਪੁੱਜੇਗਾ ਤਾਂ ਫਿਰ ਇਨ੍ਹਾਂ ਮਰਨਿਆਂ ਦੇ ਬੋੜੇ ਦਰਵਾਜ਼ਿਆਂ ਲਈ ਸਰਕਾਰ ਜੀ 'ਸ਼ੋਕ-ਰੁੱਕਾ' ਕਿਵੇਂ ਭੇਜੂ?

ਸਰਕਾਰ ਜੀ ਤੱਕ ਤਾਂ ਇਹੋ ਸੁਨੇਹਾ ਪੁੱਜਦੈ ਕਿ ਫਲਾਣਾ 'ਸਰਦਾਰ', 'ਸਰਦਾਰਨੀ', 'ਸ਼੍ਰੀਮਾਨ', 'ਸ਼੍ਰੀਮਤੀ', 'ਮਿਸਟਰ'...(ਨਾਲ ਕਈ ਹੋਰ ਵਿਸ਼ੇਸ਼ਣ ਵੀ ਲੱਗੇ ਹੁੰਦੇ ਨੇ) ਸਦੀਵੀ ਵਿਛੋੜਾ ਦੇ ਗਏ, ਜਿਨ੍ਹਾਂ ਦੀ ਆਤਮਿਕ ਸ਼ਾਂਤੀ ਲਈ...ਨੂੰ ਅੰਤਿਮ ਅਰਦਾਸ ਕਰਵਾਈ ਜਾਣੀ ਹੈ।

ਸਰਕਾਰ ਵਲੋਂ ਭੇਜੇ ਜਾ ਰਹੇ 'ਸ਼ੋਕ-ਰੁੱਕੇ' ਕਿਹੜੇ 'ਵਰਗ' ਲਈ ਨੇ, ਇਹ ਤਾਂ ਸਪੱਸ਼ਟ ਹੈ। ਜਿਹੜੇ ਪਰਿਵਾਰ ਇਸ਼ਤਿਹਾਰ ਛਪਵਾਉਂਦੇ ਨੇ, ਸਰਕਾਰ, ਤੇ ਉਹ ਵੀ ਵੱਡੀ ਸਰਕਾਰ ਦੇ ਦਸਤਖ਼ਤਾਂ ਵਾਲਾ ਸ਼ੋਕ-ਰੁੱਕਾ ਉਨ੍ਹਾਂ ਨੂੰ 'ਵੱਡਿਆਂ' ਨਾਲ ਨੇੜਤਾ ਦਾ ਅਹਿਸਾਸ ਕਰਵਾਉਂਦਾ ਹੈ। ਇਹ ਚਿੱਠੀਆਂ ਸਾਂਭੀਆਂ ਜਾਂਦੀਆਂ ਨੇ, ਆਲੇ-ਦੁਆਲੇ 'ਚ ਵਿਖਾ-ਸੁਣਾ ਕੇ ਸਰਕਾਰੇ-ਦਰਬਾਰੇ ਆਪਣੀ ਪਹੁੰਚ ਦਾ ਰੋਅਬ ਮਾਰਨ ਦਾ ਯਤਨ ਹੁੰਦਾ ਹੈ। ਇਸ ਸ਼ੋਕ-ਰੁੱਕੇ ਦਾ ਕਈ ਪਰਿਵਾਰਾਂ ਨੇ ਤਾਂ ਏਨਾ ਮਾਣ-ਰੱਖਿਆ ਕਿ ਪਾਰਟੀ ਨੂੰ ਫੰਡਿੰਗ ਵੀ ਕਰ ਦਿੱਤੀ, ਮੈਂਬਰੀ ਵੀ ਪੱਕੀ ਕਰਵਾ ਲਈ ਹੋਣੀ ਐ।

ਇਹ ਲੋਕ ਸ਼ਾਇਦ ਨਹੀਂ ਜਾਣਦੇ ਕਿ 'ਵੱਡੀ ਸਰਕਾਰ' ਨੂੰ ਤਾਂ ਪਤਾ ਹੀ ਨਹੀਂ ਕਿ ਉਹ ਕੌਣ ਸੀ "ਜੋ ਮਰ ਗਿਆ, ਮੰਜੀ ਖ਼ਾਲੀ ਕਰ ਗਿਆ।" ਸਰਕਾਰ ਵੱਲੋਂ ਦੋ ਤਰ੍ਹਾਂ ਦੀਆਂ ਚਿੱਠੀਆਂ ਟਾਈਪ ਕਰਵਾਈਆਂ ਗਈਆਂ ਹਨ (ਨਮੂਨੇ ਵਜੋਂ ਇਕ ਚਿੱਠੀ ਦੀ ਤਸਵੀਰ ਇਥੇ ਹਾਜ਼ਰ ਹੈ)। ਇਕ ਚਿੱਠੀ ਤਾਂ ਪਰਿਵਾਰ ਦੇ ਬਜ਼ੁਰਗ ਦੀ ਮੌਤ ਦੇ ਸੋਗ ਲਈ ਹੈ ਤੇ ਦੂਜੀ ਕਿਸੇ ਜਵਾਨ ਦੀ ਮੌਤ ਸਬੰਧੀ। ਦੋਵਾਂ ਸ਼ੋਕ-ਰੁੱਕਿਆਂ 'ਚ ਕੁਝ ਸ਼ਬਦੀ ਹੇਰ-ਫੇਰ ਸਥਿਤੀ ਮੁਤਾਬਕ ਕੀਤਾ ਗਿਆ ਹੈ, ਨਾਂ ਦੀ ਜਗ੍ਹਾ ਖ਼ਾਲੀ ਛੱਡੀ ਗਈ ਹੈ, ਜੋ 'ਮੌਕਾ-ਏ-ਵਾਰਦਾਤ' ਉਤੇ ਹੀ ਭਰਿਆ ਜਾਂਦਾ ਹੈ, ਤੇ ਹੇਠਾਂ ਵੱਡੀ ਸਰਕਾਰ ਦੇ ਠੱਪਾ ਦਸਤਖ਼ਤ (ਸਟੈਂਪ ਸਾਈਨ) ਕੀਤੇ ਹੋਏ ਹਨ।



ਮਿਤੀ : ..........

ਪਰਕਾਸ਼ ਸਿੰਘ ਬਾਦਲ

ਮੁੱਖ ਮੰਤਰੀ, ਪੰਜਾਬ

ਪਰਮ ਸਤਿਕਾਰਯੋਗ

ਮੈਨੂੰ ਇਹ ਜਾਣ ਕੇ ਬਹੁਤ ਹੀ ਗਹਿਰਾ ਸਦਮਾ ਪਹੁੰਚਿਆ ਹੈ ਕਿ ਪਿਛਲੇ ਦਿਨੀਂ ਆਪ ਜੀ ਦੇ ਭਰ ਜਵਾਨੀ ਵਿਚ ਅਕਾਲ ਚਲਾਣਾ ਕਰ ਗਏ ਹਨ। ਕਿਸੇ ਵਿਅਕਤੀ ਦੇ ਜਵਾਨ ਅਵਸਥਾ ਵਿਚ ਸਦਾ ਲਈ ਵਿਛੜ ਜਾਣ ਨਾਲ ਪਰਿਵਾਰ, ਨੇੜਲੇ ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਝੱਲਣੀ ਪੈਂਦੀ ਪੀੜ ਦਾ ਮੈਨੂੰ ਤੀਬਰ ਅਹਿਸਾਸ ਹੈ।

ਮੇਰੀ ਦਿਲੀ ਇੱਛਾ ਸੀ ਕਿ ਇਸ ਸ਼ਦੀਦ ਦੁੱਖ ਦੀ ਘੜੀ ਵਿੱਚ ਮੈਂ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਪਰਿਵਾਰ ਦੇ ਗ਼ਮ ਵਿੱਚ ਸ਼ਰੀਕ ਹੁੰਦਾ। ਪਰ ਕੁਝ ਨਾ ਟਾਲੇ ਜਾ ਸਕਣ ਵਾਲੇ ਰੁਝੇਵਿਆਂ ਕਾਰਨ ਮੈਂ ਹਾਜ਼ਰ ਨਹੀਂ ਹੋ ਸਕਿਆ।

ਮੈਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪਰਿਵਾਰ, ਰਿਸ਼ਤੇਦਾਰਾਂ ਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਪਰਕਾਸ਼ ਸਿੰਘ
(ਪਰਕਾਸ਼ ਸਿੰਘ ਬਾਦਲ)

ਦੋਵੇਂ ਸ਼ੋਕ-ਰੁੱਕੇ ਇੰਨ-ਬਿੰਨ ਪਾਠਕਾਂ ਲਈ:

**ਬਜ਼ੁਰਗਾਂ ਦੇ ਚਲਾਣੇ 'ਤੇ ਭੇਜਿਆ ਜਾਣ ਵਾਲਾ ਸ਼ੋਕ-ਰੁੱਕਾ**

ਮਿਤੀ...
ਪਰਕਾਸ਼ ਸਿੰਘ ਬਾਦਲ
(ਪੰਜਾਬ ਸਰਕਾਰ ਦੀ ਮੋਹਰ)
ਮੁੱਖ ਮੰਤਰੀ, ਪੰਜਾਬ
ਪਰਮ ਸਤਿਕਾਰਯੋਗ

ਮੈਨੂੰ ਇਹ ਜਾਣ ਕੇ ਦੁੱਖ ਹੋਇਆ ਹੈ ਕਿ ਪਿਛਲੇ ਦਿਨੀਂ ਆਪ ਜੀ ਦੇ...ਅਕਾਲ ਚਲਾਣਾ ਕਰ ਗਏ ਹਨ। ਮੈਨੂੰ ਇਸ 'ਤੇ ਡੂੰਘਾ ਅਫਸੋਸ ਹੋਇਆ ਹੈ ਅਤੇ ਮੈਂ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੁੰਦਾ ਹਾਂ।

ਮੇਰੀ ਦਿਲੀ ਇੱਛਾ ਸੀ ਕਿ ਮੈਂ ਨਿੱਜੀ ਤੌਰ 'ਤੇ ਹਾਜ਼ਰ ਹੋ ਕੇ...ਜੀ ਨੂੰ ਆਪਣੀ ਸ਼ਰਧਾ ਤੇ ਸਤਿਕਾਰ ਭੇਟ ਕਰਦਾ, ਪਰ ਕੁਝ ਨਾ ਟਾਲੇ ਜਾ ਸਕਣ ਵਾਲੇ ਰੁਝੇਵਿਆਂ ਕਾਰਨ ਮੈਂ ਹਾਜ਼ਰ ਨਹੀਂ ਹੋ ਸਕਿਆ।

ਮੈਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਅਤੇ ਪਰਿਵਾਰ, ਰਿਸ਼ਤੇਦਾਰ ਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

## ਚਲਦੇ-ਚਲਦੇ

(ਠੱਪਾ ਦਸਤਖ਼ਤ)
(ਪਰਕਾਸ਼ ਸਿੰਘ ਬਾਦਲ)

---

**ਭਰ ਜਵਾਨੀ 'ਚ ਵਿਛੋੜਾ ਦੇ ਗਏ ਜੀਅ ਦੇ ਪਰਿਵਾਰ ਨੂੰ ਭੇਜਿਆ ਜਾਣ ਵਾਲਾ ਸ਼ੋਕ-ਰੁੱਕਾ**

ਮਿਤੀ...
ਪਰਕਾਸ਼ ਸਿੰਘ ਬਾਦਲ
(ਪੰਜਾਬ ਸਰਕਾਰ ਦੀ ਮੋਹਰ)
ਮੁੱਖ ਮੰਤਰੀ, ਪੰਜਾਬ
ਪਰਮ ਸਤਿਕਾਰਯੋਗ

ਮੈਨੂੰ ਇਹ ਜਾਣ ਕੇ ਬਹੁਤ ਹੀ ਗਹਿਰਾ ਸਦਮਾ ਪਹੁੰਚਿਆ ਹੈ ਕਿ ਪਿਛਲੇ ਦਿਨੀਂ ਆਪ ਜੀ ਦੇ...ਭਰ ਜਵਾਨੀ ਵਿਚ ਅਕਾਲ ਚਲਾਣਾ ਕਰ ਗਏ ਹਨ। ਕਿਸੇ ਵਿਅਕਤੀ ਦੇ ਜਵਾਨ ਅਵਸਥਾ ਵਿਚ ਸਦਾ ਲਈ ਵਿਛੜ ਜਾਣ ਨਾਲ ਪਰਿਵਾਰ, ਨੇੜਲੇ ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਝੱਲਣੀ ਪੈਂਦੀ ਪੀੜ ਦਾ ਮੈਨੂੰ ਤੀਬਰ ਅਹਿਸਾਸ ਹੈ।

ਮੇਰੀ ਦਿਲੀ ਇੱਛਾ ਸੀ ਕਿ ਇਸ ਸ਼ਦੀਦ ਦੁੱਖ ਦੀ ਘੜੀ ਵਿਚ ਮੈਂ ਨਿੱਜੀ ਤੌਰ 'ਤੇ ਹਾਜ਼ਰ ਹੋ ਕੇ ਪਰਿਵਾਰ ਦੇ ਗ਼ਮ ਵਿਚ ਸ਼ਰੀਕ ਹੁੰਦਾ। ਪਰ ਕੁਝ ਨਾ ਟਾਲੇ ਜਾ ਸਕਣ ਵਾਲੇ ਰੁਝੇਵਿਆਂ ਕਾਰਨ ਮੈਂ ਹਾਜ਼ਰ ਨਹੀਂ ਹੋ ਸਕਿਆ।

ਮੈਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਅਤੇ ਪਰਿਵਾਰ, ਰਿਸ਼ਤੇਦਾਰ ਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

(ਠੱਪਾ ਦਸਤਖ਼ਤ)
(ਪਰਕਾਸ਼ ਸਿੰਘ ਬਾਦਲ)

---

ਹੁਣੇ ਜਿਹੇ ਲੋਹੜੀ ਦਾ ਤਿਉਹਾਰ ਲੰਘਿਆ ਹੈ। ਨੰਨ੍ਹੇ-ਮੁੰਨ੍ਹੇ ਬੀਹੀਆਂ-ਬਜ਼ਾਰਾਂ 'ਚ ਗਾਉਂਦੇ ਫਿਰਦੇ ਸਨ,

ਸੁੰਦਰੀਏ ਮੁੰਦਰੀਏ-ਹੋ।
ਤੇਰਾ ਕੌਣ ਵਿਚਾਰਾ-ਹੋ।
ਦੁੱਲਾ ਭੱਟੀ ਵਾਲਾ-ਹੋ।

ਪੰਜਾਬ ਦੇ 'ਖ਼ਾਸਮਖ਼ਾਸ ਲੋਕ ਵਰਗ' ਨੂੰ ਛੱਡ ਕੇ, ਬਾਕੀਆਂ ਦੇ ਜੋ ਹਾਲ ਦੀਂਹਦੇ ਨੇ, ਉਸ ਬਾਰੇ ਸੋਚਦਿਆਂ ਜਾਗਦੀਆਂ ਜ਼ਮੀਰਾਂ 'ਚੋਂ ਹਉਕੇ ਨਹੀਂ ਹੁਣ ਚੀਕਾਂ ਨਿਕਲਦੀਆਂ ਨੇ,

ਸੁੰਦਰੀਏ ਮੁੰਦਰੀਏ
ਤੇਰਾ ਕੌਣ ਵਿਚਾਰਾ
ਕੋਈ ਨਾ...ਬਈ ਕੋਈ ਨਾ!

---

# ਕੁਹਾੜੀ ਵਾਲੀ ਬੇਬੇ

ਦੁਨੀਆਂ ਦੇ ਹਰ ਦੇਸ਼ ਵਿਚ ਦੋ ਭੈੜੀਆਂ ਅਲਾਮਤਾਂ ਸਦੀਆਂ ਤੋਂ ਚਲੀਆਂ ਆ ਰਹੀਆਂ ਹਨ ਤੇ ਲਗਦੈ ਚਲਦੀਆਂ ਰਹਿਣਗੀਆਂ। ਪਹਿਲੀ ਨਸ਼ੇ ਤੇ ਦੂਜੀ ਵੇਸਵਾਗਮਨੀ। ਇਨ੍ਹਾਂ ਦੋਹਾਂ ਅਲਾਮਤਾਂ ਦੇ ਪਿਛੇ ਸਭ ਤੋਂ ਵੱਡਾ ਹੱਥ ਮਰਦਾਂ ਦਾ ਹੈ। ਇਹ ਦੋਵੇਂ ਅਲਾਮਤਾਂ ਸਰਕਾਰਾਂ ਨੂੰ ਚੰਗੀ ਚੋਖੀ ਕਮਾਈ ਵੀ ਕਰਕੇ ਦਿੰਦੀਆਂ ਹਨ। ਮਰਦਾਂ ਦੇ ਮੁਕਾਬਲੇ ਔਰਤਾਂ ਦਾ ਇਨ੍ਹਾਂ ਕੁਕਰਮਾਂ ਵਿਚ ਹਿੱਸਾ ਬਹੁਤ ਥੋੜ੍ਹਾ ਹੈ। ਔਰਤਾਂ ਕਿਧਰੇ ਕਿਧਰੇ ਇਨ੍ਹਾਂ ਦਾ ਵਿਰੋਧ ਵੀ ਕਰਦੀਆਂ ਹਨ। ਇੱਕਠੀਆਂ ਹੋ ਕੇ ਕਿਧਰੋਂ

ਗੁਰਚਰਨ ਸਿੰਘ ਜੈਤੋ
ਫੋਨ: 91-97794-26698

ਉਹ ਠੇਕਾ ਵੀ ਚੁਕਵਾ ਦਿੰਦੀਆਂ ਹਨ ਪਰ ਪਰਨਾਲਾ ਉਥੇ ਦਾ ਉਥੇ ਈ ਰਹਿੰਦੈ ਕਿਉਂਕਿ ਸਰਕਾਰਾਂ ਨੂੰ ਸ਼ਰਾਬ ਦੇ ਠੇਕਿਆਂ ਤੋਂ ਚੰਗੀ ਕਮਾਈ ਹੁੰਦੀ ਹੈ। ਪੰਜਾਬ ਵਿਚ ਸਰਕਾਰ ਭਾਵੇਂ ਕਾਂਗਰਸ ਦੀ ਹੋਵੇ ਜਾਂ ਅਕਾਲੀ-ਭਾਜਪਾ ਦੀ, ਇਹ ਸਿਲਸਿਲਾ ਜਾਰੀ ਰਹਿੰਦੈ। ਅਕਾਲੀ ਪਾਰਟੀ ਦੇ ਬਹੁਤੇ ਲੀਡਰ ਜਥੇਦਾਰ ਅਖਵਾਉਂਦੇ ਨੇ ਅਤੇ ਬਹੁਤਿਆਂ ਨੇ ਅੰਮ੍ਰਿਤ ਵੀ ਛਕਿਆ ਹੋਇਆ ਹੈ ਪਰ ਕਦੇ ਕਿਸੇ ਨੇ ਸ਼ਰਾਬਬੰਦੀ ਦੇ ਹੱਕ ਵਿਚ ਮੂੰਹ ਨਹੀਂ ਖੋਲ੍ਹਿਆ।

ਸਮਾਜ ਵਿਚ ਭ੍ਰਿਸ਼ਟਾਚਾਰ ਕੈਂਸਰ ਵਾਂਗ ਫੈਲ ਚੁੱਕਿਆ ਹੈ। ਕਾਲੇ ਬੱਦਲਾਂ ਵਿਚ ਚਾਨਣ ਦੀ ਲੀਕ ਵਾਂਗ ਕੁਝ ਘਟਨਾਵਾਂ ਵਾਪਰਦੀਆਂ ਵੀ ਹਨ ਜਿਹੜੀਆਂ ਆਪਣਾ ਅਜਿਹਾ ਅਸਰ ਦਿਖਾ ਜਾਂਦੀਆਂ ਹਨ ਕਿ ਸਰਕਾਰਾਂ ਵੀ ਉਨ੍ਹਾਂ ਦੇ ਸੱਚ ਅਗੇ ਗੋਡੇ ਟੇਕ ਦਿੰਦੀਆਂ ਹਨ। ਦੁਨੀਆਂ ਵਿਚ ਕਦੇ ਕੋਈ ਅਚਾਨਕ ਸਾਧਾਰਨ ਜਿਹੀ ਔਰਤ ਉਠ ਕੇ ਅਜਿਹਾ ਕੰਮ ਕਰਦੀ ਹੈ ਜਿਹੜਾ ਔਰਤਾਂ ਅੰਦਰ ਦਬੀਆਂ ਭਾਵਨਾਵਾਂ ਨੂੰ ਚੰਗਿਆੜੀ ਲਾ ਕੇ ਭਾਂਬੜ ਬਣਾ ਦਿੰਦਾ ਹੈ ਤੇ ਇਹ ਭਾਂਬੜ ਲਹਿਰ ਬਣ ਜਾਂਦੇ ਹਨ।

26 ਜਨਵਰੀ 1901 ਵਾਲੇ ਦਿਨ ਮਿਜ਼ੌਰੀ ਸਟੇਟ ਦੇ ਸ਼ਹਿਰ ਟਪੇਕਾ ਵਿਚ ਲੰਮੀ ਕਾਲੀ ਫਰਾਕ ਵਾਲੀ ਇਕ ਔਰਤ ਹੱਥ ਵਿਚ ਕੁਹਾੜੀ ਲੈ ਕੇ ਤੁਰ ਪਈ। ਉਸ ਨੇ ਆਪਣੇ ਮੂੰਹ ਨੂੰ ਕਾਲੇ ਬਰੀਕ ਜਿਹੇ ਕਪੜੇ ਨਾਲ ਢਕਿਆ ਹੋਇਆ ਸੀ। ਪਰ ਲੋਕਾਂ ਦੀਆਂ ਨਜ਼ਰਾਂ ਨੇ ਉਸ ਨੂੰ ਪਛਾਣ ਲਿਆ ਸੀ। ਉਹ ਕੈਰੀ ਨੇਸ਼ਨ ਨਾਂ ਦੀ ਮਸ਼ਹੂਰ ਔਰਤ ਸੀ ਜਿਸ ਨੇ ਸ਼ਰਾਬਬੰਦੀ ਲਈ ਬੀੜਾ ਚੱਕਿਆ ਹੋਇਆ ਸੀ। ਉਸ ਔਰਤ ਨੇ ਆਪਣੀਆਂ ਸਾਥਣਾਂ ਨਾਲ ਤਿੰਨ ਹਫਤੇ ਉਸ ਸ਼ਹਿਰ ਦੇ ਸ਼ਰਾਬਖਾਨਿਆਂ ਵਿਚ ਤਬਾਹੀ ਮਚਾਈ ਰੱਖੀ। ਉਨ੍ਹਾਂ ਔਰਤਾਂ ਨੇ ਸਾਰੇ ਸ਼ਰਾਬ ਦੇ ਗੈਰਕਾਨੂੰਨੀ ਅੱਡਿਆਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਉਸ ਨੂੰ ਚੀਕਾਂ ਮਾਰਦੀਆਂ ਭੀੜਾਂ ਦਾ ਵੀ ਸਾਹਮਣਾ ਕਰਨਾ ਪਿਆ, ਸ਼ਰਾਬਖਾਨਿਆਂ ਦੇ ਮਾਲਕਾਂ ਦੀਆਂ ਔਰਤਾਂ ਨੇ ਇੱਕਠੇ ਹੋ ਕੇ ਅੱਗੋਂ ਇਨ੍ਹਾਂ ਔਰਤਾਂ ਨੂੰ ਕੁੱਟਿਆ ਮਾਰਿਆ ਵੀ ਪਰ ਕੈਰੀ ਤੇ ਉਹਦੀਆਂ ਸਾਥਣਾਂ ਨੇ ਵਾਰ ਵਾਰ ਹਮਲੇ ਕੀਤੇ, ਗ੍ਰਿਫਤਾਰ ਹੋਈਆਂ ਤੇ ਜੇਲ੍ਹ ਵੀ ਗਈਆਂ। ਜਿਹੜੀ ਲੜਾਈ ਕੈਰੀ ਨੇ ਟਪੇਕਾ ਸ਼ਹਿਰ ਵਿਚ ਸ਼ੁਰੂ ਕੀਤੀ ਸੀ, ਬੜੀ ਛੇਤੀ ਉਹ ਸਾਰੇ ਸੂਬੇ ਵਿਚ ਫੈਲ ਗਈ ਜਿਸ ਦਾ ਅਸਰ ਕਈ ਸਾਲਾਂ ਤਕ ਜਾਰੀ ਰਿਹਾ।

ਕੈਰੀ ਨੇਸ਼ਨ ਆਮ ਘਰੇਲੂ ਔਰਤਾਂ ਵਰਗੀ ਹੀ ਇਕ ਔਰਤ ਸੀ ਜਿਹੜੀ ਕੈਨਸਸ ਸੂਬੇ ਦੇ ਛੋਟੇ ਜਿਹੇ ਸ਼ਹਿਰ ਮੈਡੀਸਨ-ਲਾਜ ਵਿਚ ਰਹਿੰਦੀ ਸੀ। ਦੇਸ਼ ਦੀਆਂ ਦੂਜੀਆਂ ਔਰਤਾਂ ਵਾਂਗ ਉਹ ਸ਼ਰਾਬਬੰਦੀ ਦੇ ਹੱਕ ਵਿਚ ਸੀ। ਗੁੰਮਨਾਮੀ ਵਿਚੋਂ ਨਿਕਲ ਕੇ ਬੜੀ ਛੇਤੀ ਪ੍ਰਸਿੱਧੀ ਖੱਟ ਲੈਣੀ, ਭਾਵੇਂ ਕੈਰੀ ਲਈ ਬਹੁਤ ਵੱਡੀ ਗੱਲ ਨਹੀਂ ਸੀ ਪਰ ਇਸ ਦੀਆਂ ਜੜ੍ਹਾਂ ਕਿਧਰੇ ਉਹਦੀ ਪਹਿਲੀ ਉਮਰ ਵਿਚ ਹੀ ਲੱਗ ਚੁੱਕੀਆਂ ਸਨ। ਉਹ 1846 ਵਿਚ ਪੈਦਾ ਹੋਈ ਤੇ ਜਦੋਂ ਉਹ ਨੌਂ ਸਾਲ ਦੀ ਸੀ ਤਾਂ ਉਹਦਾ ਸਾਰਾ ਪਰਿਵਾਰ ਮਿਜ਼ੌਰੀ ਨਾਂ ਦੇ ਸ਼ਹਿਰ ਵਿਚ ਜਾ ਵਸਿਆ। ਉਹ ਉਥੇ ਹੀ ਆਪਣੇ ਪਹਿਲੇ ਪਤੀ ਨੂੰ ਮਿਲੀ ਜੋ ਬਹੁਤੀ ਸ਼ਰਾਬ ਪੀ ਪੀ ਕੇ ਵਿਆਹ ਪਿੱਛੋਂ ਦੋ ਕੁ ਸਾਲਾਂ ਦੇ ਅੰਦਰ ਹੀ ਮਰ ਗਿਆ। ਕੈਰੀ ਨੇ ਆਪਣੀ ਦੁੱਧ ਪੀਂਦੀ ਬੱਚੀ ਤੇ ਆਪਣੇ ਗੁਜ਼ਾਰੇ



ਲਈ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। 1890 ਵਿਚ ਉਹਨੇ ਦੂਜਾ ਵਿਆਹ ਡੇਵਿਡ ਨੇਸ਼ਨ ਨਾਲ ਕਰਵਾ ਲਿਆ ਤੇ ਉਹ ਕੈਨਸਸ ਸਟੇਟ ਵਿਚ ਜਾ ਕੇ ਰਹਿਣ ਲੱਗ ਪਏ। ਜਦੋਂ ਡੇਵਿਡ ਦੀ ਵਕਾਲਤ ਚੰਗੀ ਚੱਲ ਨਿਕਲੀ ਤਾਂ ਕੈਰੀ ਨੇ ਸਮਾਜੀ ਅਤੇ ਧਾਰਮਕ ਸੇਵਾਵਾਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਉਸ ਦੇ ਚੰਗੇ ਸੁਭਾਅ ਤੇ ਖੁੱਲ੍ਹਦਿਲੀ ਕਰਕੇ ਲੋਕ ਉਹਨੂੰ ਬੇਬੇ ਨੇਸ਼ਨ ਆਖਣ ਲੱਗ ਪਏ। ਉਂਜ ਵੀ ਉਹ ਬੜੀ ਸਿਆਣੀ, ਧੱਕੜ, ਖੁਸ਼ ਰਹਿਣੀ ਤੇ ਅੱਗੇ ਲੱਗ ਕੇ ਕੰਮ ਕਰਨ ਵਾਲੀ ਔਰਤ ਸੀ। ਉਹਦੇ ਸਾਥੀ ਅਕਸਰ ਉਹਦੇ ਬਾਰੇ ਕਹਿੰਦੇ ਕਿ ਜੇ ਇਹਨੇ ਕੋਈ ਕੰਮ ਕਰਨ ਲਈ ਇਕ ਵਾਰੀ ਫੈਸਲਾ ਕਰ ਲਿਆ ਤਾਂ ਫੇਰ ਰੱਬ ਤੋਂ ਬਿਨਾਂ ਹੋਰ ਕੋਈ ਨਹੀਂ ਸੀ ਉਹਨੂੰ ਰੋਕ ਸਕਦਾ।

1899 ਵਿਚ ਕੈਰੀ ਨੇ ਸ਼ਰਾਬਬੰਦੀ ਲਈ ਆਪਣੀ ਸਾਰੀ ਤਾਕਤ ਝੋਕ ਦਿੱਤੀ। ਉਸ ਨੇ ਆਪਣੀਆਂ ਸਾਥਣਾਂ ਨਾਲ ਮਿਲ ਕੇ ਬਿਨਾਂ ਕਿਸੇ ਲੜਾਈ ਝਗੜੇ ਤੋਂ ਆਪਣੇ ਸ਼ਹਿਰ ਦੇ ਸੱਤ ਗੈਰਕਾਨੂੰਨੀ ਅੱਡੇ ਬੰਦ ਕਰਵਾ ਦਿੱਤੇ। ਸਾਲ ਕੁ ਪਿੱਛੋਂ ਤਾਂ ਜਿਵੇਂ ਉਸ ਦਾ ਸਬਰ ਜਵਾਬ ਦੇ ਗਿਆ ਹੋਵੇ, ਉਹਨੇ ਠੇਕੇ ਬੰਦ ਕਰਵਾਉਣ ਦਾ ਕੰਮ ਹੱਲੇ ਕਰਕੇ ਕਰਨਾ ਸ਼ੁਰੂ ਕਰ ਦਿੱਤਾ। ਉਹਨੇ ਆਪਣੇ ਸ਼ਹਿਰ ਤੋਂ ਦੂਜੇ ਸ਼ਹਿਰ ਵੀਹ ਮੀਲ ਦੂਰ ਜਾ ਕੇ ਉਥੇ ਪੱਥਰਾਂ ਤੇ ਇੱਟਾਂ-ਵੱਟਿਆਂ ਨਾਲ ਤਿੰਨ ਗੈਰਕਾਨੂੰਨੀ ਸ਼ਰਾਬ ਦੀਆਂ ਦੁਕਾਨਾਂ ਭੰਨ ਸੁੱਟੀਆਂ। ਛੇ ਮਹੀਨੇ ਪਿੱਛੋਂ ਵਿਚਿਟਾ ਸ਼ਹਿਰ ਦੇ ਸਭ ਤੋਂ ਵਧੀਆ ਹੋਟਲ ਦੇ ਸ਼ਰਾਬਖਾਨੇ 'ਤੇ ਉਹਨੇ ਜਾ ਹਮਲਾ ਕੀਤਾ। ਉਹਨੂੰ ਤਿੰਨ ਹਫਤੇ ਜੇਲ੍ਹ ਵਿਚ ਰਹਿਣਾ ਪਿਆ ਪਰ ਜੇਲ੍ਹ ਵਿਚੋਂ ਬਾਹਰ ਨਿਕਲਦਿਆਂ ਹੀ ਉਹਨੇ ਫੇਰ ਸ਼ਰਾਬਖਾਨਿਆਂ ਦੀ ਭੰਨ-ਤੋੜ ਸ਼ੁਰੂ ਕਰ ਦਿੱਤੀ। ਪੁਲਿਸ ਨੇ ਉਹਨੂੰ ਫੇਰ ਗ੍ਰਿਫਤਾਰ ਕਰ ਲਿਆ। ਉਸ ਪਿੱਛੋਂ ਦੂਜੇ ਸ਼ਹਿਰ ਐਂਟਰਪਰਾਈਜ਼ ਤੋਂ ਕਿਸੇ ਸੁਹਿਰਦ ਸ਼ਹਿਰੀ ਦੇ ਸੱਦੇ 'ਤੇ ਉਹ ਉਥੇ ਪਹੁੰਚ ਗਈ। ਦੋ ਦਿਨ ਉਸ ਸ਼ਹਿਰ ਵਿਚ ਬੜੀ ਭੰਨ ਤੋੜ ਕਰਨ ਤੋਂ ਪਿੱਛੋਂ ਉਹ ਟਪੇਕਾ ਵੱਲ ਤੁਰ ਪਈ।

## ਅਨੋਖੀਆਂ ਸ਼ਖ਼ਸੀਅਤਾਂ

ਉਹਦੀ ਹਿੰਮਤ ਕਰਕੇ 1880 ਵਿਚ ਕੈਨਸਸ ਦੇਸ਼ ਦੀ ਪਹਿਲੀ ਸਟੇਟ ਸੀ ਜਿਥੇ ਸ਼ਰਾਬਬੰਦੀ ਅਮਲ ਵਿਚ ਲਿਆਂਦੀ ਗਈ। ਕਾਨੂੰਨ ਲਾਗੂ ਹੋਣ ਪਿੱਛੋਂ ਸਾਰੇ ਠੇਕੇ ਬੰਦ ਹੋਣ ਵਿਚ ਕੋਈ ਦਸ ਸਾਲ ਹੋਰ ਲੱਗ ਗਏ। ਕੈਰੀ ਨੂੰ ਵੱਖ ਵੱਖ ਸ਼ਹਿਰਾਂ ਤੋਂ ਸੱਦੇ ਆਉਣ ਲੱਗ ਪਏ। ਲੋਕਾਂ ਵਿਚ ਬਹਿ ਕੇ ਉਹ ਸਿੱਧੀਆਂ ਸਪਸ਼ਟ ਗੱਲਾਂ ਕਰਦੀ, "ਭੈਣੋਂ ਮੇਰੀ ਗੱਲ ਧਿਆਨ ਨਾਲ ਸੁਣਿਓ। ਤੁਹਾਨੂੰ ਨਹੀਂ ਪਤਾ ਕਿ ਸ਼ਰਾਬਖਾਨਿਆਂ ਨੂੰ ਤੋੜਨ ਵੇਲੇ ਕਿੰਨਾ ਸੁਆਦ ਆਉਂਦਾ ਹੈ। ਜੋ ਕੁਝ ਵੀ ਘਰ ਵਿਚੋਂ ਲੱਭੇ, ਲੈ ਆਓ। ਜੇ ਕੁਹਾੜੀ ਤੁਹਾਡੇ ਘਰ ਵਿਚ ਨਹੀਂ ਤਾਂ ਲੱਕੜ ਦੇ ਕੁੱਢਣ, ਕੋਈ ਲੋਹੇ ਦਾ ਸਰੀਆ, ਹੋਰ ਨਹੀਂ ਤਾਂ ਇੱਟਾਂ ਪੱਥਰ ਤਾਂ ਕਿਤੇ ਗਏ ਨਹੀਂ।" ਉਹ ਜਦੋਂ ਵੀ ਸ਼ਰਾਬਖਾਨਿਆਂ 'ਤੇ ਹਮਲੇ ਕਰਨ ਨਿਕਲਦੀ, ਉਹਦੇ ਹੱਥ ਕੁਹਾੜੀ ਹੁੰਦੀ। ਲੋਕਾਂ ਨੇ ਉਹਨੂੰ ਤੋਹਫੇ ਵਜੋਂ ਕੁਹਾੜੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਕ ਇਮਾਰਤਾਂ ਬਣਾਉਣ ਵਾਲੇ ਮਿਸਤਰੀ ਨੇ ਉਹਨੂੰ ਦੋ-ਮੂੰਹੀਂ ਕੁਹਾੜੀ ਭੇਟ ਕੀਤੀ, ਜਿਸ ਦੇ ਦੋਹੀਂ ਪਾਸੀਂ ਤਿੱਖੇ ਦੰਦੇ ਸਨ ਜਿਹੜੀ ਇੱਟਾਂ ਪੱਥਰ ਘੜਨ ਦੇ ਕੰਮ ਆਉਂਦੀ ਸੀ। ਕੈਰੀ ਕੁਹਾੜੀਆਂ ਨਾਲ ਦਾਰੂ ਦੇ ਡਰੰਮ ਤੇ ਬੋਤਲਾਂ ਤੋੜਨ ਜਾ ਲਗਦੀ। ਉਹ ਹਨੇਰੀ ਵਾਂਗ ਜਾਂਦੀ ਤੇ ਤੂਫਾਨ ਵਾਂਗ ਤਬਾਹੀ ਮਚਾਉਂਦੀ।

ਚਾਰ ਫਰਵਰੀ ਵਾਲੇ ਦਿਨ ਉਸ ਨਾਲ ਕਾਫੀ ਔਰਤਾਂ ਸਨ ਤੇ ਕੁਝ ਆਦਮੀ ਵੀ ਪਰ ਉਨ੍ਹਾਂ ਦੇ ਅੱਗੇ ਇਕ ਹੋਰ ਵੱਡਾ ਹਜੂਮ ਖੜ੍ਹਾ ਸੀ ਜਿਹੜਾ ਉਨ੍ਹਾਂ ਨੂੰ ਰੋਕਣਾ ਚਾਹੁੰਦਾ ਸੀ। ਕੈਰੀ ਨੇ ਆਪਣਾ ਰੁਖ ਸ਼ਹਿਰ ਦੇ ਸਰਕਾਰੀ ਸ਼ਰਾਬਖਾਨੇ ਵੱਲ ਕੀਤਾ ਤੇ ਉਥੇ ਜਾ ਹਮਲਾ ਕੀਤਾ ਜਿਹੜਾ ਸਾਰੇ ਸ਼ਹਿਰ

*(ਬਾਕੀ ਸਫਾ 24 'ਤੇ)*

# ਅਗਲੀਆਂ ਚੋਣਾਂ ਤੋਂ ਪਹਿਲਾਂ ਚਿੰਤਨ ਕੈਂਪਾਂ ਦਾ ਪਰਪੰਚ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਜੇ ਹਾਲਾਤ ਕੱਲ੍ਹ ਨੂੰ ਕਾਂਗਰਸ ਬਨਾਮ ਭਾਜਪਾ ਦੀ ਬਜਾਏ ਰਾਹੁਲ ਬਨਾਮ ਮੋਦੀ ਵਾਲੇ ਬਣ ਗਏ ਤੇ ਭਾਰਤ ਦੀ ਰਾਜਨੀਤੀ ਵਿਚ ਇਨ੍ਹਾਂ ਦੋਵਾਂ ਵਿਚੋਂ ਇੱਕ ਨੂੰ ਚੁਣਨ ਦਾ ਮੁੱਦਾ ਉਭਰ ਪਿਆ, ਇਸ ਦਾ ਨਤੀਜਾ ਕੀ ਨਿਕਲੇਗਾ, ਇਸ ਦੀ ਚਰਚਾ ਭਾਰਤ ਵਿਚ ਹੀ ਨਹੀਂ, ਅਮਰੀਕਾ ਦੇ ਕੁਝ ਖਾਸ ਹਲਕਿਆਂ ਵਿਚ ਵੀ ਹੁਣੇ ਛਿੜ ਪਈ ਹੈ। ਅਮਰੀਕਾ ਨਾਲ ਸੈਨਤ ਦੀ ਸਾਂਝ ਰੱਖਦਾ ਮੰਨਿਆ ਜਾਂਦਾ ਪਾਕਿਸਤਾਨੀ ਮੂਲ ਦਾ ਕਨੇਡੀਅਨ ਨਾਗਰਿਕ ਤਾਹਿਰ ਉਲ ਕਾਦਰੀ ਆਪਣੇ ਆਪ ਹੀ ਨਰਿੰਦਰ ਮੋਦੀ ਦੀਆਂ ਸਿਫਤਾਂ ਨਹੀਂ ਕਰ ਰਿਹਾ, ਉਸ ਦੇ ਅੰਦਰੋਂ ਕੋਈ ਹੋਰ ਬੋਲਦਾ ਜਾਪਦਾ ਹੈ। ਕਈ ਸਾਲ ਪਹਿਲਾਂ ਜਦੋਂ ਇੰਦਰਾ ਗਾਂਧੀ ਨੂੰ ਜ਼ੁਕਾਮ ਤੱਕ ਨਹੀਂ ਸੀ ਹੋਇਆ, ਉਦੋਂ ਇੱਕ ਏਦਾਂ ਦੀ ਅਮਰੀਕੀ ਰਿਪੋਰਟ ਚਰਚਾ ਦਾ ਵਿਸ਼ਾ ਬਣ ਗਈ ਸੀ, ਜਿਸ ਵਿਚ ਇੰਦਰਾ ਗਾਂਧੀ ਤੋਂ ਬਾਅਦ ਦੇ ਹਿੰਦੁਸਤਾਨ ਦੇ ਹਾਲਾਤ ਦੀ ਚੀਰ-ਪਾੜ ਕੀਤੀ ਹੋਈ ਸੀ। ਉਸ ਰਿਪੋਰਟ ਵਿਚ ਇਹ ਵੀ ਸ਼ਾਮਲ ਸੀ ਕਿ ਇੰਦਰਾ ਗਾਂਧੀ ਨੂੰ ਚੋਣਾਂ ਤੋਂ ਪਹਿਲਾਂ ਕੁਝ ਹੋ ਜਾਵੇ ਤਾਂ ਕੀ ਬਣੇਗਾ ਤੇ ਜੇ ਚੋਣਾਂ ਦੌਰਾਨ ਕੁਝ ਹੋ ਗਿਆ ਤਾਂ ਕੀ ਹੋਵੇਗਾ, ਤੇ ਕੁਝ ਚਿਰ ਬਾਅਦ ਇੰਦਰਾ ਗਾਂਧੀ ਦਾ ਕਤਲ ਹੋ ਗਿਆ ਸੀ।***

ਜਦੋਂ ਭਾਰਤ ਦੀ ਪਾਰਲੀਮੈਂਟ ਦੀਆਂ ਆਮ ਚੋਣਾਂ ਲਈ ਸਿਰਫ 16 ਮਹੀਨੇ ਰਹਿ ਗਏ ਹਨ, ਮੁਲਕ ਦੀ ਵੱਡੀ ਗੱਦੀ ਉਤੇ ਕਬਜ਼ੇ ਦੀਆਂ ਚਾਹਵਾਨ ਧਿਰਾਂ ਤੇਜ਼ ਚਾਲੇ ਤੁਰਨ ਲੱਗ ਪਈਆਂ ਹਨ। ਮੁੱਖ ਤੌਰ 'ਤੇ ਭਾਵੇਂ ਦੋ ਪਾਰਟੀਆਂ-ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਹੀ ਇਸ ਖਿੱਚੋਤਾਣ ਵਿਚ ਮੋਹਰੀ ਜਾਪਦੀਆਂ ਹਨ, ਪਰ ਇਨ੍ਹਾਂ ਦੋਵਾਂ ਵਿਚੋਂ ਕਿਸੇ ਕੋਲੋਂ ਵੀ ਕਿਉਂਕਿ ਆਪਣੇ ਸਿਰ ਬਹੁਮਤ ਜੋਗੀਆਂ ਸੀਟਾਂ ਜਿੱਤੀਆਂ ਨਹੀਂ ਜਾ ਸਕਣੀਆਂ, ਇਸ ਲਈ ਨਾਲ ਜੁੜਨ ਦੀ ਸਹਿਮਤੀ ਦੇਣ ਵਾਲੀਆਂ ਪਾਰਟੀਆਂ ਜਾਂ ਜਿਨ੍ਹਾਂ ਨੇ ਚੋਣਾਂ ਤੋਂ ਬਾਅਦ ਹਾਲਾਤ ਵੇਖ ਕੇ ਇੱਕ ਜਾਂ ਦੂਸਰੀ ਧਿਰ ਨਾਲ ਜੁੜਨ ਦਾ ਫੈਸਲਾ ਕਰਨਾ ਹੈ, ਦੇ ਆਗੂ ਵੀ ਹੁਣੇ ਤੋਂ ਇਹ ਸੋਚ ਕੇ ਚੱਲਣ ਲੱਗ ਪਏ ਹਨ ਕਿ ਆਪਣਾ ਭਾਰ ਏਨਾ ਕੁ ਵਧਾ ਲਈਏ ਕਿ ਅੰਤਲੇ ਲੇਖੇ ਵਿਚ ਗਿਣੇ ਜਾਣ ਜੋਗੇ ਹੋ ਸਕੀਏ। ਤੀਸਰੀ ਧਿਰ ਬਣਾਉਣ ਲਈ ਵੀ ਜ਼ੋਰ ਲੱਗ ਰਿਹਾ ਹੈ। ਇਸ ਪੱਖ ਤੋਂ ਮੁਲਾਇਮ ਸਿੰਘ ਯਾਦਵ ਨੇ ਸਾਰਿਆਂ ਤੋਂ ਵੱਡਾ ਖਾਹਿਸ਼ਮੰਦ ਹੋਣ ਕਰ ਕੇ ਵੱਧ ਸਰਗਰਮੀ ਫੜ ਲਈ ਹੈ, ਪਰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਵੀ ਸੁਫਨੇ ਦਿੱਲੀ ਦੀ ਓਸੇ ਕੁਰਸੀ ਦੇ ਚੋਖੇ ਆਉਂਦੇ ਹਨ। ਉਹ ਇਸੇ ਲਈ ਭਾਜਪਾ ਤੋਂ ਫਾਸਲਾ ਪਾਉਣ ਦੇ ਯਤਨ ਕਰ ਰਿਹਾ ਹੈ ਤੇ ਘੱਟ-ਗਿਣਤੀਆਂ 'ਚ ਭਾਜਪਾ ਦੇ ਸਭ ਤੋਂ ਬਦਨਾਮ ਚਿਹਰੇ ਨਰਿੰਦਰ ਮੋਦੀ ਨਾਲ ਅੱਖ ਵੀ ਮਿਲਾਉਣ ਨੂੰ ਤਿਆਰ ਨਹੀਂ ਹੁੰਦਾ। ਇਹ ਉਸ ਵੱਲੋਂ ਤੀਸਰੀ ਧਰਮ-ਨਿਰਪੱਖ ਗੈਰ-ਕਾਂਗਰਸੀ ਧਿਰ ਦਾ ਸਰਬ ਪ੍ਰਵਾਨਤ ਲੀਡਰ ਬਣਨ ਲਈ ਕੀਤਾ ਜਾ ਰਿਹਾ ਯਤਨ ਹੈ।

ਬਾਕੀ ਧਿਰਾਂ ਕੱਲ੍ਹ ਨੂੰ ਕੀ ਪੈਂਤੜਾ ਲੈਣਗੀਆਂ, ਇਸ ਬਾਰੇ ਹਾਲੇ ਤੱਕ ਸਪੱਸ਼ਟ ਨਹੀਂ, ਪਰ ਭਾਜਪਾ ਤੇ ਕਾਂਗਰਸ ਦੀ ਸਰਗਰਮੀ ਹਰ ਕਿਸੇ ਦਾ ਚੋਖਾ ਧਿਆਨ ਖਿੱਚ ਰਹੀ ਹੈ।

ਕਾਂਗਰਸ ਪਾਰਟੀ ਵੱਲੋਂ ਇਨ੍ਹੀਂ ਦਿਨੀਂ ਜੈਪੁਰ ਵਿਚ ਇੱਕ ਚਿੰਤਨ ਕੈਂਪ ਲਾਇਆ ਗਿਆ ਹੈ। ਇਹ ਲਿਖਤ ਲਿਖਣ ਸਮੇਂ ਉਸ ਕੈਂਪ ਦਾ ਪਹਿਲਾ ਦਿਨ ਲੰਘ ਚੁੱਕਾ ਹੈ ਤੇ ਉਸੇ ਵਿਚ ਬਿੱਲੀ ਥੈਲੇ ਤੋਂ ਬਾਹਰ ਨਿਕਲ ਆਈ ਹੈ। ਕੈਂਪ ਵਿਚ ਚਿੰਤਨ ਘੱਟ ਕੀਤਾ ਗਿਆ ਤੇ ਇਹ ਚਿੰਤਾ ਵੱਧ ਕੀਤੀ ਗਈ ਕਿ ਪਾਰਟੀ ਦਾ ਵੱਖੋ-ਵੱਖ ਰਾਜਾਂ ਵਿਚ ਭੱਠਾ ਬਹਿੰਦਾ ਜਾ ਰਿਹਾ ਹੈ। ਪਾਰਟੀ ਪ੍ਰਧਾਨ ਨੇ ਆਪਣੀ ਪਾਰਟੀ ਨੂੰ ਆਪ ਭਾਵੇਂ ਨਿਕੰਮੀ ਨਹੀਂ ਕਿਹਾ, ਤੇ ਉਸ ਨੇ ਕਹਿਣਾ ਵੀ ਨਹੀਂ ਸੀ, ਪਰ ਜਿਹੜੇ ਪੰਜ ਨੁਕਤੇ ਚਿੰਤਨ ਲਈ ਗਿਣਾਏ, ਉਹ ਸਾਰੇ ਦੇ ਸਾਰੇ ਇਹੋ ਸਾਬਤ ਕਰਦੇ ਹਨ ਕਿ ਰਾਜ ਚਲਾਉਣ ਦੇ ਮਾਮਲੇ ਵਿਚ ਇਹ ਪਾਰਟੀ ਅਸਲੋਂ ਨਿਕੰਮੀ ਨਿਕਲੀ ਹੈ। ਜਦੋਂ ਮਰੀਜ਼ ਦੀ ਬਿਮਾਰੀ ਦਾ ਪਤਾ ਲੱਗ ਜਾਵੇ, ਅਗਲਾ ਕੰਮ ਉਸ ਦਾ ਇਲਾਜ ਕਰਨ ਦਾ ਹੁੰਦਾ ਹੈ ਅਤੇ ਇਲਾਜ ਕਰਨ ਦੇ ਨਾਂ ਉਤੇ ਕਾਂਗਰਸ ਪਾਰਟੀ ਦੇ ਲਗਭਗ ਹਰ ਬੁਲਾਰੇ ਨੇ ਇਹੋ ਤਵਾ ਵਜਾ ਛੱਡਿਆ ਕਿ ਇਸ ਮਰਨਾਊ ਜਾਪ ਰਹੀ ਪਾਰਟੀ ਨੂੰ ਰਾਹੁਲ ਗਾਂਧੀ ਨਾਂ ਦੇ ਡਾਕਟਰ ਦੇ ਹਵਾਲੇ ਕਰ ਦਿੱਤਾ ਜਾਵੇ, ਉਹ ਆਪਣੇ ਆਪ ਇਸ ਵਿਚ ਜਾਨ ਪਾ ਦੇਵੇਗਾ। ਅੱਗੇ ਰਾਹੁਲ ਗਾਂਧੀ ਨੂੰ ਉਤਰ ਪ੍ਰਦੇਸ਼ ਵਿਚ ਇਸੇ ਕੰਮ ਲਾਇਆ ਗਿਆ ਸੀ, ਉਥੇ ਜਿਹੜੀ ਖੱਟੀ ਖੱਟ ਕੇ ਮੁੜਿਆ ਸੀ, ਉਸ ਦਾ ਵੀ ਧਿਆਨ ਨਹੀਂ ਕੀਤਾ ਗਿਆ। ਇੰਦਰਾ ਗਾਂਧੀ ਦੀ ਚੜ੍ਹਤ ਦੇ ਸਮੇਂ ਵੀ ਕੁਝ ਲੋਕ ਪਾਰਟੀ ਦੇ ਅੰਦਰ ਹੁੰਦੇ ਸਨ, ਜਿਹੜੇ ਸੰਜੇ ਗਾਂਧੀ ਦੀ ਅਗਵਾਈ ਬਾਰੇ ਕਿੰਤੂ ਕਰ ਸਕਦੇ ਸਨ, ਪਰ ਹੁਣ ਦੀ ਕਾਂਗਰਸ ਪਾਰਟੀ ਵਿਚ ਇਹੋ ਜਿਹਾ ਕੋਈ ਰੜਕਦਾ ਹੀ ਨਹੀਂ ਤੇ ਸਾਰੇ ਦੇ ਸਾਰੇ 'ਰਾਹੁਲ-ਚਾਲੀਸਾ' ਜਪਣ ਲੱਗੇ ਹੋਏ ਹਨ। ਇਹ ਇਸ ਪਾਰਟੀ ਦੇ ਨਿਘਾਰ ਦਾ ਪ੍ਰਤੀਕ ਵੀ ਹੈ ਤੇ ਭਵਿੱਖ ਵਿਚ ਇਸ ਦੇ ਹੋਰ ਤੋਂ ਹੋਰ ਡੁੱਬਦੀ ਜਾਣ ਦਾ ਸੰਕੇਤ ਵੀ।

ਦੂਸਰੇ ਪਾਸੇ ਇਸ ਨੂੰ ਟੱਕਰ ਦੇਣ ਦੀ ਤਿਆਰੀ ਭਾਰਤੀ ਜਨਤਾ ਪਾਰਟੀ ਨਹੀਂ ਕਰ ਰਹੀ, ਇਹ ਕੰਮ ਉਸ ਦੇ ਮਾਈ-ਬਾਪ ਮੰਨੇ ਜਾਂਦੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐਸ ਐਸ) ਵਾਲੇ ਕਰ ਰਹੇ ਹਨ। ਉਨ੍ਹਾਂ ਪਿਛਲੇ ਦਿਨੀਂ ਗੁਜਰਾਤ ਦੀਆਂ ਚੋਣਾਂ ਵਿਚ ਦੋਗਲੀ ਭੂਮਿਕਾ ਨਿਭਾਈ ਸੀ। ਕੁਝ ਲੀਡਰ ਨਰਿੰਦਰ ਮੋਦੀ ਦੇ ਨਾਲ ਫਿਰਦੇ ਰਹੇ ਤੇ ਕੁਝ ਉਸ ਦੀਆਂ ਜੜ੍ਹਾਂ ਵੱਢਣ ਲੱਗੇ ਹੋਏ ਸਨ, ਪਰ ਨਾਗਪੁਰ ਵਿਚ ਉਹ ਸਾਰੇ ਇੱਕ-ਸੁਰ ਸਨ। ਇਸ ਦੋਗਲੇ ਰੋਲ ਪਿੱਛੇ ਕਾਰਨ ਇਹ ਸੀ ਕਿ ਨਰਿੰਦਰ ਮੋਦੀ ਕਿਉਂਕਿ ਆਰ ਐਸ ਐਸ ਦੀ ਲੀਡਰਸ਼ਿਪ ਨੂੰ ਅੱਖਾਂ ਦਿਖਾਉਣ ਲੱਗ ਪਿਆ ਹੈ, ਇਸ ਲਈ ਜੇ ਉਹ ਡੁੱਬ ਸਕਦਾ ਹੈ ਤਾਂ ਇੱਕ ਧੱਕਾ ਮਾਰ ਕੇ ਇਹ ਕੰਮ ਕਰ ਦਿੱਤਾ ਜਾਵੇ, ਪਰ ਜੇ ਉਹ ਡੁੱਬਦਾ



ਨਰਿੰਦਰ ਮੋਦੀ



ਰਾਹੁਲ ਗਾਂਧੀ

ਨਹੀਂ ਤੇ ਲੋਕ ਹਾਲੇ ਉਸ ਦੇ ਨਾਲ ਹਨ, ਤਾਂ ਅਗਲੀ ਪਾਰਲੀਮੈਂਟ ਚੋਣ ਲਈ ਮੋਹਰਾ ਮੰਨ ਲਿਆ ਜਾਵੇ। ਗੁਜਰਾਤ ਵਿਚ ਉਸ ਦੀ ਚੜ੍ਹਤ ਬਰਕਰਾਰ ਰਹਿਣ ਦੇ ਨਤੀਜੇ ਤੋਂ ਬਾਅਦ ਆਰ ਐਸ ਐਸ ਦੀ ਲੀਡਰਸ਼ਿਪ ਨੇ ਸਮਾਂ ਗਵਾਏ ਬਿਨਾਂ ਭਾਜਪਾ ਲੀਡਰਸ਼ਿਪ ਨੂੰ ਇਹ ਸਾਫ ਸੁਨੇਹਾ ਭੇਜ ਦਿੱਤਾ ਹੈ ਕਿ ਅਗਲੀਆਂ ਚੋਣਾਂ ਲਈ ਕਿਸੇ ਸੁਸ਼ਮਾ ਸਵਰਾਜ, ਅਰੁਣ ਜੇਤਲੀ, ਰਾਜਨਾਥ ਸਿੰਘ ਜਾਂ ਕਿਸੇ ਹੋਰ ਲੀਡਰ ਨੂੰ ਤਿਆਰ ਕਰਨ ਦੀ ਲੋੜ ਨਹੀਂ, ਹੁਣ ਤਾਂ ਮੋਦੀ ਹੀ ਕਾਫੀ ਹੈ। ਉਹ ਸਾਰੇ ਜਣੇ ਅੰਦਰੋਂ ਭਾਵੇਂ ਕਾਫੀ ਕੌੜ ਖਾਈ ਬੈਠੇ ਹਨ, ਪਰ ਬਾਹਰੀ ਪ੍ਰਭਾਵ ਵਿਚ ਆਰ ਐਸ ਐਸ ਦੀ ਲੀਡਰਸ਼ਿਪ ਦੇ ਕਹਿਣ ਉਤੇ ਸੂਈ ਦੇ ਨੱਕੇ ਵਿਚੋਂ ਵੀ ਲੰਘਣ ਦਾ ਯਕੀਨ ਦਿਵਾਈ ਜਾ ਰਹੇ ਹਨ।

ਜੇ ਹਾਲਾਤ ਕੱਲ੍ਹ ਨੂੰ ਕਾਂਗਰਸ ਬਨਾਮ ਭਾਜਪਾ ਦੀ ਬਜਾਏ ਰਾਹੁਲ ਬਨਾਮ ਮੋਦੀ ਵਾਲੇ ਬਣ ਗਏ ਤੇ ਭਾਰਤ ਦੀ ਰਾਜਨੀਤੀ ਵਿਚ ਇਨ੍ਹਾਂ ਦੋਵਾਂ ਵਿਚੋਂ ਇੱਕ ਨੂੰ ਚੁਣਨ ਦਾ ਮੁੱਦਾ ਉਭਰ ਪਿਆ, ਇਸ ਦਾ ਨਤੀਜਾ ਕੀ ਨਿਕਲੇਗਾ, ਇਸ ਦੀ ਚਰਚਾ ਭਾਰਤ ਵਿਚ ਹੀ ਨਹੀਂ, ਅਮਰੀਕਾ ਦੇ ਕੁਝ ਖਾਸ ਹਲਕਿਆਂ ਵਿਚ ਵੀ ਹੁਣੇ ਛਿੜ ਪਈ ਹੈ। ਅਮਰੀਕਾ ਨਾਲ ਸੈਨਤ ਦੀ ਸਾਂਝ ਰੱਖਦਾ ਮੰਨਿਆ ਜਾਂਦਾ ਪਾਕਿਸਤਾਨੀ ਮੂਲ ਦਾ ਕਨੇਡੀਅਨ ਨਾਗਰਿਕ ਤਾਹਿਰ ਉਲ ਕਾਦਰੀ ਆਪਣੇ ਆਪ ਹੀ ਨਰਿੰਦਰ ਮੋਦੀ ਦੀਆਂ ਸਿਫਤਾਂ ਨਹੀਂ ਕਰ ਰਿਹਾ, ਉਸ ਦੇ ਅੰਦਰੋਂ ਕੋਈ ਹੋਰ ਬੋਲਦਾ ਜਾਪਦਾ ਹੈ। ਕਈ ਸਾਲ ਪਹਿਲਾਂ ਜਦੋਂ ਇੰਦਰਾ ਗਾਂਧੀ ਨੂੰ ਜ਼ੁਕਾਮ ਤੱਕ ਨਹੀਂ ਸੀ ਹੋਇਆ, ਉਦੋਂ ਇੱਕ ਏਦਾਂ ਦੀ ਅਮਰੀਕੀ ਰਿਪੋਰਟ ਚਰਚਾ ਦਾ ਵਿਸ਼ਾ ਬਣ ਗਈ ਸੀ, ਜਿਸ ਵਿਚ ਇੰਦਰਾ ਗਾਂਧੀ ਤੋਂ ਬਾਅਦ ਦੇ ਹਿੰਦੁਸਤਾਨ ਦੇ ਹਾਲਾਤ ਦੀ ਚੀਰ-ਪਾੜ ਕੀਤੀ ਹੋਈ ਸੀ। ਉਸ ਰਿਪੋਰਟ ਵਿਚ ਇਹ ਵੀ ਸ਼ਾਮਲ ਸੀ ਕਿ ਇੰਦਰਾ ਗਾਂਧੀ ਨੂੰ ਚੋਣਾਂ ਤੋਂ ਪਹਿਲਾਂ ਕੁਝ ਹੋ ਜਾਵੇ ਤਾਂ ਕੀ ਬਣੇਗਾ ਤੇ ਜੇ ਚੋਣਾਂ ਦੌਰਾਨ ਕੁਝ ਹੋ ਗਿਆ ਤਾਂ ਕੀ ਹੋਵੇਗਾ, ਤੇ ਕੁਝ ਚਿਰ ਬਾਅਦ ਇੰਦਰਾ ਗਾਂਧੀ ਦਾ ਕਤਲ ਹੋ ਗਿਆ ਸੀ। ਹੁਣ ਫਿਰ ਭਾਰਤ ਦੀਆਂ ਅਗਲੀਆਂ ਚੋਣਾਂ ਬਾਰੇ ਅਮਰੀਕਾ ਦੇ ਚੋਣ-ਮਾਹਰ ਰਿਪੋਰਟਾਂ ਬਣਾਉਂਦੇ ਫਿਰਦੇ ਹਨ।

ਅਸੀਂ ਇਸ ਹਾਲਤ ਤੋਂ ਪਾਸੇ ਹੋ ਕੇ ਇਹ ਸੋਚਦੇ ਹਾਂ ਕਿ ਇਨ੍ਹਾਂ ਦੋਵਾਂ ਦੀ ਰਾਜਨੀਤੀ ਇਸ ਦੇਸ਼ ਉਤੇ ਅਸਰ ਕੀ ਪਾਉਂਦੀ ਹੈ। ਨਰਿੰਦਰ ਮੋਦੀ ਨੂੰ ਬਹੁ-ਗਿਣਤੀ ਦੀ ਫਿਰਕਾਪ੍ਰਸਤੀ ਦੇ ਨੇਜ਼ੇ ਦੀ ਨੋਕ ਮੰਨਿਆ ਜਾ ਸਕਦਾ ਹੈ। ਉਸ ਨੇ ਜੋ ਕੁਝ ਗੁਜਰਾਤ ਵਿਚ ਕੀਤਾ ਤੇ ਫਿਰ ਆਪਣੇ ਭਾਸ਼ਣਾਂ ਰਾਹੀਂ ਉਸ ਕੀਤੇ ਨੂੰ ਜਾਇਜ਼ ਠਹਿਰਾਉਣ ਵੀ ਲੱਗਾ ਰਿਹਾ ਸੀ, ਉਸ ਦੇ ਬਾਅਦ ਇਹੋ ਜਿਹੇ ਬੰਦੇ ਦੇ ਦੇਸ਼ ਦੀ ਵਾਗਡੋਰ ਸੰਭਾਲਣ ਦੀ ਗੱਲ ਚੱਲੇ ਤਾਂ ਉਸ ਹਾਲਤ ਵਿਚ ਇਸ ਦੇਸ਼ ਵਿਚ ਭਵਿੱਖ ਵਿਚ ਮੱਚਣ ਵਾਲੇ ਕਹਿਰ ਬਾਰੇ ਸੋਚਣਾ ਔਖਾ ਨਹੀਂ। ਭਾਰਤ ਦੇ ਲੋਕ ਉਸ ਦੇ ਨਾਲ ਖੜ੍ਹੇ ਹੋਣ ਲਈ ਤਿਆਰ ਨਹੀਂ ਹੋਣੇ ਚਾਹੀਦੇ, ਪਰ ਹੋਣੇ ਗੁਜਰਾਤ ਵਾਲੇ ਵੀ ਨਹੀਂ ਸੀ ਚਾਹੀਦੇ ਤੇ ਉਥੇ ਉਸ ਦੀ ਦਹਿਸ਼ਤ ਨੇ ਉਸ ਦੀ ਸੱਟ ਖਾਧੇ ਹੋਏ ਲੋਕ ਵੀ ਉਸ ਦੇ ਨਾਲ ਤੋਰ ਲਏ ਸਨ। ਇਹੋ ਜਿਹੀ ਔਰੰਗਜ਼ੇਬੀਅਤ ਭਾਰਤ ਦੇ ਉਤੇ ਲੱਦੀ ਜਾਵੇ ਤਾਂ ਅਸੀਂ ਉਸ ਨੂੰ ਕਦੇ ਵੀ ਸ਼ੁਭ ਸ਼ਗਨ ਨਹੀਂ ਮੰਨ ਸਕਦੇ, ਬਲਕਿ ਆਪਣੇ ਲੋਕਾਂ ਨੂੰ ਉਸ ਬਾਰੇ ਸੁਚੇਤ ਰਹਿਣ ਨੂੰ ਕਹਾਂਗੇ।

ਦੂਸਰਾ ਪਾਸਾ ਇਸ ਦੇ ਵਿਰੋਧ ਦੀ ਸਭ ਤੋਂ ਵੱਡੀ ਧਿਰ, ਅਤੇ ਨਾਲ ਹੀ ਸਭ ਤੋਂ ਵੱਧ ਪਾਪਾਂ ਦੀ ਪੰਡ ਬਣ ਚੁੱਕੀ ਧਿਰ ਕਾਂਗਰਸ ਪਾਰਟੀ ਦਾ ਹੈ। ਬਹੁਤ ਸਾਰੇ ਲੋਕਾਂ ਦੀ ਰਾਇ ਹੈ ਕਿ ਹਜ਼ਾਰ ਪਾਪਾਂ ਦੇ ਬਾਵਜੂਦ ਦੇਸ਼ ਵਿਚ ਧਰਮ ਨਿਰਪੱਖਤਾ ਦਾ ਝੰਡਾ ਬੁਲੰਦ ਰੱਖਣ ਲਈ ਇਸ ਪਾਰਟੀ ਦੀ ਅਗਵਾਈ ਦੀ ਲੋੜ ਹੈ। ਇਹ ਉਨ੍ਹਾਂ ਦੀ ਸੋਚ ਹੈ ਤੇ ਉਨ੍ਹਾਂ ਨੂੰ ਮੁਬਾਰਕ ਹੈ, ਪਰ ਜਿਹੜੀ ਭੂਮਿਕਾ ਧਰਮ-ਨਿਰਪੱਖਤਾ ਦੇ ਓਹਲੇ ਹੇਠ ਕਾਂਗਰਸ ਪਾਰਟੀ ਨਿਭਾ ਰਹੀ ਹੈ, ਉਸ ਦੇ ਹੁੰਦਿਆਂ ਉਸ ਦੇ ਹੱਥਾਂ ਵਿਚ ਇਸ ਦੇਸ਼ ਦਾ ਸੱਤਿਆਨਾਸ ਹੁੰਦਾ ਵੀ ਦੇਸ਼ ਦੇ ਲੋਕਾਂ ਨੂੰ ਹਜ਼ਮ ਹੋਣਾ ਹੁਣ ਔਖਾ ਹੋਈ ਜਾ ਰਿਹਾ ਹੈ। ਜਦੋਂ ਵਾਜਪਾਈ ਸਰਕਾਰ ਹਾਰ ਗਈ ਤੇ ਕਾਂਗਰਸ ਦੀ ਅਗਵਾਈ ਵਾਲਾ ਗੱਠਜੋੜ ਵੱਡਾ ਹੋਣ ਕਰ ਕੇ ਖੱਬੇ ਪੱਖੀਆਂ ਦੀ ਮਦਦ ਨਾਲ ਉਸ ਨੂੰ ਸਰਕਾਰ ਬਣਾਉਣ ਦਾ ਮੌਕਾ ਮਿਲ ਗਿਆ, ਸਾਰੇ ਲੋਕ ਇਹ ਸੋਚ ਰਹੇ ਸਨ ਕਿ ਸੋਨੀਆ ਗਾਂਧੀ ਪ੍ਰਧਾਨ ਮੰਤਰੀ ਬਣੇਗੀ। ਉਸ ਦੀ ਪਾਰਟੀ ਵੱਲੋਂ ਵੀ ਉਸ ਦੇ ਨਾਂ ਉਤੇ ਮੋਹਰ ਲੱਗ ਗਈ ਅਤੇ ਸਹਿਯੋਗੀ ਵੀ ਮੰਨ ਗਏ, ਪਰ ਦੋ ਭਾਜਪਾਈ ਬੀਬੀਆਂ ਨੇ ਨਵਾਂ ਸਾਂਗ ਸ਼ੁਰੂ ਕਰ ਦਿੱਤਾ ਸੀ। ਇੱਕ ਉਮਾ ਭਾਰਤੀ ਸੀ, ਜਿਸ ਨੇ ਕਿਹਾ ਸੀ ਕਿ ਜੇ ਸੋਨੀਆ ਗਾਂਧੀ ਕਮਾਨ ਸਾਂਭੇਗੀ ਤਾਂ ਰਾਜਨੀਤੀ ਛੱਡ ਕੇ ਮੈਂ ਪਹਾੜਾਂ ਉਤੇ ਪਹੁੰਚ ਕੇ ਭਗਤੀ ਕਰਾਂਗੀ ਤੇ ਦੂਸਰੀ ਸੁਸ਼ਮਾ ਸਵਰਾਜ ਨੇ ਕਿਹਾ ਸੀ ਕਿ ਉਹ ਇਸ ਹਾਲਤ ਵਿਚ ਭੁੰਜੇ ਸੌਂਵੇਂਗੀ ਅਤੇ ਛੋਲੇ ਚੱਬ ਕੇ ਗੁਜ਼ਾਰਾ ਕਰੇਗੀ। ਸੋਨੀਆ ਗਾਂਧੀ ਨੇ ਮਿਲੀ ਹੋਈ ਕੁਰਸੀ ਛੱਡ ਕੇ ਇੱਕ ਤਿਆਗ ਦਾ ਸਬੂਤ ਦੇ ਦਿੱਤਾ। ਉਸ ਦੀ ਸੰਸਾਰ ਭਰ ਦੇ ਲੋਕਾਂ ਵਿਚ ਸ਼ੋਭਾ ਹੋਣ ਲੱਗ ਪਈ। ਨਾਲ ਉਮਾ ਭਾਰਤੀ ਤੇ ਸੁਸ਼ਮਾ ਸਵਰਾਜ ਨੂੰ ਕਿਹਾ ਜਾਣ ਲੱਗਾ ਕਿ ਤਿਆਗੀ ਬਣਨ ਲਈ ਪਹਾੜੀਂ ਚੜ੍ਹਨ ਜਾਂ ਭੁੰਜੇ ਸੌਣ ਤੇ ਛੋਲੇ ਚੱਬਣ ਦੀ ਲੋੜ ਨਹੀਂ, ਸੋਨੀਆ ਵਾਂਗ ਸੱਤਾ ਦਾ ਮੋਹ ਛੱਡ ਕੇ ਵੀ ਇਹ ਕੰਮ ਕੀਤਾ ਜਾ ਸਕਦਾ ਹੈ। ਕੀ ਉਸ ਵੇਲੇ ਦੀ ਸਭ ਤੋਂ ਵੱਡੀ ਤਿਆਗਣ ਮੰਨੀ ਗਈ ਸੋਨੀਆ ਗਾਂਧੀ ਬਾਰੇ ਉਸ ਦੇ ਦਾਮਾਦ ਰਾਬਰਟ ਵਾਡਰਾ ਦੇ ਜ਼ਮੀਨੀ ਸਕੈਂਡਲਾਂ ਦੇ ਸਾਹਮਣੇ ਆਉਣ ਪਿੱਛੋਂ ਅੱਜ ਇਹ ਗੱਲ ਕਹੀ ਜਾ ਸਕਦੀ ਹੈ? ਕੀ ਦੇਸ਼ ਦੇ ਲੋਕ ਹੁਣ ਇਹ ਗੱਲ ਮੰਨ ਲੈਣਗੇ ਕਿ ਜਵਾਈ ਜਾਇਦਾਦ ਜੋੜਦਾ ਰਿਹਾ ਤੇ ਸੱਸ ਸਾਰੇ ਹਾਲਾਤ ਤੋਂ ਅਣਜਾਣ ਸੀ? ਕੀ ਉਹ ਇਹ ਨਹੀਂ ਜਾਣਦੇ ਕਿ ਹਰਿਆਣੇ ਦਾ ਕਾਂਗਰਸੀ ਮੁੱਖ ਮੰਤਰੀ ਰਾਬਰਟ ਵਾਡਰਾ ਦੇ ਮਾਮਲੇ ਵਿਚ ਇੱਕ ਕਾਰਿੰਦੇ ਵਾਂਗ ਭੁਗਤਿਆ ਤੇ ਉਸ ਸਕੈਂਡਲ ਉਤੇ ਪਰਦਾ ਪਾਉਣ ਲਈ ਇੱਕ ਅੰਤਾਂ ਦੇ ਇਮਾਨਦਾਰ ਅਫਸਰ ਨੂੰ ਖੂੰਜੇ ਲਾਉਣ ਤੋਂ ਵੀ ਨਹੀਂ ਸੀ ਝਿਜਕਿਆ? ਜਿਨ੍ਹਾਂ ਆਮ ਲੋਕਾਂ ਦੇ ਘਰੀਂ ਦੋ ਡੰਗ ਦੀ ਰੋਟੀ ਨਹੀਂ ਪੱਕਦੀ, ਉਹ ਧਰਮ-ਨਿਰਪੱਖਤਾ ਦੇ ਨਾਂ ਉਤੇ ਸੋਨੀਆ ਗਾਂਧੀ ਦੇ ਟੱਬਰ ਦੇ ਇਨ੍ਹਾਂ ਸਕੈਂਡਲਾਂ ਤੋਂ ਅੱਖਾਂ ਮੀਟ ਕੇ ਵੋਟਾਂ ਕਿਵੇਂ ਪਾ ਦੇਣਗੇ? ਇਸ ਪਾਰਟੀ ਨੂੰ ਇਸ ਪੱਖ ਤੋਂ ਚਿੰਤਾ ਕਰਨ ਦੀ ਲੋੜ ਹੈ ਤੇ ਉਹ 'ਰਾਹੁਲ ਚਾਲੀਸਾ' ਪੜ੍ਹਨ ਲਈ ਚਿੰਤਨ ਕੈਂਪ ਲਾਈ ਫਿਰਦੀ ਹੈ।

ਚਿੰਤਨ ਦੇ ਕੈਂਪ ਭਾਰਤੀ ਜਨਤਾ ਪਾਰਟੀ ਵਾਲਿਆਂ ਵੀ ਲਾਏ ਸਨ, ਪੰਜਾਬ ਦੇ ਅਕਾਲੀ ਭਾਈ ਵੀ ਕੈਂਪ ਲਾਉਣ ਸ਼ਿਮਲੇ ਜਾ ਚੜ੍ਹੇ ਸਨ, ਪਰ ਉਨ੍ਹਾਂ ਕੈਂਪਾਂ ਤੋਂ ਗਹਿਰ-ਗੰਭੀਰ ਚਿੰਤਨ ਦੀ ਕੋਈ ਗੱਲ ਬਾਹਰ ਨਹੀਂ ਸੀ ਆਈ। ਲੀਡਰਾਂ ਦੀ ਅੰਦਰ ਮੀਟਿੰਗ ਹੁੰਦੀ ਸੀ ਤੇ ਲਾਗੜ-ਭੂਗੜ ਬਾਹਰ ਬਾਜ਼ਾਰ ਵਿਚ ਖੜੋ ਕੇ ਆਪਣੇ ਜ਼ਿਲ੍ਹੇ ਦੇ ਪੁਲਿਸ ਮੁਖੀ ਨੂੰ ਫੋਨ ਕਰ ਕੇ ਕਹਿੰਦੇ ਸਨ ਕਿ 'ਮੈਨੂੰ ਬਾਦਲ ਸਾਹਿਬ ਨੇ ਆਪ ਕਿਹਾ ਹੈ ਕਿ ਤੂੰ ਅਜੇ ਵਾਪਸ ਨਾ ਜਾਈਂ', ਜਦ ਕਿ ਬਾਦਲ ਦੇ ਗੋਡੀਂ ਹੱਥ ਲਾਉਣ ਦਾ 'ਸੁਭਾਗ' ਵੀ ਇਹੋ ਜਿਹੇ ਬੰਦਿਆਂ ਨੂੰ ਉਦੋਂ ਤੱਕ ਨਹੀਂ ਸੀ ਮਿਲਿਆ ਹੁੰਦਾ। ਉਹ ਇਨ੍ਹਾਂ ਕੈਂਪਾਂ ਨੂੰ ਅਫਸਰਸ਼ਾਹੀ ਵਿਚ ਅਸਰ ਵਧਾਉਣ ਲਈ ਵਰਤਦੇ ਸਨ। ਇਸ ਵਾਰੀ ਕਾਂਗਰਸ ਦੇ ਕਈ ਰਾਜਾਂ ਦੇ ਝੋਲਾ-ਚੁੱਕ ਜੈਪੁਰ ਜਾ ਪਹੁੰਚੇ ਹਨ ਤੇ ਉਥੋਂ ਸਾਰਿਆਂ ਨੂੰ ਫੋਨ ਕਰ ਕੇ ਆਪਣੇ ਰਾਜ ਦੇ ਮੁੱਖ ਮੰਤਰੀ ਵੱਲੋਂ ਆਪਣੀ ਡਿਊਟੀ ਲਾਈ ਹੋਣ ਦੀ ਗੱਲ ਕਹੀ ਜਾਂਦੇ ਹਨ। ਪੰਜਾਬ ਦੇ ਕਈ ਕਾਂਗਰਸੀ ਆਗੂ ਵੀ ਫੋਨ ਕਰ ਰਹੇ ਹਨ ਕਿ 'ਕੱਲ੍ਹ ਰਾਹੁਲ ਜੀ ਨੇ ਉਚੇਚਾ ਸੱਦ ਕੇ ਕਿਹਾ ਸੀ ਕਿ ਜਦੋਂ ਤੱਕ ਚਿੰਤਨ ਕੈਂਪ ਮੁੱਕ ਨਾ ਜਾਵੇ, ਹੋਰ ਭਾਵੇਂ ਸਾਰੇ ਚਲੇ ਜਾਣ, ਤੂੰ ਬਿਲਕੁਲ ਨਹੀਂ ਜਾਣਾ।' ਇਹੋ ਜਿਹੇ ਕੈਂਪਾਂ ਵਿਚ ਚਿੰਤਨ ਨਹੀਂ ਹੋਇਆ ਕਰਦਾ, ਪਾਰਟੀ ਹਾਈ ਕਮਾਂਡ ਇੱਕ ਇਸ਼ਾਰਾ ਕਰਿਆ ਕਰਦੀ ਹੈ ਕਿ ਅਗਲੇ ਦਿਨਾਂ ਵਿਚ ਉਸ ਦੇ ਵਰਕਰਾਂ ਨੇ ਕਿਸ ਆਗੂ ਦੀ ਚਾਪਲੂਸੀ ਲਈ ਆਪਣੇ ਆਪ ਨੂੰ ਮਾਨਸਿਕ ਤੌਰ ਉਤੇ ਤਿਆਰ ਕਰਨਾ ਹੈ, ਤੇ ਇਹ ਕੰਮ ਹੋਈ ਜਾਂਦਾ ਹੈ।

ਚਿੰਤਨ ਤਾਂ ਮੰਥਨ ਹੁੰਦਾ ਹੈ। ਮਿਥਿਹਾਸ ਵਿਚ ਇੱਕ ਵਾਰੀ ਦੇਵਤਿਆਂ ਤੇ ਦੈਂਤਾਂ ਨੇ ਸਮੁੰਦਰ ਦਾ ਮੰਥਨ ਕਰ ਕੇ ਚੌਦਾਂ ਰਤਨ ਵੱਖੋ-ਵੱਖ ਕੀਤੇ ਸਨ। ਉਨ੍ਹਾਂ ਚੌਦਾਂ ਵਿਚ ਘਿਓ ਤੇ ਅੰਮ੍ਰਿਤ ਵੀ ਸਨ, ਜ਼ਹਿਰ ਤੇ ਸ਼ਰਾਬ ਵੀ। ਹੁਣ ਜਿਹੜੇ ਚਿੰਤਨ-ਮੰਥਨ ਕੀਤੇ ਜਾਂਦੇ ਹਨ, ਇਨ੍ਹਾਂ ਵਿਚ ਸ਼ਰਾਬ ਤੇ ਜ਼ਹਿਰ ਜਿੰਨਾ ਮਰਜ਼ੀ ਕੱਢ ਕੇ ਕੋਈ ਮੱਖਣ ਦਾ ਭੁਲੇਖਾ ਪਾ ਲਵੇ, ਘਿਓ ਤੇ ਅੰਮ੍ਰਿਤ ਕਿਸੇ ਨੇ ਨਹੀਂ ਕੱਢ ਸਕਣਾ, ਕਿਉਂਕਿ ਉਹ ਭਾਰਤ ਦੀ ਰਾਜਨੀਤੀ ਵਿਚ ਹੁਣ ਹੈ ਹੀ ਨਹੀਂ।

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

**ਰੇਡੀਓ ਚੜ੍ਹਦੀ ਕਲਾ**

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com

702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org

702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com

702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ

ਫੋਨ: 510-900-3600

*Radio CK, PO Box 296, Fremont, CA 94537*

# ਭਾਰਤ ਨੇ ਅਤਿਵਾਦ ਦਾ ਮੁੱਦਾ ਸੰਯੁਕਤ ਰਾਸ਼ਟਰ ਕੋਲ ਉਠਾਇਆ

**ਸੰਯੁਕਤ ਰਾਸ਼ਟਰ:** ਪਾਕਿਸਤਾਨ ਵੱਲੋਂ ਲਗਾਤਾਰ ਗੋਲੀਬੰਦੀ ਦੀ ਉਲੰਘਣਾ ਤੇ ਅਤਿਵਾਦੀਆਂ ਨੂੰ ਹੱਲਾਸ਼ੇਰੀ ਦੇਣ ਦੀ ਨੀਤੀ ਖਿਲਾਫ਼ ਸਖ਼ਤ ਸੰਦੇਸ਼ ਦਿੰਦੇ ਹੋਏ ਭਾਰਤ ਨੇ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਵਿਚ ਇਸ ਨੂੰ ਗੰਭੀਰ ਮੁੱਦਾ ਦੱਸਿਆ ਹੈ। ਪਾਕਿ ਦੀ ਵਿਦੇਸ਼ ਮੰਤਰੀ ਹਿਨਾ ਰਬਾਨੀ ਖਾਰ ਦੀ ਪ੍ਰਧਾਨਗੀ ਵਿਚ ਅਤਿਵਾਦ ਵਿਰੋਧੀ ਬਹਿਸ ਵਿਚ ਹਿੱਸਾ ਲੈਂਦੇ ਹੋਏ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਪ੍ਰਤੀਨਿਧੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਅਤਿਵਾਦ ਖਿਲਾਫ਼ ਸੰਘਰਸ਼ ਸਾਰੇ ਮੋਰਚਿਆਂ 'ਤੇ ਨਿਰੰਤਰ ਹੋਣਾ ਚਾਹੀਦਾ ਹੈ।



ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੌਮਾਂਤਰੀ ਭਾਈਚਾਰਾ ਅਤਿਵਾਦੀ ਗੁੱਟਾਂ ਨਾਲ ਨਜਿੱਠਣ ਜਾਂ ਅਤਿਵਾਦੀ ਢਾਂਚੇ ਨੂੰ ਨਸ਼ਟ ਕਰਨ ਦੇ ਚੋਣਵੇਂ ਰਵੱਈਏ ਨੂੰ ਸਹਿਣ ਨਹੀਂ ਕਰ ਸਕਦਾ। ਸ. ਪੁਰੀ ਨੇ ਕਿਹਾ ਕਿ 'ਅਤਿਵਾਦ ਭਸਮਾਸੁਰ ਰਾਖਸ਼ਸ਼' ਵਰਗਾ ਹੈ। ਦੇਸ਼ ਦੀ ਨੀਤੀ ਦੇ ਹਥਿਆਰ ਦੇ ਰੂਪ ਵਿਚ ਅਤਿਵਾਦ ਦਾ ਸਹਾਰਾ ਲੈਣਾ ਖਤਰਨਾਕ ਹੈ। ਜਿਨ੍ਹਾਂ ਇਸ ਦਾ ਸਹਾਰਾ ਲਿਆ ਉਹ ਇਸ ਤੋਂ ਖ਼ੁਦ ਵੀ ਬਹੁਤ ਜ਼ਿਆਦਾ ਪੀੜਤ ਹੋਏ ਹਨ ਜੋ ਇਸ ਪੁਰਾਣੀ ਕਹਾਵਤ ਨੂੰ ਸਾਬਤ ਕਰਦਾ ਹੈ ਕਿ ਅੱਗ ਨਾਲ ਖੇਡਣ ਵਾਲੇ ਦੇ ਆਪਣੇ ਹੱਥ ਵੀ ਸੜ ਜਾਂਦੇ ਹਨ।

ਸ. ਪੁਰੀ ਨੇ ਕਿਹਾ ਕਿ ਭਾਰਤ ਨੇ ਪੂਰੇ ਦੱਖਣ ਏਸ਼ਿਆਈ ਖੇਤਰ ਸਮੇਤ ਅਤਿਵਾਦ ਦੇ ਵਿਨਾਸ਼ ਨੂੰ ਬਰਦਾਸ਼ਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਖੇਤਰ ਵਿਸ਼ਵ ਦੇ ਸਭ ਤੋਂ ਵੱਡੇ ਅਤਿਵਾਦੀ ਸੰਗਠਨਾਂ ਅਲਕਾਇਦਾ, ਲਸ਼ਕਰ-ਏ-ਤਾਇਬਾ, ਜਮਾਤ-ਉਦ-ਦਾਵਾ ਤੇ ਤਾਲਿਬਾਨਿਆਂ ਦੀਆਂ ਅਤਿਵਾਦੀ ਸਰਗਰਮੀਆਂ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਤਿਵਾਦ, ਉਗਰਵਾਦ ਤੇ ਕੱਟੜਵਾਦ ਹੁਣ ਵੀ ਖੇਤਰ ਦੀ ਸ਼ਾਂਤੀ ਤੇ ਤਰੱਕੀ ਲਈ ਖਤਰਾ ਬਣਿਆ ਹੋਇਆ ਹੈ। ਉਨ੍ਹਾਂ ਹੁਣ ਤੱਕ ਵਿਆਪਕ ਤਰੱਕੀ ਦੇ ਬਾਵਜੂਦ ਕੌਮਾਂਤਰੀ ਭਾਈਚਾਰੇ ਵੱਲੋਂ ਅਤਿਵਾਦ ਦਾ ਸਾਹਮਣਾ ਕੀਤੇ ਜਾਣ 'ਤੇ ਖੇਦ ਜਤਾਇਆ।

# ਹਿਟਲਰ ਦੇ ਬੰਕਰ ਦੀਆਂ ਤਸਵੀਰਾਂ ਜੱਗ ਜ਼ਾਹਿਰ

**ਲੰਡਨ:** ਪਹਿਲੀ ਵਾਰ ਉਸ ਬੰਕਰ ਦੀਆਂ ਕੁਝ ਅਣਦੇਖੀਆਂ ਫੋਟੋਆਂ ਜੱਗ ਜ਼ਾਹਿਰ ਕੀਤੀਆਂ ਗਈਆਂ ਹਨ ਜਿਥੇ ਅਡੋਲਫ ਹਿਟਲਰ ਨੇ ਆਪਣੀ ਪਤਨੀ ਈਵਾ ਬਰਾਊਨ ਸਮੇਤ ਖੁਦਕੁਸ਼ੀ ਕਰ ਲਈ ਸੀ। ਇਹ ਫੋਟੋਆਂ 1945 ਵਿਚ ਦੂਜੀ ਸੰਸਾਰ ਜੰਗ ਦੇ ਤੁਰੰਤ ਬਾਅਦ ਛਾਪੇ ਗਏ ਵਿਸ਼ੇਸ਼ ਐਡੀਸ਼ਨ ਵਿਚ ਸ਼ਾਮਲ ਨਹੀਂ ਸਨ। ਇਨ੍ਹਾਂ ਕਾਲੀਆਂ ਚਿੱਟੀਆਂ ਫੋਟੋਆਂ ਨੂੰ ਲਾਈਫ ਟਾਈਮ ਕਾਮ ਦੀ ਗੈਲਰੀ ਵਿਚ ਪਾਇਆ ਗਿਆ ਹੈ।



ਇਹ ਫੋਟੋਆਂ ਵਿਲੀਅਮ ਵਾਨਡਾਈਵਰਟ ਨੇ ਖਿੱਚੀਆਂ ਸਨ ਜਿਹੜਾ ਹਿਟਲਰ ਦੇ ਇਸ ਬੰਕਰ ਵਿਚ ਦਾਖਲੇ ਦੀ ਇਜਾਜ਼ਤ ਪਾਉਣ ਵਾਲਾ ਪਹਿਲਾ ਪੱਛਮੀ ਫੋਟੋਗ੍ਰਾਫਰ ਸੀ। ਇਹ ਬੰਕਰ ਮੁਲਕ ਦੀ ਆਲੀਸ਼ਾਨ ਰਾਇਕ ਚਾਂਸਲਰੀ ਦੇ ਹੇਠਾਂ ਸੁਰੰਗ ਪੁੱਟ ਕੇ ਬਣਾਇਆ ਗਿਆ ਸੀ ਜੋ ਜੰਗ ਦੇ ਅਖੀਰ ਉਤੇ ਇਤਹਾਦੀ ਫੌਜਾਂ ਤੇ ਰੂਸੀ ਬੰਬਾਂ ਨੇ ਮਲਬੇ ਦੇ ਢੇਰ ਵਿਚ ਬਦਲ ਦਿੱਤਾ ਸੀ। ਇਹ ਰਿਪੋਰਟ ਰੋਜ਼ਨਾਮਾ 'ਡੇਲੀ ਮੇਲ' ਨੇ ਛਾਪੀ ਹੈ। ਹਿਟਲਰ ਦੀ ਰਾਇਕ (ਜਰਮਨ ਸਲਤਨਤ) ਕਿਸੇ ਵੇਲੇ ਫਰਾਂਸ ਵਿਚ ਕਲਾਇਸ ਤੋਂ ਰੂਸ ਵਿਚ ਵੋਲਗਾ ਦਰਿਆ ਦੇ ਕੰਢਿਆਂ ਤੱਕ ਤੇ ਆਰਕਟਿਕ ਸਾਗਰ ਤੋਂ ਉੱਤਰੀ ਅਫ਼ਰੀਕਾ ਤੱਕ ਫੈਲੀ ਹੋਈ ਸੀ ਜੋ ਜੰਗ ਦੇ ਅਖੀਰ ਉਤੇ ਬੰਕਰ ਦੇ ਕੁਲ ਕਮਰਿਆਂ ਤੱਕ ਸੁੰਗੜ ਕੇ ਰਹਿ ਗਈ ਸੀ। ਇਸੇ ਬੰਕਰ ਵਿਚ ਹਿਟਲਰ ਤੇ ਈਵਾ ਨੇ 30 ਅਪਰੈਲ, 1945 ਨੂੰ ਖੁਦ ਨੂੰ ਗੋਲੀਆਂ ਮਾਰ ਲਈਆਂ ਸਨ।

ਸ੍ਰੀ ਵਾਨਡਾਈਵਰਟ ਮੁਤਾਬਕ ਇਹ ਫੋਟੋਆਂ ਹਨੇਰੇ ਕਮਰੇ ਵਿਚ ਮਹਿਜ਼ ਮੋਮਬੱਤੀ ਦੀ ਰੌਸ਼ਨੀ 'ਚ ਖਿੱਚੀਆਂ ਗਈਆਂ ਸਨ। ਇਕ ਫੋਟੋ ਵਿਚ ਜੰਗੀ ਪੱਤਰਕਾਰਾਂ ਨੂੰ ਉਸ ਸੋਫੇ ਨੂੰ ਘੋਖਦਿਆਂ ਦਿਖਾਇਆ ਗਿਆ ਹੈ ਜਿਸ ਉੱਤੇ ਇਸ ਤਾਨਾਸ਼ਾਹ ਜੋੜੇ ਨੇ ਆਪਣੇ ਆਖਰੀ ਦਿਨ ਬਿਤਾਏ ਸਨ। ਇਸ ਉੱਤੇ ਹਿਟਲਰ ਦੇ ਖੂਨ ਦੇ ਧੱਬੇ ਵੀ ਦਿਖਾਈ ਦੇ ਰਹੇ ਹਨ। ਇਕ ਹੋਰ ਫੋਟੋ ਇਟਲੀ ਤੋਂ ਲੁੱਟੀ ਗਈ ਇਕ ਦੁਰਲੱਭ ਤਸਵੀਰ ਦੀ ਹੈ ਜਿਹੜੀ ਆਪੂੰ ਬਣੇ 'ਕਲਾਕਾਰ' ਹਿਟਲਰ ਨੇ ਆਪਣੇ ਸਟੱਡੀ ਰੂਮ ਦੀ ਕੰਧ ਉੱਤੇ ਲਾਈ ਹੋਈ ਸੀ। ਇਸੇ ਕਮਰੇ ਵਿਚੋਂ ਉਸ ਨੇ ਆਪਣੀ ਹਕੂਮਤ ਦੇ ਆਖਰੀ ਦਿਨਾਂ ਵਿਚ ਤਕਰੀਬਨ ਖ਼ਤਮ ਹੋ ਗਈਆਂ ਨਾਜ਼ੀ ਫੌਜਾਂ ਨੂੰ ਆਪਣੇ ਆਖਰੀ ਹੁਕਮ ਜਾਰੀ ਕੀਤੇ ਸਨ। ਇਕ ਹੋਰ ਪਹਿਲੀ ਵਾਰ ਦੇਖੀ ਗਈ ਫਿਲਮ ਬੰਕਰ ਵਿਚ ਹਵਾ ਆਉਣ ਲਈ ਬਣਾਏ ਗਏ ਟਾਵਰ ਦੀ ਹੈ।

# ਚੀਨ ਵਿਚ ਔਰਤਾਂ ਨੂੰ ਬਾਡੀਗਾਰਡ ਰੱਖਣ ਦਾ ਰੁਝਾਨ

**ਪੇਇਚਿੰਗ:** ਚੀਨ ਵਿਚ ਵੱਡੀ ਗਿਣਤੀ ਔਰਤਾਂ ਅਮੀਰ ਲੋਕਾਂ ਦੀਆਂ ਸੁਰੱਖਿਆ ਗਾਰਡ ਬਣ ਕੇ ਰੋਜ਼ੀ ਰੋਟੀ ਕਮਾਉਣ ਨੂੰ ਤਰਜੀਹ ਦੇ ਰਹੀਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਦੇਸ਼ ਵਿਚ ਤੇਜ਼ੀ ਨਾਲ ਵਧ ਰਹੇ ਸਰਮਾਏਦਾਰਾਂ ਵਿਚ ਨਿੱਜੀ ਬਾਡੀਗਾਰਡ ਰੱਖਣ ਦਾ ਰੁਝਾਨ ਵੀ ਤੇਜ਼ੀ ਨਾਲ ਵਧਿਆ ਹੈ। ਇਸ ਦੇ ਮੱਦੇਨਜ਼ਰ ਵੱਡੀ ਗਿਣਤੀ ਮੁਟਿਆਰਾਂ ਬਾਡੀਗਾਰਡਾਂ ਦੀ ਸਖ਼ਤ ਟਰੇਨਿੰਗ ਦੇਣ ਵਾਲੀਆਂ ਅਕੈਡਮੀਆਂ ਵਿਚ ਭਰਤੀ ਹੋ ਰਹੀਆਂ ਹਨ ਤਾਂ ਕਿ ਉਹ ਇਸ ਕਿੱਤੇ ਤੋਂ ਵਧੀਆ ਉਜਰਤਾਂ ਹਾਸਲ ਕਰ ਸਕਣ। ਕੋਈ ਜ਼ਮਾਨਾ ਸੀ ਜਦੋਂ ਇਸ ਕੰਮ ਨੂੰ ਮਰਦਾਂ ਦਾ ਪੇਸ਼ਾ ਹੀ ਮੰਨਿਆ ਜਾਂਦਾ ਸੀ ਪਰ ਮੁਲਕ ਵਿਚ ਅਮੀਰਾਂ ਦੀ ਗਿਣਤੀ ਵਧਣ ਕਾਰਨ ਵੱਡੀ ਗਿਣਤੀ ਔਰਤਾਂ ਨੂੰ ਵੀ ਸੁਰੱਖਿਆ ਗਾਰਡ ਬਣ ਕੇ ਰੋਜ਼ੀ ਕਮਾਉਣ ਦਾ ਮੌਕਾ ਮਿਲ ਰਿਹਾ ਹੈ।



ਪੇਇਚਿੰਗ ਵਿਚ ਬਾਡੀਗਾਰਡਾਂ ਨੂੰ ਸਿੱਖਿਅਤ ਤੇ ਟਰੇਂਡ ਕਰਨ ਵਾਲੀ ਤਿਆਨਜਿਆਓ ਇੰਟਰਨੈਸ਼ਨਲ ਸਕਿਓਰਿਟੀ ਅਕੈਡਮੀ ਦੇ ਡਾਇਰੈਕਟਰ ਚੇਨ ਯੋਂਗਕਿੰਗ ਮੁਤਾਬਕ 2008 ਵਿਚ ਖੋਲ੍ਹੀ ਗਈ ਇਸ ਅਕੈਡਮੀ ਵਿਚ ਹੁਣ ਪੰਜ ਟਰੇਨਿੰਗ ਕੈਂਪ ਚੱਲਦੇ ਹਨ ਜਿਸ ਵਿਚ ਸੈਂਕੜੇ ਨੌਜਵਾਨ ਤੇ ਮੁਟਿਆਰਾਂ ਬਾਡੀਗਾਰਡ ਬਣਨ ਦੀ ਤਿਆਰੀ ਕਰ ਰਹੀਆਂ ਹਨ। ਹਰੇਕ ਕੈਂਪ ਵਿਚ 100 ਤੋਂ ਵੱਧ ਟਰੇਨੀ ਹੁੰਦੇ ਹਨ ਜਿਨ੍ਹਾਂ ਵਿਚ ਤਕਰੀਬਨ ਦਸ ਫ਼ੀਸਦੀ ਮੁਟਿਆਰਾਂ ਹਨ। ਚਾਈਨਾ ਕੈਪੀਟਲ ਗਾਰਡ ਸਕਿਓਰਿਟੀ ਸਰਵਿਸਿਜ਼ ਵਿਚ ਕੰਮ ਕਰਦੀ ਸ਼ੇਨ ਕਿਨਜੁਆਨ ਮੁਤਾਬਕ ਹਾਲੀਆ ਸਾਲਾਂ ਦੌਰਾਨ ਇਸ ਕਿੱਤੇ ਵਿਚ ਔਰਤਾਂ ਦੀ ਗਿਣਤੀ ਕਾਫੀ ਵਧੀ ਹੈ ਤੇ ਉਨ੍ਹਾਂ ਨੂੰ ਤਨਖਾਹਾਂ ਵੀ ਵਧੀਆ ਮਿਲ ਰਹੀਆਂ ਹਨ। ਇਕ ਹੋਰ ਨਿੱਜੀ ਸਕਿਓਰਿਟੀ ਏਜੰਸੀ ਦੇ ਮੈਨੇਜਰ ਜ਼ਾਓ ਨੇ ਦੱਸਿਆ ਕਿ ਉਨ੍ਹਾਂ ਦੀ ਏਜੰਸੀ ਵਿਚ ਹਰ ਸਾਲ ਤਕਰੀਬਨ 2000 ਸੁਰੱਖਿਆ ਗਾਰਡ ਭਰਤੀ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਤਕਰੀਬਨ 200 ਔਰਤਾਂ ਹੁੰਦੀਆਂ ਹਨ।

ਜ਼ਿਕਰਯੋਗ ਹੈ ਕਿ ਚੀਨ ਵਿਚ ਧਨਾਢਾਂ ਦੀ ਗਿਣਤੀ ਵਿਚ ਤੇਜ਼ ਇਜ਼ਾਫ਼ਾ ਹੋ ਰਿਹਾ ਹੈ। ਅਜਿਹੀ ਇਕ ਸੂਚੀ ਵਿਚ ਤਕਰੀਬਨ 250 ਅਰਬਪਤੀਆਂ ਦੇ ਨਾਂ ਦਿੱਤੇ ਗਏ ਹਨ ਜਿਨ੍ਹਾਂ ਦੀ ਆਮਦਨ ਤੇ ਅਸਾਸੇ ਇਕ ਅਰਬ ਡਾਲਰ ਤੋਂ ਵੱਧ ਹਨ।

# ਭਾਰਤੀ ਜਵਾਨਾਂ ਦੇ ਸਿਰ ਕਲਮ ਕਰਨ ਬਾਰੇ ਕੂੜ ਪ੍ਰਚਾਰ: ਮੁਸ਼ੱਰਫ਼

**ਨਵੀਂ ਦਿੱਲੀ:** ਜੰਮੂ ਤੇ ਕਸ਼ਮੀਰ ਦੇ ਮੇਂਢਰ ਸੈਕਟਰ ਵਿਚ ਕੰਟਰੋਲ ਰੇਖਾ ਕੋਲ ਪਾਕਿਸਤਾਨ ਵੱਲੋਂ ਭਾਰਤੀ ਸੈਨਿਕ ਦਾ ਸਿਰ ਲਾਹੁਣ ਦੇ ਦੋਸ਼ ਨੂੰ ਝੁਠਲਾਉਂਦਿਆਂ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਨੇ ਇਸ ਨੂੰ ਕੋਰਾ ਝੂਠ ਦੱਸਿਆ ਹੈ। ਲੰਦਨ ਤੋਂ ਇਕ ਨਿੱਜੀ ਚੈਨਲ ਨਾਲ ਮੁਲਾਕਾਤ ਵਿਚ ਜਨਰਲ ਮੁਸ਼ੱਰਫ ਨੇ ਕਿਹਾ ਕਿ ਕੋਈ ਵੀ ਸਭਿਅਕ ਫ਼ੌਜ ਇਸ ਤਰ੍ਹਾਂ ਦੀ ਕਾਰਵਾਈ ਨਹੀਂ ਕਰੇਗੀ ਤੇ ਪਾਕਿਸਤਾਨ ਦੀ ਫ਼ੌਜ ਅਨੁਸ਼ਾਸਨਬੱਧ ਫ਼ੌਜ ਹੈ। ਜਨਰਲ ਮੁਸ਼ੱਰਫ ਜਿਹੜਾ ਮੁਲਾਕਾਤ ਦੌਰਾਨ ਖਾਸਕਰ ਕਾਰਗਿਲ ਜੰਗ ਬਾਰੇ ਪੁੱਛੇ ਸਵਾਲਾਂ ਨੂੰ ਲੈ ਕੇ ਗੁੱਸੇ ਵਿਚ ਆਉਂਦਾ ਰਿਹਾ ਹੈ, ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਨਾਲ ਸੱਭਿਅਕ ਰਿਸ਼ਤੇ ਬਣਾਉਣ ਲਈ ਕਦੇ ਵੀ ਗੰਭੀਰ ਯਤਨ ਨਹੀਂ ਕੀਤਾ। ਕਾਰਗਿਲ ਜੰਗ ਦੌਰਾਨ ਭਾਰਤੀ ਫ਼ੌਜ ਦੇ ਕੈਪਟਨ ਸੌਰਵ ਕਾਲੀਆ ਨੂੰ ਪਾਕਿਸਤਾਨੀ ਫ਼ੌਜ ਵਲੋਂ 20 ਦਿਨ ਹਿਰਾਸਤ 'ਚ ਰੱਖ ਕੇ ਤਸ਼ੱਦਦ ਕਰਕੇ ਮਾਰਨ ਬਾਰੇ ਪੁੱਛੇ ਸਵਾਲ 'ਤੇ ਮੁਸ਼ੱਰਫ ਨੇ ਇਸ ਤਰ੍ਹਾਂ ਦੀ ਘਟਨਾ ਹੋਣ ਦਾ ਖੰਡਨ ਕਰਦਿਆਂ ਕਿਹਾ ਕਿ ਜੇਕਰ ਲਾਸ਼ 'ਤੇ ਤਸ਼ੱਦਦ ਦੇ ਨਿਸ਼ਾਨ ਸਨ ਤਾਂ ਪਾਕਿਸਤਾਨੀ ਫ਼ੌਜ ਉਸ ਦੀ ਲਾਸ਼ ਭਾਰਤ ਨੂੰ ਕਿਉਂ ਸੌਂਪੇਗੀ।

# ਕਾਦਰੀ ਤੇ ਪਾਕਿ ਸਰਕਾਰ ਵਿਚਾਲੇ ਸਮਝੌਤਾ

**ਇਸਲਾਮਾਬਾਦ:** ਇਥੇ ਕੌਮੀ ਅਸੈਂਬਲੀ ਦੇ ਸਾਹਮਣੇ ਪਾਕਿਸਤਾਨ ਸਰਕਾਰ ਨੂੰ ਬਰਤਰਫ਼ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਆਪਣੇ ਹਜ਼ਾਰਾਂ ਹਮਾਇਤੀਆਂ ਨਾਲ ਅੰਦੋਲਨ ਕਰ ਰਹੇ ਮੌਲਾਨਾ ਤਾਹਿਰ-ਉਲ-ਕਾਦਰੀ ਤੇ ਸਰਕਾਰ ਦਰਮਿਆਨ ਸਮਝੌਤਾ ਹੋ ਗਿਆ ਜਿਸ ਮਗਰੋਂ ਕਾਦਰੀ ਨੇ ਚਾਰ ਦਿਨਾਂ ਤੋਂ ਚਲਿਆ ਆ ਰਿਹਾ ਅੰਦੋਲਨ ਖਤਮ ਕਰ ਦਿੱਤਾ।

ਕੇਂਦਰੀ ਮੰਤਰੀਆਂ ਤੇ ਸਿਆਸੀ ਨੇਤਾਵਾਂ ਦੀ 10 ਮੈਂਬਰੀ ਟੀਮ ਨਾਲ ਪੰਜ ਘੰਟਿਆਂ ਤੱਕ ਗੱਲਬਾਤ ਮਗਰੋਂ ਕਾਦਰੀ ਨੇ ਕਿਹਾ ਕਿ ਉਹ 'ਇਸਲਾਮਾਬਾਦ ਲਾਂਗ ਮਾਰਚ ਐਲਾਨਨਾਮੇ' ਦੇ ਜ਼ਰੀਏ ਆਪਣਾ ਅੰਦੋਲਨ ਖਤਮ ਕਰ ਰਿਹਾ ਹੈ। ਪਹਿਲਾਂ ਕਾਦਰੀ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਕਰਨ ਵਾਲੀ ਸਰਕਾਰ ਨੇ ਗੱਲਬਾਤ ਲਈ ਉਨ੍ਹਾਂ ਨਾਲ ਰਾਬਤਾ ਕੀਤਾ। ਸਰਕਾਰ ਨੇ ਗੱਲਬਾਤ ਲਈ ਚਾਰ ਮੈਂਬਰੀ ਕਮੇਟੀ ਕਾਇਮ ਕੀਤੀ ਸੀ ਜਿਸ ਨੇ ਇਸ ਧਾਰਮਿਕ ਆਗੂ ਨਾਲ ਗੱਲਬਾਤ ਕੀਤੀ।

## ਚੀਨ ਵਿਚ ਮਿਲਣਗੇ ਕਿਰਾਏ 'ਤੇ ਦੋਸਤ

**ਪੇਇਚਿੰਗ:** ਆਪਣੇ ਜੀਵਨ ਸਾਥੀ ਤੋਂ ਬਿਨਾਂ ਦਿਨ ਕੱਟ ਰਹੀਆਂ ਔਰਤਾਂ ਲਈ ਚੀਨ ਦੀ ਇਕ ਆਨਲਾਈਨ ਸੇਲਜ਼ ਫਰਮ ਨੇ 'ਕਿਰਾਏ ਉਤੇ ਮਿੱਤਰ ਹਾਸਲ ਕਰੋ' ਨਾਂ ਦੀ ਨਿਵੇਕਲੀ ਸੇਵਾ ਸ਼ੁਰੂ ਕੀਤੀ ਹੈ। ਚੀਨ ਦੀ ਸਭ ਤੋਂ ਵੱਡੀ ਆਨਲਾਈਨ ਫਰਮ ਤਾਓਬਾਓ ਡਾਟਕਾਮ ਨੂੰ ਆਸ ਹੈ ਕਿ ਉਸ ਦੀ ਇਸ ਨਿਵੇਕਲੀ ਸੇਵਾ ਤੋਂ ਭਾਰੀ ਗਿਣਤੀ ਵਿਚ ਉਹ ਔਰਤਾਂ ਲਾਭ ਉਠਾਉਣਗੀਆਂ ਜੋ ਇਕੱਲੀਆਂ ਰਹਿ ਰਹੀਆਂ ਹਨ ਤੇ ਨਗਦ ਅਦਾਇਗੀ ਕਰਕੇ ਮਿੱਤਰ ਲੜਕੇ ਦੀਆਂ ਸੇਵਾਵਾਂ ਹਾਸਲ ਕਰ ਸਕਣਗੀਆਂ। ਜ਼ਿਕਰਯੋਗ ਹੈ ਕਿ ਚੀਨ ਵਿਚ ਰਵਾਇਤੀ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਪਰਿਵਾਰ ਦੇ ਸਾਰੇ ਮੈਂਬਰ ਇਕੱਠੇ ਹੁੰਦੇ ਹਨ। ਇਸ ਸੇਵਾ ਰਾਹੀਂ ਇਕੱਲੀਆਂ ਰਹਿ ਰਹੀਆਂ ਔਰਤਾਂ ਨੂੰ ਮਿੱਤਰ ਲੜਕੇ ਹਾਸਲ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ ਜੋ ਉਨ੍ਹਾਂ ਦੇ ਨਾਲ ਸਾਥੀ ਵਜੋਂ ਪਰਿਵਾਰ ਵਾਲਿਆਂ ਨੂੰ ਮਿਲਣ ਜਾ ਸਕਦੇ ਹਨ, ਬਾਜ਼ਾਰ ਵਿਚ ਖਰੀਦਦਾਰੀ ਕਰਨ ਜਾ ਸਕਦੇ ਹਨ ਤੇ ਰਾਤ ਦੇ ਖਾਣੇ ਲਈ ਵੀ ਜਾ ਸਕਦੇ ਹਨ। ਇਸ ਤਰ੍ਹਾਂ ਉਹ ਔਰਤਾਂ ਮਾਪਿਆਂ ਤੇ ਹੋਰਾਂ ਦੇ ਤਿੱਖੇ ਸਵਾਲਾਂ ਤੋਂ ਬਚ ਸਕਦੀਆਂ ਹਨ ਜਿਨ੍ਹਾਂ ਨੂੰ ਅਜੇ ਤੱਕ ਜੀਵਨ ਸਾਥੀ ਨਹੀਂ ਮਿਲੇ। ਜ਼ਿਕਰਯੋਗ ਹੈ ਕਿ ਚੀਨ ਵਿਚ ਇਕੱਲੇ ਤੌਰ ਉਤੇ ਰਹਿ ਰਹੀਆਂ ਔਰਤਾਂ ਦੀ ਗਿਣਤੀ ਅਠਾਰਾਂ ਕਰੋੜ ਹੈ।

# ਚੀਨ ਸਰਕਾਰ 'ਇਕ ਬੱਚਾ' ਨੀਤੀ ਬਦਲਣ ਤੋਂ ਇਨਕਾਰੀ

**ਪੇਇਚਿੰਗ:** ਚੀਨ ਵੱਲੋਂ ਜਨਮ ਦਰ ਨੂੰ ਹੇਠਾਂ ਰੱਖਣ ਦੇ ਮਕਸਦ ਲਈ ਬਣਾਈ ਵਿਵਾਦਗ੍ਰਸਤ 'ਇਕ ਬੱਚਾ ਨੀਤੀ' ਵਿਚ ਅਜੇ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ। ਹਾਲਾਂਕਿ ਦੇਸ਼ ਦੀ ਲੀਡਰਸ਼ਿਪ ਬਦਲਣ ਨਾਲ ਇਹ ਕਿਆਸਅਰਾਈਆਂ ਲੱਗ ਰਹੀਆਂ ਸਨ ਕਿ ਨਵੀਂ ਲੀਡਰਸ਼ਿਪ ਇਸ ਨੀਤੀ ਬਾਰੇ ਕੋਈ ਬਦਲਵਾਂ ਫੈਸਲਾ ਲਵੇਗੀ।

ਦੇਸ਼ ਦੀ ਕੌਮੀ ਅਬਾਦੀ ਤੇ ਪਰਿਵਾਰ ਨਿਯੋਜਨ ਕਮੇਟੀ ਦੀ ਡਾਇਰੈਕਟਰ ਵਾਂਗ ਸ਼ੀਰਮਾ ਦਾ ਕਹਿਣਾ ਹੈ ਕਿ ਚੀਨ ਦੀ ਪਰਿਵਾਰ ਯੋਜਨਾ ਨੀਤੀ ਲੰਮੀ ਹੋਣੀ ਚਾਹੀਦੀ ਹੈ ਤੇ ਇਸ ਦਾ ਮਕਸਦ ਜਨਮ ਦਰ ਨੂੰ ਹੇਠਾਂ ਰੱਖਣਾ ਹੈ। ਸਰਕਾਰ ਆਪਣੀਆਂ ਅਜਿਹੀਆਂ ਸੇਵਾਵਾਂ ਨੂੰ ਦੇਸ਼ ਦੇ ਹਰ ਹਿੱਸੇ ਵਿਚ ਪਹੁੰਚਾਏਗੀ ਜਿਸ ਨਾਲ ਔਰਤਾਂ ਦੀ ਜਾਂਚ ਹੋ ਸਕੇ ਕਿ ਉਹ ਗਰਭਵਤੀ ਹਨ ਜਾਂ ਨਹੀਂ। ਇਸ ਸਮੇਂ ਅਜਿਹੀਆਂ ਸੇਵਾਵਾਂ ਦੇਸ਼ ਦੇ 60 ਫ਼ੀਸਦੀ ਹਿੱਸੇ ਵਿਚ ਹੀ ਹਨ।

ਦੂਜੇ ਪਾਸੇ ਚੀਨ ਦੀ ਵਿਕਾਸ ਤੇ ਖੋਜ ਫਾਊਂਡੇਸ਼ਨ ਮੁਤਾਬਕ ਦੇਸ਼ ਦੀ ਇਕ ਬੱਚਾ ਨੀਤੀ ਨਾਲ ਮਾੜਾ ਅਸਰ ਪੈ ਰਿਹਾ ਹੈ। ਇਸ ਨਾਲ ਦੇਸ਼ ਵਿਚ ਬਜ਼ੁਰਗਾਂ ਦੀ ਗਿਣਤੀ ਜਵਾਨਾਂ ਨਾਲੋਂ ਕਿਤੇ ਅੱਗੇ ਵਧ ਚੁੱਕੀ ਤੇ ਲਿੰਗ ਅਨੁਪਾਤ ਵਿਗੜ ਗਿਆ ਹੈ। ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਦੇਸ਼ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ ਤੇ ਪਰਵਾਸੀ ਵਰਕਰਾਂ ਦੀ ਕਮੀ ਸਾਹਮਣੇ ਆਉਣ ਲੱਗੀ ਹੈ। ਚੀਨ ਵਿਚ ਪਰਿਵਾਰ ਨਿਯੋਜਨ ਨੀਤੀ 1980 ਵਿਚ ਲਾਗੂ ਕੀਤੀ ਗਈ ਸੀ।

### ਕਿਆਸਅਰਾਈਆਂ ਫਿਲਹਾਲ ਖਤਮ



ਉਸ ਵੇਲੇ ਦੀ ਕਮਿਊਨਿਸਟ ਲੀਡਰਸ਼ਿਪ ਨੇ ਦੇਰ ਨਾਲ ਵਿਆਹ ਕਰਾਉਣ ਦੇ ਰੁਝਾਨ ਨੂੰ ਉਤਸ਼ਾਹਤ ਕੀਤਾ, ਉਥੇ ਸ਼ਹਿਰੀ ਜੋੜਿਆਂ ਨੂੰ ਇਕ ਤੋਂ ਵੱਧ ਬੱਚੇ ਪੈਦਾ ਨਾ ਕਰਨ ਲਈ ਕਿਹਾ ਸੀ ਪਰ ਦੇਸ਼ ਦੇ ਬਹੁਤ ਸਾਰੇ ਪੇਂਡੂ ਇਲਾਕਿਆਂ ਵਿਚ ਦੋ ਬੱਚਿਆਂ ਤੱਕ ਦੀ ਛੋਟ ਦਿੱਤੀ ਗਈ ਹੈ। ਸਰਕਾਰੀ ਅੰਕੜਿਆਂ ਦਾ ਦਾਅਵਾ ਹੈ ਕਿ ਇਸ ਨੀਤੀ ਨਾਲ 40 ਕਰੋੜ ਬੱਚਿਆਂ ਨੂੰ ਜਨਮ ਦੇਣ ਤੋਂ ਰੋਕ ਦਿੱਤਾ ਗਿਆ ਹੈ।

ਇਸ ਸਾਲ ਮਾਰਚ ਵਿਚ ਰਾਸ਼ਟਰਪਤੀ ਬਣਨ ਵਾਲੇ ਸੀ ਜਿਨਪਿੰਗ ਤੋਂ ਆਸ ਕੀਤੀ ਜਾ ਰਹੀ ਸੀ ਕਿ ਉਹ 'ਇਕ ਬੱਚਾ' ਨੀਤੀ ਨੂੰ ਬਦਲ ਦੇਣਗੇ ਪਰ ਅਜਿਹਾ ਕੁਝ ਨਜ਼ਰ ਨਹੀਂ ਆ ਰਿਹਾ। ਦੇਸ਼ ਦੀ 18.5 ਕਰੋੜ ਆਬਾਦੀ 60 ਸਾਲਾਂ ਤੋਂ ਵੱਧ ਹੈ ਤੇ ਇਸ ਦੇਸ਼ ਦੀ ਕੁੱਲ ਅਬਾਦੀ ਦਾ 13.7 ਫੀਸਦੀ ਹੈ। ਫਾਊਂਡੇਸ਼ਨ ਦਾ ਕਹਿਣਾ ਹੈ ਕਿ ਸਰਕਾਰ ਨੂੰ ਅਗਲੇ ਤਿੰਨ ਸਾਲਾਂ ਤੱਕ ਆਪਣੀ 'ਇਕ ਬੱਚਾ ਨੀਤੀ' ਨੂੰ ਢਿੱਲਾ ਕਰ ਦੇਣਾ ਚਾਹੀਦਾ ਹੈ।

# ਪੈਲਾਟਾਈਨ ਗੁਰੂ ਘਰ ਦੀਆਂ ਚੋਣਾਂ 'ਚ ਟੱਕਰ ਸਿੱਧੀ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜੀਅਸ ਸੁਸਾਇਟੀ ਦੀ ਅਦਾਲਤ ਦੇ ਹੁਕਮਾਂ 'ਤੇ ਆਉਂਦੀ 10 ਫਰਵਰੀ ਨੂੰ ਹੋ ਰਹੀ ਵਿਸ਼ੇਸ਼ ਚੋਣ ਲਈ ਮੁਕਾਬਲਾ ਦੋ ਧਿਰਾਂ ਵਿਚਾਲੇ ਸਿੱਧਾ ਹੋਵੇਗਾ। ਸੁਸਾਇਟੀ ਦੇ ਬੋਰਡ ਦੀਆਂ ਪੰਜ ਸੀਟਾਂ ਲਈ ਨੌਂ ਉਮੀਦਵਾਰਾਂ ਵਲੋਂ ਆਪਣੇ ਨਾਮਜ਼ਦਗੀ ਕਾਗਜ਼ ਵਾਪਸ ਲੈ ਲਏ ਜਾਣ ਕਾਰਨ ਪੰਜ ਵਿਚੋਂ ਤਿੰਨ ਉਮੀਦਵਾਰਾਂ ਵਲੋਂ ਕਾਗਜ਼ ਵਾਪਸ ਲੈ ਲਏ ਜਾਣ ਉਪਰੰਤ ਆਰਥਰ ਸਿੰਘ ਗੁਲਾਟੀ ਅਤੇ ਜਸਦੇਵ ਸਿੰਘ ਵਿਚਾਲੇ ਸਿੱਧਾ ਮੁਕਾਬਲਾ ਹੋਵੇਗਾ।

ਸੂਤਰਾਂ ਅਨੁਸਾਰ ਬੋਰਡ ਲਈ ਨਾਮਜ਼ਦਗੀ ਕਾਗਜ਼ ਵਾਪਸ ਲੈਣ ਵਾਲਿਆਂ ਵਿਚ ਮੱਖਣ ਸਿੰਘ ਕਲੇਰ, ਨਰਿੰਦਰ ਸਿੰਘ, ਹਰਮਿੰਦਰ ਸਿੰਘ ਖਹਿਰਾ, ਪੀ ਐਸ ਗਿੱਲ, ਏ ਐਸ ਗੁਲਾਟੀ, ਗਿਆਨ ਸਿੰਘ ਸੀਹਰਾ, ਇਰਵਿਨਪ੍ਰੀਤ ਸਿੰਘ, ਜਤਿੰਦਰ ਸਿੰਘ ਗਰੇਵਾਲ ਤੇ ਹਰਵਿੰਦਰਪਾਲ ਸਿੰਘ ਦੇ ਨਾਂ ਸ਼ਾਮਲ ਹਨ। ਜਦੋਂਕਿ ਸੀ ਆਈ ਸੀ ਲਈ ਨਾਂ ਵਾਪਸ ਲੈਣ ਵਾਲਿਆਂ ਵਿਚ ਨਰਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਗਿੱਲ ਅਤੇ ਗਿਆਨ ਸਿੰਘ ਸੀਹਰਾ ਸ਼ਾਮਲ ਹਨ।



ਗੁਰਮੀਤ ਸਿੰਘ ਭੋਲਾ, ਮਹਾਂਬੀਰ ਸਿੰਘ ਬਰਾੜ, ਅੰਮ੍ਰਿਤਪਾਲ ਸਿੰਘ ਗਿੱਲ, ਸਰਵਣ ਸਿੰਘ, ਸੋਖੀ ਸਿੰਘ ਅਤੇ ਆਰਥਰ ਸਿੰਘ ਗੁਲਾਟੀ



ਕੁਲਦੀਪ ਸਿੰਘ ਝੱਟੂ, ਅਮਰਜੀਤ ਸਿੰਘ ਜੌਹਰ, ਸੁਖਦੇਵ ਕੌਰ ਘੁੰਮਣ, ਸੰਤੋਖ ਸਿੰਘ, ਗੁਰਦੀਪ ਸਿੰਘ ਜੌਹਲ ਅਤੇ ਜਸਦੇਵ ਸਿੰਘ

ਦਸ ਉਮੀਦਵਾਰ-ਗੁਰਮੀਤ ਸਿੰਘ ਭੋਲਾ, ਮਹਾਂਬੀਰ ਸਿੰਘ ਬਰਾੜ, ਸੁਖਦੇਵ ਕੌਰ ਘੁਮਾਣ, ਅੰਮ੍ਰਿਤਪਾਲ ਸਿੰਘ ਗਿੱਲ, ਕੁਲਦੀਪ ਸਿੰਘ ਝੱਟੂ, ਗੁਰਦੀਪ ਸਿੰਘ ਜੌਹਲ, ਅਮਰਜੀਤ ਸਿੰਘ ਜੌਹਰ, ਸੰਤੋਖ ਸਿੰਘ, ਸਰਵਣ ਸਿੰਘ ਅਤੇ ਸੋਖੀ ਸਿੰਘ ਚੋਣ ਮੈਦਾਨ ਵਿਚ ਰਹਿ ਗਏ ਹਨ। ਇਸੇ ਤਰ੍ਹਾਂ ਸੰਵਿਧਾਨ ਅਮਲ ਕਮੇਟੀ (ਸੀ ਆਈ ਸੀ) ਦੀ ਇਕ ਸੀਟ ਲਈ ਨਾਮਜ਼ਦਗੀ ਕਾਗਜ਼ ਭਰਨ ਵਾਲੇ

ਜ਼ਿਕਰਯੋਗ ਹੈ ਕਿ ਆਉਂਦੀ 10 ਫਰਵਰੀ ਨੂੰ ਹੋ ਰਹੀਆਂ ਇਹ ਵਿਸ਼ੇਸ਼ ਚੋਣਾਂ ਸਿੱਖ ਸੰਗਤ ਇੰਟੈਗਰਿਟੀ ਐਸੋਸੀਏਸ਼ਨ ਨਾਂ ਦੀ ਜਥੇਬੰਦੀ ਵਲੋਂ ਅਦਾਲਤ ਵਿਚ ਕੀਤੇ ਗਏ ਕੇਸ ਬਾਰੇ ਪੰਥਕ ਸਲੇਟ ਦੀ ਅਗਵਾਈ ਹੇਠਲੇ ਪ੍ਰਬੰਧਕੀ ਬੋਰਡ ਨਾਲ ਪਿਛਲੇ ਸਾਲ ਅਕਤੂਬਰ ਮਹੀਨੇ ਹੋਏ ਰਾਜ਼ੀਨਾਮੇ ਪਿਛੋਂ ਅਦਾਲਤ ਦੇ ਹੁਕਮਾਂ 'ਤੇ ਹੋ ਰਹੀਆਂ ਹਨ। ਸਿੱਖ ਸੰਗਤ ਇੰਟੈਗਰਿਟੀ ਐਸੋਸੀਏਸ਼ਨ ਵਲੋਂ ਕੇਸ ਬੋਰਡ ਦੀਆਂ 2010 ਵਿਚ ਹੋਈਆਂ ਚੋਣਾਂ ਵਿਚ ਹੇਰਾ-ਫੇਰੀ ਹੋਣ ਦੇ ਦੋਸ਼ਾਂ ਨੂੰ ਲੈ ਕੇ ਕੀਤਾ ਗਿਆ ਸੀ। ਇਸ ਕੇਸ ਉਪਰ ਸਿੱਖ ਰਿਲੀਜੀਅਸ ਸੁਸਾਇਟੀ ਦਾ ਕੋਈ ਤਿੰਨ ਲੱਖ ਡਾਲਰ ਤੋਂ ਵੀ ਵੱਧ ਪੈਸਾ ਖਰਚ ਹੋਇਆ। ਦੱਸਣਯੋਗ ਹੈ ਕਿ ਅਦਾਲਤ ਦੇ ਹੁਕਮਾਂ ਉਤੇ ਬੋਰਡ ਦੀਆਂ ਪੰਜ ਅਤੇ ਸੰਵਿਧਾਨ ਅਮਲ ਕਮੇਟੀ ਦੀ ਇਕ ਸੀਟ ਲਈ ਇਹ ਚੋਣਾਂ 2010 ਵਿਚ ਚੁਣੇ ਗਏ ਮੈਂਬਰਾਂ ਵਲੋਂ ਅਸਤੀਫਾ ਦਿਤੇ ਜਾਣ ਪਿਛੋਂ ਹੋ ਰਹੀਆਂ ਹਨ ਅਤੇ ਇਨ੍ਹਾਂ ਦੀ ਮਿਆਦ ਅਪਰੈਲ 2014 ਤੱਕ ਹੀ ਹੋਵੇਗੀ। ਗੁਰੂ ਘਰ ਦਾ ਪ੍ਰਬੰਧ ਚਲਾਉਂਦੀ ਸਿੱਖ ਰਿਲੀਜੀਅਸ ਸੁਸਾਇਟੀ ਦੇ ਨੌਂ ਬੋਰਡ ਮੈਂਬਰ ਹਨ ਅਤੇ ਤਿੰਨ ਸੀ ਆਈ ਸੀ ਮੈਂਬਰ। ਸੁਸਾਇਟੀ ਦੇ ਵਿਧਾਨ ਅਨੁਸਾਰ ਬੋਰਡ ਮੈਂਬਰਾਂ ਦੀ ਮਿਆਦ ਚਾਰ ਸਾਲ ਦੀ ਹੁੰਦੀ ਹੈ ਅਤੇ ਸੀ ਆਈ ਸੀ ਮੈਂਬਰ ਦੀ ਮਿਆਦ ਛੇ ਸਾਲ।

ਚੋਣ ਮੈਦਾਨ ਵਿਚ ਇਕ ਪਾਸੇ ਪ੍ਰਬੰਧ 'ਤੇ ਕਾਬਜ ਮੌਜੂਦਾ ਪੰਥਕ ਸਲੇਟ ਹੈ ਜਦੋਂਕਿ ਦੂਜੇ ਪਾਸੇ ਸ਼ਿਕਾਗੋ ਸਿੱਖਸ ਅਤੇ ਸਿੱਖ ਸੰਗਤ ਇੰਟੈਗਰਿਟੀ ਐਸੋਸੀਏਸ਼ਨ ਵਲੋਂ ਚੋਣ ਸਾਂਝੇ ਤੌਰ 'ਤੇ ਲੜੀ ਜਾ ਰਹੀ ਹੈ। ਬੋਰਡ ਮੈਂਬਰਾਂ ਲਈ ਉਮੀਦਵਾਰ ਬੀਬੀ ਸੁਖਦੇਵ ਕੌਰ ਘੁਮਾਣ, ਕੁਲਦੀਪ ਸਿੰਘ ਝੱਟੂ, ਗੁਰਦੀਪ ਸਿੰਘ ਜੌਹਲ, ਸੰਤੋਖ ਸਿੰਘ ਤੇ ਅਮਰਜੀਤ ਸਿੰਘ ਜੌਹਰ ਅਤੇ ਸੀ ਆਈ ਸੀ ਲਈ ਜਸਦੇਵ ਸਿੰਘ ਪੰਥਕ ਸਲੇਟ ਵਲੋਂ ਉਮੀਦਵਾਰ ਹਨ ਜਦੋਂ ਕਿ ਦੂਜੀ ਧਿਰ ਵਲੋਂ ਗੁਰਮੀਤ ਸਿੰਘ ਭੋਲਾ, ਮਹਾਂਬੀਰ ਸਿੰਘ ਬਰਾੜ, ਸਰਵਣ ਸਿੰਘ, ਅੰਮ੍ਰਿਤਪਾਲ ਸਿੰਘ ਗਿੱਲ ਤੇ ਸੋਖੀ ਸਿੰਘ ਅਤੇ ਸੀ ਆਈ ਸੀ ਲਈ ਆਰਥਰ ਸਿੰਘ ਗੁਲਾਟੀ ਉਮੀਦਵਾਰ ਹਨ।

ਮੌਜੂਦਾ ਪ੍ਰਧਾਨ ਬੀਬੀ ਸੁਖਦੇਵ ਕੌਰ ਘੁਮਾਣ, ਕੁਲਦੀਪ ਸਿੰਘ ਝੱਟੂ ਤੇ ਅਮਰਜੀਤ ਸਿੰਘ ਜੌਹਰ 2010 ਦੀਆਂ ਚੋਣਾਂ ਵਿਚ ਚੁਣੇ ਗਏ ਸਨ ਅਤੇ ਅਸਤੀਫਾ ਦੇਣ ਪਿਛੋਂ ਮੁੜ ਚੋਣ ਲੜ ਰਹੇ ਹਨ। ਸ. ਸੋਖੀ ਸਿੰਘ ਗੁਰਦੁਆਰਾ ਪੈਲਾਟਾਈਨ ਦੇ ਧਾਰਮਿਕ ਸਕੱਤਰ ਰਹਿ ਚੁਕੇ ਹਨ।





*To Advertise with Punjab Times*
*Call: 847-359-0746*
*punjabtimesusa.com*


# ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁਪ ਵੱਲੋਂ ਕੈਂਡਲ ਲਾਈਟ ਵਿਜ਼ਿਲ



**ਯੂਨੀਅਨ ਸਿਟੀ (ਬਿਊਰੋ):** ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁਪ ਦੀ ਪਿਛਲੇ ਦਿਨੀਂ ਇਥੇ ਹੋਈ ਇਕ ਮੀਟਿੰਗ ਵਿਚ ਭਾਰਤ ਅਤੇ ਅਮਰੀਕਾ ਵਿਚ ਹੋਈਆਂ ਦੁਖਦਾਈ ਘਟਨਾਵਾਂ ਦਾ ਜਾਇਜਾ ਲਿਆ ਗਿਆ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਗਈ। ਅਮਰੀਕੀ ਸਟੇਟ ਕੁਨੈਕਟੀਕਟ ਦੇ ਸ਼ਹਿਰ ਨਿਊ ਟਾਉਨ ਵਿਚ ਪਿਛਲੇ ਦਿਨੀਂ ਇਕ ਸਿਰ ਫਿਰੇ ਵਿਅਕਤੀ ਵਲੋਂ 20 ਬੱਚਿਆਂ ਅਤੇ ਛੇ ਅਧਿਆਪਕਾਂ ਨੂੰ ਕਤਲ ਕਰ ਦਿੱਤੇ ਜਾਣ ਦੀ ਨਿਖੇਧੀ ਕਰਦਿਆਂ ਕੈਂਡਲ ਲਾਈਟ ਜਗਾ ਕੇ ਵਿਛੜੀਆਂ ਰੂਹਾਂ ਦੀ ਆਤਮਕ ਸਾਂਤੀ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਪਰਮਾਤਮਾ ਦੇ ਚਰਨਾਂ 'ਚ ਅਰਦਾਸ ਕੀਤੀ ਗਈ। ਪਿਛਲੇ ਦਿਨੀਂ ਬੇਏਰੀਏ ਵਿਚ ਇਕ ਸੜਕ ਹਾਦਸੇ ਵਿਚ ਮਾਰੇ ਗਏ ਮੁਲਤਾਨੀ ਪਰਿਵਾਰ ਦੇ ਜੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਮੀਟਿੰਗ ਵਿਚ ਪੰਜਾਬ ਦੇ ਅੰਮ੍ਰਿਤਸਰ ਸ਼ਹਿਰ ਨਜ਼ਦੀਕ ਕੁਝ ਸਿਆਸੀ ਗੁੰਡਿਆਂ ਵਲੋਂ ਆਪਣੀ ਧੀ ਦੀ ਆਬਰੂ ਦੀ ਰਾਖੀ ਕਰਦੇ ਇਕ ਥਾਣੇਦਾਰ ਰਵਿੰਦਰਪਾਲ ਸਿੰਘ ਦੇ ਕੀਤੇ ਗਏ ਕਤਲ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਦਲ ਖਾਲਸਾ ਅਲਾਇੰਸ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਦਾਖਾ ਨੇ ਕੈਂਡਲ ਲਾਈਟ ਅਤੇ ਅਰਦਾਸ ਵਿਚ ਹਿਸਾ ਲੈਂਦਿਆ ਕਿਹਾ ਕਿ ਬਾਬਰ ਤੇ ਜਾਬਰ ਪਹਿਲਾਂ ਵੀ ਸਨ ਅਤੇ ਅੱਜ ਵੀ ਮੌਜੂਦ ਹਨ। ਜਦੋਂ ਵੀ ਜਾਬਰ ਜ਼ੁਲਮ ਕਰਦੇ ਹਨ ਅਤੇ ਲੋਕਾਂ ਨੂੰ ਇਨਸਾਫ ਨਹੀਂ ਮਿਲਦਾ ਤਾਂ ਫਿਰ ਬਗਾਵਤਾਂ ਜਨਮ ਲੈਂਦੀਆਂ ਹਨ। ਉਨ੍ਹਾਂ ਦਿੱਲੀ ਵਿਚ ਹੋਏ ਸਮੂਹਕ ਬਲਾਤਕਾਰ ਕੇਸ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਕਿ ਇਨ੍ਹਾਂ ਸ਼ਰਮਨਾਕ ਘਟਨਾਵਾਂ ਨੂੰ ਰੋਕਣ ਲਈ ਲੋਕਾਂ ਨੂੰ ਜਾਗਣਾ ਪਵੇਗਾ।

ਸੰਸਥਾ ਦੇ ਇਕ ਬੁਲਾਰੇ ਸੁਦੇਸ਼ ਸਿੰਘ ਅਟਵਾਲ ਵਲੋਂ ਜਾਰੀ ਇਕ ਬਿਆਨ ਅਨੁਸਾਰ ਮੀਟਿੰਗ ਦੌਰਾਨ ਪਾਸ ਕੀਤੇ ਗਏ ਇਕ ਮਤੇ ਰਾਹੀਂ ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁਪ ਨੇ ਐਸੀਆਂ ਘਟਨਾਵਾਂ ਦੀ ਰੋਕਧਾਮ ਲਈ ਸਖਤ ਕਾਨੂੰਨਾਂ ਦੀ ਮੰਗ ਕੀਤੀ। ਮਤੇ ਵਿਚ ਕਿਹਾ ਗਿਆ ਕਿ ਜਿਸ ਤਰ੍ਹਾਂ ਦੇ ਇਸ ਸਮੇਂ ਅਜਾਦ ਹਿੰਦੋਸਤਾਨ ਵਿਚ ਹਾਲਾਤ ਹਨ, ਉਸ ਤੋਂ ਸ਼ਹੀਦ ਗਦਰੀ ਬਾਬਿਆਂ ਦੀਆਂ ਰੂਹਾਂ ਵੀ ਸ਼ਰਮਸਾਰ ਹੁੰਦੀਆਂ ਹੋਣਗੀਆਂ ਕਿਉਂਕਿ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਅਜੇ ਵੀ ਆਜ਼ਾਦ ਨਹੀਂ ਹੋਇਆ।

## ਮਾਲਕਣ ਦੀ ਮੌਤ ਮਗਰੋਂ ਰੋਜ ਚਰਚ ਜਾਂਦਾ ਹੈ ਕੁੱਤਾ

**ਰੋਮ:** ਇਟਲੀ ਵਿਚ ਇਕ ਕੁੱਤਾ ਆਪਣੀ ਮਾਲਕਣ ਦੀ ਮੌਤ ਤੋਂ ਬਾਅਦ ਰੋਜ਼ਾਨਾ ਚਰਚ ਜਾਂਦਾ ਹੈ। ਦੋ ਮਹੀਨੇ ਪਹਿਲਾਂ ਟੌਮੀ ਨਾਂ ਦੇ ਕੁੱਤੇ ਦੀ ਮਾਲਕਣ ਮਰ ਗਈ ਸੀ।

ਮਾਲਕਣ ਦੀਆਂ ਜਿਸ ਚਰਚ ਵਿਚ ਅੰਤਿਮ ਰਸਮਾਂ ਹੋਈਆ ਸਨ, ਉਸ ਵਿਚ ਟੋਮੀ ਹਰ ਰੋਜ ਨੇਮ ਨਾਲ ਜਾਂਦਾ ਹੈ। ਹਰ ਰੋਜ਼ ਬਾਅਦ ਦੁਪਹਿਰ ਜਿਉਂ ਹੀ ਬ੍ਰਿੰਡੀਸੀ ਨੇੜੇ ਸਾਨ ਡੋਨਾਕੀ ਵਿਚ ਸੈਂਟਾ ਮਾਰੀਆ ਅਸੂੰਟਾ ਚਰਚ ਦੀਆਂ ਘੰਟੀਆਂ ਖੜਕਦੀਆਂ ਹਨ, 12 ਸਾਲਾ ਜਰਮਨ ਸ਼ੈਫਰਡ ਘਰੋਂ ਚਲਦਾ ਹੈ ਤੇ ਚਰਚ ਵਿਚ ਮੂਹਰਲੀ ਕਤਾਰ ਵਿਚ ਕੁਰਸੀ 'ਤੇ ਜਾ ਬਹਿੰਦਾ ਹੈ।







# ਕੌਮੀ ਮਸਲਿਆਂ ‘ਤੇ ਮਤਭੇਦ ਗੁਰਮਤਿ ਵਿਧੀ ਅਨੁਸਾਰ ਸੁਲਝਾਏ ਜਾਣ: ਪ੍ਰੋ. ਧੂੰਦਾ

**ਸੈਨ ਹੋਜ਼ੇ (ਬਿਊਰੋ):** ਪੰਥਕ ਤੇ ਕੌਮੀ ਮਸਲਿਆਂ ਉਤੇ ਵਿਚਾਰਾਂ ਦੇ ਵਖਰੇਵੇਂ ਹੋਣ ਵਿਚ ਕੁਝ ਵੀ ਗਲਤ ਨਹੀਂ ਹੈ ਪਰ ਇਨ੍ਹਾਂ ਦਾ ਨਿਪਟਾਰਾ ਆਪਸੀ ਸੰਵਾਦ ਦੀ ਗੁਰਮਤਿ ਵਿਧੀ ਅਨੁਸਾਰ ਕਰਨਾ ਚਾਹੀਦਾ ਹੈ ਅਤੇ ਸਥਾਨਕ ਧੜੇਬੰਦੀਆਂ ਦੇ ਸੌੜੇ ਹਿਤਾਂ ਨੂੰ ਮੁੱਖ ਰੱਖ ਕੇ ਕਲੇਸ਼ ਪੈਦਾ ਕਰਨਾ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ। ਇਹ ਵਿਚਾਰ ਇਥੇ ਇਕ ਵਿਚਾਰ ਗੋਸ਼ਟੀ ਵਿਚ ਬੋਲਦਿਆਂ ਆਪਣੀ ਨਿਵੇਕਲੀ ਸ਼ੈਲੀ ਰਾਹੀਂ ਗੁਰਮਤਿ ਪ੍ਰਚਾਰ ਵਿਚ ਜੁਟੇ ਕਥਾਕਾਰ ਪ੍ਰੋ. ਸਰਬਜੀਤ ਸਿੰਘ ਧੂੰਦਾ ਨੇ ਪ੍ਰਗਟਾਏ। ਉਨ੍ਹਾਂ ਆਖਿਆ ਕਿ ਸਿੱਖ ਜਗਤ ਵਿਚ ਫੈਲਦੀ ਜਾ ਰਹੀ ਪਾਟੋਧਾੜ ਨੂੰ ਰੋਕਣ ਦਾ ਇਕੋ ਇਕ ਨੁਸਖਾ ਪੰਥ ਪ੍ਰਵਾਨਤ ਰਹਿਤ ਮਰਿਆਦਾ ਨੂੰ ਪ੍ਰਵਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਸਿਰਫ ਜ਼ੁਬਾਨੀ ਕਲਾਮੀ ਹੀ ਨਹੀਂ ਸਗੋਂ ਅਮਲੀ ਰੂਪ ਵਿਚ ਹੋਣਾ ਚਾਹੀਦਾ ਹੈ। ਆਪੋ ਆਪਣੀ ਮਨੌਤ ਵਾਲੇ ਬਾਬਿਆਂ ਦੇ ਦੱਸੇ ਕਰਮ ਕਾਂਡ ਵੀ ਕਰੀ ਜਾਣੇ ਅਤੇ ਮੂੰਹੋਂ ਇਹ ਵੀ ਆਖੀ ਜਾਣਾ ਕਿ ਅਕਾਲ ਤਖਤ ਸਰਵਉਚ ਹੈ, ਨਿਰਾ ਦੋਗਲਾਪਨ ਹੋਵੇਗਾ।

ਪ੍ਰੋ. ਧੂੰਦਾ ਨੇ ਸੁਝਾਅ ਦਿੱਤਾ ਕਿ ਆਪਸੀ ਗਿਲੇ ਸ਼ਿਕਵੇ ਅਤੇ ਵਿਚਾਰਧਾਰਕ ਵਖਰੇਵੇਂ ਮਿਟਾਉਣ ਲਈ ਅਜਿਹੀਆਂ ਵਿਚਾਰ ਗੋਸ਼ਟੀਆਂ ਹਰ ਗੁਰੂ ਘਰ ਵਿਚ ਕਰਵਾਈਆਂ ਜਾਣ। ਇਸ ਮੌਕੇ ਪ੍ਰੋ. ਧੂੰਦਾ ਨੇ ਸਰੋਤਿਆਂ ਵਲੋਂ ਕੀਤੇ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ।

ਇਸ ਤੋਂ ਪਹਿਲਾਂ ਇਸ ਗੋਸ਼ਟੀ ਦੇ ਕੋਆਰਡੀਨੇਟਰ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਨੇ ਪ੍ਰੋ. ਧੂੰਦਾ ਨੂੰ ਜੀ ਆਇਆਂ ਆਖਦਿਆਂ ਸਮਾਗਮ ਦੇ ਪ੍ਰਯੋਜਨ ਦਾ ਚੋਣਵੇਂ ਸ਼ਬਦਾਂ ਵਿਚ ਬਿਆਨ ਕੀਤਾ। ਉਨ੍ਹਾਂ ਇਸ ਗੱਲ ‘ਤੇ ਦੁੱਖ ਪ੍ਰਗਟਾਇਆ ਕਿ ਪ੍ਰਚਾਰ ਦੀਆਂ ਵੱਖੋ ਵੱਖਰੀਆਂ ਸੁਰਾਂ ਕਾਰਨ ਸੰਗਤਾਂ ਵਿਚ ਪੈਣ ਵਾਲੀ ਦੁਬਿਧਾ ਅਤੇ ਗੁਰੂ ਘਰਾਂ ਵਿਚ ਚੱਲਦੀ ਭਿੰਨ ਭਿੰਨ ਮਰਿਆਦਾ ਕਾਰਨ ਕੌਮੀ ਏਕਤਾ ਨੂੰ ਭਾਰੀ ਨੁਕਸਾਨ ਹੁੰਦਾ ਹੈ। ਉਨ੍ਹਾਂ ਆਖਿਆ ਕਿ ਕੌਮੀ ਆਗੂਆਂ ਨੇ ਇਹ ਵਖਰੇਵੇਂ ਮਿਟਾਉਣ ਦੀ ਥਾਂ ਨਾਨਕਸ਼ਾਹੀ ਕੈਲੰਡਰ ਵਾਪਸ ਲੈ ਕੇ ਵੰਡੀਆਂ ਹੋਰ ਵੀ ਵਧਾ ਦਿੱਤੀਆਂ ਹਨ।

ਬੀਤੇ ਵੀਰਵਾਰ ਮਿਲਪੀਟਸ ਸ਼ਹਿਰ ਦੇ ਕਰੈਕੋਲਾਈਸ ਆਡੀਟੋਰੀਅਮ ਵਿਚ ਹੋਈ ਇਸ ਗੋਸ਼ਟੀ ਦਾ ਵਿਧੀਵਤ ਅਰੰਭ ਕਰਦਿਆਂ ਭਾਈ ਜਸਜੀਤ ਸਿੰਘ ਨੇ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਭਾਈ ਗੁਰਮੀਤ ਸਿੰਘ ਖਾਲਸਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਤੇ ਸਿੱਖ ਚਿੰਤਕ ਸ. ਤਰਲੋਚਨ ਸਿੰਘ ਦੁਪਾਲਪੁਰ ਨੂੰ ਆਪਣੇ ਵਿਚਾਰ ਪ੍ਰਗਟਾਉਣ ਲਈ ਸੱਦਾ ਦਿੱਤਾ ਅਤੇ ਇਨ੍ਹਾਂ ਤਿੰਨਾਂ ਹੀ ਬੁਲਾਰਿਆਂ ਨੇ ਪੰਥ ਪ੍ਰਵਾਨਤ ਰਹਿਤ ਮਰਿਆਦਾ ਉਪਰ ਪਹਿਰਾ ਦੇਣ ਦੀ ਵਕਾਲਤ ਕੀਤੀ।



ਕਰੀਬ ਚਾਰ ਘੰਟੇ ਚੱਲੀ ਇਸ ਵਿਚਾਰ ਗੋਸ਼ਟੀ ਵਿਚ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ-ਅੰਮ੍ਰਿਤਸਰ, ਵਰਲਡ ਸਿੱਖ ਫੈਡਰੇਸ਼ਨ, ਅਕਾਲੀ ਦਲ-ਪੰਚ ਪ੍ਰਧਾਨੀ ਅਤੇ ਸਿੱਖ ਯੂਥ ਆਫ ਅਮਰੀਕਾ ਆਦਿ ਜਥੇਬੰਦੀਆਂ ਦੇ ਨੁਮਾਇੰਦੇ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਸੰਜੀਦਾ ਅਤੇ ਅਕਾਦਮਿਕ ਮਾਹੌਲ ਵਿਚ ਹੋਈ ਇਸ ਗੋਸ਼ਟੀ ਦੌਰਾਨ ਮਿਲਪੀਟਸ ਸ਼ਹਿਰ ਦੇ ਮੇਅਰ ਕੇਨ ਯਿੰਗਰ ਅਤੇ ਕਾਊਂਟੀ ਸੁਪਰਵਾਈਜ਼ਰ ਡੇਵਿਡ ਕੈਰੋਜ਼ੀ ਨੇ ਪ੍ਰੋ. ਧੂੰਦਾ ਦਾ ਇਕ ਸਨਮਾਨ ਚਿੰਨ੍ਹ ਭੇਟ ਕਰਕੇ ਮਾਣ-ਸਨਮਾਨ ਕੀਤਾ। ਵਰਲਡ ਸਿੱਖ ਫੈਡਰੇਸ਼ਨ ਦੇ ਸੇਵਾਦਾਰਾਂ ਵਲੋਂ ਭਾਈ ਹਰਬਖਸ਼ ਸਿੰਘ ਦੀ ਅਗਵਾਈ ਵਿਚ ਪ੍ਰੋ. ਧੂੰਦਾ ਨੂੰ ‘ਪ੍ਰੋ. ਸਾਹਿਬ ਸਿੰਘ ਐਵਾਰਡ’ ਨਾਲ ਨਿਵਾਜਿਆ ਗਿਆ।

ਇਸ ਗੋਸ਼ਟੀ ਵਿਚ ਹੋਰਨਾਂ ਤੋਂ ਇਲਾਵਾ ਉਘੇ ਵਕੀਲ ਮਹਿੰਦਰ ਸਿੰਘ ਮਾਨ, ਭਾਈ ਹਰਮਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਫਰਿਜ਼ਨੋ, ਰੇਸ਼ਮ ਸਿੰਘ ਬੇਕਰਜ਼ਫੀਲਡ (ਅਕਾਲੀ ਦਲ-ਮਾਨ), ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਕੁਲਵੰਤ ਸਿੰਘ ਖਹਿਰਾ, ਡਾ. ਗੁਰਮੀਤ ਸਿੰਘ ਬਰਸਾਲ, ਕੁਲਦੀਪ ਸਿੰਘ ਢੀਂਡਸਾ, ਰੇਡੀਓ ਚੜ੍ਹਦੀ ਕਲਾ ਤੋਂ ਲਖਬੀਰ ਸਿੰਘ ਤੇ ਜਸਪਾਲ ਸਿੰਘ ਸੈਣੀ, ਸਿੱਖ ਸਕਾਲਰ ਜਗਮੋਹਨ ਸਿੰਘ ਸਾਹਨੀ, ਕੁਲਵੰਤ ਸਿੰਘ ਮਿਸ਼ਨਰੀ, ਬਿੱਲਾ ਸੰਘੇੜਾ ਅਤੇ ਡਾ. ਹਰਬੰਸ ਸਿੰਘ ਸਰਾਂ ਪਹੁੰਚੇ ਹੋਏ ਸਨ।

## ਜ਼ੀ ਸਿਨੇ ਐਵਾਰਡ ਵਿਚ ‘ਬਰਫ਼ੀ ਹੀ ਬਰਫੀ’

**ਮੁੰਬਈ:** ਮੁੰਬਈ ਵਿਚ ‘ਜ਼ੀ ਸਿਨੇ ਐਵਾਰਡ-2013’ ਦਾ ਐਲਾਨ ਕਰ ਦਿੱਤਾ ਗਿਆ ਜਿਸ ਵਿਚ ਅਨੁਰਾਗ ਬਸੂ ਵੱਲੋਂ ਨਿਰਦੇਸ਼ਤ ਫਿਲਮ ‘ਬਰਫੀ’ ਨੇ ਸਭ ਤੋਂ ਵੱਧ ਐਵਾਰਡ ਹਾਸਲ ਕੀਤੇ। ਇਹ ਪ੍ਰੋਗਰਾਮ ਬਾਲੀਵੁੱਡ ਦੇ ਨਾਮੀ ਸਿਤਾਰਿਆਂ ਦੀ ਮੌਜੂਦਗੀ ਵਿਚ ਹੋਇਆ। ਪ੍ਰੋਗਰਾਮ ਦੀ ਮੇਜ਼ਬਾਨੀ ਅਭਿਸ਼ੇਕ ਬੱਚਨ ਤੇ ਰਿਤੇਸ਼ ਦੇਸ਼ਮੁੱਖ ਨੇ ਬੜੇ ਕਾਮੇਡੀ ਭਰਪੂਰ ਢੰਗ ਨਾਲ ਕੀਤੀ। ਐਵਾਰਡ ਸਮਾਰੋਹ ਵਿਚ ਸਰਬੋਤਮ ਅਦਾਕਾਰਾ ਦਾ ਐਵਾਰਡ ਪ੍ਰਿਯੰਕਾ ਚੋਪੜਾ ਨੂੰ ਉਨ੍ਹਾਂ ਵਲੋਂ ‘ਬਰਫੀ’ ਫਿਲਮ ਵਿਚ ਮਾਨਸਿਕ ਰੂਪ ਨਾਲ ਕਮਜ਼ੋਰ ਲੜਕੀ ਦੀ ਭੂਮਿਕਾ ਨਿਭਾਏ ਜਾਣ ਦੇ ਲਈ ਦਿੱਤਾ ਗਿਆ। ਇਸ ਮੌਕੇ ਕਾਲੇ ਗਾਊਨ ਵਿਚ ਪ੍ਰਿਯੰਕਾ ਬਹੁਤ ਸੁੰਦਰ ਲੱਗ ਰਹੀ ਸੀ। ਉਨ੍ਹਾਂ ਨੇ ਇਸ ਐਵਾਰਡ ਲਈ ਫਿਲਮ ਦੀ ਸਾਰੀ ਟੀਮ ਤੇ ਆਪਣੇ ਪਰਿਵਾਰ ਦਾ ਧੰਨਵਾਦ ਕੀਤਾ।

ਜਦਕਿ ਮਰਦਾਂ ਦੀ ਸ੍ਰੇਣੀ ਵਿਚ ਸਲਮਾਨ ਖਾਨ (ਚੁਲਬੁਲ ਪਾਂਡੇ) ਨੂੰ ‘ਦਬੰਗ-2’ ਲਈ ਸਰਬੋਤਮ ਅਦਾਕਾਰ ਦਾ ਐਵਾਰਡ ਦਿੱਤਾ ਗਿਆ। ਹਾਲਾਂਕਿ ਜਿਊਰੀ ਦੀ ਚੋਣ ’ਤੇ ਰਣਬੀਰ ਕਪੂਰ ਨੂੰ ‘ਬਰਫੀ’ ਲਈ ਸਰਬੋਤਮ ਅਦਾਕਾਰ ਦੇ ਐਵਾਰਡ ਨਾਲ ਨਿਵਾਜਿਆ ਗਿਆ। ਜਿਊਰੀ ਦੀ ਚੋਣ ’ਤੇ ਹੀ ਸਰਬੋਤਮ ਅਦਾਕਾਰਾ ਦਾ ਐਵਾਰਡ ਵਿੱਦਿਆ ਬਾਲਨ ਨੂੰ ‘ਕਹਾਨੀ’ ਫਿਲਮ ਲਈ ਦਿੱਤਾ ਗਿਆ। ਇਸ ਤੋਂ ਬਾਅਦ ‘ਬਰਫੀ’ ਫਿਲਮ ਦੇ ਡਾਇਰੈਕਟਰ ਅਨੁਰਾਗ ਬਾਸੂ ਨੂੰ ਸਰਬੋਤਮ ਨਿਰਮਾਤਾ ਦਾ ਐਵਾਰਡ ਦਿੱਤਾ ਗਿਆ। ਸਰਬੋਤਮ ਫਿਲਮ ਲਈ ਵੀ ‘ਬਰਫੀ’ ਨੂੰ ਐਵਾਰਡ ਮਿਲਿਆ। ਇਸ ਮੌਕੇ ਸ਼ਾਹਰੁਖ ਖਾਨ ਨੂੰ ਸਰਬੋਤਮ ਇੰਟਰਨੈਸ਼ਨਲ ਆਈਕਨ ਅਦਾਕਾਰ ਤੇ ਕੈਟਰੀਨਾ ਕੈਫ ਨੂੰ ਸਰਬੋਤਮ ਇੰਟਰਨੈਸ਼ਨਲ ਅਦਾਕਾਰਾ ਦੇ ਐਵਾਰਡ ਨਾਲ ਸਨਮਾਨਿਆ ਗਿਆ।

**visit us on the web: www.punjabtimesusa.com**

## ਅਮਰੀਕਾ ਵੱਲੋਂ ਵੀਜ਼ੇ ਲਈ ਨਿੱਜੀ ਇੰਟਰਵਿਊ ਤੋਂ ਛੋਟ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸਾਲ 2011 ਵਿਚ ਭਾਰਤੀਆਂ ਦੇ ਰਿਕਾਰਡ ਗਿਣਤੀ ਵਿਚ ਅਮਰੀਕਾ ਦੀ ਫੇਰੀ ਲਾਉਣ ਤੋਂ ਉਤਸ਼ਾਹਤ ਹੋ ਕੇ ਓਬਾਮਾ ਪ੍ਰਸ਼ਾਸਨ ਨੇ ਕੁਝ ਬਿਨੈਕਾਰਾਂ ਨੂੰ ਵੀਜ਼ਿਆਂ ਲਈ ਕਾਊਂਸਲਰ ਅਫਸਰ ਸਾਹਮਣੇ ਇੰਟਰਵਿਊ ਲਈ ਪੇਸ਼ ਹੋਣ ਤੋਂ ਛੋਟ ਦੇ ਦਿੱਤੀ ਹੈ। ਭਾਰਤ ਵਿਚ ਅਮਰੀਕੀ ਰਾਜਦੂਤ ਨੈਨਸੀ ਪਾਵੈਲ ਨੇ ਕਿਹਾ ਕਿ 2011 ਵਿਚ ਭਾਰਤ ਤੋਂ 6-6 ਲੱਖ ਸੈਲਾਨੀਆਂ ਦਾ ਸਵਾਗਤ ਕੀਤਾ ਸੀ ਜੋ ਇਕ ਨਵਾਂ ਰਿਕਾਰਡ ਹੈ। ਭਾਰਤ ਹੁਣ ਚੋਟੀ ਦੇ ਦਸ ਦੇਸ਼ਾਂ ਵਿਚ ਆਉਣ ਤੇ 2015 ਤਕ ਦਸ ਲੱਖ ਸੈਲਾਨੀਆਂ ਦੇ ਟੀਚੇ ਨੂੰ ਪਾਰ ਕਰਨ ਦੇ ਰੌਂਅ ਵਿਚ ਹੈ।





The Anu Attorney Immigration Law Firm
Law offices of Anu Peshawaria



*Anu Peshawaria*
*Attorney at Law*

*More than 25 years of experienced *Internationally Awarded-Extraordinary ability
*Served as Legal Advisor to Govt. of India, Embassy of India, Washington, DC

*Licensed to practice Immigration & Bankruptcy in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India

*Bankruptcy Consultation and Filing

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਯੂਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ

## ਕੌਮਾਂਤਰੀ ਖੇਡ ਮੇਲਾ

**11 ਅਤੇ 12 ਮਈ, 2013**

*ਯੂਨੀਅਨ ਸਿਟੀ, ਕੈਲੀਫੋਰਨੀਆ*

**ਕਬੱਡੀ ਕੱਪ ਦੇ ਨਾਲ 11 ਮਈ 2013 ਨੂੰ ਬੱਚਿਆਂ ਤੇ ਬਜ਼ੁਰਗਾਂ ਦੇ ਅਥਲੈਟਿਕਸ ਮੁਕਾਬਲੇ ਹੋਣਗੇ। ਹਾਕੀ ਦੇ ਕੌਮਾਂਤਰੀ ਮੈਚ ਵੀ ਹੋਣਗੇ।**



ਅਮੋਲਕ ਸਿੰਘ ਗਾਖਲ
ਚੇਅਰਮੈਨ



ਸਿਕੰਦਰ ਸਿੰਘ ਮਲੂਕਾ
ਮੁੱਖ ਮਹਿਮਾਨ



ਪਵਨ ਟੀਨੂੰ
ਮੁੱਖ ਮਹਿਮਾਨ



ਸੁਰਿੰਦਰ ਸਿੰਘ ਸੋਢੀ
ਵਿਸ਼ੇਸ਼ ਮਹਿਮਾਨ

## United Sports Club of California

33272 Palomino Common, Fremont, CA, USA 94555
Phone: 510-468-9381
Website: http://usportsca.org/

ਨਸ਼ੇ ਛੱਡੋ। **ਨਸ਼ਾ ਵਿਰੋਧੀ ਅਪੀਲ** ਕੋਹੜ ਵੱਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।









ਭਾਰਤ ਸਰਕਾਰ ਦੁਆਰਾ ਮੰਨਜੂਰਸ਼ੁਦਾ ਮੁਫਤ ਨਸ਼ਾ ਛਡਾਊ ਕੇਦਰਾਂ ਵਿੱਚ ਲੋੜਵੰਦ ਵਲੰਟੀਅਰ ਬਣਕੇ ਅੱਗੇ ਆਉਣ- ਸ. ਗੁਰਮੁੱਖ ਸਿੰਘ (98555-82239)

**ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)**

ਅਮੋਲਕ ਸਿੰਘ ਗਾਖ਼ਲ (ਚੇਅਰਮੈਨ) ਬਲਵੀਰ ਸਿੰਘ ਭਾਟੀਆ (ਪ੍ਰਧਾਨ) ਗੁਰਦਾਵਰ ਸਿੰਘ ਮਹੇੜੂ ਜੁਗਰਾਜ ਸਿੰਘ ਸਹੋਤਾ

831-247-4637 510-677-6248
Makhan S. Bains Narinder S. Sahota
Iqbal S. Gakhal Parmjit S. Sandhu
www.punjabtimesusa.com

Radio Chardi Kala
Listen Live 24/7
www.radiock.com
Dial To Listen
832-551-5038

2gsmann@gmail.com 510-673-0825
Palwinder S. Gakhal Kuldip S. Mann
Dalvinder S. Padda Sadhu S. Khalour
*Promotes Healthy Enviornment*

ਮਾਂ ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸਾਸ਼ਨ, ਖੇਡ ਪ੍ਰਮੋਟਰ ਅਤੇ ਰਾਜਨੀਤੀਵਾਨਾ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ।

**ਲੱਚਰ ਗਾਇਕੀ ਰਾਹੀ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗਾਇਕਾਂ ਦਾ ਸਮਾਜਕ ਬਾਈਕਾਟ ਕਰੋ।**

# ਇਤਿਹਾਸਕ ਦਸਤਾਵੇਜ਼ ਹੈ ਗਦਰ ਸ਼ਤਾਬਦੀ ਨੂੰ ਸਮਰਪਤ ਕੈਲੰਡਰ

**ਜਲੰਧਰ (ਬਿਊਰੋ):** ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਗਦਰ ਸ਼ਤਾਬਦੀ ਨੂੰ ਸਮਰਪਤ 28 ਸਫ਼ਿਆਂ ਦਾ ਜਾਰੀ ਕੀਤਾ ਕੈਲੰਡਰ ਮਹਿਜ਼ ਤਾਰੀਖਾਂ ਦਾ ਵਰਣਨ ਨਹੀਂ ਸਗੋਂ ਸੰਗਰਾਮ ਨੂੰ ਹਰ ਘਰ ਪਰਿਵਾਰ, ਲਾਇਬ੍ਰੇਰੀ, ਖੋਜ ਕੇਂਦਰਾਂ ਅਤੇ ਲੋਕ ਹਿੱਤਾਂ ਨੂੰ ਸਮਰਪਤ ਕੇਂਦਰਾਂ ਤੇ ਦਫ਼ਤਰਾਂ ਲਈ ਸਾਂਭਣਯੋਗ ਅਮੁੱਲਾ ਇਤਿਹਾਸਕ ਦਸਤਾਵੇਜ਼ ਹੈ।




ਇਹ ਕੈਲੰਡਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਡਾ. ਵਰਿਆਮ ਸਿੰਘ ਸੰਧੂ ਦੀਆਂ ਲਿਖਤਾਂ 'ਤੇ ਆਧਾਰਤ ਹੈ ਅਤੇ ਉਨ੍ਹਾਂ ਦੇ ਨਿਰਦੇਸ਼ਨ ਹੇਠ ਕੁਲਵਿੰਦਰ ਖਹਿਰਾ ਟੋਰਾਂਟੋ, ਗੁਰਦੀਪ ਸਿੰਘ ਦੇਸ਼ ਭਗਤ ਯਾਦਗਾਰ ਹਾਲ ਜਲੰਧਰ, ਸਹਾਇਕ ਉਂਕਾਰਪ੍ਰੀਤ ਟੋਰਾਂਟੋ, ਸੀਤਾ ਰਾਮ ਬਾਂਸਲ ਅਤੇ ਵਿਸ਼ੇਸ਼ ਕਰਕੇ ਗਦਰ ਸ਼ਤਾਬਦੀ ਕਮੇਟੀ ਟੋਰਾਂਟੋ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਹੈ ਜੋ ਕਿ ਗਦਰ ਸ਼ਤਾਬਦੀ ਮੁਹਿੰਮ ਲਈ 'ਕੁੱਜੇ 'ਚ ਬੰਦ ਸਮੁੰਦਰ' ਵਾਂਗ ਬਹੁਰੰਗੀ ਦਸਤਾਵੇਜ਼ ਹੈ।

ਇਹ ਕੈਲੰਡਰ ਮੁੱਢਲੇ ਤੌਰ 'ਤੇ ਪੰਜਾਬੀ ਅਤੇ ਅੰਗਰੇਜ਼ੀ-ਦੋ ਭਾਸ਼ਾਵਾਂ ਵਿਚ ਇਕੋਂ ਸਮੇਂ ਪ੍ਰਕਾਸ਼ਿਤ ਕੀਤਾ ਗਿਆ ਹੈ। ਪਰ ਅਜ਼ਾਦੀ ਸੰਗਰਾਮ ਦੀ ਤਵਾਰੀਖ਼ ਨੂੰ ਪ੍ਰਣਾਈ ਸਾਂਝੀ ਧਰਤੀ, ਸਾਂਝੀ ਵਿਰਾਸਤ ਦੀ ਦ੍ਰਿਸ਼ਟੀ ਤੋਂ ਇਸ ਦੇ ਪ੍ਰਕਾਸ਼ਨ ਲਈ ਪਾਕਿਸਤਾਨ 'ਚ ਵੀ ਉਦਮ ਜੁਟਾਏ ਜਾ ਰਹੇ ਹਨ। ਇਸ ਤੋਂ ਇਲਾਵਾ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਅੰਦਰ ਵੀ ਇਸ ਦੇ ਪ੍ਰਕਾਸ਼ਨ ਲਈ ਗਦਰ ਸ਼ਤਾਬਦੀ ਮੁਹਿੰਮ ਕਮੇਟੀਆਂ ਦੇ ਗਠਨ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਦੁਆਰ ਅੱਗੇ ਬਣੇ ਗਦਰ ਪਾਰਟੀ ਦੇ ਬਾਲ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ ਤੋਂ ਇਹ ਕੈਲੰਡਰ 21 ਜਨਵਰੀ ਨੂੰ ਜਾਰੀ ਕੀਤਾ ਗਿਆ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ, ਉਪ ਪ੍ਰਧਾਨ ਅਤੇ ਗਦਰ ਸ਼ਤਾਬਦੀ ਮੁਹਿੰਮ ਕਮੇਟੀ ਕੋਆਰਡੀਨੇਟਰ ਨੌਨਿਹਾਲ ਸਿੰਘ, ਕੋ-ਕੋਆਰਡੀਨੇਟਰ ਗੁਰਮੀਤ, ਡਾ. ਵਰਿਆਮ ਸਿੰਘ ਸੰਧੂ, ਵਿੱਤ ਸਕੱਤਰ ਰਘਬੀਰ ਸਿੰਘ ਛੀਨਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਤੋਂ ਇਲਾਵਾ ਚਰੰਜੀ ਲਾਲ ਕੰਗਣੀਵਾਲ ਤੇ ਹਰਬੀਰ ਕੌਰ ਬੰਨੂਆਣਾ ਵੀ ਹਾਜ਼ਰ ਸਨ।

ਇਸ ਕੈਲੰਡਰ ਦਾ ਮੁੱਖ ਪੰਨਾ ਹੀ ਬੀਤੇ ਸੌ ਵਰ੍ਹਿਆਂ ਦੇ ਇਤਿਹਾਸ ਦੀਆਂ ਅਭੁੱਲ ਪੈੜਾਂ ਦਾ ਸੰਗਮ ਅਤੇ ਲਹੂ ਵੀਟਵੇਂ ਅਜ਼ਾਦੀ ਸੰਗਰਾਮ ਦੀ ਸਰਗਮ ਹੈ। ਗਦਰ ਪਾਰਟੀ ਦੇ ਝੰਡਿਆਂ ਦੀ ਲੋਅ 'ਚੋਂ ਉਭਰਦਾ ਸੁਨੇਹਾ ਸਾਡੇ ਸਮਿਆਂ ਲਈ ਤਿੱਖੀ ਵੰਗਾਰ ਹੈ, ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।

ਜਨਵਰੀ ਤੋਂ ਦਸੰਬਰ 2013 ਤੱਕ ਮਹੀਨੇਵਾਰ ਇਤਿਹਾਸਕ ਦਿਨਾਂ ਦਾ ਤਸਵੀਰਾਂ, ਤੱਥਾਂ ਅਤੇ ਵੇਰਵਿਆਂ ਦਾ ਇਹ ਗੁਲਦਸਤਾ ਬਹੁਤ ਮਿਹਨਤ ਨਾਲ ਜੁਟਾਇਆ ਦਸਤਾਵੇਜ਼ ਹੈ। ਇਹ ਮੂੰਹੋਂ ਬੋਲਦਾ ਇਤਿਹਾਸਕ ਵੇਰਵਾ, ਅੰਤਰ-ਝਾਤ, ਸਵੈ-ਮੰਥਨ ਅਤੇ ਅਜੋਕੀਆਂ ਵੰਗਾਰਾਂ ਦੇ ਸਨਮੁੱਖ ਕੀ ਕਰਨਾ ਲੋੜੀਏ? ਵਰਗੇ ਸਵਾਲਾਂ ਦਾ ਝੁਰਮਟ ਖੜ੍ਹਾ ਕਰਦਾ ਹੈ।

ਜਨਵਰੀ (ਗ਼ਦਰ ਪਾਰਟੀ ਸਥਾਪਨਾ), ਫਰਵਰੀ (ਯੁਗਾਂਤਰ ਆਸ਼ਰਮ), ਮਾਰਚ (ਗੁਰਦੁਆਰਾ ਸਿੱਖ ਟੈਂਪਲ), ਅਪ੍ਰੈਲ (ਕਾਮਾਗਾਟਾ ਮਾਰੂ), ਮਈ (ਕਾਗਦ ਨਹੀਂ ਇਹ ਝੰਡਾ ਹੈ), ਜੂਨ (ਸਾਜ਼ਿਸ਼ ਕੇਸਾਂ ਅਤੇ ਸਜ਼ਾਵਾਂ ਦਾ ਸਿਲਸਿਲਾ), ਜੁਲਾਈ (ਗ਼ਦਰੀਆਂ ਦਾ ਗੜ੍ਹ ਗੁਰਦੁਆਰਾ ਝਾੜ ਸਾਹਿਬ), ਅਗਸਤ (ਜਿਨ੍ਹਾਂ ਦਾ ਕਦੇ ਕਿਸੇ ਗੀਤ ਨਾ ਗਾਇਆ), ਸਤੰਬਰ (ਸੈਲੂਲਰ ਜੇਲ੍ਹ ਕਾਲੇ ਪਾਣੀ), ਅਕਤੂਬਰ (ਗ਼ਦਰ ਦੇ ਹਿੰਦੁਸਤਾਨੀ ਹੀਰੇ), ਨਵੰਬਰ (ਦੇਸ਼ ਭਗਤ ਯਾਦਗਾਰ ਕੇਂਦਰ), ਦਸੰਬਰ (ਲਾਹੌਰ ਸੈਂਟਰਲ ਜੇਲ੍ਹ 'ਚ ਫਾਂਸੀ ਦਾ ਫੰਦਾ) ਦੀਆਂ ਦੁਰਲੱਭ ਮੌਲਿਕ ਤਸਵੀਰਾਂ ਅਤੇ ਪ੍ਰਮਾਣਿਕ ਵੇਰਵਾ ਨਿਰਾ ਕੈਲੰਡਰ ਹੀ ਨਹੀਂ, ਇਕ ਮੁੱਲਵਾਨ ਕਿਤਾਬਚਾ ਹੈ।

# ਪੰਜ ਰੋਜ਼ਾ ਕੌਮੀ ਪਸ਼ੂ ਮੁਕਾਬਲੇ ਨੇ ਲਾਈਆਂ ਰੌਣਕਾਂ

**ਮੁਕਤਸਰ (ਸਤਵਿੰਦਰ ਬਸਰਾ):** ਇਤਿਹਾਸਕ ਧਰਤੀ ਮੁਕਤਸਰ ਦੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ 8 ਤੋਂ 12 ਜਨਵਰੀ ਤੱਕ ਕਰਵਾਈ ਗਈ 6ਵੀਂ ਪਸ਼ੂਧਨ ਕੌਮੀ ਚੈਂਪੀਅਨਸ਼ਿਪ ਪਸ਼ੂ ਪਾਲਕਾਂ ਨੂੰ ਨਵੀਆਂ ਸੇਧਾਂ ਅਤੇ ਉਤਸ਼ਾਹ ਦੇਣ ਵਿਚ ਕਾਮਯਾਬ ਰਹੀ। ਪਸ਼ੂਆਂ ਦੀਆਂ ਵੱਖ ਵੱਖ ਨਸਲਾਂ ਅਤੇ ਵਰਗਾਂ ਦੇ ਮੁਕਾਬਲੇ ਕਰਵਾਏ ਗਏ। ਇਸ ਦਾ ਉਦਘਾਟਨ ਪੰਜਾਬ ਦੇ ਪੰਚਾਇਤ ਤੇ ਪੇਂਡੂ ਵਿਕਾਸ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਰਦਿਆਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਖੇਤੀਬਾੜੀ ਦੇ ਧੰਦੇ ਵਿਚੋਂ ਕੱਢ ਕੇ ਪਸ਼ੂ ਪਾਲਣ ਦੇ ਕਿੱਤੇ ਵੱਲ ਨੂੰ ਤੋਰਨ ਲਈ ਇਹ ਮੇਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਪਸ਼ੂ ਮੇਲੇ ਵਿਚ ਜੇਤੂਆਂ ਨੂੰ ਇੱਕ ਕਰੋੜ 25 ਲੱਖ ਰੁਪਏ ਦੇ ਇਨਾਮ ਤਕਸੀਮ ਕੀਤੇ ਜਾਣਗੇ।



ਪਸ਼ੂ ਮੇਲੇ ਦੌਰਾਨ ਮੈਦਾਨ ਵਿਚ ਬਣਾਏ ਗਏ ਵੈਟਰੀਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਮਾਹਿਰਾਂ ਨੇ ਜੱਜਾਂ ਦੀ ਭੂਮਿਕਾ ਨਿਭਾਈ। ਪਸ਼ੂ ਮੇਲੇ ਦੌਰਾਨ ਵੱਖ ਵੱਖ ਸਰਕਾਰੀ ਵਿਭਾਗਾਂ ਨੇ ਆਪਣੇ ਸਟਾਲ ਵੀ ਲਾਏ ਹੋਏ ਸਨ ਜਿੱਥੇ ਪਸ਼ੂ ਪਾਲਕਾਂ ਨੂੰ ਪਸ਼ੂ ਖਰੀਦਣ ਲਈ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੱਖ ਵੱਖ ਮੁਕਾਬਲਿਆਂ ਦੇ ਜੇਤੂ ਰਹਿਣ ਵਾਲੇ ਪਸ਼ੂਆਂ ਦੇ ਮਾਲਕਾਂ ਨੂੰ ਇਨਾਮ ਤਕਸੀਮ ਕੀਤੇ।

ਆਪਣੇ ਭਾਸ਼ਨ ਵਿਚ ਮੁੱਖ ਮੰਤਰੀ ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਸ਼ੂ ਪਾਲਕਾਂ ਨੂੰ ਸੰਕਟ ਮੁਕਤ ਕਰਨ ਲਈ ਉਨ੍ਹਾਂ ਦੇ



ਤਸਵੀਰਾਂ: ਸਤਵਿੰਦਰ ਬਸਰਾ



ਰਿੰਗਾਂ ਵਿਚ ਜਿੱਥੇ ਇੱਕ ਪਾਸੇ ਵੱਖ-ਵੱਖ ਨਸਲਾਂ ਦੇ ਕੁੱਤਿਆਂ ਦੇ ਮੁਕਾਬਲੇ ਹੋ ਰਹੇ ਸਨ, ਉਥੇ ਦੂਜੇ ਪਾਸੇ ਮੱਝਾਂ, ਗਾਂਵਾਂ, ਘੋੜੇ, ਘੋੜੀਆਂ, ਸਾਨ੍ਹਾਂ, ਬੱਕਰੇ, ਬੱਕਰੀਆਂ, ਭੇਡਾਂ, ਬੱਤਖਾਂ, ਕੁੱਕੜਾਂ ਆਦਿ ਦੇ ਮੁਕਾਬਲੇ ਮੇਲੀਆਂ ਦਾ ਚੰਗਾ ਮਨੋਰੰਜਨ ਕਰ ਰਹੇ ਸਨ। ਮੇਲੇ ਵਿਚ ਸਕੂਲੀ ਬੱਚਿਆਂ ਅਤੇ ਗੁਰੂ ਦੀਆਂ ਲਾਡਲੀਆਂ ਫੌਜਾਂ (ਨਿਹੰਗ ਸਿੰਘਾਂ) ਨੇ ਵੀ ਆਪਣੀ ਕਲਾ ਦੇ ਜੌਹਰ ਦਿਖਾਏ। ਢੋਲ ਦੇ ਡਗੇ 'ਤੇ ਨੱਚਦੀਆਂ ਘੋੜੀਆਂ ਆਪਣੀ ਵੱਖਰੀ ਹੀ ਪਹਿਚਾਣ ਬਣਾ ਰਹੀਆਂ ਸਨ। ਇਸ ਤੋਂ ਇਲਾਵਾ ਸ਼ਿੰਗਾਰੇ ਹੋਏ ਊਠਾਂ ਅਤੇ ਹਾਥੀਆਂ ਨੇ ਵੀ ਮੇਲੇ ਦੀ ਰੌਣਕ ਖੂਬ ਵਧਾਈ।

ਲੁਧਿਆਣਾ ਦੀ ਗੁਰੂ ਅੰਗਦ ਦੇਵ ਸਹੂਲਤਾਂ ਸਬੰਧੀ ਵੀ ਜਾਣਕਾਰੀ ਦਿੱਤੀ ਜਾ ਰਹੀ ਸੀ। ਮੇਲੇ ਵਿਚ ਕਲਾਕਾਰਾਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਪਸ਼ੂ ਪਾਲਕਾਂ ਦਾ ਮਨੋਰੰਜਨ ਕੀਤਾ। ਮੇਲੇ ਦੌਰਾਨ ਜੇਤੂ ਰਹਿਣ ਵਾਲੇ ਜਗਰਾਉਂ ਦੇ ਪਿੰਡ ਚੀਮਨਾ ਦੇ ਇੱਕ ਪਸ਼ੂ ਪਾਲਕ ਅਮਰਜੀਤ ਸਿੰਘ ਨੇ ਦੱਸਿਆ ਕਿ ਇਸ ਵਾਰ ਜੱਜਾਂ ਵੱਲੋਂ ਲਵੇਰਿਆਂ ਦੀ ਲੰਬੀ ਪੂਛ, ਪਤਲੇ ਮੂੰਹ ਅਤੇ ਸਡੋਲ ਸਰੀਰ 'ਤੇ ਵਧੇਰੇ ਧਿਆਨ ਦਿੱਤਾ ਗਿਆ। ਅਮਰਜੀਤ ਸਿੰਘ ਦੀ ਐਚ.ਐਫ. ਨਸਲ ਦੀ ਗਾਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 1 ਲੱਖ ਰੁਪਏ ਦਾ ਇਨਾਮ ਜਿੱਤਿਆ।

ਮੇਲੇ ਦੇ ਆਖਰੀ ਦਿਨ 12 ਜਨਵਰੀ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਪਸ਼ੂਆਂ ਦੀ ਮੁਫਤ ਬੀਮਾ ਪਾਲਸੀ ਕੀਤੀ ਜਾਵੇਗੀ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਜਮੀਨ ਹੇਠਲੇ ਘਟ ਰਹੇ ਪਾਣੀ ਦੇ ਪੱਧਰ ਨੂੰ ਹੋਰ ਘੱਟ ਹੋਣ ਤੋਂ ਰੋਕਣ ਲਈ ਖੇਤੀਬਾੜੀ ਦੀ ਬਦਲ ਵਜੋਂ ਪਸ਼ੂ ਪਾਲਣ ਦੇ ਧੰਦੇ ਨੂੰ ਅਪਨਾਉਣ। ਉਨ੍ਹਾਂ ਕਿਹਾ ਕਿ ਕਿਸਾਨ ਵਧੀਆ ਨਸਲ ਦੇ ਪਸ਼ੂ ਪਾਲ ਕੇ ਚੰਗਾ ਮੁਨਾਫਾ ਕਮਾ ਸਕਦੇ ਹਨ। ਅਜਿਹੇ ਪਸ਼ੂ ਮੁਕਾਬਲੇ ਕਰਵਾਉਣ ਪਿੱਛੇ ਸਰਕਾਰ ਦਾ ਇੱਕੋ ਇੱਕ ਮਕਸਦ ਕਿਸਾਨਾਂ ਵਿਚ ਪਸ਼ੂ ਪਾਲਣ ਸਬੰਧੀ ਰੁਚੀ ਪੈਦਾ ਕਰਨਾ ਹੈ। ਪੰਜ ਦਿਨਾਂ ਦੇ ਇਸ ਮੇਲੇ ਵਿਚ ਨਾ ਸਿਰਫ ਪੰਜਾਬ ਬਲਕਿ ਨਾਲ ਲੱਗਦੇ ਸੂਬਿਆਂ ਤੋਂ ਵੀ ਪਸ਼ੂ ਪਾਲਕ ਪੁੱਜੇ ਹੋਏ ਸਨ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 2 ਫਰਵਰੀ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-49



ਤਸਵੀਰ: ਜਨਮੇਜਾ ਜੌਹਲ

*ਛੱਡ ਦੇ ਰਤਾ ਕੁ ਖਹਿੜਾ ਚਰਖੇ ਦਾ 'ਨ੍ਹਾਮ ਕੁਰੇ*
*ਚਾਹ ਦਾ ਘੁੱਟ ਕਰਦੇ ਤਿਆਰ।*
*ਸੁਸਤੀ ਜਿਹੀ ਲਾਹ ਕੇ ਪੱਠੇ-ਦੱਥੇ ਲੈਣ ਜਾਵਾਂ*
*ਨਾਲੇ ਖੇਤਾਂ ਵਿਚ ਆਵਾਂ ਗੇੜਾ ਮਾਰ!*

## ਕੈਪਸ਼ਨ ਮੁਕਾਬਲਾ-47



ਸਜ ਸੰਵਰ ਕੇ ਬਣ ਗਈ ਤਿੱਤਲੀ,
ਚਿੱਤ ਕਰਦਾ ਮੈਂ ਉਡਦੀ ਜਾਵਾਂ।
ਚਾਰੇ ਪਾਸੇ ਖੁਸ਼ੀਆਂ ਵੰਡਾਂ,
ਹਰ ਦਮ ਹੱਸਾਂ ਅਤੇ ਹਸਾਵਾਂ।
ਮੇਰੀ ਵੀ ਤੁਸੀਂ ਵੰਡੋ ਲੋਹੜੀ,
ਮੈਂ ਕਿਸੇ ਤੋਂ ਕਿਉਂ ਘੱਟ ਕਹਾਵਾਂ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਪਰੀਆਂ ਵਰਗੀ ਮਾਂ ਤੇਰੀ ਧੀ,
ਮੈਂ ਵੀ ਹਾਂ ਰੱਬ ਦਾ ਜੀਅ।
ਧੀ ਜੰਮੇ ਤਾਂ ਕਿਉਂ
ਪਲਿੱਤਣ ਛਾਵੇ ਮੁੱਖਾਂ 'ਤੇ।
ਧੀਆਂ ਹੀ ਪੁੱਤ ਜੰਮਦੀਆਂ,
ਨਾ ਲੱਗਣ ਰੁੱਖਾਂ 'ਤੇ।
ਬਾਬਲ ਮੈਂ ਤਿਤਲੀ ਹਾਂ
ਤੇਰੇ ਬਾਗਾਂ ਦੀ।
ਟੱਬਰਾਂ ਦੇ ਟੱਬਰ ਕੈਨੇਡਾ ਵਾੜ'ਤੇ,
ਗੱਲ ਅਜੇ ਵੀ ਭਾਗਾਂ ਦੀ।

***-ਰਛਪਾਲ ਲੱਖਣ***

---

ਨਿੱਕੀ ਜਹੀ ਪਰੀਆਂ ਦੀ ਰਾਣੀ
ਭਾਰਤ ਮਾਂ ਦੀ ਮੈਂ ਹਾਂ ਜਾਈ।
ਜਦ ਦਾ ਇਹ ਸੰਸਾਰ ਹੈ ਬਣਿਆ,
ਮੇਰੀ ਕਦਰ ਕਿਸੇ ਨਾ ਪਾਈ।
ਪੇਕੇ ਮਾਰਨ, ਸਹੁਰੇ ਮਾਰਨ
ਸਾਰੀ ਦੁਨੀਆਂ ਲੁੱਟਦੀ ਮੈਨੂੰ।
ਤੂੰ ਹੀ ਦੱਸ (ਸੁਰਜੀਤ) ਦੇ ਰੱਬ ਜੀ,
ਆਪਣੇ ਦਰਦ ਸੁਣਾਵਾਂ ਕੈਨੂੰ।

***-ਸੁਰਜੀਤ ਕੌਰ ਸੈਕਰਾਮੈਂਟੋ***

---

ਫੈਂਸੀ ਡਰੈਸ ਪਾ ਕੇ ਪਿਆਰੀ ਬੱਚੀ
ਹੈਲੋਵਿਨ ਦੀ ਕਰੇ ਤਿਆਰੀ।
ਵਾਂਗ ਏ ਪਰੀਆਂ ਅਰਸ਼ੋਂ ਲੱਗਦੀ,
ਉਤਰ ਆਈ ਸੁੰਦਰ ਪਰੀ ਪਿਆਰੀ।
ਨਜ਼ਰ ਨਾ ਲੱਗੇ ਮੇਰੀ ਬੇਟੀ ਨੂੰ,
ਮਾਂ ਜਾਂਦੀ ਨਜ਼ਰ ਉਤਾਰੀ।

***-ਗੋਰਾ ਪ੍ਰਜਾਪਤ***
***ਫੋਨ: 646-721-1964***

# ਝਾਰਖੰਡ ਵਿਚ ਰਾਸ਼ਟਰਪਤੀ ਰਾਜ ਲਾਗੂ

**ਨਵੀਂ ਦਿੱਲੀ (ਬਿਊਰੋ):** ਝਾਰਖੰਡ ਵਿਚ ਰਾਸ਼ਟਟਰਪਤੀ ਰਾਜ ਲਾਗੂ ਹੋ ਗਿਆ ਹੈ ਜਿੱਥੇ ਮੁੱਖ ਮੰਤਰੀ ਅਰਜਨ ਮੁੰਡਾ ਨੇ ਝਾਰਖੰਡ ਮੁਕਤੀ ਮੋਰਚਾ ਵੱਲੋਂ ਹਮਾਇਤ ਵਾਪਸ ਲੈਣ 'ਤੇ ਅਸਤੀਫਾ ਦੇ ਦਿੱਤਾ ਸੀ।

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਝਾਰਖੰਡ ਦੇ ਰਾਜਪਾਲ ਸਈਅਦ ਅਹਿਮਦ ਦੀ ਰਿਪੋਰਟ 'ਤੇ ਵਿਚਾਰ ਕਰਨ ਉਪਰੰਤ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕੀਤੀ ਸੀ। ਰਾਜਪਾਲ ਸਈਅਦ ਅਹਿਮਦ ਨੇ 82 ਮੈਂਬਰੀ ਵਿਧਾਨ ਸਭਾ ਮੁਅੱਤਲ ਸਥਿਤੀ ਵਿਚ ਰੱਖ ਕੇ ਉੱਥੇ ਕੇਂਦਰੀ ਰਾਜ ਲਾਗੂ ਕਰਨ ਦੀ ਤਰਫ਼ਦਾਰੀ ਕੀਤੀ ਸੀ।

# ਕੜਾਕੇ ਦੀ ਠੰਢ ਵਿਚ ਨਾਟਕਾਂ ਦਾ ਨਿੱਘ

ਇਸ ਵਰ੍ਹੇ ਉਤਰੀ ਭਾਰਤ ਦੀ ਹੱਡ ਚੀਰਵੀਂ ਠੰਢ ਨੂੰ ਪੰਜਾਬ, ਹਰਿਆਣਾ ਤੇ ਕੇਂਦਰ ਸ਼ਾਸਤ ਟ੍ਰੂਕੜੀ ਦੀ ਰਾਜਧਾਨੀ ਚੰਡੀਗੜ੍ਹ ਨੇ ਸੰਗੀਤ ਨਾਟਕੀ ਨਿੱਘ ਪੈਦਾ ਕਰਕੇ ਭੁਲਾਉਣ ਦਾ ਯਤਨ ਕੀਤਾ ਹੈ। ਥੀਏਟਰ ਫਾਰ ਥੀਏਟਰ ਨਾਂ ਦੀ ਸੰਸਥਾ ਨੇ ਸੱਤ-ਰੋਜ਼ਾ ਨਾਟਕ ਮੇਲਾ ਰਚਾ ਕੇ ਜਿਹੜਾ ਇਤਿਹਾਸ ਸਿਰਜਿਆ ਹੈ ਉਸ ਦੀ ਦਾਦ ਦੇਣੀ ਬਣਦੀ ਹੈ। ਟੈਗੋਰ ਥੀਏਟਰ ਦਾ ਵਿਸ਼ਾਲ ਆਡੀਟੋਰੀਅਮ ਲਗਭਗ ਹਰ ਰੋਜ਼ ਹੀ ਭਰਿਆ ਰਿਹਾ ਹੈ। ਉਸ ਦਿਨ ਵੀ ਜਿਸ ਦਿਨ ਸੰਭਵ ਆਰਟ ਗਰੁਪ ਦਿੱਲੀ ਵਾਲਿਆਂ ਨੇ ਸਆਦਤ ਹਸਨ ਮੰਟੋ ਦੀਆਂ ਦੋ ਕਹਾਣੀਆਂ 'ਖੋਲ੍ਹ ਦੋ' ਤੇ 'ਮੋਜ਼ੀਲ' ਨੂੰ ਆਧਾਰ ਬਣਾ ਕੇ ਦਰਸ਼ਕਾਂ ਦਾ ਝੁੰਗੇ ਵਿਚ ਹੀ ਸਾਰ ਦਿਤਾ। ਕੇਵਲ ਸੱਤ ਕਲਾਕਾਰਾਂ ਵਲੋਂ ਮੇਕਅਪ ਤੇ ਪਹਿਰਾਵੇ ਦਾ ਉਕਾ ਹੀ ਉਚੇਚ ਕੀਤੇ ਬਿਨਾ ਸਆਦਤ ਹਸਨ ਮੰਟੋ ਦੀਆਂ ਸ਼ਕਤੀਸ਼ਾਲੀ ਕਹਾਣੀਆਂ ਨੂੰ ਸਸਤੇ ਭਾਅ ਲਾ ਦੇਣਾ ਜਚਦਾ ਤਾਂ ਨਹੀਂ ਸੀ ਪਰ ਦਰਸ਼ਕਾਂ ਨੇ ਉਹ ਵੀ ਪ੍ਰਵਾਨ ਕਰ ਲਿਆ। ਦਰਸ਼ਕਾਂ ਦੇ ਵਾਹਨਾਂ ਦੀ ਭੀੜ ਦੱਸਦੀ ਸੀ ਚੰਡੀਗੜ੍ਹੀਏ ਰੰਗ ਮੰਚ ਦੀ ਵਿਧਾ ਦੇ ਕਿੰਨੇ ਸ਼ੈਦਾਈ ਹੋ ਚੁੱਕੇ ਹਨ।

ਸੰਗੀਤ ਨਾਟਕ ਅਕਾਡਮੀ ਵਲੋਂ ਪੁਰਸਕਾਰਤ ਪਰਵੇਸ਼ ਸੇਠੀ ਦੀ ਪ੍ਰਧਾਨ ਅਦਾਕਾਰੀ ਤੇ ਸੁਦੇਸ਼ ਸ਼ਰਮਾ ਦੇ ਸੁਚੇਤ ਨਿਰਦੇਸ਼ਨ ਵਾਲਾ ਟੀ ਐਫ ਟੀ ਦਾ ਆਪਣਾ ਕੋਰਟ ਮਾਰਸ਼ਲ ਅੱਗੇ ਪਿੱਛੇ ਵਾਲੇ ਨਾਟਕਾ ਉਤੇ ਪਰਦਾ ਤਾਂ ਪਾ ਦਿੰਦਾ ਹੈ ਪਰ ਹੁਣ ਇਸ ਤੋਂ ਅੱਗੇ ਵਧਣ ਦੀ ਲੋੜ ਹੈ। ਸਾਡੇ ਵਰਗੇ ਰੰਗ ਮੰਚ ਪ੍ਰੇਮੀਆਂ ਨੂੰ ਉਜੈਨ ਦੇ ਅਭਿਨਵ ਰੰਗ ਮੰਡਲ, ਦਿੱਲੀ ਦੇ ਅਕਾਰ ਕਲਾ ਸੰਗਮ, ਜੋਧਪੁਰ ਤੇ ਸਤੱਤ ਗਰੁਪ, ਜੰਮੂ ਦੇ ਐਮੇਚਿਉਰ ਥੀਏਟਰ ਗਰੁਪ ਅਤੇ ਦਿੱਲੀ ਦੇ ਸੰਭਵ ਆਰਟਸ ਗਰੁਪ ਵਲੋਂ ਆਪੋ ਆਪਣੇ ਨਾਟਕ ਲੈ ਕੇ ਚੰਡੀਗੜ੍ਹ ਪਹੁੰਚਣਾ ਬਹੁਤ ਚੰਗਾ ਲਗਦਾ ਹੈ। ਟੈਗੋਰ ਥੀਏਟਰ ਨੂੰ ਮੋਹਾਲੀ-ਚੰਡੀਗੜ੍ਹ-ਪੰਚਕੂਲਾ ਦੀ ਤ੍ਰਿਵੈਣੀ ਦਾ ਧੁਰਾ ਹੋਣ ਦਾ ਲਾਭ ਹੈ। ਨਵਾਂ ਸ਼ਹਿਰ ਹੋਣ ਦੇ ਨਾਤੇ ਦੂਜੇ ਸ਼ਹਿਰਾਂ ਜਿੰਨਾ ਪਸਾਰਾ ਨਾ ਹੋਣ ਕਾਰਨ ਵਾਹਨਾਂ ਵਾਲੇ ਹੁਮ ਹੁਮਾ ਕੇ ਆਉਂਦੇ ਹਨ। ਇਥੋਂ ਦੀ ਵੱਸੋਂ ਪੰਜਾਬੀ ਭਾਸ਼ਾ ਵੀ ਉਨੀ ਹੀ ਸਮਝਦੀ ਹੈ ਜਿੰਨੀ ਹਿੰਦੀ, ਹਿੰਦੁਸਤਾਨੀ ਜਾਂ ਉਰਦੂ। ਡਾ. ਆਤਮਜੀਤ ਦੇ ਤਿਆਰ ਕੀਤੇ ਅਤੇ ਮੰਚਨ ਆਰਟਸ ਮੋਹਾਲੀ ਵਲੋਂ ਖੇਡੇ ਗਏ 'ਪੰਚਨਦ ਦਾ ਪਾਣੀ' ਨੂੰ ਮਾਨਣ ਵਾਲਿਆਂ ਦਾ ਅੰਤ ਨਹੀਂ ਸੀ। ਮੈਂ ਇਸ ਤੋਂ ਪਹਿਲਾਂ ਇਸ ਥੀਏਟਰ ਵਿਚ ਸੁਦੇਸ਼ ਸ਼ਰਮਾ ਤੇ ਅਨੀਤਾ ਸ਼ਬਦੀਸ਼ ਦੀ ਵਧੀਆ ਅਦਾਕਾਰੀ ਵਾਲੇ ਬਲਵੰਤ ਗਾਰਗੀ ਦੇ ਪੰਜਾਬੀ ਨਾਟਕ 'ਲੋਹਾ ਕੁੱਟ' ਦਾ ਸਵਾਦ ਵੀ ਮਾਣ ਚੁੱਕਿਆ ਹਾਂ।



ਚੰਡੀਗੜ੍ਹ ਵਿਚ ਖੇਡੇ 'ਕੋਰਟ ਮਾਰਸ਼ਲ' ਨਾਟਕ ਦੀ ਝਲਕ।

ਸਾਨੂੰ ਚਾਹੀਦਾ ਹੈ ਕਿ ਅਸੀਂ ਟੈਗੋਰ ਥੀਏਟਰ ਦੇ ਦਰਵਾਜ਼ੇ ਮੰਚ ਰੰਗ ਮੰਚ, ਅੰਮ੍ਰਿਤਸਰ, ਅਦਾਕਾਰ ਮੰਚ ਮੋਹਾਲੀ, ਥੀਏਟਰ ਤੇ ਟੈਲੀਵੀਜ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਦਿ ਲਈ ਵੀ ਖੋਲ੍ਹੀਏ ਤਾਂ ਸਾਡੇ ਉਤਸਵ ਹੋਰ ਵੀ ਮਾਨਣਯੋਗ ਹੋ ਸਕਦੇ ਹਨ। ਜਿਨ੍ਹਾਂ ਨੇ ਰੰਗ ਮੰਚ ਅੰਮ੍ਰਿਤਸਰ ਵਲੋਂ ਕੇਵਲ ਧਾਲੀਵਾਲ ਦਾ ਤਿਆਰ ਕੀਤਾ 'ਇੱਕ ਸੀ ਮੰਟੋ' ਵੇਖਿਆ ਹੈ ਉਹ ਦਸਣਗੇ ਕਿ ਵਰਤਮਾਨ 'ਖੋਲ੍ਹ ਦੋ' ਨਾਲੋਂ ਮੰਟੋ ਸ਼ਤਾਬਦੀ ਦੇ ਪ੍ਰਸੰਗ ਵਿਚ ਉਹ ਵਾਲੀ ਪੇਸ਼ਕਾਰੀ ਕਿੰਨੀ ਉਤਮ ਸੀ। ਜੇ ਆਪਾਂ ਉਨ੍ਹਾਂ ਨੂੰ ਪਿਆਰ ਨਾਲ ਸੱਦੀਏ ਤਾਂ ਉਹ ਵੀ ਭੱਜੇ ਆਉਣਗੇ। ਜੇ ਕਿਸੇ ਦਾ ਦਰਵਾਜ਼ਾ ਖਟਖਟਾਉਂਦਿਆਂ ਝਿਜਕ ਆਉਂਦੀ ਹੋਵੇ ਤਾਂ ਦਾਸ ਨਾਲ ਤੁਰਨ ਲਈ ਤਿਆਰ ਹੈ। ਜੇ ਡਾ. ਆਤਮਜੀਤ ਦਰਜਨ ਅਦਾਕਾਰ ਤੇ ਕਲਾਕਾਰ ਲੈ ਕੇ ਆ ਸਕਦਾ ਹੈ ਤਾਂ ਉਹ ਵੀ ਆ ਜਾਣਗੇ।

### ਭਾਰਤ-ਪਾਕਿ ਸੀਮਾ ਉਤੇ ਅਮਨ ਚੈਨ

ਭਾਰਤ-ਪਾਕਿ ਸੀਮਾ ਉਤੇ ਅਚਾਨਕ ਪੈਦਾ ਹੋਏ ਤਣਾਓ ਨੇ ਵਡੇਰੀ ਉਮਰ ਦੇ ਨਾਗਰਿਕਾਂ ਲਈ ਦਿੱਤੀਆਂ ਜਾ ਰਹੀਆਂ ਵੀਜ਼ਾ ਸਹੂਲਤਾਂ ਨਾਲ ਪੈਦਾ ਹੋਈ ਖੁਸ਼ੀ ਦੀ ਲਹਿਰ ਨੂੰ ਦਬਾ ਲਿਆ ਹੈ। ਇਹ ਚੰਗੀ ਗੱਲ ਹੈ ਕਿ ਇਹ ਤਣਾਓ ਘਟਦਾ ਨਜ਼ਰ ਆ ਰਿਹਾ ਹੈ। ਇਸ ਦਾ ਸਵਾਗਤ ਹੋਣਾ ਚਾਹੀਦਾ ਹੈ। ਕਿਸੇ ਵਡੀ ਰਾਜਨੀਤਕ ਭੁੱਲ ਦਾ ਸ਼ਿਕਾਰ ਹੋ ਕੇ ਹੋਂਦ ਵਿਚ ਆਏ ਸਾਡੇ ਇਨ੍ਹਾਂ ਦੇਸ਼ਾਂ ਦੇ ਵਸਨੀਕ ਇੱਕ ਦੂਜੇ ਨੂੰ ਸੱਚੇ ਦਿਲੋਂ ਚਾਹੁੰਦੇ ਹਨ। ਇਸ ਚਾਹਨਾ ਦੀ ਰਾਖੀ ਕਰਨਾ ਸਾਡਾ ਫਰਜ਼ ਹੈ। ਦੋਹਾਂ ਦੇਸ਼ਾਂ ਨੂੰ ਆਪਣੇ ਮਸਲੇ ਖੁਦ ਨਜਿੱਠਣੇ ਚਾਹੀਦੇ ਹਨ। ਕਿਸੇ ਬਾਹਰਲੇ ਦੇਸ਼ ਦੀ ਚੁੱਕ ਥਲੇ ਆ ਕੇ ਬਿਖੜੇ ਰਾਹ ਨਹੀਂ ਅਪਨਾਉਣੇ ਚਾਹੀਦੇ।

### ਤੁਰ ਗਿਆ ਮੇਰੇ ਸ਼ਗਨਾਂ ਦਾ ਰਾਖਾ

ਦਿੱਲੀ ਤੋਂ ਨੌਸ਼ਹਿਰਾ ਪੰਨੂਆਂ ਢੁਕੀ ਮੇਰੀ ਜੰਞ ਵਿਚ ਸੰਤ ਸਿੰਘ ਸੇਖੋਂ, ਮੋਹਨ ਸਿੰਘ, ਡਾ. ਸਾਧੂ ਸਿੰਘ ਹਮਦਰਦ ਵਰਗੇ ਮਹਾਰਥੀਆਂ ਵਿਚ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਹਰਫਨ-ਮੌਲਾ ਹਰਭਜਨ ਸਿੰਘ ਰਤਨ ਵੀ ਸ਼ਾਮਲ ਸੀ। ਮੇਰੇ ਆਨੰਦ ਕਾਰਜ ਸਮੇਂ ਪਾਠੀਆਂ ਵਲੋਂ ਦੇਰੀ ਹੁੰਦੀ ਵੇਖ ਉਪਰੋਕਤ ਤਿੱਕੜੀ ਦੇ ਨਿੱਕੇ ਜਿਹੇ ਇਸ਼ਾਰੇ ਉਤੇ ਹਰਭਜਨ ਸਿੰਘ ਰਤਨ ਨੇ ਕਮਾਂਡ ਸਾਂਭ ਲਈ ਤੇ ਤੁਰੰਤ ਕਾਰਜ ਰਚਾ ਛੱਡਿਆ ਸੀ। ਇਥੋਂ ਤੱਕ ਕਿ ਜਦੋਂ ਲਾੜੀ ਦਾ ਪੱਲਾ ਲਾੜੇ ਨੂੰ ਫੜਵਾਉਣਾ ਸੀ ਤਾਂ ਰਤਨ ਨੇ ਕਾਹਲੀ ਵਿਚ ਇਹ ਕੰਮ ਵੀ ਮੇਰੇ ਪਿਤਾ ਕੋਲੋਂ ਹੀ ਕਰਵਾ ਦਿੱਤਾ। ਜਦੋਂ ਇੱਕ ਪਾਸਿਓਂ ਘੁਸਰ-ਮੁਸਰ ਹੋਈ ਤਾਂ ਸਾਡੇ ਸਿਆਣਿਆਂ ਨੇ ਇਸ ਅਮਲ ਨੂੰ ਕੁਸ਼ਗਨੀ ਵਾਲੇ ਪਲੜੇ ਵਿਚ ਡਿਗਣ ਤੋਂ ਬਚਾਉਣ ਲਈ ਫਟਾ ਫਟ ਬੋਲ ਦਿੱਤਾ, 'ਅੱਜ ਤੋਂ ਲੜਕੇ ਦਾ ਪਿਤਾ ਲੜਕੀ ਦਾ ਪਿਤਾ ਵੀ ਹੈ।'

ਹੁਣ ਇਹ ਗੱਲ ਦੱਸਣ ਦੇ ਦੋ ਕਾਰਨ ਹਨ। ਪਹਿਲਾ ਇਹ ਕਿ ਰਤਨ ਗੀਤਕਾਰ, ਸੰਗੀਤਕਾਰ ਤੇ ਰੇਡੀਓ ਕਲਾਕਾਰ ਹੋਣ ਦੇ ਨਾਲ ਨਾਲ ਪਾਠੀ ਦਾ ਕੰਮ ਵੀ ਨਿਭਾ ਲੈਂਦਾ ਸੀ। ਦੂਜਾ ਇਹ ਕਿ ਮੇਰੇ ਵਿਆਹ ਨੂੰ ਅੱਧੀ ਸਦੀ ਹੋਣ ਵਾਲੀ ਹੈ ਤੇ ਸਾਨੂੰ ਜਾਨਣ ਵਾਲੇ ਜਾਣਦੇ ਹਨ ਕਿ ਸਾਡੀ ਬਹੁਤ ਵਧੀਆ ਨਿਭਦੀ ਆਈ ਹੈ ਤੇ ਨਿੱਭ ਰਹੀ ਹੈ। ਰਤਨ ਸਾਡੇ ਸ਼ਗਨਾਂ ਦਾ ਰਾਖਾ ਵੀ ਸੀ। ਨੇਕ ਨੀਤੀ ਵਾਲੇ ਅਮਲ ਸ਼ਗਨਾਂ ਦੇ ਮੁਹਤਾਜ ਨਹੀਂ ਹੁੰਦੇ।

**ਅੰਤਿਕਾ: (ਜਗਤਾਰ)**

ਪੈਰਾਂ ਨੂੰ ਲਾ ਕੇ ਮਹਿੰਦੀ
ਮੇਰੀ ਕਬਰ 'ਤੇ ਕੋਈ,
ਕਲੀਆਂ ਚੜ੍ਹਾਉਣ ਆਇਆ
ਪਰ ਅੱਗ ਲਾ ਗਿਆ ਹੈ।

Visit us on the web:wwwpunjabtimesusa.com e-mail:punjabtimes1@sbcglobal.net






# ਪਰਵਾਸੀ ਭਾਰਤੀਆਂ ਦੇ ਮਸਲੇ ਹੱਲ ਕਰਨ ਦਾ ਦਾਅਵਾ

**ਜਲੰਧਰ:** ਸਾਲ 2012 ਵਿਚ ਪੰਜਾਬ ਪੁਲਿਸ ਦੇ ਐਨ.ਆਰ.ਆਈ ਵਿੰਗ ਨੇ ਪਰਵਾਸੀ ਭਾਰਤੀਆਂ ਦੇ ਵੱਖ-ਵੱਖ ਕੇਸਾਂ ਨੂੰ ਸੁਲਝਾਉਣ ਵਿਚ ਕਾਫੀ ਹੱਦ ਤੱਕ ਸਫਲਤਾ ਪ੍ਰਾਪਤ ਕੀਤੀ ਹੈ ਜਿਨ੍ਹਾਂ ਵਿਚ ਜ਼ਮੀਨ-ਜਾਇਦਾਦ, ਧੋਖਾਧੜੀ, ਵਿਆਹ-ਸ਼ਾਦੀ ਤੇ ਘਰੇਲੂ ਹਿੰਸਾ ਦੇ ਮਾਮਲੇ ਸ਼ਾਮਲ ਹਨ। ਵਿੰਗ ਕੋਲ ਪਹੁੰਚੀਆਂ ਸ਼ਿਕਾਇਤਾਂ ਵਿਚੋਂ ਜ਼ਿਆਦਾਤਰ ਮਾਮਲਿਆਂ ਦਾ ਨਿਬੇੜਾ ਕਰ ਦਿੱਤਾ ਗਿਆ ਹੈ ਤੇ ਕੁਝ ਮਾਮਲੇ ਅਦਾਲਤਾਂ ਵਿਚ ਚੱਲ ਰਹੇ ਹਨ।



ਮਿਲੀ ਜਾਣਕਾਰੀ ਮੁਤਾਬਕ ਵਿੰਗ ਨੇ ਸਾਲ 2012 ਵਿਚ ਤਕਰੀਬਨ 35 ਮਾਮਲਿਆਂ ਨੂੰ ਆਪਣੇ ਹੱਥ ਲਿਆ ਤੇ ਵੱਖ-ਵੱਖ ਐਨ.ਆਰ.ਆਈ ਥਾਣਿਆਂ ਵਿਚ ਵੱਖ-ਵੱਖ ਧਾਰਾਵਾਂ ਅਧੀਨ ਮਾਮਲੇ ਦਰਜ ਕਰਕੇ ਉਨ੍ਹਾਂ ਦਾ ਨਿਬੇੜਾ ਕੀਤਾ ਗਿਆ। ਐਨ.ਆਰ.ਆਈ ਪੁਲਿਸ ਥਾਣਾ ਮੋਗਾ ਵਿਚ ਛੇ, ਹੁਸ਼ਿਆਰਪੁਰ ਵਿਚ ਪੰਜ, ਲੋਹੀਆਂ ਵਿਚ ਤਿੰਨ, ਸ਼ਹੀਦ ਭਗਤ ਸਿੰਘ ਨਗਰ 'ਚ ਚਾਰ, ਕਪੂਰਥਲਾ 'ਚ ਦੋ, ਜਲੰਧਰ ਸਿਟੀ 'ਚ ਤਿੰਨ, ਲੁਧਿਆਣਾ ਸਿਟੀ 'ਚ ਸੱਤ, ਮਕਸੂਦਾਂ ਵਿਚ ਦੋ ਤੇ ਗੁਰਾਇਆ ਵਿਚ ਇਕ ਮਾਮਲਾ ਦਰਜ ਕੀਤਾ ਗਿਆ।

ਇਸ ਬਾਰੇ ਆਈ.ਜੀ ਜਲੰਧਰ ਰੇਂਜ ਤੇ ਇੰਚਾਰਜ ਐਨ.ਆਰ.ਆਈ ਮਾਮਲੇ ਸ੍ਰੀਮਤੀ ਗੁਰਪ੍ਰੀਤ ਦਿਓ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਬਾਰੇ ਪੂਰੀ ਤਰ੍ਹਾਂ ਸੁਹਿਰਦ ਹੈ ਤੇ ਉਨ੍ਹਾਂ ਦੇ ਮਸਲਿਆਂ ਦਾ ਫੌਰੀ ਨਿਬੇੜਾ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਨੂੰ ਪੂਰਾ ਇਨਸਾਫ ਮਿਲ ਸਕੇ ਤੇ ਉਨ੍ਹਾਂ ਨੂੰ ਵਾਰ-ਵਾਰ ਗੇੜੇ ਨਾ ਮਾਰਨੇ ਪੈਣ। ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਦੀ ਪੂਰੀ ਤਰ੍ਹਾਂ ਘੋਖ-ਪੜਤਾਲ ਕਰਨ ਉਪਰੰਤ ਹੀ ਮਾਮਲਾ ਦਰਜ ਕੀਤਾ ਜਾਂਦਾ ਹੈ ਤੇ ਕੇਸਾਂ ਦੀ ਤਫ਼ਤੀਸ਼ ਗਜ਼ਟਿਡ ਅਫ਼ਸਰ ਰੈਂਕ ਦੇ ਅਧਿਕਾਰੀ ਤੋਂ ਕਰਵਾਈ ਜਾਂਦੀ ਹੈ।

# ਰੱਬ ਦੀ ਖੁਸ਼ੀ ਲਈ ਸੁਰੰਗ 'ਚ ਛਾਲ ਮਾਰੀ

**ਵਾਸ਼ਿੰਗਟਨ:** ਇਥੇ ਐਰੀਜ਼ੋਨਾ ਵਿਚ ਇਕ 28 ਸਾਲਾ ਭਾਰਤੀ-ਅਮਰੀਕੀ ਨੇ ਪ੍ਰਮਾਤਮਾ ਪ੍ਰਤੀ ਆਪਣੀ ਸ਼ਰਧਾ ਵਿਖਾਉਣ ਲਈ 100 ਫੁੱਟ ਡੂੰਘੀ ਸੁਰੰਗ ਵਿਚ ਛਾਲ ਮਾਰ ਦਿੱਤੀ। ਅੱਠ ਘੰਟਿਆਂ ਦੇ ਰਾਹਤ ਕਾਰਜਾਂ ਮਗਰੋਂ ਇਸ ਵਿਅਕਤੀ ਨੂੰ ਬਚਾਅ ਲਿਆ ਗਿਆ। ਕੈਲੀਫੋਰਨੀਆ ਵਿਚ ਯੂਨੀਅਨ ਸਿਟੀ ਦਾ ਵਾਸੀ ਪਰਮਿੰਦਰ ਸਿੰਘ ਜੋ ਇਸ ਸਥਾਨ 'ਤੇ ਘੁੰਮਣ ਲਈ ਪੁੱਜਿਆ ਹੋਇਆ ਸੀ, ਨੇ 11 ਜਨਵਰੀ ਨੂੰ ਇਸ 100 ਫੁੱਟ ਡੂੰਘੀ ਸਿੱਧੀ-ਸਤੋਰ ਸੁਰੰਗ 'ਚ ਛਾਲ ਮਾਰ ਦਿੱਤੀ ਸੀ।

ਉੱਤਰੀ ਐਰੀਜ਼ੋਨਾ ਦਾ ਇਹ ਇਕ ਸੈਰ-ਸਪਾਟੇ ਵਾਲਾ ਸਥਾਨ ਹੈ। ਇਹ ਸਥਾਨ ਇਕ ਅਸਮਾਨੀ ਬਾਡੀ ਡਿੱਗਣ ਕਾਰਨ ਬਣਿਆ ਸੀ। ਪਰਮਿੰਦਰ ਸਿੰਘ 100 ਫੁੱਟ ਤੋਂ ਵੀ ਹੇਠਾਂ ਜਾ ਡਿੱਗਿਆ ਸੀ ਤੇ ਉਸ ਨੂੰ 100 ਫੁੱਟ ਡੂੰਘੇ ਟੋਏ ਦੇ ਤਲ ਤੋਂ ਕੱਢ ਲਿਆ ਗਿਆ। ਪੁਲਿਸ ਮੁਤਾਬਕ ਤਿੰਨ ਵੱਖੋ-ਵੱਖ ਏਜੰਸੀਆਂ ਦੇ 30 ਕਾਮਿਆਂ ਨੂੰ ਉਸ ਨੂੰ ਬਚਾਉਣ ਲਈ ਘੱਟੋ-ਘੱਟ ਅੱਠ ਘੰਟੇ ਲੱਗੇ। ਮਗਰੋਂ ਪਰਮਿੰਦਰ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਜਾਣਬੁੱਝ ਕੇ ਸੁਰੰਗ 'ਚ ਛਾਲ ਮਾਰੀ ਸੀ। ਉਸ ਨੂੰ ਕਰੇਟਰ ਵਿਚ ਛਾਲ ਮਾਰਦੇ ਨੂੰ ਸਭ ਤੋਂ ਪਹਿਲਾਂ ਮਿਟਿਓਰ ਕਰੇਟਰ ਪਾਰਕ ਦੇ ਇਕ ਮੁਲਾਜ਼ਮ ਨੇ ਦੇਖਿਆ। ਇਹ ਸ਼ਾਮੀਂ ਚਾਰ ਕੁ ਵਜੇ ਦਾ ਸਮਾਂ ਸੀ। ਉਸ ਮੁਲਾਜ਼ਮ ਨੇ ਝਟਪਟ ਸਥਾਨਕ ਸੀਨੀਅਰ ਅਧਿਕਾਰੀਆਂ ਨੂੰ ਇਸ ਦੀ ਜਾਣਕਾਰੀ ਦਿੱਤੀ ਜਿਨ੍ਹਾਂ ਨੇ ਫੌਰੀ ਰਾਹਤ ਕਾਰਜ ਸ਼ੁਰੂ ਕਰ ਦਿੱਤੇ। ਇਸ ਸੁਰੰਗ ਦੇ ਮੋਘੇ ਤੱਕ ਪੁੱਜਣਾ ਹੀ ਸਭ ਤੋਂ ਔਖਾ ਕੰਮ ਸੀ। ਪਹਿਲਾਂ ਇਕ ਮੀਲ ਚੜ੍ਹਾਈ ਤੇ ਫਿਰ 600 ਫੁੱਟ ਢਲਵਾਨ ਮਗਰੋਂ ਸੁਰੰਗ ਦਾ ਮੋਘਾ ਆਉਂਦਾ ਸੀ। ਡਾਕਟਰੀ ਸੇਵਾਵਾਂ ਨਾਲ ਲੈਸ ਇਕ ਹੈਲੀਕਾਪਟਰ ਵੀ ਅਸਮਾਨ 'ਚ ਤਾਇਨਾਤ ਰਿਹਾ। ਸੁਰੰਗ ਦੇ ਮੋਘੇ ਦੁਆਲੇ ਕੰਡੇਦਾਰ ਤਾਰ ਵਲੀ ਹੋਈ ਸੀ। ਬਚਾਓ ਕਾਮਿਆਂ ਨੂੰ ਇਹ ਕੱਟਣੀ ਪਈ। ਕੋਈ 8.22 ਵਜੇ ਸ਼ਾਮੀਂ ਪੀੜਤ ਨੂੰ ਹਾਕਾਂ ਮਾਰੀਆਂ ਗਈਆਂ ਤਾਂ ਉਨ੍ਹਾਂ ਨੂੰ ਉਸ ਦੀ ਦੱਬੀ-ਘੁੱਟੀ ਆਵਾਜ਼ ਸੁਣਾਈ ਦਿੱਤੀ ਜਿਸ ਤੋਂ ਇਹ ਤਾਂ ਸਿੱਧ ਹੋ ਗਿਆ ਕਿ ਉਹ ਜਿਉਂਦਾ ਸੀ। ਜਮਾ ਦੇਣ ਵਾਲੇ ਤਾਪਮਾਨ ਤੇ ਠੰਢੀਆਂ ਹਵਾਵਾਂ ਕਾਰਨ ਬਚਾਓ ਕਾਮੇ ਇਹ ਸਮਝਣੋਂ ਅਸਮਰਥ ਸਨ ਕਿ ਪਰਮਿੰਦਰ ਸਿੰਘ ਉਨ੍ਹਾਂ ਨੂੰ ਕੀ ਦੱਸਣਾ ਚਾਹੁੰਦਾ ਸੀ। ਉਨ੍ਹਾਂ ਨੇ ਹੇਠਾਂ ਸੁਰੰਗ 'ਚ ਖਾਣ-ਪੀਣ ਦੀ ਸਮੱਗਰੀ, ਇਕ ਰੇਡੀਓ, ਗਰਮ ਕੱਪੜੇ ਤੇ ਫਲੈਸ਼ ਲਾਈਟ ਭੇਜੀ। ਇਹ ਸਪਲਾਈ ਲੈਣ ਮਗਰੋਂ ਪਰਮਿੰਦਰ ਸਿੰਘ ਬਚਾਓ ਕਾਮਿਆਂ ਨਾਲ ਸੰਪਰਕ ਬਣਾਉਣ ਜੋਗਾ ਹੋ ਗਿਆ। ਉਸ ਨੇ ਦੱਸਿਆ ਕਿ ਉਸ ਨੂੰ ਲੱਗਦਾ ਹੈ ਕਿ ਉਸ ਦੀਆਂ ਲੱਤਾਂ-ਬਾਹਾਂ ਟੁੱਟ ਗਈਆਂ ਹਨ ਤੇ ਉਹ ਘੜੀ-ਮੁੜੀ ਬੇਹੋਸ਼ ਹੋ ਰਿਹਾ ਹੈ।

# ਪਰਵਾਸੀ ਭਾਰਤੀ ਵੱਲੋਂ ਪਿਉ ਦਾ ਕਤਲ

**ਵਾਸ਼ਿੰਗਟਨ:** ਘਰੇਲੂ ਝਗੜੇ ਕਾਰਨ ਭਾਰਤੀ ਮੂਲ ਦੇ ਅਮਰੀਕਨ ਨਾਗਰਿਕ ਨੇ ਆਪਣੇ ਪਿਤਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਜਿਤੇਨ ਅਸ਼ਵਿਨ ਪਟੇਲ (28) ਨੂੰ ਪੁਲਿਸ ਨੇ ਉਸ ਦੇ ਪਿਤਾ ਅਸ਼ਵਿਨ ਪਟੇਲ ਦੀ ਹੱਤਿਆ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਤੇ ਜੇਲ੍ਹ ਵਿਚ ਬੰਦ ਕਰ ਦਿੱਤਾ ਹੈ। ਇਹ ਘਟਨਾ ਅਮਰੀਕਾ ਦੇ ਉੱਤਰੀ ਕੈਰੋਲੀਨਾ ਸਿਟੀ ਵਿਚ ਮਾਊਂਟ ਹੋਲੀ ਸਿਟੀ ਵਿਚ ਘਟੀ ਹੈ। ਮਾਊਂਟ ਹੋਲੀ ਦੇ ਕਾਰਜਕਾਰੀ ਪੁਲਿਸ ਮੁਖੀ ਡੇਵਿਡ ਜੇਮਜ਼ ਮੁਤਾਬਕ ਦੋਵੇਂ ਬਾਪ-ਪੁੱਤ ਸ਼ਹਿਰ ਵਿਚ ਇਕ ਬੀਪੀ ਗੈਸ ਸਟੇਸ਼ਨ ਚਲਾਉਂਦੇ ਸਨ। ਪੁਲਿਸ ਮੁਤਾਬਕ ਅਸ਼ਵਿਨ ਕੁਮਾਰ ਵਾਘੀਭਾਈ ਪਟੇਲ ਦੇ ਸਰੀਰ ਉੱਤੇ ਗੋਲੀਆਂ ਦੇ ਕਈ ਨਿਸ਼ਾਨ ਸਨ। ਉਸ ਦੀ ਲਾਸ਼ ਉਸ ਦੇ ਘਰ ਤੋਂ ਹੀ ਮਿਲੀ। ਪੁਲਿਸ ਨੂੰ ਇਸ ਦੀ ਸੂਚਨਾ ਉਸ ਦੇ ਪਰਿਵਾਰਕ ਮੈਂਬਰਾਂ ਨੇ ਦਿੱਤੀ। ਗ੍ਰਿਫ਼ਤਾਰੀ ਵਾਰੰਟ ਮੁਤਾਬਕ ਜਦੋਂ ਪੁਲਿਸ ਘਰ ਪੁੱਜੀ ਤਾਂ ਜਿਤੇਨ ਘਰ ਨਹੀਂ ਸੀ ਪਰ ਉਸ ਵੱਲੋਂ ਲਿਖਿਆ ਇਕ ਪੱਤਰ ਮਿਲ ਗਿਆ ਜਿਸ ਵਿਚ ਉਸ ਨੇ ਆਪਣੇ ਜੁਰਮ 'ਤੇ ਪਛਤਾਵਾ ਕੀਤਾ ਸੀ ਤੇ ਖੁਦਕੁਸ਼ੀ ਕਰਨ ਜਾਣ ਬਾਰੇ ਲਿਖਿਆ ਸੀ। ਜਿਤੇਨ ਦਾ ਮੁਜਰਮਾਨਾ ਰਿਕਾਰਡ ਹੈ। ਸਾਲ 2005 ਵਿਚ ਵੀ ਉਹ ਕਈ ਮਹੀਨੇ ਜੇਲ੍ਹ ਵਿਚ ਰਿਹਾ। 2002 ਵਿਚ ਵੀ ਉਸ 'ਤੇ ਜੈਕਸਨ ਕਾਊਂਟੀ ਵਿਚ ਨਸ਼ੀਲੇ ਪਦਾਰਥ ਰੱਖਣ ਦੇ ਦੋਸ਼ ਲੱਗੇ ਸਨ।

# ਬਰਾਕ ਓਬਾਮਾ ਨੇ ਅਹੁਦੇ ਦੀ ਸਹੁੰ ਚੁੱਕੀ



**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਲਗਾਤਾਰ ਦੂਜੀ ਵਾਰ ਅਹੁਦੇ ਦੀ ਸਹੁੰ ਚੁੱਕ ਲਈ। ਉਨ੍ਹਾਂ ਨੂੰ ਸਹੁੰ ਸੁਪਰੀਮ ਕੋਰਟ ਦੇ ਚੀਫ ਜਸਟਿਸ ਜੋਹਨ ਰੋਬਰਟ ਨੇ ਚੁਕਾਈ। ਸਮਾਗਮ ਇਥੇ ਵਾਈਟ ਹਾਊਸ ਵਿਖੇ ਹੋਇਆ। ਇਸ ਮੌਕੇ ਉਨ੍ਹਾਂ ਦਾ ਪਰਿਵਾਰ, ਮਿੱਤਰ ਤੇ ਸਟਾਫ਼ ਹਾਜ਼ਰ ਸੀ। ਓਬਾਮਾ ਨੇ ਇਤਿਹਾਸਕ ਰੋਬਿਨਸਨ ਪਰਿਵਾਰਕ ਬਾਈਬਲ 'ਤੇ ਹੱਥ ਰੱਖ ਕੇ ਅਮਰੀਕੀ ਸੰਵਿਧਾਨ ਵਿਚ ਲਿਖੀ 35 ਸ਼ਬਦਾਂ ਦੀ ਸਹੁੰ ਪੜ੍ਹੀ। ਸੰਵਿਧਾਨ ਅਨੁਸਾਰ ਉਨ੍ਹਾਂ ਦੀ ਰਾਸ਼ਟਰਪਤੀ ਵਜੋਂ ਪਹਿਲੀ ਪਾਰੀ ਸਮਾਪਤ ਹੋ ਗਈ। ਉਹ ਹੁਣ ਚਾਰ ਸਾਲ ਹੋਰ ਅਹੁਦੇ 'ਤੇ ਰਹਿਣਗੇ। ਅਮਰੀਕਾ ਦੇ ਉਪ ਰਾਸ਼ਟਰਪਤੀ ਜੋਏ ਬਿਡੇਨ ਨੇ ਵੀ ਦੂਜੀ ਵਾਰ ਲਈ ਅਹੁਦੇ ਦੀ ਸਹੁੰ ਚੁੱਕੀ।

# ਅਮਰੀਕੀ ਕਾਤਲ ਨੂੰ ਸਜ਼ਾ-ਏ-ਮੌਤ

**ਵਾਸ਼ਿੰਗਟਨ:** ਇਕ ਅਮਰੀਕੀ ਨੂੰ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਦੋ ਸਾਥੀ ਕੈਦੀਆਂ ਦਾ ਕਤਲ ਕਰਨ ਦੇ ਦੋਸ਼ ਵਿਚ ਮੌਤ ਦੀ ਸਜ਼ਾ ਦੇ ਦਿੱਤੀ ਗਈ ਹੈ। 2010 ਤੋਂ ਬਾਅਦ ਪਹਿਲੀ ਵਾਰ ਕਿਸੇ ਕੈਦੀ ਨੂੰ ਸਜ਼ਾ-ਏ-ਮੌਤ ਦਿੱਤੀ ਗਈ ਹੈ। ਵਰਜੀਨੀਆ ਰਾਜ ਦੇ ਜੇਲ੍ਹ ਵਿਭਾਗ ਦੇ ਬੁਲਾਰੇ ਲੈਰੀ ਟ੍ਰੇਅਲਰ ਮੁਤਾਬਕ 42 ਸਾਲਾ ਸਾਬਕਾ ਟੈਟੂ ਕਲਾਕਾਰ ਰਾਬਰਟ ਗਲੀਸਨ ਨੂੰ ਬਿਜਲਈ ਕੁਰਸੀ 'ਤੇ ਬਿਠਾ ਕੇ ਮੌਤ ਦੀ ਨੀਂਦ ਸੁਲਾ ਦਿੱਤਾ ਗਿਆ। ਗਲੀਸਨ 2007 ਵਿਚ ਕੀਤੇ ਗਏ ਕਤਲ ਦੇ ਦੋਸ਼ ਵਿਚ ਉਮਰ ਕੈਦ ਭੁਗਤ ਰਿਹਾ ਸੀ ਜਦੋਂ 2009 ਵਿਚ ਉਸ ਨੇ ਇਕ 63 ਸਾਲਾ ਕੈਦੀ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਸੀ ਜਦ ਕਿ 26 ਸਾਲਾਂ ਦੇ ਇਕ ਹੋਰ ਕੈਦੀ ਨੂੰ ਉਸ ਨੇ ਉਦੋਂ ਮਾਰ ਦਿੱਤਾ ਸੀ ਜਦੋਂ ਉਹ ਆਪਣੇ ਗੁਨਾਹ ਦੀ ਸਜ਼ਾ ਦੀ ਉਡੀਕ ਕਰ ਰਿਹਾ ਸੀ। ਇਸ ਤੋਂ ਪਹਿਲਾਂ ਵਰਜੀਨੀਆ ਦੇ ਗਵਰਨਰ ਬੌਬ ਮਕਡੋਨੈੱਲ ਨੇ ਇਕ ਬਿਆਨ ਵਿਚ ਕਿਹਾ ਸੀ ਕਿ ਗਲੀਸਨ ਨੂੰ ਇਨ੍ਹਾਂ ਖ਼ੌਫਨਾਕ ਹੱਤਿਆਵਾਂ 'ਤੇ ਕੋਈ ਪਛਤਾਵਾ ਨਹੀਂ ਸੀ। ਉਸ ਨੇ ਅਦਾਲਤੀ ਫੈਸਲਿਆਂ ਖ਼ਿਲਾਫ਼ ਕੋਈ ਅਪੀਲ ਦਾਇਰ ਨਹੀਂ ਕੀਤੀ ਤੇ ਨਾ ਕੋਈ ਰਹਿਮਦਿਲੀ ਦੀ ਫਰਿਆਦ ਕੀਤੀ।

# ਸ਼ਾਰਜਾਹ 'ਚ ਫਸੇ ਪੰਜਾਬੀਆਂ ਦੀ ਰਿਹਾਈ ਦਾ ਰਾਹ ਪੱਧਰਾ



**ਦੁਬਈ:** ਸ਼ਾਰਜਾਹ ਦੀ ਅਦਾਲਤ ਨੇ ਪਾਕਿਸਤਾਨੀ ਨਾਗਰਿਕ ਦੀ ਹੱਤਿਆ ਦੇ ਦੋਸ਼ ਵਿਚ ਤਕਰੀਬਨ ਤਿੰਨ ਸਾਲਾਂ ਤੋਂ ਇਥੋਂ ਦੀ ਜੇਲ੍ਹ ਵਿਚ ਬੰਦ 17 ਭਾਰਤੀ ਨੌਜਵਾਨਾਂ ਦੀ ਸਜ਼ਾ ਮੁਆਫ਼ੀ ਨੂੰ ਅੰਤਿਮ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਨੌਜਵਾਨਾਂ ਜਿਨ੍ਹਾਂ ਵਿਚ 16 ਪੰਜਾਬੀ ਤੇ ਇਕ ਹਰਿਆਣਵੀ ਹੈ, ਦੇ ਸੰਯੁਕਤ ਅਰਬ ਅਮੀਰਾਤ ਤੋਂ ਵਾਪਸੀ ਦਾ ਅਮਲ 23 ਸਤੰਬਰ, 2011 ਤੋਂ ਰੁਕਿਆ ਹੋਇਆ ਸੀ।

ਇਸ ਤੋਂ ਪਹਿਲਾਂ ਉਥੋਂ ਦੀ ਸੁਪਰੀਮ ਕੋਰਟ ਨੇ ਕਤਲ ਕੀਤੇ ਗਏ ਮਿਸ਼ਰੀ ਖਾਨ ਦੇ ਵਾਰਸਾਂ ਨੂੰ 'ਦੀਆ' ਦੇਣ 'ਤੇ ਮੋਹਰ ਲਾ ਦਿੱਤੀ ਗਈ ਸੀ ਤੇ ਭਾਰਤੀ ਨੌਜਵਾਨਾਂ ਦੀ ਸਜ਼ਾ ਮੁਆਫ਼ੀ ਦੀ ਅਪੀਲ ਪ੍ਰਵਾਨ ਕਰ ਲਈ ਸੀ। ਇਹ ਮਾਮਲਾ 2009 ਦਾ ਹੈ ਜਦੋਂ ਭਾਰਤੀ ਕਾਮਿਆਂ ਦੇ ਇਕ ਗਰੁੱਪ ਦੀ ਕੁਝ ਪਾਕਿਸਤਾਨੀ ਕਾਮਿਆਂ ਨਾਲ ਝੜਪ ਹੋ ਗਈ ਸੀ ਜਿਸ ਵਿਚ ਸਰਗੋਧੇ ਦਾ ਮੂਲ ਵਾਸੀ ਮਿਸ਼ਰੀ ਖਾਨ ਮਾਰਿਆ ਗਿਆ ਸੀ ਤੇ ਉਸ ਦੇ ਚਚੇਰੇ ਭਰਾ ਮੁਸ਼ਤਾਕ ਅਹਿਮਦ ਤੇ ਸ਼ਾਹਿਦ ਇਕਬਾਲ ਜ਼ਖ਼ਮੀ ਹੋ ਗਏ ਸਨ।

ਸਤਾਰਾਂ ਭਾਰਤੀ ਨੌਜਵਾਨਾਂ 'ਤੇ ਮੁਕੱਦਮਾ ਚਲਾਇਆ ਗਿਆ ਤੇ ਉਨ੍ਹਾਂ ਨੂੰ ਕਤਲ ਦੇ ਦੋਸ਼ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਮੀਡੀਆ ਵਿਚ ਇਹ ਮਾਮਲਾ ਉਭਰਨ ਪਿੱਛੋਂ ਸੰਯੁਕਤ ਵੱਲੋਂ ਅਰਬ ਅਮੀਰਾਤ ਵਿਚ ਭਾਰਤੀ ਮਿਸ਼ਨ ਨੇ ਨੌਜਵਾਨਾਂ ਦੇ ਬਚਾਅ ਲਈ ਵਕੀਲਾਂ ਦੀ ਇਕ ਟੀਮ ਦੀਆਂ ਸੇਵਾਵਾਂ ਲਈਆਂ ਗਈਆਂ। ਸ਼ਾਰਜਾਹ ਦੀ ਇਕ ਅਪੀਲੀ ਕੋਰਟ ਵਿਚ ਅਪਰੈਲ 2010 ਵਿਚ ਇਕ ਅਪੀਲ ਦਾਇਰ ਕੀਤੀ ਗਈ ਤੇ ਅਪੀਲ 'ਤੇ ਸੁਣਵਾਈ ਦੌਰਾਨ ਅਦਾਲਤ ਨੇ ਬਚਾਅ ਧਿਰ ਤੋਂ ਪੁੱਛਿਆ ਸੀ ਕਿ ਕੀ ਉਹ 'ਦੀਆ' ਤਹਿਤ ਸਮਝੌਤੇ ਲਈ ਤਿਆਰ ਹੈ।

ਨੌਜਵਾਨਾਂ ਦੇ ਕੇਸ ਦੀ ਮੁੱਢ ਤੋਂ ਹੀ ਪੈਰਵੀ ਕਰ ਰਹੇ ਦੁਬਈ ਆਧਾਰਤ ਇਕ ਭਾਰਤੀ ਕਾਰੋਬਾਰੀ ਐਸ.ਪੀ ਸਿੰਘ ਓਬਰਾਏ ਨੇ ਪੀੜਤ ਧਿਰ ਨੂੰ 10 ਲੱਖ ਅਮਰੀਕੀ ਡਾਲਰ ਦੀਆ ਦੀ ਰਕਮ ਅਦਾ ਕੀਤੀ। ਅਦਾਲਤ ਨੇ 2011 ਵਿਚ ਰਾਜ਼ੀਨਾਮੇ 'ਤੇ ਮੋਹਰ ਲਾ ਦਿੱਤੀ ਤੇ ਮੌਤ ਦੀ ਸਜ਼ਾ ਵੀ ਮੁਆਫ਼ ਕਰ ਦਿੱਤੀ।

# ਹਜ਼ਾਰਾਂ ਸਾਲ ਪਹਿਲਾਂ ਆਸਟਰੇਲੀਆ ਪਹੁੰਚੇ ਸਨ ਭਾਰਤੀ

**ਮੈਲਬਰਨ:** ਭਾਰਤੀ ਲੋਕ ਤਕਰੀਬਨ 4000 ਸਾਲ ਪਹਿਲਾਂ ਆਸਟਰੇਲੀਆ ਪਰਵਾਸ ਕਰ ਗਏ ਸਨ ਤੇ ਉਥੋਂ ਦੇ ਮੂਲ ਵਾਸੀਆਂ ਨਾਲ ਘੁਲਮਿਲ ਗਏ ਸਨ। ਇਹ ਖੁਲਾਸਾ ਇਕ ਨਵੀਂ ਖੋਜ 'ਚ ਕੀਤਾ ਗਿਆ ਹੈ। ਉਦੋਂ ਉਸ ਮਹਾਂਦੀਪ 'ਤੇ ਕਿਸੇ ਯੂਰਪੀ ਸ਼ਖ਼ਸ ਦਾ ਨਾਂ ਨਿਸ਼ਾਨ ਵੀ ਨਹੀਂ ਸੀ। ਇਥੋਂ ਦੀਆਂ ਮੀਡੀਆ ਰਿਪੋਰਟਾਂ ਮੁਤਾਬਕ ਜਰਮਨ ਖੋਜੀਆਂ ਨੇ ਆਪਣੇ ਹਾਲੀਆ ਅਧਿਐਨ ਤੋਂ ਇਹ ਸਬੂਤ ਇਕੱਤਰ ਕੀਤੇ ਹਨ ਜੋ ਨੈਸ਼ਨਲ ਅਕੈਡਮੀ ਆਫ਼ ਸਾਇੰਸਜ਼ ਦੀ ਕਾਰਵਾਈ ਵਿਚ ਨਸ਼ਰ ਕੀਤੇ ਜਾਣਗੇ। ਏਬੀਸੀ ਨਿਊਜ਼ ਦੀ ਰਿਪੋਰਟ ਮੁਤਾਬਕ ਜਰਮਨੀ ਵਿਚ ਮੈਕਸ ਪਲੈਂਕਸ ਇੰਸਟੀਚਿਊਟ ਫਾਰ ਐਵੋਲੂਸ਼ਨਰੀ ਐਂਥਰੋਪੋਲੋਜੀ ਇਨ ਜਰਮਨੀ ਦੇ ਮਾਰਕ ਸਟੋਨਕਿੰਗ ਨੇ ਆਖਿਆ ਹੈ ਕਿ ਇਹ ਹੋ ਸਕਦਾ ਹੈ ਕਿ ਲੋਕ ਭਾਰਤ ਤੋਂ ਸਿੱਧੇ ਤੌਰ 'ਤੇ ਆਸਟਰੇਲੀਆ ਜਾ ਰਹੇ ਹੋਣ ਜਾਂ ਉਨ੍ਹਾਂ ਦਾ ਜੀਨ ਸਮੱਗਰੀ ਦੇ ਤੌਰ 'ਤੇ ਭਾਰਤ ਤੇ ਗੁਆਂਢੀ ਆਬਾਦੀਆਂ ਦਰਮਿਆਨ ਰਾਬਤਾ ਰਿਹਾ ਹੋਵੇ ਤੇ ਇਸ ਤਰ੍ਹਾਂ ਉਹ ਆਸਟਰੇਲੀਆ ਦੇ ਸੰਪਰਕ ਵਿਚੋਂ ਆਏ ਹੋਣ। ਸਟੋਨਕਿੰਗ ਤੇ ਇਕ ਖੋਜੀ ਦਲ ਨੇ ਆਸਟਰੇਲਿਆਈ ਮੂਲ ਵਾਸੀਆਂ ਦੇ ਦਸ ਲੱਖ ਤੋਂ ਵੱਧ ਜੀਨ ਚਿੰਨ੍ਹਾਂ ਦੀ ਨਿਰਖ-ਪਰਖ ਕੀਤੀ ਸੀ ਤੇ ਇਨ੍ਹਾਂ ਪੈਟਰਨਾਂ ਦਾ ਹੋਰਾਂ ਆਬਾਦੀਆਂ ਨਾਲ ਮਿਲਾਨ ਕੀਤਾ ਗਿਆ ਸੀ।

# ਅਮਰੀਕਨ ਆਈਡਲ ਵਿਚ ਪੰਜਾਬੀ ਦੀ ਬੱਲੇ-ਬੱਲੇ

**ਮੁੰਬਈ:** ਅਮਰੀਕਨ ਆਈਡਲ ਦੇ ਨਵੇਂ ਸੀਜ਼ਨ ਦੇ ਆਡੀਸ਼ਨ ਵਿਚ ਜੱਜਾਂ ਦਾ ਦਿਲ ਜਿੱਤਣ ਵਾਲੇ ਪੰਜਾਬੀ ਮੁੰਡੇ ਗੁਰਪ੍ਰੀਤ ਸਿੰਘ ਸਰੀਨ ਦੀ ਕਾਫੀ ਬੱਲੇ-ਬੱਲੇ ਹੋ ਰਹੀ ਹੈ।

ਆਡੀਸ਼ਨਾਂ ਦੌਰਾਨ ਆਪਣੀ ਪੁਸ਼ਾਕ ਵਰਗੀ ਪੱਗ ਬੰਨ੍ਹਣ ਵਾਲੇ ਗੁਰਪ੍ਰੀਤ ਸਿੰਘ ਦੀ ਪ੍ਰੋਗਰਾਮ ਦੌਰਾਨ ਇਕ ਪਗੜੀਧਾਰੀ ਦੇ ਤੌਰ 'ਤੇ ਮਸ਼ਹੂਰੀ ਹੈ। ਇਸ ਪੰਜਾਬੀ ਗਾਇਕ ਦੀ ਜੱਜ ਕਾਫੀ ਤਾਰੀਫ਼ ਕਰ ਰਹੇ ਹਨ।

# ਅਮਰੀਕਨ ਸਿੱਖ ਵੀ ਬੰਦੂਕਾਂ ਦੇ ਖ਼ਿਲਾਫ਼ ਡਟੇ

**ਵਾਸ਼ਿੰਗਟਨ:** ਪਿਛਲੇ ਕੁਝ ਸਮੇਂ ਦੌਰਾਨ ਅਮਰੀਕਾ ਵਿਚ ਇਕ ਤੋਂ ਬਾਅਦ ਇਕ ਵਾਪਰੀਆਂ ਗੋਲੀਬਾਰੀ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਦੇਸ਼ ਦੇ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਬੰਦੂਕ ਸਭਿਆਚਾਰ ਦੇ ਮਾੜੇ ਰੁਝਾਨ ਨੂੰ ਕਾਬੂ ਕਰਨ ਲਈ ਜਾਰੀ ਹੁਕਮਾਂ ਦੀ ਇਥੇ ਵੱਸਦੇ ਸਿੱਖਾਂ ਨੇ ਹਮਾਇਤ ਕੀਤੀ ਹੈ।ਅਮਰੀਕੀ ਸਿੱਖਾਂ ਨੇ ਦੇਸ਼ ਦੀ ਸੰਸਦ ਨੂੰ ਅਪੀਲ ਕੀਤੀ ਹੈ ਕਿ ਉਹ ਵੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਚੁੱਕੇ ਜਾ ਰਹੇ ਕਦਮਾਂ ਦੀ ਹਮਾਇਤ ਕਰੇ ਕਿਉਂਕਿ ਦੇਸ਼ ਵਿਚ ਇਸ ਕਾਰਨ ਬੇਵਜ੍ਹਾ ਬਹੁਤ ਸਾਰੇ ਸ਼ਰੀਫ਼ ਲੋਕ ਮਾਰੇ ਜਾ ਚੁੱਕੇ ਹਨ।



ਧਰਮ ਤੇ ਸਿੱਖਿਆ ਬਾਰੇ ਸਿੱਖ ਕੌਂਸਲ ਨੇ ਸੈਂਡੀ ਹੁੱਕ ਦੇ ਪੀੜਤਾਂ ਹਮਦਰਦੀ ਪ੍ਰਗਟਾਉਂਦਿਆਂ ਕਿਹਾ ਕਿ ਦੇਸ਼ ਵਿਚ ਮਾਰੂ ਹਥਿਆਰਾਂ ਦੇ ਬੇਲੋੜੇ ਵਾਧੇ ਨੂੰ ਰੋਕਣ ਲਈ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਚੁੱਕੇ ਕਦਮਾਂ ਦੀ ਵੀ ਹਮਾਇਤ ਕਰਦਾ ਹੈ। ਕੌਂਸਲ ਆਗੂਆਂ ਦਾ ਕਹਿਣਾ ਹੈ ਕਿ ਸਿੱਖ ਭਾਈਚਾਰਾ ਧਾਰਮਿਕ ਸਥਾਨਾਂ ਨੂੰ ਸੁਰੱਖਿਅਤ ਦੇਖਣ ਦਾ ਚਾਹਵਾਨ ਹੈ। ਓਕ ਕਰੀਕ ਵਿਚ ਸਿੱਖ ਗੁਰਦੁਆਰੇ ਵਿਚ ਅੰਨ੍ਹੇਵਾਹ ਗੋਲੀ ਚਲਾਉਣ ਦੀ ਘਟਨਾ ਵਾਪਰੀ ਹੈ। ਵਿਸਕਾਨਸਿਨ ਵਿਚ ਵੀ ਛੇ ਸਿੱਖ ਮਾਰੇ ਗਏ ਸਨ ਤੇ ਸਿੱਖ ਭਾਈਚਾਰਾ ਅਜਿਹੀਆਂ ਮੂਰਖਾਨਾ ਕਾਰਵਾਈਆਂ ਦਾ ਖਾਤਮਾ ਚਾਹੁੰਦਾ ਹੈ। ਉਹ ਇਸ ਗੱਲ ਦੇ ਹਮਾਇਤੀ ਹਨ ਕਿ ਮਾਰੂ ਹਥਿਆਰ ਸੌਖੇ ਕੀਤਿਆਂ ਆਮ ਲੋਕਾਂ ਤੱਕ ਨਾ ਪੁੱਜਣ। ਜ਼ਿਕਰਯੋਗ ਹੈ ਕਿ ਉਪ ਰਾਸ਼ਟਰਪਤੀ ਜੋਏ ਬਿਡੇਨ ਨੇ 'ਗੰਨ ਕੰਟਰੋਲ' ਕਾਨੂੰਨ ਲਾਗੂ ਕਰਨ ਲਈ ਲੋਕਾਂ ਦੀ ਰਾਏ ਲੈਣ ਮੌਕੇ ਸਿੱਖ ਭਾਈਚਾਰੇ ਨੂੰ ਵੀ ਬੁਲਾਇਆ ਸੀ।

# ਸਖ਼ਤ ਕਾਨੂੰਨ ਦੀ ਲੋੜ: ਓਬਾਮਾ



**ਵਾਸ਼ਿੰਗਟਨ:** ਸਖ਼ਤ ਗੰਨ ਕੰਟਰੋਲ ਕਾਨੂੰਨ ਦੇ ਹੱਕ ਵਿਚ ਚੱਲ ਰਹੀ ਜ਼ਬਰਦਸਤ ਮੁਹਿੰਮ ਨੂੰ ਵੇਖਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਸੰਸਦ ਨੂੰ ਹਥਿਆਰ ਖਰੀਦਣ ਦੇ ਚਾਹਵਾਨਾਂ ਦਾ ਪਿਛੋਕੜ ਪਰਖਣ ਲਈ ਵਿਆਪਕ ਰੋਕਾਂ ਲਾਉਣ ਤੇ ਫੌਜਨੁਮਾ ਹਥਿਆਰਾਂ 'ਤੇ ਪਾਬੰਦੀ ਲਾਉਣ ਵਾਲੇ ਬਿੱਲ ਵਿਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ ਹੈ। ਸਖ਼ਤ ਗੰਨ ਕੰਟਰੋਲ ਲਈ ਕਰੀਬ 23 ਕਾਰਜਕਾਰੀ ਆਦੇਸ਼ਾਂ 'ਤੇ ਸਹੀ ਪਾਉਣ ਤੋਂ ਬਾਅਦ ਓਬਾਮਾ ਨੇ ਅਮਰੀਕੀ ਕਾਂਗਰਸ ਨੂੰ ਇਹ ਖੁੱਲ੍ਹੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਅਮਰੀਕੀ ਸੰਵਿਧਾਨ ਕਿਸੇ ਵਿਅਕਤੀ ਦੇ ਹਥਿਆਰ ਧਾਰਨ ਕਰਨ ਦੇ ਹੱਕ ਦੀ ਸ਼ਾਹਦੀ ਭਰਦਾ ਹੈ ਤੇ ਗੰਨ ਮਾਲਕਾਂ ਦੀ ਬਹੁ-ਗਿਣਤੀ ਜ਼ਿੰਮੇਵਾਰਾਨਾ ਵਿਹਾਰ ਕਰਦੀ ਹੈ ਪਰ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਉਹ ਵਿਅਕਤੀ ਹਥਿਆਰ ਹਾਸਲ ਨਾ ਕਰ ਸਕਣ ਜਿਹੜੇ ਇਸ ਦੇ ਹੱਕਦਾਰ ਨਹੀਂ ਹਨ।

# ਵਾਧੂ ਅਨਾਜ ਭੰਡਾਰ ਦੇ ਬਾਵਜੂਦ ਚੌਥਾ ਹਿੱਸਾ ਆਬਾਦੀ ਭੁੱਖਮਰੀ ਦਾ ਸ਼ਿਕਾਰ

ਇਨ੍ਹੀਂ ਦਿਨੀਂ ਭਾਰਤ ਦੇ ਸਰਕਾਰੀ ਅਨਾਜ ਭੰਡਾਰ ਨੱਕੋ ਨੱਕ ਭਰੇ ਪਏ ਹਨ। ਪਹਿਲੀ ਜਨਵਰੀ 2013 ਨੂੰ ਇਸ ਦੇ ਕੁੱਲ ਭੰਡਾਰਾਂ ਵਿਚ 667 ਲੱਖ ਟਨ ਅਨਾਜ ਪਿਆ ਸੀ। ਇੰਨਾ ਅਨਾਜ ਕਿਸੇ ਇਕ ਮੌਸਮ ਵਿਚ ਤਗੜੀ ਫਸਲ ਹੋਣ ਕਾਰਨ ਇਕੱਠਾ ਨਹੀਂ ਹੋਇਆ। ਸਾਲ 2012 ਦੇ ਹਰ ਮਹੀਨੇ ਔਸਤਨ 671 ਲੱਖ ਟਨ ਅਨਾਜ ਇਸ ਦੇ ਭੰਡਾਰਾਂ ਵਿਚ ਪਿਆ ਰਿਹਾ ਹੈ। ਉਸੇ ਸਾਲ ਜੂਨ

**ਕੁਲਦੀਪ ਭੁੱਲਰ**

ਮਹੀਨੇ ਵਿਚ ਇਕ ਵਾਰ ਇਹ ਭੰਡਾਰ ਵਧ ਕੇ 802 ਲੱਖ ਟਨ ਵੀ ਹੋ ਗਿਆ ਸੀ। ਮਹਿਜ਼ ਪੰਜ ਸਾਲ ਪਹਿਲਾਂ ਜਨਵਰੀ 2008 ਵਿਚ ਸਰਕਾਰ ਕੋਲ ਸਰਕਾਰੀ ਭੰਡਾਰਾਂ ਵਿਚ ਸਿਰਫ 192 ਲੱਖ ਟਨ ਅਨਾਜ ਮੌਜੂਦ ਸੀ। ਸਾਲ 2009 ਵਿਚ ਇਹ ਵਧ ਕੇ 362 ਲੱਖ ਟਨ, 2010 ਵਿਚ 477 ਲੱਖ ਟਨ, 2011 ਵਿਚ 472 ਲੱਖ ਟਨ, 2012 ਵਿਚ 555 ਲੱਖ ਟਨ ਅਤੇ ਜਨਵਰੀ 2013 ਵਿਚ 667 ਲੱਖ ਟਨ ਹੋ ਗਿਆ।

ਸਰਕਾਰੀ ਨੀਤੀ ਅਨੁਸਾਰ ਭੰਡਾਰ ਵਿਚ 200 ਲੱਖ ਟਨ ਬਫਰ ਸਟਾਕ ਤੇ 50 ਲੱਖ ਟਨ ਅਨਾਜ ਕਿਸੇ ਵੇਲੇ ਵੀ ਲੋੜ ਪੈਣ 'ਤੇ ਵਰਤਣ ਲਈ ਮੌਜੂਦ ਹੋਣਾ ਚਾਹੀਦਾ ਹੈ। ਪਰ ਇਸ ਵੇਲੇ ਸਰਕਾਰ ਕੋਲ ਉਸ ਦੇ ਆਪਣੇ ਤੈਅ ਸਟਾਕ ਤੋਂ ਢਾਈ ਗੁਣਾ ਤੋਂ ਵੀ ਵੱਧ ਅਨਾਜ ਪਿਆ ਹੈ। ਪਰ ਅਫਸੋਸ ਦੀ ਗੱਲ ਇਹ ਹੈ ਕਿ ਸਰਕਾਰ ਕੋਲ ਅਨਾਜ ਦਾ ਏਨਾ ਭੰਡਾਰ ਹੋਣ ਦੇ ਬਾਵਜੂਦ ਦੇਸ਼ ਵਿਚ ਭੁੱਖਮਰੀ ਅਤੇ ਕੁਪੋਸ਼ਨ ਕਾਰਨ ਲੋਕ ਬੇਹਾਲ ਹਨ। ਇਕ ਮੋਟੇ ਅੰਦਾਜ਼ੇ ਅਨੁਸਾਰ ਭਾਰਤ ਵਿਚ 20 ਕਰੋੜ ਤੋਂ ਵੱਧ ਲੋਕ ਭੁੱਖਮਰੀ ਅਤੇ ਕੁਪੋਸ਼ਨ ਦਾ ਸ਼ਿਕਾਰ ਹਨ। ਕੌਮਾਂਤਰੀ ਸੰਸਥਾ ਇੰਟਰਨੈਸ਼ਨਲ ਫੂਡ ਰਿਸਰਚ ਇੰਸਟੀਚਿਊਟ ਦੇ ਇਕ ਸਰਵੇਖਣ ਅਨੁਸਾਰ ਭੁੱਖਮਰੀ ਅਤੇ ਗਰੀਬੀ ਦੇ ਸ਼ਿਕਾਰ 79 ਮੁਲਕਾਂ ਵਿਚ ਭਾਰਤ ਦਾ 65ਵਾਂ ਸਥਾਨ ਹੈ। ਭਾਰਤ ਵਿਚ 43 ਪ੍ਰਤੀਸ਼ਤ ਬੱਚੇ ਕੁਪੋਸ਼ਨ ਦਾ ਸ਼ਿਕਾਰ ਹਨ। ਇਸ ਤਰ੍ਹਾਂ ਦੁਨੀਆਂ ਦੇ ਗਰੀਬੀ, ਭੁੱਖਮਰੀ ਅਤੇ ਕੁਪੋਸ਼ਨ ਦੇ ਸ਼ਿਕਾਰ ਲੋਕਾਂ ਨਾਲ ਭਰੇ ਦੇਸ਼ ਈਥੋਪੀਆ ਅਤੇ ਬੰਗਲਾਦੇਸ਼ ਨਾਲੋਂ ਵੀ ਭਾਰਤ ਦੀ ਹਾਲਤ ਬਦਤਰ ਹੈ। ਦੇਸ਼ ਵਿਚ ਭੁੱਖਮਰੀ ਦੇ ਸ਼ਿਕਾਰ ਕਰੋੜਾਂ ਲੋਕਾਂ ਲਈ ਵਾਧੂ ਅਨਾਜ ਦੇ ਭੰਡਾਰ ਕੀ ਅਰਥ ਰੱਖਦੇ ਹਨ? ਭੁੱਖ ਦੀ ਸ਼ਿਕਾਰ ਲੋਕਾਈ ਦੇ ਇਹ ਵਾਧੂ ਭੰਡਾਰ ਕਿਸ ਕੰਮ?

ਮਾਹਿਰਾਂ ਦਾ ਵਿਚਾਰ ਹੈ ਕਿ ਇਹ ਸਥਿਤੀ ਸਰਕਾਰ ਵੱਲੋਂ ਸਬਸਿਡੀਆਂ ਵਿਚ ਕਟੌਤੀ ਕਰਨ ਦੀ ਅਪਨਾਈ ਨੀਤੀ, ਲਾਲਫੀਤਾਸ਼ਾਹੀ, ਭ੍ਰਿਸ਼ਟਾਚਾਰ ਅਤੇ ਦਲਾਲਾਂ ਦੀ ਲਾਲਸਾ ਕਾਰਨ ਪੈਦਾ ਹੋਈ ਹੈ। ਸਾਲ 2006 ਤੋਂ ਬਾਅਦ ਹਰ ਸਾਲ ਕਣਕ ਅਤੇ ਚੌਲਾਂ ਦੀ ਭਰਵੀਂ ਫਸਲ ਹੋਈ ਹੈ। ਕਿਸਾਨਾਂ ਨੂੰ ਫਸਲ ਦਾ ਭੁਗਤਾਨ ਕਰਕੇ ਸਰਕਾਰੀ ਖਰੀਦ ਏਜੰਸੀਆਂ ਨੇ ਏਨਾ ਅਨਾਜ ਖਰੀਦਿਆ ਕਿ ਇਸ ਦੇ ਭੰਡਾਰਾਂ ਵਿਚ ਅੰਬਾਰ ਲੱਗ ਗਏ ਹਨ। ਇਨ੍ਹਾਂ ਏਜੰਸੀਆਂ ਨੇ ਮਾਰਚ-ਅਪਰੈਲ 2012 ਵਿਚ 380 ਲੱਖ ਟਨ ਕਣਕ ਖਰੀਦੀ ਅਤੇ ਅਕਤੂਬਰ 2011 ਤੋਂ ਸਤੰਬਰ 2012 ਵਿਚ 350 ਲੱਖ ਟਨ ਚੌਲਾਂ ਦੀ ਖਰੀਦ ਕੀਤੀ ਗਈ।



ਸਰਕਾਰ ਦੀ ਦਲੀਲ ਹੈ ਕਿ ਉਹ ਸਿਰਫ ਲੋੜਵੰਦ ਲੋਕਾਂ ਨੂੰ ਜਨਤਕ ਵੰਡ ਪ੍ਰਣਾਲੀ ਰਾਹੀਂ ਹੀ ਤੈਅਸ਼ੁਦਾ ਭਾਅ 'ਤੇ ਅਨਾਜ ਮੁਹੱਈਆ ਕਰਵਾਉਂਦੀ ਹੈ। ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਅਤੇ ਗਰੀਬੀ ਰੇਖਾ ਤੋਂ ਉਪਰ ਰਹਿਣ ਵਾਲੇ ਲੋਕਾਂ ਨੂੰ ਅਲੱਗ ਅਲੱਗ ਭਾਅ 'ਤੇ ਅਨਾਜ ਦਿੱਤਾ ਜਾਂਦਾ ਹੈ। ਜਨਤਕ ਵੰਡ ਪ੍ਰਣਾਲੀ ਅਤੇ ਸਰਕਾਰ ਦੀ ਕਾਰਵਾਈ 'ਤੇ ਨਜ਼ਰ ਰੱਖਣ ਲਈ ਸੁਪਰੀਮ ਕੋਰਟ ਵਲੋਂ ਨਿਯੁਕਤ ਕੀਤੇ ਕਮਿਸ਼ਨਰ ਦੇ ਪ੍ਰਮੁੱਖ ਸਲਾਹਕਾਰ ਅਨੁਸਾਰ ਸਰਕਾਰ ਦੀ ਇਸ ਨੀਤੀ ਕਾਰਨ ਕਈ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਉਨ੍ਹਾਂ ਅਨੁਸਾਰ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਨੂੰ 1991 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਸਾਲ 2000 ਵਿਚ ਜਨਤਕ ਵੰਡ ਪ੍ਰਣਾਲੀ ਹੇਠ ਅਨਾਜ ਮੁਹਈਆ ਕਰਵਾਇਆ ਜਾ ਰਿਹਾ ਹੈ। ਸਾਲ 2011 ਵਿਚ ਇਕੱਤਰ ਕੀਤੇ ਨਵੇਂ ਅੰਕੜਿਆਂ ਬਾਅਦ 8 ਤੋਂ 10 ਕਰੋੜ ਲੋਕ ਤਾਂ ਇਸ ਤਰ੍ਹਾਂ ਸਿੱਧੇ ਹੀ ਜਨਤਕ ਵੰਡ ਪ੍ਰਣਾਲੀ ਤੋਂ ਵਾਂਝੇ ਰਹਿ ਗਏ ਹਨ। ਸਾਲ 1991 ਤੋਂ ਸਾਲ 2011 ਤੱਕ ਗਰੀਬੀ ਰੇਖਾ ਹੇਠ ਆਏ ਲੋਕ ਇਸ ਦਾ ਲਾਭ ਲੈਣ ਤੋਂ ਖੁੰਝ ਗਏ ਹਨ।

ਸੁਪਰੀਮ ਕੋਰਟ ਦੇ ਆਦੇਸ਼ 'ਤੇ ਬਣੀ ਜਸਟਿਸ ਵਧਵਾ ਕਮੇਟੀ ਨੇ ਸੁਝਾਅ ਦਿੱਤਾ ਕਿ ਜਨਤਕ ਵੰਡ ਪ੍ਰਣਾਲੀ ਵਿਚ ਸੁਧਾਰ ਆਬਾਦੀ ਦੇ ਇਨ੍ਹਾਂ ਨਵੇਂ ਅੰਕੜਿਆਂ ਅਨੁਸਾਰ ਕੀਤੇ ਜਾਣ। ਸਾਲ 1991 ਦੀ ਮਰਦਮਸ਼ੁਮਾਰੀ ਅਨੁਸਾਰ ਭਾਰਤ ਦੀ ਆਬਾਦੀ 99 ਕਰੋੜ ਸੀ ਅਤੇ ਇਸ ਸਮੇਂ 122 ਕਰੋੜ ਹੈ। ਇਸ ਤਰ੍ਹਾਂ ਵੱਡੀ ਗਿਣਤੀ ਲੋਕ ਜਨਤਕ ਵੰਡ ਪ੍ਰਣਾਲੀ ਹੇਠ ਨਾ ਆ ਸਕਣ ਕਾਰਨ ਗਰੀਬੀ ਤੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਗਰੀਬੀ ਰੇਖਾ ਵੀ ਆਪਣੇ ਆਪ ਵਿਚ ਵਿਵਾਦਪੂਰਨ ਮੁੱਦਾ ਬਣ ਗਿਆ ਹੈ। ਸਰਕਾਰ ਵਲੋਂ ਜਾਰੀ ਆਮਦਨੀ ਦੇ ਨਵੇਂ ਅੰਕੜਿਆਂ ਅਨੁਸਾਰ ਸ਼ਹਿਰੀ ਖੇਤਰਾਂ ਵਿਚ ਰੋਜ਼ਾਨਾ 18 ਰੁਪਏ ਅਤੇ ਦੇਹਾਤੀ ਖੇਤਰਾਂ ਵਿਚ 12 ਰੁਪਏ ਪ੍ਰਤੀ ਦਿਨ ਪ੍ਰਤੀ ਵਿਅਕਤੀ ਆਮਦਨੀ ਵਾਲਾ ਵਿਅਕਤੀ ਤਕਨੀਕੀ ਤੌਰ 'ਤੇ ਗਰੀਬੀ ਰੇਖਾ ਤੋਂ ਉਪਰ ਹੈ।

ਕੌਮੀ ਸਲਾਹਕਾਰ ਕਮੇਟੀ ਦੇ ਮੈਂਬਰ ਤੇ ਉਘੇ ਅਰਥਸ਼ਾਸਤਰੀ ਜੀਨ ਡਰੇਜ਼ ਅਨੁਸਾਰ ਇਸ ਦਾ ਇਕੋ ਇਕ ਹੱਲ ਸਾਰੇ ਲੋੜਵੰਦਾਂ ਨੂੰ ਅਨਾਜ ਵੰਡਣ ਨਾਲ ਹੀ ਸੰਭਵ ਹੈ। ਕੌਮੀ ਅਨਾਜ ਸੁਰੱਖਿਆ ਨੀਤੀ ਤਹਿਤ ਜਨਤਕ ਵੰਡ ਪ੍ਰਣਾਲੀ ਨੂੰ ਹੋਰ ਸੁਚਾਰੂ ਬਣਾ ਕੇ ਕੁਝ ਸਾਲਾਂ ਵਿਚ ਹੀ ਜਨਤਕ ਵੰਡ ਪ੍ਰਣਾਲੀ ਤਹਿਤ ਵੱਧ ਤੋਂ ਵੱਧ ਲੋਕਾਂ ਨੂੰ ਲਿਆਂਦਾ ਜਾ ਸਕਦਾ ਹੈ। ਇਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਸਰਕਾਰੀ ਰਿਕਾਰਡ ਅਨੁਸਾਰ ਅਨਾਜ ਦਾ ਇਹ ਪਹਾੜ ਜਿੱਡਾ ਅੰਬਾਰ ਉਸੇ ਤਰ੍ਹਾਂ ਕਾਇਮ ਹੈ। ਅਨਾਜ ਸੁਰੱਖਿਆ ਸਬੰਧੀ ਕਾਨੂੰਨ ਸੰਸਦ ਵਿਚ ਪਾਸ ਨਹੀਂ ਹੋ ਸਕਿਆ। ਪਿਛਲੇ 12 ਸਾਲਾਂ ਵਿਚ ਸੁਪਰੀਮ ਕੋਰਟ ਨੇ ਅਨਾਜ ਸੁਰੱਖਿਆ ਸਬੰਧੀ 92 ਨਿਰਦੇਸ਼ ਜਾਰੀ ਕੀਤੇ ਹਨ। ਪਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ ਅਤੇ ਨਾ ਹੀ ਕੁਪੋਸ਼ਨ ਵੱਲ ਇਸ ਨੇ ਧਿਆਨ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ ਅਧੂਰੇ ਮਨ ਨਾਲ ਰਾਜਾਂ ਨੂੰ ਵਾਧੂ ਅਨਾਜ ਮੁਹਈਆ ਕਰਵਾਉਣ ਦਾ ਪ੍ਰਬੰਧ ਵੀ ਕੀਤਾ ਗਿਆ ਪਰ ਰਾਜ ਸਰਕਾਰਾਂ ਨੇ ਵੀ ਇਹ ਅਨਾਜ ਚੁੱਕਣ ਵਿਚ ਹਮੇਸ਼ਾ ਢਿੱਲਮੱਠ ਹੀ ਅਪਨਾਈ ਰੱਖੀ ਹੈ। ਦੇਸ਼ ਦੇ ਸਭ ਤੋਂ ਗਰੀਬ ਜ਼ਿਲਿਆਂ ਲਈ ਕੇਂਦਰ ਸਰਕਾਰ ਨੇ ਸਾਲ 2011-12 ਵਿਚ 23.6 ਲੱਖ ਟਨ ਵਾਧੂ ਅਨਾਜ ਰਿਲੀਜ਼ ਕੀਤਾ। ਇਸ ਵਿਚੋਂ ਮੱਧ ਪ੍ਰਦੇਸ਼ ਨੇ ਆਪਣੇ ਹਿੱਸੇ ਦਾ ਸਿਰਫ 42, ਬੰਗਾਲ ਨੇ 50, ਬਿਹਾਰ ਨੇ 50 ਅਤੇ ਮਹਾਰਾਸ਼ਟਰ ਨੇ 62 ਪ੍ਰਤੀਸ਼ਤ ਅਨਾਜ ਚੁੱਕਿਆ ਹੈ। ਚਾਲੂ ਮਾਲੀ ਸਾਲ ਵਿਚ ਵੀ ਸਥਿਤੀ ਕੋਈ ਬਿਹਤਰ ਦਿਖਾਈ ਨਹੀਂ ਦਿੰਦੀ। ਰਾਜ ਸਰਕਾਰਾਂ ਲਈ ਵਾਧੂ ਰੱਖੇ 19.6 ਲੱਖ ਟਨ ਅਨਾਜ ਵਿਚੋਂ ਰਾਜ ਸਰਕਾਰਾਂ ਨੇ ਸਿਰਫ ਤੀਜਾ ਹਿੱਸਾ ਹੀ ਅਨਾਜ ਪ੍ਰਾਪਤ ਕੀਤਾ ਹੈ। ਸਵਾਲ ਹੈ ਕਿ ਰਾਜ ਸਰਕਾਰਾਂ ਆਪਣੇ ਗਰੀਬ ਲੋਕਾਂ ਨੂੰ ਸਸਤਾ ਅਨਾਜ ਮੁਹਈਆ ਕਰਵਾਉਣ ਵਿਚ ਕੋਈ ਦਿਲਚਸਪੀ ਕਿਉਂ ਨਹੀਂ ਦਿਖਾ ਰਹੀਆਂ? ਮਾਹਿਰਾਂ ਦਾ ਵਿਚਾਰ ਹੈ ਕਿ ਕੇਂਦਰ ਸਰਕਾਰ ਦੀ ਐਡਹਾਕ ਨੀਤੀ ਅਤੇ ਰਾਜ ਸਰਕਾਰਾਂ ਕੋਲ ਫੰਡਾਂ ਦੀ ਘਾਟ ਸਭ ਤੋਂ ਵੱਡਾ ਅੜਿੱਕਾ ਹਨ।

ਇਸ ਦਾ ਇਕ ਹੋਰ ਕਾਰਨ ਸਰਕਾਰ ਵੱਲੋਂ ਖੁੱਲ੍ਹੀ ਮਾਰਕੀਟ ਵਿਚ ਅਨਾਜ ਰਿਲੀਜ਼ ਕਰਨ ਦੀ ਨੀਤੀ ਵੀ ਹੈ। ਕੇਂਦਰ ਸਰਕਾਰ ਨੇ ਸਾਲ 2011 ਵਿਚ ਖੁਲ੍ਹੀ ਮੰਡੀ ਵਿਚ 6.95 ਲੱਖ ਟਨ ਅਨਾਜ ਦਿੱਤਾ। ਇਸ ਵਿਚੋਂ ਰਾਜ ਸਰਕਾਰਾਂ ਨੇ ਸਿਰਫ 53 ਲੱਖ ਟਨ ਅਨਾਜ ਚੁੱਕਿਆ। ਇਹ ਮਹਿਜ਼ 8 ਫੀਸਦੀ ਬਣਦਾ ਹੈ। ਸਾਲ 2012 ਵਿਚ ਸਰਕਾਰ ਨੇ 6.4 ਲੱਖ ਟਨ ਅਨਾਜ ਹੋਰ ਰਿਲੀਜ਼ ਕੀਤਾ ਜਿਸ ਵਿਚੋਂ ਅਜੇ ਤਕ 2.1 ਲੱਖ ਟਨ ਅਨਾਜ ਖਰੀਦਿਆ ਗਿਆ ਹੈ। ਕਾਰਨ ਸ਼ਾਇਦ ਇਹ ਹੈ ਕਿ ਪ੍ਰਾਈਵੇਟ ਅਦਾਰੇ ਵੀ ਖੁੱਲ੍ਹੀ ਮਾਰਕੀਟ ਵਿਚੋਂ ਅਨਾਜ ਖਰੀਦਣ ਲਈ ਕੋਈ ਦਿਲਚਸਪੀ ਨਹੀਂ ਦਿਖਾਉਂਦੇ ਕਿਉਂਕਿ ਉਨ੍ਹਾਂ ਨੂੰ ਜਨਤਕ ਵੰਡ ਪ੍ਰਣਾਲੀ ਤਹਿਤ ਉਚੀਆਂ ਸਬਸਿਡੀਆਂ ਵਾਲਾ ਅਨਾਜ ਕੁਝ ਕੁ ਬਲੈਕ ਮਾਰਕੀਟੀਆਂ ਦੀ ਮਿਹਰ ਨਾਲ ਬੜੀ ਆਸਾਨੀ ਨਾਲ ਮਿਲ ਜਾਂਦਾ ਹੈ ਜਿਸ ਵਿਚੋਂ ਉਹ ਜ਼ਿਆਦਾ ਮੁਨਾਫਾ ਕਮਾ ਲੈਂਦੇ ਹਨ। ਉਧਰ ਸਰਕਾਰ ਦੀ ਨਜ਼ਰ ਵੀ ਹੁਣ ਕੌਮਾਂਤਰੀ ਮੰਡੀ 'ਤੇ ਜਾ ਟਿਕੀ ਹੈ। ਵਿਸ਼ਵ ਬੈਂਕ ਦੇ ਤਾਜ਼ਾ ਅੰਕੜਿਆਂ ਅਨੁਸਾਰ ਕੌਮਾਂਤਰੀ ਮੰਡੀ ਵਿਚ ਕਣਕ ਦੀ ਕੀਮਤ 251 ਡਾਲਰ ਤੋਂ ਵਧ ਕੇ 337 ਡਾਲਰ ਪ੍ਰਤੀ ਟਨ ਹੋ ਗਈ ਹੈ। ਇਸ ਦਾ ਅਰਥ ਹੈ ਕਿ ਕਣਕ 14 ਤੋਂ 18 ਰੁਪਏ ਕਿਲੋ ਵਿਕ ਰਹੀ ਹੈ। ਇਸੇ ਮੁਨਾਫੇ ਨੂੰ ਮੱਦੇਨਜ਼ਰ ਰੱਖਦਿਆਂ ਕੇਂਦਰ ਸਰਕਾਰ ਨੇ ਕੇਂਦਰੀ ਪੂਲ ਵਿਚੋਂ 20 ਲੱਖ ਟਨ ਕਣਕ ਬਰਾਮਦ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਇਲਾਵਾ 25 ਲੱਖ ਟਨ ਹੋਰ ਬਰਾਮਦ ਕਰਨ ਲਈ ਤਿਆਰ ਹੈ। ਪਰ ਸਰਕਾਰੀ ਗੁਦਾਮਾਂ ਵਿਚ ਪਏ ਲੱਖਾਂ ਟਨ ਅਨਾਜ ਵਿਚੋਂ ਇਹ ਤਾਂ ਗੋਹੜੇ ਵਿਚੋ ਪੂਣੀ ਬਰਾਬਰ ਵੀ ਨਹੀਂ। ਨਵਾਂ ਅਨਾਜ ਸੁਰੱਖਿਆ ਕਾਨੂੰਨ ਸੰਸਦ ਦੀ ਸਥਾਈ ਕਮੇਟੀ ਨੇ ਪਾਸ ਕਰ ਦਿੱਤਾ ਹੈ ਪਰ ਪਾਰਲੀਮੈਂਟ ਦੀ ਅਜੇ ਮੋਹਰ ਲੱਗਣੀ ਬਾਕੀ ਹੈ।

## ਭਾਰਤੀ ਡਰਾਈਵਰ ਹਾਦਸੇ ਲਈ ਦੋਸ਼ੀ ਕਰਾਰ

**ਲੰਡਨ:** ਬਰਮਿੰਘਮ ਕਰਾਊਨ ਕੋਰਟ ਵਿਚ ਖਤਰਨਾਕ ਢੰਗ ਨਾਲ ਡਰਾਈਵਿੰਗ ਕਰਕੇ ਦੋ ਜਣਿਆਂ ਦੀ ਮੌਤ ਦਾ ਕਾਰਨ ਬਣੇ ਭਾਰਤੀ ਮੂਲ ਦੇ ਇਕ ਕੋਚ ਚਾਲਕ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। 50 ਸਾਲਾ ਜਸਮਿੰਦਰ ਸਿੰਘ ਢੇਸੀ ਨੂੰ ਅਗਲੇ ਮਹੀਨੇ ਸਜ਼ਾ ਸੁਣਾਈ ਜਾਏਗੀ। ਪੁਲਿਸ ਮੁਤਾਬਕ ਉਸ ਨੇ ਸੜਕ 'ਤੇ ਗਲਤ ਥਾਵੇਂ ਆਪਣਾ ਵਾਹਨ ਰੋਕ ਦਿੱਤਾ ਸੀ ਤੇ ਇਕ ਲਾਰੀ ਇਸ ਵਿਚ ਵੱਜ ਗਈ।

ਉਸ ਨੂੰ ਪਿਛਲੇ ਸਾਲ ਮਾਰਚ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਢੇਸੀ ਨੂੰ ਦੱਸਿਆ ਗਿਆ ਕਿ ਉਸ ਦਾ ਜੇਲ੍ਹ ਜਾਣਾ ਤਕਰੀਬਨ ਤੈਅ ਹੈ। ਜੱਜ ਪੀਟਰ ਕਰੱਰ ਨੇ ਢੇਸੀ ਨੂੰ 12 ਫਰਵਰੀ ਨੂੰ ਅਦਾਲਤ 'ਚ ਪੇਸ਼ ਹੋਣ ਲਈ ਕਿਹਾ। ਲਾਰੀ ਚਾਲਕ ਵਿਲੀਅਮ ਮੈਪਸਟੋਨ, ਇਸ ਹਾਦਸੇ ਮਗਰੋਂ ਹਸਪਤਾਲ ਜਾ ਕੇ ਮਰ ਗਿਆ ਸੀ ਤੇ ਵਾਲਵੋ ਕੋਚ ਦੇ ਇਕ ਯਾਤਰੀ ਲਿਆਕਤ ਅਲੀ ਦੇ ਵੀ ਮਾਰੂ ਸੱਟਾਂ ਲੱਗੀਆਂ ਸਨ।




Global Multi Services

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ

8 Drive Tire for $2300+Tax

80,000 Miles Warranty



Repair Shop

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

ਫੋਨ: 209-547-9210

ਫੈਕਸ: 209-547-9211

Dispatch

ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।

ਫੋਨ: 209-547-9210

ਫੈਕਸ: 209-547-9211

Registration Services

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

ਫੋਨ: 209-982-9996

ਫੈਕਸ: 209-982-9997



Rajinder Singh

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ

Stockton ਵਿਚ Highway 4 ਦੇ ਬਿਲਕੁਲ ਨਜ਼ਦੀਕ

1950 E. Miner Ave., Stockton, CA 95205

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com



Manitpal Singh

# ਪੰਜਾਬ ਯੂਨੀਵਰਸਿਟੀ ’ਚ ਦਾਖਲਾ ਤੇ ਰੂਸੀ ਵਿਦਿਆਰਥੀ

**ਯਾਦ ਝਰੋਖਾ**

**ਕੁਲਦੀਪ ਸਿੰਘ ਭੁੱਲਰ**

ਮੈਂ 1975 ਵਿਚ ਬੀ.ਏ. ਕਰਨ ਤੋਂ ਬਾਅਦ ਜੁਲਾਈ ਵਿਚ ਜਗਜੀਤ ਸਿੰਘ ਦੀ ਹੱਲਾਸ਼ੇਰੀ ਨਾਲ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਐਮ.ਏ. ਪੰਜਾਬੀ ਵਿਚ ਦਾਖਲਾ ਲੈ ਲਿਆ। ਮੈਂ ਤੇ ਜਗਜੀਤ-ਦੋਵੇਂ ਜਦੋਂ ਕਦੇ ਬਾਜ਼ਾਰ ਜਾਂਦੇ, ਚਾਚਾ ਗੁਲਾਟੀ ਦੀ ਕੰਟੀਨ ਤੋਂ ਚਾਹ ਪੀਂਦੇ ਜਾਂ ਕਿਸੇ ਹੋਰ ਥਾਂ ਆਉਂਦੇ-ਜਾਂਦੇ, ਸਾਡੇ ਹੀ ਕੁਝ ਸਾਥੀ ਵਿਦਿਆਰਥੀ ਸਾਡੇ ‘ਤੇ ਖਿੜਖਿੜਾ ਕੇ ਹੱਸਦੇ। ਇਕ ਦਿਨ ਮੈਂ ਆਪਣੇ ਤੋਂ ਸੀਨੀਅਰ ਇਕ ਵਿਦਿਆਰਥੀ ਗਿਆਨ ਸਿੰਘ ਨੂੰ ਪੁੱਛ ਹੀ ਲਿਆ ਕਿ ਆਖਰ ਮਾਜਰਾ ਕੀ ਹੈ ਤਾਂ ਉਸ ਨੇ ਹੱਸਦਿਆਂ ਦੱਸਿਆ ਕਿ ਐਨੀ ਵੀ ਕੋਈ ਖਾਸ ਗੱਲ ਨਹੀਂ, ਬੱਸ ਸਾਰੇ ਇਹੋ ਹੀ ਕਹਿੰਦੇ ਨੇ ਜਗਜੀਤ ਆਪਣੇ ਵਰਗਾ ਇਕ ਹੋਰ ਲੱਭ ਲਿਆਇਐ। ਹੁਣ ਮੈਨੂੰ ਸਾਰੀ ਗੱਲ ਸਮਝ ਆ ਗਈ ਸੀ।

ਸਸਤੇ ਜ਼ਮਾਨੇ ਸਨ, 400 ਰੁਪਏ ਮਹੀਨੇ ਨਾਲ ਪੰਜਾਬ ਯੂਨੀਵਰਸਿਟੀ ਵਿਚ ਫੀਸਾਂ ਤੇ ਹੋਸਟਲ ਦੇ ਖਰਚੇ ਕਰਕੇ ਬੜੇ ਆਰਾਮ ਨਾਲ ਪੜ੍ਹਿਆ ਜਾ ਸਕਦਾ ਸੀ। ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਬਾਵਜੂਦ ਮੇਰੇ ਘਰਦਿਆਂ ਦੀ ਇੱਛਾ ਸੀ ਕਿ ਮੈਂ ਪੜ੍ਹ ਲਿਖ ਕੇ ਕਿਸੇ ਰੁਜ਼ਗਾਰ ਲੱਗਾਂ ਤੇ ਉਨ੍ਹਾਂ ਦੀ ਕੁਝ ਮਦਦ ਕਰਾਂ। ਹੋਸਟਲ ਨੰਬਰ 2 ਵਿਚ ਮੈਨੂੰ 36 ਨੰਬਰ ਕਮਰਾ ਅਲਾਟ ਹੋ ਗਿਆ ਅਤੇ ਇਸ ਦੇ ਨਾਲ ਵਾਲਾ 34 ਨੰਬਰ ਕਮਰਾ ਮੇਰੇ ਜਮਾਤੀ ਅਮੋਲਕ ਸਿੰਘ ਜੰਮੂ ਦਾ ਸੀ। ਦੋਹਾਂ ਕਮਰਿਆਂ ਦੀਆਂ ਗੈਲਰੀਆਂ ਜੁੜਦੀਆਂ ਸਨ। ਪੰਜਾਬ ਟਾਈਮਜ਼ ਦੇ ਕਾਲਮਾਂ ਵਿਚ ਕੁਝ ਮਹੀਨੇ ਪਹਿਲਾਂ ਛਪੀ ਸਾਡੀ ਦੋਹਾਂ ਦੀ ਤਸਵੀਰ ਇਨ੍ਹਾਂ ਹੀ ਗੈਲਰੀਆਂ ਦੀ ਸੀ ਜਿਨ੍ਹਾਂ ਨੇ ਸਾਨੂੰ ਜ਼ਿੰਦਗੀ ਦੇ ਇਨ੍ਹਾਂ ਸਾਲਾਂ ਤਕ ਜੋੜੀ ਰੱਖਿਆ ਹੈ।

ਮੈਂ ਦਾਖਲਾ ਤਾਂ ਲੈ ਲਿਆ ਪਰ ਇਥੇ ਮੇਰਾ ਦਿਲ ਬਿਲਕੁਲ ਨਾ ਲੱਗਦਾ। ਉਦੋਂ ਮੇਰਾ 15 ਦਿਨਾਂ ਬਾਅਦ ਪਿੰਡ ਚੱਕਰ ਲਗਦਾ। ਘਰ ਦੀ ਹਾਲਤ ਦੇਖ ਕੇ ਵਾਪਸ ਜਾਣ ਲਈ ਮਨ ਨਾ ਕਰਦਾ। ਮੈਂ ਅਧ ਵਿਚਾਲਿਉਂ ਪੜ੍ਹਾਈ ਛੱਡਣ ਦਾ ਫੈਸਲਾ ਘਰਦਿਆਂ ਨੂੰ ਸੁਣਾ ਦਿੱਤਾ ਤਾਂ ਉਨ੍ਹਾਂ ਰੋਕਦਿਆਂ ਕਿਹਾ ਕਿ ਔਖੇ-ਸੌਖੇ ਦੋ ਸਾਲ ਕੱਢ ਲਵਾਂਗੇ। ਤੂੰ ਫਿਕਰ ਨਾ ਕਰ। ਮੈਂ ਅਣਮੰਨੇ ਮਨ ਨਾਲ ਵਾਪਸ ਚੰਡੀਗੜ੍ਹ ਆ ਗਿਆ।

ਐਮ.ਏ. ਪੰਜਾਬੀ ਦੇ ਪਹਿਲੇ ਸਾਲ ਵਿਚ ਦਾਖਲੇ ਮੌਕੇ ਯੂਨੀਵਰਸਿਟੀ ਵਿਚ ਸੀ ਪੀ ਆਈ ਦੇ ਵਿਦਿਆਰਥੀ ਵਿੰਗ ਏ ਆਈ ਐਸ ਐਫ ਦੇ ਸਾਥੀਆਂ ਨੇ ਮੇਰੀ ਕਾਫੀ ਮਦਦ ਕੀਤੀ ਸੀ। ਇਸ ਵਿਦਿਆਰਥੀ ਜਥੇਬੰਦੀ ਨਾਲ ਮੇਰਾ ਰਾਬਤਾ ਬੀ ਏ ਦੌਰਾਨ ਡੀ ਏ ਵੀ ਕਾਲਜ ਅਬੋਹਰ ਵਿਚ ਹੀ ਕਾਇਮ ਹੋ ਗਿਆ ਸੀ। ਉਥੇ ਵੀ ਸਭ ਤੋਂ ਜ਼ਿਆਦਾ ਸਰਗਰਮ ਵਿਦਿਆਰਥੀ ਜਥੇਬੰਦੀ ਏ ਆਈ ਐਸ ਐਫ ਹੀ ਸੀ। ਉਨ੍ਹੀਂ ਦਿਨੀਂ ਇਹੋ ਹੀ ਜਥੇਬੰਦੀ ਮੈਨੂੰ ਸਭ ਤੋਂ ਜ਼ਿਆਦਾ ਵਿਦਿਆਰਥੀਆਂ ਦੀ ਖੈਰਖਵਾਹ ਤੇ ਚੰਗੇ ਸਦਾਚਾਰ ਵਾਲੀ ਲਗਦੀ ਸੀ। ਕੁਝ ਪੁਰਾਣੇ ਦੋਸਤਾਂ ਦੇ ਹਵਾਲੇ ਨਾਲ ਸਿਲਸਿਲਾ ਹੋਰ ਕਰੀਬ ਹੋ ਗਿਆ ਅਤੇ ਮੈਂ ਇਸ ਵਿਚ ਸਰਗਰਮੀ ਨਾਲ ਕੰਮ ਕਰਨ ਲੱਗਾ।

ਅਕਤੂਬਰ-ਨਵੰਬਰ 1975 ਵਿਚ ਪੰਜਾਬੀ ਵਿਭਾਗ ਵਿਚ ਸਾਬਕਾ ਸੋਵੀਅਤ ਯੂਨੀਅਨ ਦੇ ਉਜ਼ਬੇਕਿਸਤਾਨ ਗਣਰਾਜ ਦੀ ਰਾਜਧਾਨੀ ਤਾਸ਼ਕੰਦ ਤੋਂ ਛੇ ਵਿਦਿਆਰਥੀ ਪੰਜਾਬੀ ਅਤੇ ਇਕ ਹਿੰਦੀ ਭਾਸ਼ਾ ਸਿੱਖਣ ਅਤੇ ਪੰਜਾਬੀ ਸਭਿਆਚਾਰ ਨੂੰ ਜਾਣਨ ਲਈ ਚੰਡੀਗੜ੍ਹ ਆਏ। ਹਲਕੀ ਹਲਕੀ ਠੰਢ ਸ਼ੁਰੂ ਹੋ ਚੁੱਕੀ ਸੀ। ਪੰਜਾਬੀ ਵਿਭਾਗ ਵਿਚ ਭਾਸ਼ਾ ਵਿਗਿਆਨ ਦੇ ਅਧਿਆਪਕ ਮਰਹੂਮ ਡਾ. ਬਲਬੀਰ ਸਿੰਘ ਸੰਧੂ ਇਨ੍ਹਾਂ ਵਿਦਿਆਰਥੀਆਂ ਨੂੰ ਨਾਲ ਲੈ ਕੇ ਸਾਡੀ ਜਮਾਤ ਵਿਚ ਆਏ ਅਤੇ ਉਨ੍ਹਾਂ ਨਾਲ ਜਾਣ-ਪਛਾਣ ਕਰਵਾਈ।

ਰਸਮੀ ਤੁਆਰਫ਼ ਤੋਂ ਬਾਅਦ ਰੂਸੀ ਵਿਦਿਆਰਥੀਆਂ ਨੇ ਲੋੜ ਅਨੁਸਾਰ ਸਾਮਾਨ ਖਰੀਦਣ ਦੀ ਇੱਛਾ ਜਤਾਈ। ਉਨ੍ਹਾਂ ਨੂੰ ਸ਼ਹਿਰ ਬਾਰੇ ਕੋਈ ਜਾਣਕਾਰੀ ਨਹੀਂ ਸੀ, ਸਿਵਾਏ ਵੱਡੀ ਲੁਦਮਿਲਾ ਦੇ। ਉਹ ਚਾਹੁੰਦੇ ਸਨ ਕਿ ਕੋਈ ਉਨ੍ਹਾਂ ਦੀ ਸਹਾਇਤਾ ਲਈ ਮਾਰਕੀਟ ਤਕ ਉਨ੍ਹਾਂ ਨਾਲ ਜਾਵੇ। ਡਾ. ਸੰਧੂ, ਜੋ ਆਪ ਸੋਵੀਅਨ ਯੂਨੀਅਨ ਵਿਚ ਪੜ੍ਹਾਈ ਲਈ ਕਈ ਸਾਲ ਲਾ ਕੇ ਆਏ ਸਨ, ਨੇ ਮੇਰੀ ਤੇ ਸ਼ਮਿੰਦਰ ਜਾਖੜ ਦੀ ਉਨ੍ਹਾਂ ਦੀ ਮਦਦ ਵਾਸਤੇ ਡਿਊਟੀ ਲਾ ਦਿੱਤੀ।

ਦੋਵੇਂ ਰੂਸੀ ਮੁੰਡੇ ਸਾਡੇ ਹੋਸਟਲ ਵਿਚ ਹੀ ਰਹਿੰਦੇ ਸਨ। ਉਹ ਅਕਸਰ ਖਾਣੇ ਦੇ ਟੇਬਲ ‘ਤੇ ਮਿਲ ਜਾਂਦੇ। ਉਨ੍ਹਾਂ ਨੂੰ ਮੈਂ ਆਪਣੇ ਕਮਰੇ ਵਿਚ ਵੀ ਲੈ ਆਉਂਦਾ। ਰੂਸੀ ਮੁੰਡਾ ਸ਼ਲੂੰਪਰ ਗੇਨਾਦੀ, ਉਰਫ ਗੇਨਾ ਤਾਸ਼ਕੰਦ ਯੂਨੀਵਰਸਿਟੀ ਦਾ ਵਿਦਿਆਰਥੀ ਸੀ। ਉਹ ਹਿੰਦੀ, ਪੰਜਾਬੀ, ਉਰਦੂ, ਅੰਗਰੇਜ਼ੀ ਸਮੇਤ ਕੋਈ 15 ਭਾਸ਼ਾਵਾਂ ਜਾਣਦਾ ਸੀ। ਅਸੀਂ ਉਸ ਦਾ ਨਾਂ ਗਿਆਨ ਸਿੰਘ ਰੱਖ ਛੱਡਿਆ ਸੀ। ਦੂਜਾ ਮੁੰਡਾ ਬਖ਼ਤਿਆਰ ਉਜ਼ਬੇਕੀ ਹਿੰਦੀ ਭਾਸ਼ਾ ਤੇ ਸਭਿਆਚਾਰ ਬਾਰੇ ਜਾਣਕਾਰੀ ਹਾਸਲ ਕਰਨ ਲਈ ਆਇਆ ਸੀ। ਉਹ ਤਾਸ਼ਕੰਦ ਦੇ ਕਿਸੇ ਪ੍ਰੈਪਰੇਟਰੀ ਸਕੂਲ ਵਿਚ ਪੜ੍ਹਾਉਂਦਾ ਸੀ। ਉਰਦੂ ਜ਼ੁਬਾਨ ‘ਤੇ ਉਸ ਦੀ ਚੰਗੀ ਪਕੜ ਸੀ। ਇਸ ਤੋਂ ਛੁੱਟ ਰੂਸੀ ਤੇ ਸੋਵੀਅਤ ਯੂਨੀਅਨ ਦੇ ਕਈ ਹੋਰ ਗਣਰਾਜਾਂ ਦੀਆਂ ਭਾਸ਼ਾਵਾਂ ਦਾ ਵੀ ਉਸ ਨੂੰ ਚੰਗਾ ਗਿਆਨ ਸੀ। ਬਖਤਿਆਰ ਜਿੰਨਾ ਲਾਪ੍ਰਵਾਹ ਅਤੇ ਆਲਸੀ ਸੀ, ਗੇਨਾ ਓਨਾ ਹੀ ਗਹਿਰ-ਗੰਭੀਰ ਅਤੇ ਚੁਸਤ-ਫੁਰਤ ਸੀ।

ਕੁੜੀਆਂ ਵਿਚ ਵੱਡੀ ਲੁਦਮਿਲਾ, ਸੁਦੂਰਾ, ਮੁਹੱਰਮ, ਵਸੀਲਾ ਤੇ ਛੋਟੀ ਲੁਦਮਿਲਾ ਉਰਫ ਮੀਲਾ ਸ਼ਾਮਲ ਸਨ। ਹੌਲੀ ਹੌਲੀ ਇਨ੍ਹਾਂ ਸੋਵੀਅਤ ਵਿਦਿਆਰਥੀਆਂ ਨਾਲ ਮੇਲ-ਜੋਲ ਵਧਿਆ ਅਤੇ ਦੋਸਤੀ ਹੋਣ ਲੱਗੀ। ਉਨ੍ਹਾਂ ਮੇਰੇ ਕੋਲ ਕਈ ਵਾਰ ਪੰਜਾਬ ਘੁੰਮਣ ਦੀ ਇੱਛਾ ਜਤਾਈ। ਮੈਂ ਕਹਿੰਦਾ, ਜਦੋਂ ਤੁਹਾਡਾ ਦਿਲ ਕਰੇ ਚਲੇ ਜਾਵਾਂਗੇ। ਇਕ ਦਿਨ ਗੇਨਾ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਦਾ ਲੁਧਿਆਣੇ ਜਾਣ ਦਾ ਪ੍ਰੋਗਰਾਮ ਹੈ ਅਤੇ ਉਹ ਚਾਹੁੰਦੇ ਹਨ ਕਿ ਮੈਂ ਉਨ੍ਹਾਂ ਦੇ ਨਾਲ ਜਾਵਾਂ। ਮੈਂ ਆਪਣੀ ਜੇਬ ਦੇ ਹਿਸਾਬ ਕਿਤਾਬ ਵਿਚ ਪੈ ਗਿਆ ਪਰ ਜ਼ਿਆਦਾ ਜ਼ੋਰ ਦੇਣ ‘ਤੇ ਮੈਂ ਉਨ੍ਹਾਂ ਦੇ ਨਾਲ ਲੁਧਿਆਣਾ ਚੱਲਣ ਲਈ ਤਿਆਰ ਹੋ ਗਿਆ।

ਲੁਧਿਆਣਾ ਪਹੁੰਚ ਕੇ ਬੱਸ ਸਟੈਂਡ ਅਸੀਂ ਇਕ ਟਾਂਗੇ ਵਿਚ ਬੈਠੇ। ਬੈਠਦਿਆਂ ਹੀ ਵੱਡੀ ਲੁਦਮਿਲਾ ਨੇ ਇਕ ਹੱਥ ਘੋੜੇ ਦੀ ਵਾਗ ਫੜ ਲਈ ਅਤੇ ਦੂਜੇ ਵਿਚ ਛਾਂਟਾ। ਅਸੀਂ ਅਜੇ ਪੂਰੇ ਬੈਠੇ ਵੀ ਨਹੀਂ ਸੀ ਕਿ ਉਸ ਨੇ ਘੋੜੇ ਦੇ ਛਾਂਟਾ ਦੇ ਮਾਰਿਆ। ਛਾਂਟਾ ਲਗਦਿਆਂ ਹੀ ਘੋੜਾ ਸਰਪਟ ਦੌੜ ਪਿਆ। ਕੋਈ ਪੰਜਾਹ ਗਜ਼ ਦੂਰ ਜਾ ਕੇ ਟਾਂਗੇ ਵਾਲੇ ਨੇ ਬੜੀ ਮੁਸ਼ਕਿਲ ਨਾਲ ਘੋੜੇ ਨੂੰ ਕਾਬੂ ਕੀਤਾ। ਆਖਰ ਜਦੋਂ ਟਾਂਗੇਵਾਲੇ ਨੇ ਸਭ ਕੁਝ ਠੀਕ ਠਾਕ ਕਰ ਲਿਆ ਤਾਂ ਸਾਡੇ ਸਾਰਿਆਂ ਦੇ ਸਾਹ ਵਿਚ ਸਾਹ ਆਇਆ।

ਰੂਸੀ ਮੁੰਡੇ-ਕੁੜੀਆਂ ਵਿਚੋਂ ਸਭ ਤੋਂ ਪ੍ਰੌਢ ਵੱਡੀ ਲੁਦਮਿਲਾ ਹੀ ਸੀ। ਉਹ ਉਨ੍ਹੀਂ ਦਿਨੀਂ ਰੇਡੀਓ ਮਾਸਕੋ ਤੋਂ ਪੰਜਾਬੀ ਪ੍ਰੋਗਰਾਮ ਦਿੰਦੀ ਸੀ। ਇਸ ਤੋਂ ਵੱਧ ਇਹ ਕਿ ਉਹ ਇਸ ਤੋਂ ਪਹਿਲਾਂ ਵੀ ਪੰਜਾਬ ਰਹਿ ਚੁੱਕੀ ਸੀ। ਪੰਜਾਬੀ ਵਿਭਾਗ ਦੇ ਬਹੁਤ ਸਾਰੇ ਅਧਿਆਪਕ ਉਸ ਨੂੰ ਜਾਣਦੇ ਸਨ। ਇਹ ਵੀ ਚਰਚਾ ਸੀ ਕਿ ਉਹ ਹੁਣ ਅਜੀਤ ਅਖਬਾਰ ਦੇ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਦੇ ਕਾਫੀ ਕਰੀਬ ਰਹੀ ਸੀ ਅਤੇ ਉਸ ਦੇ ਨਾਵਲ ‘ਕੁਝ ਪਤਰੇ’ ਦੀ ਲਾਅ ਨਾਂ ਦੀ ਕੁੜੀ ਇਹੋ ਲੁਦਮਿਲਾ ਸੀ। ਪੰਜਾਬੀ ਬਹੁਤ ਵਧੀਆ ਬੋਲ ਲੈਂਦੀ ਸੀ ਅਤੇ ਜੇ ਉਸ ਦੇ ਨੈਣ ਨਕਸ਼ਾਂ ਵੱਲ ਨਾ ਦੇਖਿਆ ਜਾਵੇ ਤਾਂ ਇਹ ਪਤਾ ਹੀ ਨਹੀਂ ਸੀ ਲੱਗਦਾ ਕਿ ਕੋਈ ਸ਼ਹਿਰੀ ਪੰਜਾਬਣ ਕੁੜੀ ਬੋਲ ਰਹੀ ਹੈ ਜਾਂ ਰੂਸੀ।

ਇਕ ਤਰ੍ਹਾਂ ਉਹ ਰੂਸੀ ਮੁੰਡੇ-ਕੁੜੀਆਂ ਦੀ ਗਾਈਡ ਹੀ ਸੀ। ਉਸ ਨੂੰ ਯੂਨੀਵਰਸਿਟੀ ਦੇ ਫੈਕਲਟੀ ਹਾਊਸ ਵਿਚ ਹੀ ਕਮਰਾ ਦਿੱਤਾ ਗਿਆ ਸੀ। ਸ਼ਾਮ ਵੇਲੇ ਅਕਸਰ ਉਸ ਨੂੰ ਮਿਲਣ ਵਾਲਿਆਂ ਵਿਚ ਰੂਸੀ ਮੁੰਡੇ-ਕੁੜੀਆਂ ਤੋਂ ਇਲਾਵਾ ਪੰਜਾਬੀ ਵਿਭਾਗ ਤੇ ਹੋਰ ਵਿਭਾਗਾਂ ਦੇ ਅਧਿਆਪਕ ਵੀ ਸ਼ਾਮਲ ਹੁੰਦੇ। ਇਕ ਵਾਰ ਅਸੀਂ ਕਈ ਮੁੰਡੇ-ਕੁੜੀਆਂ ਉਸ ਨਾਲ ਬੈਠ ਕੇ ਗੁਲਾਟੀ ਦੇ ਕੰਟੀਨ ਤੋਂ ਚਾਹ ਪੀ ਰਹੇ ਸਾਂ ਤਾਂ ਅਚਾਨਕ ਆਸਾ ਸਿੰਘ ਮਸਤਾਨਾ ਤੇ ਸੁਰਿੰਦਰ ਕੌਰ ਦੇ ਗਾਏ ਗੀਤ “ਕਿੰਜ ਬੀਤੀ ਮੁਕਲਾਵੇ ਵਾਲੀ ਰਾਤ...“ ਦੀ ਗੱਲ ਕਰਦਿਆਂ ਉਸ ਨੇ ਪੁੱਛਿਆ, ਇਸ ਗੀਤ ਵਿਚ ਏਡਾ ਕੀ ਗਲਤ ਸੀ ਕਿ ਜਦੋਂ ਵੀ ਰੇਡੀਓ ਮਾਸਕੋ ਤੋਂ ਉਹ ਇਹ ਗੀਤ ਚਲਾਉਂਦੀ ਤਾਂ ਸਰੋਤੇ ਇਸ ਨੂੰ ਮਾੜਾ ਆਖ ਕੇ ਸ਼ਿਕਾਇਤ ਕਰਦੇ ਸਨ।

ਸ਼ਲੂੰਪਰ ਗੇਨਾਦੀ ਉਰਫ ਗੇਨਾ ਸੁਹਣੀ ਗਿਟਾਰ ਵਜਾ ਲੈਂਦਾ ਸੀ, ਇਸ ਲਈ ਉਹ ਅਕਸਰ ਸ਼ਾਮ ਨੂੰ ਲੁਦਮਿਲਾ ਦੇ ਕਮਰੇ ਵਿਚ ਜੁੜਦੀ ਸੰਗੀਤਕ ਮਹਿਫਲ ਵਿਚ ਆਪਣੀ ਕਲਾ ਦੇ ਜੌਹਰ ਦਿਖਾਉਂਦਾ। ਗੇਨਾ ਉਰਫ ਗਿਆਨ ਸਿੰਘ ਸਾਡੇ ਹੋਸਟਲ ਵਿਚ ਹੀ ਰਹਿੰਦਾ ਸੀ। ਉਹ ਅਕਸਰ ਸ਼ਾਮ ਨੂੰ ਲੁਦਮਿਲਾ ਵੱਲ ਜਾਣ ਤੋਂ ਪਹਿਲਾਂ ਮੇਰੇ ਕਮਰੇ ਵਿਚ ਆ ਜਾਂਦਾ। ਮੈਨੂੰ ਵੀ ਨਾਲ ਜਾਣ ਦੀ ਸੁਲ੍ਹਾ ਮਾਰਦਾ ਪਰ ਮੈਂ ਹਮੇਸ਼ਾ ਟਾਲ ਦਿੰਦਾ। ਇਕ ਰਾਤ ਜਦੋਂ ਉਹ ਦੇਰ ਨਾਲ ਮੁੜਿਆ ਤਾਂ ਉਸ ਨੇ ਲੁਦਮਿਲਾ ਦੇ ਕਮਰੇ ਵਿਚ ਅਕਸਰ ਜਾਣ ਵਾਲੇ ਇਕ ਪੰਜਾਬੀ ਪ੍ਰੋਫੈਸਰ ਦੀਆਂ ਹਰਕਤਾਂ ਦੀ ਗੱਲ ਕੀਤੀ। ਮੈਂ ਉਸ ਪ੍ਰੋਫੈਸਰ ਦਾ ਨਾਂ ਹੀ ਸੁਣਿਆ ਹੋਇਆ ਸੀ, ਕਦੇ ਉਸ ਨੂੰ ਮਿਲਿਆ ਨਹੀਂ ਸੀ। ਇਸ ਲਈ ਬਹੁਤਾ ਕੁਝ ਤਾਂ ਨਾ ਕਿਹਾ ਪਰ ਇਹ ਜ਼ਰੂਰ ਕਿਹਾ ਕਿ ਜੇ ਕੋਈ ਅਜਿਹੀ ਗੱਲ ਹੈ ਤਾਂ ਲੁਦਮਿਲਾ ਉਸ ਨੂੰ ਆਪਣੇ ਕਮਰੇ ਵਿਚ ਆਉਣ ਤੋਂ ਮਨ੍ਹਾਂ ਕਿਉਂ ਨਹੀਂ ਕਰਦੀ? ਗੱਲ ਕੋਈ ਖਾਸ ਹੈ ਵੀ ਨਹੀਂ ਸੀ ਸਿਰਫ ਪ੍ਰੋਫੈਸਰ ਦੇ ਚਿਪਕੂ ਹੋਣ ਕਾਰਨ ਰੂਸੀ ਵਿਦਿਆਰਥੀ ਕੁਝ ਨਾਰਾਜ਼ ਸਨ। ਗੇਨਾ ਮੈਨੂੰ ਵਾਰ ਵਾਰ ਕਿਸੇ ਕੋਲ ਗੱਲ ਨਾ ਕਰਨ ਦੀ ਹਦਾਇਤ ਕਰਦਾ ਰਿਹਾ।

ਲੁਦਮਿਲਾ ਵਿਹਾਰ ਪੱਖੋਂ ਬਹੁਤ ਹੀ ਸਨੇਹਪੂਰਨ ਤੇ ਹਰ ਛੋਟੀ ਛੋਟੀ ਗੱਲ ਦਾ ਵੀ ਧਿਆਨ ਰੱਖਣ ਵਾਲੀ ਕੁੜੀ ਸੀ। ਉਸ ਨੂੰ ਪੰਜਾਬੀ ਸਭਿਆਚਾਰ ਤੇ ਪੰਜਾਬ ਦੀ ਮਿੱਟੀ ਨਾਲ ਅੰਤਾਂ ਦਾ ਮੋਹ ਸੀ। ਉਸ ਵਿਚ ਲੁਕਿਆ ਹੋਇਆ ਜਿਹੜਾ ਪਾਤਰ ਮੈਂ ਲੁਧਿਆਣਾ ਫੇਰੀ ਜਾਂ ਸਾਡੇ ਜਮਾਤੀ ਮਨਮੋਹਨ ਸਿੰਘ ਦੇ ਘਰ ਮੋਰਿੰਡਾ ਜਾ ਕੇ ਵੇਖਿਆ ਸੀ, ਉਹ ਚੰਡੀਗੜ੍ਹ ਵਿਚ ਮੈਨੂੰ ਕਦੇ ਨਹੀਂ ਦਿੱਸਿਆ। ਲੋਕਾਂ ਵਿਚ ਮਿਲ ਕੇ, ਉਨ੍ਹਾਂ ਨਾਲ ਬੈਠ ਕੇ ਗੱਲਾਂ ਕਰਨ ਵਿਚ ਉਸ ਨੂੰ ਵੱਖਰੀ ਤਰ੍ਹਾਂ ਦਾ ਅਨੰਦ ਮਿਲਦਾ ਸੀ। ਉਹ ਪੰਜਾਬ ਦੇ ਰੀਤੀ ਰਿਵਾਜਾਂ ਨੂੰ ਨੇੜਿਉਂ ਦੇਖਣ ਤੇ ਸਮਝਣ ਦੀ ਹਮੇਸ਼ਾ ਕੋਸ਼ਿਸ਼ ਵਿਚ ਰਹਿੰਦੀ। ਲੁਧਿਆਣਾ ਫੇਰੀ ਦੌਰਾਨ ਉਸ ਨੇ ਟਾਂਗੇ ਵਾਲੇ ਤੋਂ ਲੈ ਕੇ ਬਾਜ਼ਾਰ ਵਿਚ ਘੁੰਮਦਿਆਂ ਦੁਕਾਨਦਾਰਾਂ ਨਾਲ ਜਿਸ ਤਰ੍ਹਾਂ ਖੁਲ੍ਹਦਿਲੀ ਦਾ ਸਬੂਤ ਦਿੱਤਾ, ਉਹ ਮੇਰੇ ਲਈ ਹੈਰਾਨੀ ਭਰਿਆ ਤਜਰਬਾ ਸੀ।

ਗੇਨਾ ਉਰਫ ਗਿਆਨ ਸਿੰਘ 22 ਸਾਲਾਂ ਦਾ ਸੁਹਣਾ ਸੁਨੱਖਾ ਗੋਲ ਚਿਹਰੇ ਤੇ ਚੰਗੇ ਕੱਦ ਕਾਠ ਵਾਲਾ ਲੜਕਾ ਸੀ। ਉਹ ਤਿੰਨ ਚਾਰ ਭਾਰਤੀ ਭਾਸ਼ਾਵਾਂ ਦੇ ਨਾਲ ਨਾਲ ਸੋਵੀਅਤ ਰੂਸ ਦੀਆਂ ਕਈ ਸਾਰੀਆਂ ਭਾਸ਼ਾਵਾਂ ਬੋਲ-ਪੜ੍ਹ ਸਕਦਾ ਸੀ। ਉਸ ਨਾਲ ਮੇਰਾ ਸੰਪਰਕ ਸਭ ਤੋਂ ਜ਼ਿਆਦਾ ਸੀ। ਉਹ ਦੱਸਦਾ ਕਿ ਤੁਰਨ ਤੋਂ ਪਹਿਲਾਂ ਉਸ ਦੀ ਮਾਂ ਉਸ ਨੂੰ ਕੀ ਕੀ ਹਦਾਇਤਾਂ ਦਿੰਦੀ ਰਹੀ ਹੈ। ਉਸ ਦਾ ਇਕ ਭਰਾ ਹੋਰ ਹੈ। ਉਹ ਯੂਨੀਵਰਸਿਟੀ ਦੇ ਆਖਰੀ ਸਾਲ ਦਾ ਵਿਦਿਆਰਥੀ ਸੀ ਅਤੇ ਵਾਪਸ ਜਾਣ ‘ਤੇ ਕਿਸੇ ਪ੍ਰਕਾਸ਼ਨ ਘਰ ਵਿਚ ਉਸ ਦੀ ਥਾਂ ਪਹਿਲਾਂ ਹੀ ਪੱਕੀ ਹੋ ਚੁੱਕੀ ਹੈ। ਹੋ ਸਕਦਾ ਹੈ ਉਹ ਪੰਜਾਬੀ ਭਾਸ਼ਾ ‘ਚ ਕੰਮ ਨਾ ਕਰੇ ਕਿਉਂਕਿ ਇਹ ਕੰਮ ਉਰਦੂ ਵਿਚ ਵੀ ਹੋ ਸਕਦਾ ਹੈ। ਉਹ ਤਾਸ਼ਕੰਦ ਦੇ ਕਿਸੇ ਇਲਾਕੇ ਵਿਚ ਤਿੰਨ ਕਮਰਿਆਂ ਦੇ ਫਲੈਟ ਵਿਚ ਰਹਿੰਦੇ ਸਨ। ਘੁੰਮਣ-ਫਿਰਨ ਅਤੇ ਫੋਟੋਆਂ ਖਿੱਚਣ ਦਾ ਉਸ ਨੂੰ ਬੇਹੱਦ ਸ਼ੌਕ ਸੀ। ਉਸ ਵੇਲੇ ਮੈਨੂੰ ਸਿਰਫ ਗੇਨਾ ਵਿਚੋਂ ਹੀ ਉਸ ਵੇਲੇ ਦੇ ਸੋਵੀਅਤ ਯੂਨੀਅਨ ਦੇ ਸਭਿਆਚਾਰ ਦੀ ਝਲਕ ਦਿੱਸਦੀ। ਉਹ ਲੋੜ ਅਨੁਸਾਰ ਚੀਜ਼ ਖਰੀਦਦਾ ਤੇ ਖਾਂਦਾ, ਹਮੇਸ਼ਾ ਅਨੁਸ਼ਾਸਨ ਵਿਚ ਰਹਿ ਕੇ ਲੋਕਾਂ ਨਾਲ ਸੋਵੀਅਤ ਯੂਨੀਅਨ ਤੇ ਕਮਿਊਨਿਸਟ ਸਮਾਜ ਦੀ ਗੱਲ ਕਰਦਾ।

ਦੂਜੇ ਪਾਸੇ ਬਖਤਿਆਰ, ਗੇਨਾ ਤੋਂ ਬਿਲਕੁਲ ਉਲਟ ਸੀ। ਜੇ ਉਸ ਨੂੰ ਕੋਈ ਰੂਸੀ ਕਹਿੰਦਾ ਉਹ ਭੜਕ ਪੈਂਦਾ, ਤੁਰਤ ਕਹਿੰਦਾ ਉਹ ਉਜ਼ਬੇਕੀ ਹੈ, ਰੂਸੀ ਨਹੀਂ। ਉਸ ਨੇ ਹੀ ਦੱਸਿਆ ਕਿ ਉਨ੍ਹਾਂ ਨੂੰ ਵਜ਼ੀਫੇ ਵਜੋਂ ਮਿਲਦੇ ਸਾਢੇ ਚਾਰ ਸੌ ਰੁਪਏ ਮਹੀਨੇ ਭਰ ਲਈ ਬਹੁਤ ਥੋੜ੍ਹੇ ਹਨ। ਕਹਿਣ ਲੱਗਾ, ਸਾਢੇ ਚਾਰ ਸੌ ਰੁਪਿਆਂ ਦੇ ਤਾਂ ਉਹ ਅੰਡੇ ਹੀ ਖਾ ਜਾਂਦਾ ਹੈ। ਸਾਡੇ ਪੰਜਾਬੀ ਸਾਥੀਆਂ ਨੇ ਉਸ ਦੀ ਇਸ ਗੱਲ ਦਾ ਮਜ਼ਾਕ ਉਡਾ ਦਿੱਤਾ। ਬਖਤਿਆਰ ਇਸੇ ਗੱਲ ‘ਤੇ ਕਈ ਦਿਨ ਮੇਰੇ ਨਾਲ ਨਾਰਾਜ਼ ਰਿਹਾ।

ਇਕ ਹੋਰ ਘਟਨਾ ਚੇਤੇ ਆਉਂਦੀ ਹੈ। ਬਖਤਿਆਰ ਤੇ ਮੈਂ ਗਾਂਧੀ ਭਵਨ ਵੱਲ ਗਏ। ਮੀਂਹ ਪੈ ਕੇ ਹਟਿਆ ਸੀ। ਮੈਂ ਸਾਈਕਲ ਚਲਾ ਰਿਹਾ ਸੀ ਅਤੇ ਬਖਤਿਆਰ ਪਿੱਛੇ ਕੈਰੀਅਰ ‘ਤੇ ਬੈਠਾ ਸੀ। ਮੀਂਹ ਕਾਰਨ ਥੋੜ੍ਹੀ ਤਿਲਕਣ ਹੋ ਗਈ ਸੀ। ਸੜਕ ਤੇ ਅੜਿਕਾ ਆਉਣ ਕਾਰਨ ਸਾਈਕਲ ਡੋਲ ਗਿਆ ਤੇ ਬਖਤਿਆਰ ਧੜੰਮ ਸਾਈਕਲ ਤੋਂ ਥੱਲੇ ਡਿਗ ਪਿਆ। ਉਸ ਦਾ ਚਿੱਟਾ ਕੁੜਤਾ ਪਜਾਮਾ ਮੀਂਹ ਦੇ ਪਾਣੀ ਨਾਲ ਤਰ ਬਤਰ ਹੋ ਗਿਆ। ਇਹ ਗੱਲ ਏ.ਆਈ.ਐਸ.ਐਫ. ਦੇ ਇਕ ਆਗੂ ਵਿਦਿਆਰਥੀ ਨੂੰ ਕਿਸੇ ਨੇ ਦੱਸ ਦਿੱਤੀ। ਕੁਝ ਦਿਨਾਂ ਬਾਅਦ ਜਦੋਂ ਬਖਤਿਆਰ ਉਸ ਨੂੰ ਕਿਤੇ ਹੋਸਟਲ ਵਿਚ ਮਿਲਿਆ ਤਾਂ ਉਸ ਵਿਦਿਆਰਥੀ ਆਗੂ ਨੇ ਉਸ ਦਾ ਹਾਲ-ਚਾਲ ਪੁੱਛਦਿਆਂ ਸਾਈਕਲ ਤੋਂ ਡਿੱਗਣ ਵਾਲੀ ਘਟਨਾ ਦਾ ਜ਼ਿਕਰ ਕਰ ਦਿੱਤਾ। ਉਦੋਂ ਤਾਂ ਉਸ ਨੇ ਵਿਦਿਆਰਥੀ ਆਗੂ ਨੂੰ ਕੀ ਜਵਾਬ ਦਿੱਤਾ ਉਸ ਦਾ ਤਾਂ ਮੈਨੂੰ ਪਤਾ ਨਹੀਂ ਪਰ ਮੇਰੇ ਕੋਲ ਆ ਕੇ ਜੋ ਕਿਹਾ, ਉਹ ਮੈਂ ਹੂਬਹੂ ਲਿਖ ਰਿਹਾ ਹਾਂ, ‘ਬਨੇ ਫਿਰਤੇ ਹੈਂ ਕਮਿਊਨਿਸਤ ਨੇਤਾ, ਬਖਤਿਆਰ ਗਿਰਾ ਬਖਤਿਆਰ ਗਿਰਾ, ਮੈਂ ਕਹਾਂ ਗਿਰਾ, ਮੇਰੇ ਕੋ ਤੋ ਤੂਨੇ ਗਿਰਾਯਾ ਥਾ ਨਾ।‘ ਮੈਂ ਸਮਝਾਇਆ ਕਿ ਨੇਤਾ ਤਾਂ ਮਜ਼ਾਕ ਕਰ ਰਿਹਾ ਹੋਵੇਗਾ, ਉਹ ਦਿਲੋਂ ਕੁਝ ਨਹੀਂ ਕਹਿੰਦਾ ਜਿਸ ਦਾ ਬੁਰਾ ਮਨਾਇਆ ਜਾਵੇ। ਪਰ ਉਸ ਨੇ ਉਸ ਦਿਨ ਤੋਂ ਬਾਅਦ ਉਸ ਵਿਦਿਆਰਥੀ ਆਗੂ ਨੂੰ ਬੁਲਾਉਣਾ ਹੀ ਛੱਡ ਦਿੱਤਾ।

ਸੁਦੂਰਾ, ਵਸੀਲਾ ਤੇ ਮੁਹੱਰਮ ਉਜ਼ਬੇਕ ਸਨ ਜਦੋਂ ਕਿ ਮੀਲਾ ਰੂਸੀ ਸੀ। ਪਰ ਚਾਰਾਂ ਕੁੜੀਆਂ ਦੀ ਦੋਸਤੀ ਪੱਕੀ ਸੀ। ਇਹ ਚਾਰੇ ਕਈ ਵਾਰ ਵੱਡੀ ਲੁਦਮਿਲਾ ਦੀ ਚੁਗਲੀ ਵੀ ਕਰ ਲੈਂਦੀਆਂ ਅਤੇ ਉਸ ਨਾਲ ਨਾਰਾਜ਼ ਵੀ ਰਹਿੰਦੀਆਂ। ਇਨ੍ਹਾਂ ਚਾਰਾਂ ਨੂੰ ਇਹ ਬੜਾ ਅਜੀਬ ਲੱਗਦਾ ਕਿ ਯੂਨੀਵਰਸਿਟੀ ਦੇ ਵਿਦਿਆਰਥੀ ਕੁੜੀਆਂ ਨਾਲ ਗੱਲ ਕਰਨ ਤੋਂ ਝਿਜਕਦੇ ਜਾਂ ਸ਼ਰਮਾਉਂਦੇ ਕਿਉਂ ਸਨ। ਉਹ ਇਹ ਵੀ ਸ਼ਿਕਾਇਤ ਕਰਦੀਆਂ ਕਿ ਉਨ੍ਹਾਂ ਬਾਰੇ ਗੇਨਾ ਜਾਂ ਬਖਤਿਆਰ ਤੋਂ ਕਿਉਂ ਜਾਣਕਾਰੀ ਲਈ ਜਾਂਦੀ ਹੈ, ਉਨ੍ਹਾਂ ਤੋਂ ਸਿੱਧਾ ਕਿਉਂ ਨਹੀਂ ਪੁੱਛਿਆ ਜਾਂਦਾ? ਛੋਟੀ ਲੁਦਮਿਲਾ ਵਿਆਹੀ ਹੋਈ ਸੀ। ਉਹ ਵੀ ਤਾਸ਼ਕੰਦ ਯੂਨੀਵਰਸਿਟੀ ਦੀ ਆਖਰੀ ਸਾਲ ਦੀ ਵਿਦਿਆਰਥਣ ਸੀ। ਗੇਨਾ ਨਾਲ ਉਸ ਦੀ ਖੂਬ ਬਣਦੀ ਸੀ।

14-15 ਮਹੀਨੇ ਉਹ ਪੰਜਾਬ ਯੂਨੀਵਰਸਿਟੀ ਰਹੇ। ਅੱਜ ਵੀ ਗਿਆਨ ਸਿੰਘ ਉਰਫ ਗੇਨਾ ਅਤੇ ਲੁਦਮਿਲਾ ਨਾਲ ਗੁਲਾਟੀ ਦੀ ਕੰਟੀਨ ‘ਤੇ ਬਿਤਾਏ ਦਿਨ ਕਈ ਵਾਰ ਚੇਤੇ ਆ ਜਾਂਦੇ ਹਨ।



*ਚਾਚੇ ਗੁਲਾਟੀ ਦੀ ਕੰਟੀਨ ਦੇ ਪਿਛਲੇ ਪਾਸੇ ਜਿਥੇ ਬਹਿ ਕੇ ਚਾਹ ਪੀਆ ਕਰਦੇ ਸਨ-ਰੂਸੀ ਵਿਦਿਆਰਥੀਆਂ ਨਾਲ ਇਕ ਤਸਵੀਰ। ਰੂਸੀ ਕੁੜੀਆਂ ਦੇ ਐਨ ਸੱਜੇ ਪਾਸੇ ਲੇਖਕ ਕੁਲਦੀਪ ਸਿੰਘ ਅਤੇ ਸੂਟ-ਬੂਟ ਪਾਈ ਚਾਚਾ ਰਛਪਾਲ ਸਿੰਘ*

# ਕੁਹਾੜੀ ਵਾਲੀ ਬੇਬੇ

*(ਸਫਾ 14 ਦੀ ਬਾਕੀ)*

ਵਿਚ ਸਭ ਤੋਂ ਵਧੀਆ ਗਿਣਿਆ ਜਾਂਦਾ ਸੀ। ਉਥੇ ਪੈਸੇ ਰਖਣ ਵਾਲੀਆਂ ਮਸ਼ੀਨਾਂ ਤੇ ਬਾਕੀ ਫਰਨੀਚਰ ਤਬਾਹ ਕਰਕੇ ਰੱਖ ਦਿੱਤਾ ਤੇ ਸ਼ਰਾਬ ਨਾਲ ਭਰੀਆਂ ਬੋਤਲਾਂ ਤੇ ਬੀਅਰ ਦੇ ਡਰੰਮ ਤੋੜ ਸੁੱਟੇ। ਕੈਰੀ ਦੀ ਮਦਦ ‘ਤੇ ਉਮੀਦ ਤੋਂ ਵੱਧ ਲੋਕ ਉਥੇ ਪਹੁੰਚ ਗਏ। ਪੁਲਿਸ ਮੁਖੀ ਨੇ ਸਾਰੇ ਸ਼ਰਾਬਖਾਨੇ ਬੰਦ ਕਰਵਾ ਕੇ ਸ਼ਹਿਰ ਦੇ ਮੋਹਤਬਰ ਆਦਮੀਆਂ ਦੀ ਮੀਟਿੰਗ ਬੁਲਾ ਲਈ ਤਾਂ ਕਿ ਸਮੱਸਿਆ ਦਾ ਕੋਈ ਹੱਲ ਕੱਢਿਆ ਜਾ ਸਕੇ। ਮੀਟਿੰਗ ਲਈ ਉਹ ਦਿਨ ਮੁਕਰਰ ਕੀਤਾ ਗਿਆ ਜਿਸ ਦਿਨ ਕੈਰੀ ਨੇ ਦੂਜੇ ਸ਼ਹਿਰਾਂ ਦੇ ਦੌਰੇ ‘ਤੇ ਜਾਣਾ ਸੀ। ਕੈਰੀ ਦੇ ਉਨ੍ਹਾਂ ਸ਼ਹਿਰਾਂ ਤੋਂ ਹੋ ਕੇ ਵਾਪਸ ਆਉਂਦਿਆਂ ਹੀ ਸ਼ਰਾਬਖਾਨਿਆਂ ‘ਤੇ ਹਮਲੇ ਸ਼ੁਰੂ ਹੋ ਗਏ। ਸ਼ਰਾਬਖਾਨਿਆਂ ਦੇ ਮਾਲਕਾਂ ਨੂੰ ਆਪਣਾ ਕੀਮਤੀ ਸਮਾਨ ਸੰਭਾਲਣ ਦਾ ਥੋੜਾ ਸਮਾਂ ਦੇ ਦਿੱਤਾ ਗਿਆ। ਫੇਰ ਹਮਲੇ ਤੇ ਤਬਾਹੀ ਸ਼ੁਰੂ ਹੋ ਗਈ। ਬਹੁਤ ਸਾਰੀਆਂ ਔਰਤਾਂ ਗ੍ਰਿਫਤਾਰ ਹੋਈਆਂ। ਪਹਿਲੀਆਂ ਵਿਚ ਕੈਰੀ ਵੀ ਸੀ। ਜੇਲ੍ਹ ਵਿਚੋਂ ਆਉਂਦਿਆਂ ਹੀ ਕੈਰੀ ਨੇ ਚੁਰਾਹਿਆਂ ਵਿਚ ਖੜੋ ਕੇ ਐਲਾਨ ਕੀਤਾ ਕਿ ਜਾਂ ਤਾਂ ਸ਼ਰਾਬਖਾਨੇ ਬੰਦ ਕਰ ਦਿਓ, ਨਹੀਂ ਇਹ ਕੰਮ ਔਰਤਾਂ ਨੂੰ ਕਰਨਾ ਪਵੇਗਾ।

ਕੈਰੀ ਨੇ ਸਰਕਾਰੀ ਅਸੈਂਬਲੀ ਵਿਚ ਜਾ ਕੇ ਆਪਣੀ ਕੁਹਾੜੀ ਉਚੀ ਕਰਕੇ ਭਰੀ ਸਭਾ ਵਿਚ ਕਿਹਾ, “ਤੁਸੀਂ ਮੇਰਾ ਸਾਥ ਨਹੀਂ ਦਿੱਤਾ, ਮੈਨੂੰ ਇੱਟਾਂ ਵੱਟੇ ਚੱਕਣੇ ਪਏ। ਹਟਣਾ ਤਾਂ ਅਸੀਂ ਹੈ ਨਹੀਂ, ਦੱਸੋ ਅੱਗੋਂ ਤੁਹਾਡੇ ਇਰਾਦੇ ਕੀ ਨੇ?”

ਪੰਦਰਾਂ ਸਾਲਾਂ ਵਿਚ ਪਹਿਲੀ ਵਾਰ ਸ਼ਹਿਰ ਦੀ ਸਭਾ ਨੇ ਸ਼ਰਾਬਬੰਦੀ ਲਈ ਕਾਨੂੰਨ ਪਾਸ ਕਰ ਦਿੱਤਾ। ਕਾਨੂੰਨ ਲਾਗੂ ਕਰਨ ਵਿਚ ਭਾਵੇਂ ਪੰਜ ਸਾਲ ਹੋਰ ਲੱਗ ਗਏ ਪਰ ਦੂਜੀ ਵਾਰੀ ਪਾਸ ਹੋਇਆ ਇਹ ਕਾਨੂੰਨ ਪਹਿਲੇ ਨਾਲੋਂ ਕਿਤੇ ਵੱਧ ਸਖਤ ਸੀ। ਕੈਰੀ ਸਾਰੇ ਦੇਸ਼ ਦੇ ਸੂਬਿਆਂ ਵਿਚ ਗਈ। ਉਸ ਪਿੱਛੋਂ ਉਹਨੇ ਸਾਰੇ ਯੂਰਪ ਦਾ ਵੀ ਦੌਰਾ ਕੀਤਾ। ਜਿਥੇ ਵੀ ਉਹ ਜਾਂਦੀ ਲੋਕ ਉਹਨੂੰ ‘ਕੁਹਾੜੀ ਵਾਲੀ ਬੇਬੇ’ ਕਹਿ ਕੇ ਸਤਿਕਾਰਦੇ। ਅਖੀਰ ਆਪਣੀ ਹੀ ਕਿਸਮ ਦਾ ਇਕ ਵਿਲੱਖਣ ਇਤਿਹਾਸ ਰਚਣ ਪਿੱਛੋਂ ਕੈਰੀ 65 ਸਾਲ ਦੀ ਉਮਰ ਵਿਚ ਉਹ ਗੁਜ਼ਰ ਗਈ।

ਪੰਜਾਬ ਨਸ਼ਿਆਂ ਦੀ ਜਕੜ ਵਿਚ ਬੁਰੀ ਤਰ੍ਹਾਂ ਫਸ ਚੁੱਕਾ ਹੈ। ਜਵਾਨੀਆਂ ਤਬਾਹ ਹੋ ਰਹੀਆਂ ਹਨ। ਪਤਾ ਨਹੀਂ ਕਦੋਂ ਇਥੇ ਕੋਈ ਪੰਜਾਬਣ ਕੈਰੀ ਕੋਈ ਕੁਹਾੜੀ, ਕੋਈ ਸਰੀਆ, ਕੋਈ ਇੱਟ-ਪੱਥਰ ਲੈ ਕੇ ਮੈਦਾਨ ਵਿਚ ਨਿਤਰੂਗੀ? ਇਹ ਉਨ੍ਹਾਂ ਜਵਾਨ ਪੁੱਤਰਾਂ ਦੀਆਂ ਮਾਂਵਾਂ ਨੂੰ, ਭੈਣਾਂ, ਚਾਚੀਆਂ, ਤਾਈਆਂ, ਮਾਸੀਆਂ, ਭੂਆ ਤੇ ਦਾਦੀਆਂ-ਨਾਨੀਆਂ ਨੂੰ ਇਕ ਸੁਨੇਹਾ ਹੈ ਕਿ ਪੰਜਾਬ ਦੀ ਜਵਾਨੀ ਨੂੰ ਹੁਣ ਓਹੀ ਬਚਾ ਸਕਦੀਆਂ ਹਨ। ਨਸ਼ਿਆਂ ਦਾ ਅਸਰ ਬਾਹਰ ਹੀ ਨਹੀਂ, ਘਰਾਂ ਦੇ ਅੰਦਰ ਹੋ ਰਹੀਆਂ ਨਿੱਤ ਦੀਆਂ ਲੜਾਈਆਂ ਨਾਲ ਸਿੱਧਾ ਤੇ ਸਪਸ਼ਟ ਹੈ। ਘਰਾਂ ਅੰਦਰ ਨਸ਼ਿਆਂ ਨੇ ਏਨੀ ਅੱਗ ਲਾ ਛੱਡੀ ਹੈ ਜਿਹੜੀ ਬਾਹਰ ਨਹੀਂ ਦਿਸਦੀ ਪਰ ਪਤਾ ਨਹੀਂ ਕਿੰਨੇ ਕੁ ਘਰ ਅੰਦਰੋਂ ਅੰਦਰ ਸੜ ਚੁੱਕੇ ਹਨ।

**Punjab Times**
*Ph: 847-359-0746*
*Fax: 847-705-9388*
*punjabtimesusa.com*

## ਸੰਪਾਦਕ ਦੀ ਡਾਕ

# ਅਮਰਜੀਤ ਪਰਾਗ ਦੇ ਲੇਖ ਵਿਚ ਜ਼ਿੰਮੇਵਾਰੀ ਦੀ ਘਾਟ

**ਪਿਆਰੇ ਅਮੋਲਕ,**

'ਪੰਜਾਬ ਟਾਈਮਜ਼' ਦੇ 19 ਜਨਵਰੀ ਦੇ ਅੰਕ ਵਿਚ ਅਮਰਜੀਤ ਸਿੰਘ ਪਰਾਗ ਵੱਲੋਂ ਗੁਰਦਿਆਲ ਬੱਲ ਬਾਰੇ ਲਿਖਿਆ ਰੇਖਾ ਚਿੱਤਰ ਵਰਗਾ ਲੇਖ ਪੜ੍ਹਿਆ। ਪਰਾਗ ਸਾਹਿਬ ਬਹੁਤ ਸਿਆਣੇ ਅਤੇ ਜ਼ਿੰਮੇਵਾਰ ਇਨਸਾਨ ਹਨ ਪਰ ਮੈਨੂੰ ਉਨ੍ਹਾਂ ਦੀ ਲਿਖਤ ਪੜ੍ਹ ਕੇ ਬੜੇ ਹੀ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਗੁਰਦਿਆਲ ਬਾਰੇ ਆਪਣੇ ਦੋਸਤਾਨਾ ਭਾਵ ਪ੍ਰਗਟ ਕਰਨ ਦੇ ਜੋਸ਼ ਵਿਚ ਉਨ੍ਹਾਂ ਨੇ ਨਾ ਹੀ ਹੋਸ਼ ਦਾ ਸਬੂਤ ਦਿੱਤਾ ਹੈ ਅਤੇ ਨਾ ਹੀ ਲਿਖਤ ਸ਼ਬਦ ਦੀ ਮਰਿਆਦਾ ਪ੍ਰਤੀ ਲੋੜੀਂਦੀ ਜ਼ਿੰਮੇਵਾਰੀ ਹੀ ਨਿਭਾਈ ਹੈ। ਇਹ ਠੀਕ ਹੈ ਅਤੇ ਸਾਰਿਆਂ ਨੂੰ ਪਤਾ ਹੈ ਕਿ ਗੁਰਦਿਆਲ ਦੇ ਅਤੇ ਮੇਰੇ ਜੀਵਨ ਬਾਰੇ ਨਜ਼ਰੀਏ ਅਤੇ ਕਦਰਾਂ ਕੀਮਤਾਂ ਬਾਰੇ ਬੁਨਿਆਦੀ ਫਰਕ ਹਨ। ਪਰ ਘਰ ਉਹ ਗੁਰਦਿਆਲ ਦਾ ਹੀ ਨਹੀਂ, ਮੇਰਾ ਵੀ ਹੈ। ਉਥੇ ਭਾਂਤ ਭਾਂਤ ਦੇ ਨਸ਼ਿਆਂ ਦਾ ਜ਼ਿਕਰ ਕਰਕੇ ਪਰਾਗ ਸਾਹਿਬ ਨੇ ਭਲਾ ਕਿਸ ਕਿਸਮ ਦਾ ਪ੍ਰਭਾਵ ਸਿਰਜਣ ਦੀ ਕੋਸ਼ਿਸ਼ ਕੀਤੀ ਹੈ? ਮੈਨੂੰ ਉਨ੍ਹਾਂ ਦੀ ਇਹ ਗੱਲ ਬਿਲਕੁਲ ਹੀ ਠੀਕ ਨਹੀਂ ਲੱਗੀ। ਸ਼ਾਇਦ ਉਹ ਬੱਲ ਦੀਆਂ ਭਾਂਤ-ਸੁਭਾਂਤੀਆਂ ਮਹਿਫਲਾਂ ਦੀ ਗੱਲ ਕਰਦਿਆਂ ਕੁਝ ਜ਼ਿਆਦਾ ਹੀ ਭਾਵੁਕਤਾ ਤੋਂ ਕੰਮ ਲੈ ਗਏ।

ਕੋਈ ਮੇਰੇ ਪਤੀ ਦੀ ਤਾਰੀਫ ਕਰੇ, ਮੈਨੂੰ ਚੰਗਾ ਲੱਗਦਾ ਹੈ ਪਰ ਇਸ ਲੇਖ ਵਿਚ ਆਪਣੀ ਤਾਰੀਫ ਮੈਨੂੰ ਅਟਪਟੀ ਲੱਗੀ ਹੈ ਕਿਉਂਕਿ ਮੈਂ ਜੋ ਕੁੱਝ ਕੀਤਾ, ਉਹ ਆਪਣੇ ਪਰਿਵਾਰ ਤੋਂ ਮਿਲੇ ਸੰਸਕਾਰਾਂ ਕਾਰਨ ਕੀਤਾ। ਮੈਂ ਇੱਕ ਗੁਰਸਿੱਖ ਪਰਿਵਾਰ ਅਤੇ ਗੁਰਮੁਖਿ ਮਾਂ-ਬਾਪ ਦੀ ਗੋਦ ਵਿਚ ਪਲ ਕੇ ਵੱਡੀ ਹੋਈ ਹਾਂ। ਮੈਂ ਉਸ ਪਰਿਵਾਰ ਵਿਚ ਪਰਵਾਨ ਚੜ੍ਹੀ ਜਿਸ ਵਿਚ ਘਰ ਆਏ ਮਹਿਮਾਨ ਨੂੰ ਮੱਥੇ ਵੱਟ ਪਾਉਣਾ ਅਤੇ ਘਰ ਆਏ ਲੋੜਵੰਦ ਨੂੰ ਖਾਲੀ ਹੱਥ ਮੋੜਨਾ ਇੱਕ ਤਰ੍ਹਾਂ ਨਾਲ ਗੁਨਾਹ ਸਮਝਿਆ ਜਾਂਦਾ ਹੈ। ਮਹਿਮਾਨ ਨੂੰ ਖਿੜੇ ਮੱਥੇ ਜੀ ਆਇਆਂ ਕਹਿਣਾ ਅਤੇ ਲੋੜਵੰਦ ਦੀ ਆਪਣੇ ਵਿਤ ਮੁਤਾਬਕ ਲੋੜ ਪੂਰੀ ਕਰਨੀ ਇੱਕ ਗੁਰਸਿੱਖ ਦੇ ਧਰਮ ਵਾਂਗ ਪਾਲਿਆ ਜਾਂਦਾ ਰਿਹਾ ਹੈ। ਇਹ ਸਾਰੇ ਸੰਸਕਾਰ ਮੇਰੀ ਮਾਂ ਆਪਣੇ ਨਾਲ ਪੇਕੇ ਘਰੋਂ ਵੀ ਲੈ ਕੇ ਆਈ ਅਤੇ ਬਾਣੀ ਲੜ ਲੱਗ ਕੇ ਵੀ ਮੇਰੇ ਮਾਂ-ਬਾਪ ਨੇ ਗ੍ਰਹਿਣ ਕੀਤੇ। ਇਨ੍ਹਾਂ ਦੇ ਅਸੂਲਾਂ ਦੀ ਕੁਤਾਹੀ ਜੇ ਅਸੀਂ ਭੈਣ-ਭਰਾਵਾਂ ਤੋਂ ਕਿਤੇ ਹੋ ਜਾਂਦੀ ਸੀ ਤਾਂ ਸਾਨੂੰ ਉਸ ਦੀ ਸਜ਼ਾ ਮਾਂ ਦੇ ਗੁੱਸੇ ਦੇ ਰੂਪ ਵਿਚ ਭੁਗਤਣੀ ਪੈਂਦੀ ਸੀ।

ਇਹ ਠੀਕ ਹੈ ਕਿ ਮੇਰੇ ਘਰ ਸਵੇਰ ਦੇ ਛੇ ਵਜੇ ਤੋਂ ਲੈ ਕੇ ਰਾਤ ਦੇ ਨੌਂ ਵਜੇ ਤੱਕ ਬੱਲ ਨੂੰ ਮਿਲਣ ਆਉਣ ਵਾਲਿਆਂ ਦੀ ਆਵਾਜਾਈ ਲੱਗੀ ਰਹਿੰਦੀ। ਜੇ ਕੋਈ ਨਾ ਆਵੇ ਬੱਲ ਸਾਹਿਬ ਫੋਨ ਕਰਕੇ ਬੁਲਾ ਲੈਂਦੇ। ਸ਼ਾਮ ਨੂੰ ਦੋਸਤ ਮਹਿਫਲ ਵੀ ਲਾਉਂਦੇ ਅਤੇ ਦਾਰੂ ਵੀ ਪੀਂਦੇ ਪਰ ਇਹ ਦਾਰੂ ਬੱਲ ਦੇ ਆਪਣੇ ਕਮਰੇ ਅਤੇ ਡਰਾਇੰਗ ਰੂਮ ਤੱਕ ਮਹਿਦੂਦ ਰਹਿੰਦੀ ਰਹੀ ਹੈ।

ਮੈਂ ਆਪਣੇ ਘਰ ਪਰਿਵਾਰ ਦੀ ਪਾਕੀਜ਼ਗੀ ਨੂੰ ਕਾਇਮ ਰੱਖਣ ਦਾ ਸਿਰ ਤੋੜ ਯਤਨ ਕਰਦੀ ਰਹੀ ਹਾਂ। 'ਧੂਣਾ' ਬਣ ਗਏ ਘਰਾਂ ਦੀਆਂ ਔਰਤਾਂ ਨੂੰ ਜਿਹੜਾ ਸੰਤਾਪ ਹੰਢਾਉਣਾ ਪੈਂਦਾ ਹੈ ਅਤੇ ਅਜਿਹੇ 'ਪੈਸ਼ਨ' (ਬੱਲ ਦੇ ਸ਼ਬਦਾਂ ਵਿਚ) ਦੀ ਜਿਹੜੀ ਕੀਮਤ ਪਰਿਵਾਰ ਨੂੰ ਤਾਰਨੀ ਪੈਂਦੀ ਹੈ, ਕੀ ਇਸ ਦਾ ਦਾਰੂ ਪੀ ਕੇ ਤਰਕ-ਵਿਤਰਕ ਕਰਨ ਵਾਲੇ ਦੋਸਤਾਂ ਨੂੰ ਕਦੇ ਅੰਦਾਜ਼ਾ ਹੋ ਸਕਦਾ ਹੈ? ਇਸ ਦੀ ਕੀਮਤ ਤਾਂ ਉਹੀ ਜਾਣਦੇ ਹਨ ਜਿਨ੍ਹਾਂ ਨੂੰ ਇਹ ਤਾਰਨੀ ਪੈਂਦੀ ਹੈ। 'ਧੂਣਾ' ਬਣਿਆ ਘਰ ਫਿਰ ਘਰ ਨਹੀਂ ਰਹਿੰਦਾ। ਵਡਿਆ ਕੇ ਝੋਕਣ ਵਾਲੇ ਦੋਸਤਾਂ ਨੇ ਆਪਣੇ ਘਰ 'ਧੂਣੇ' ਕਿਉਂ ਨਹੀਂ ਬਣਾਏ? ਕੋਈ ਵੀ ਪੈਸ਼ਨ ਜਦੋਂ ਹੱਦ ਤੋਂ ਵਧ ਜਾਵੇ ਤਾਂ ਉਹ ਮਾਨਸਿਕ ਰੋਗ ਬਣ ਜਾਂਦੀ ਹੈ। ਬੱਲ ਸਾਹਿਬ ਨੂੰ ਕਿਤਾਬਾਂ ਦਾ ਪੈਸ਼ਨ ਵੀ ਰੋਗ ਜਿਹਾ ਹੈ। ਇੱਕ ਵਾਰ ਸਵਰਗੀ ਨਰਿੰਦਰ ਭੁੱਲਰ ਜਦੋਂ ਪਟਿਆਲੇ ਸਾਡੇ ਘਰ ਆਇਆ ਤਾਂ ਉਪਰਲੇ ਕਿਤਾਬਾਂ ਵਾਲੇ ਕਮਰੇ ਵਿਚੋਂ ਹੋ ਕੇ ਮੈਨੂੰ ਕਹਿਣ ਲੱਗਾ, "ਉਪਰ ਆਉ ਤੁਹਾਨੂੰ ਇੱਕ ਕਿਤਾਬ ਦਿਖਾਵਾਂ।" ਅਤੇ ਇੱਕ ਮੋਟੀ ਸਾਰੀ ਲਾਲ ਜਿਲਦ ਵਾਲੀ ਕਿਤਾਬ ਵੱਲ ਇਸ਼ਾਰਾ ਕਰਕੇ ਕਹਿੰਦਾ, "ਇਹ ਕਿਤਾਬ ਦੇਖੀ ਹੈ?" ਮੇਰੇ ਨਾਂਹ ਵਿਚ ਸਿਰ ਹਿਲਾਉਣ 'ਤੇ ਕਹਿੰਦਾ, "ਇਸ ਦੀ ਕੀਮਤ ਇੱਕ ਹਜ਼ਾਰ ਰੁਪਏ ਹੈ। ਬੱਲ ਨੇ ਇਸ ਦੀਆਂ ਚਾਰ ਕਾਪੀਆਂ ਖਰੀਦੀਆਂ। ਇੱਕ ਮੇਰੇ ਘਰ ਪਈ ਹੈ, ਇੱਕ ਦਲਜੀਤ (ਸਰਾਂ) ਦੇ ਅਤੇ ਇੱਕ ਐਡਵੋਕੇਟ ਰਾਜਿੰਦਰ ਸਿੰਘ ਚੀਮਾ ਦੇ ਘਰ।" ਮੇਰਾ ਸਾਰਾ ਘਰ (ਪੰਜ ਸੌ ਗਜ ਦੇ ਪਲਾਟ ਵਿਚ ਬਣੀ ਕੋਠੀ) ਹੇਠਾਂ ਉਤੇ, ਡਰਾਇੰਗ ਰੂਮ, ਸੌਣ ਦੇ ਕਮਰੇ, ਡਾਈਨਿੰਗ ਟੇਬਲ, ਕਪੜਿਆਂ ਵਾਲੀਆਂ ਅਲਮਾਰੀਆਂ ਸਭ ਕੁੱਝ ਕਿਤਾਬਾਂ ਨਾਲ ਭਰਿਆ ਪਿਆ ਹੈ। ਮੈਨੂੰ ਸਾਹਿਤ ਪੜ੍ਹਨ ਦਾ ਬਹੁਤ ਸ਼ੌਕ ਸੀ। ਦਸਵੀਂ ਤੱਕ ਪਹੁੰਚਦਿਆਂ ਪੰਜਾਬੀ ਦੇ ਸਾਰੇ ਨਾਮਵਰ ਲੇਖਕ ਪੜ੍ਹ ਲਏ ਸਨ ਅਤੇ ਗੌਰਮਿੰਟ ਕਾਲਜ ਲੁਧਿਆਣੇ ਤੋਂ ਬੀ.ਏ. ਕਰਦਿਆਂ ਢੇਰ ਸਾਰਾ ਅੰਗਰੇਜ਼ੀ ਸਾਹਿਤ, ਰੂਸੀ ਤੋਂ ਅਨੁਵਾਦਿਤ ਪੰਜਾਬੀ ਸਾਹਿਤ ਪੜ੍ਹ ਲਿਆ ਸੀ। ਪਰ ਜਦੋਂ ਕਿਤਾਬਾਂ ਬੈਠਦਿਆਂ ਉਠਦਿਆਂ ਪੈਰਾਂ ਵਿਚ ਖਿਲਰਨ ਅਤੇ ਸਿਰ 'ਤੇ ਵੱਜਣ ਲੱਗੀਆਂ ਤਾਂ ਇਹ ਸ਼ੌਕ ਮਰ ਗਿਆ ਅਤੇ ਸਿਰਫ ਤੇ ਸਿਰਫ ਆਪਣੇ ਖੇਤਰ ਤੱਕ ਮਹਿਦੂਦ ਹੋ ਗਿਆ।

ਦੋਸਤਾਂ ਨੂੰ ਇਕੱਠੇ ਹੋ ਕੇ ਬੈਠਣ ਲਈ, ਡੇਰੇ ਜਮਾਉਣ ਲਈ ਬੱਲ ਦਾ ਘਰ ਇੱਕ ਸਰਾਂ ਵਾਂਗ ਮਿਲਿਆ ਹੋਇਆ ਹੈ ਕਿਉਂਕਿ ਕੋਈ ਕੰਮਕਾਜੀ ਔਰਤ ਆਪਣੇ ਘਰ ਨੂੰ ਨਿੱਤ-ਦਿਹਾੜੇ ਦੀ ਸਰਾਂ ਨਹੀਂ ਬਣਨ ਦਿੰਦੀ। ਸਰਾਂ ਵਰਗੀਆਂ ਵਾਪਰੀਆਂ ਕੁੱਝ ਘਟਨਾਵਾਂ ਵਿਚੋਂ ਇੱਕ ਛੋਟੀ ਜਿਹੀ ਘਟਨਾ ਦਾ ਜ਼ਿਕਰ ਕੁਥਾਂ ਨਹੀਂ ਹੋਵੇਗਾ। 1992 ਦੀਆਂ ਸਰਦੀਆਂ ਦੇ ਦਿਨ ਮੈਂ ਅਤੇ ਮੇਰਾ ਦਸ ਕੁ ਮਹੀਨੇ ਦਾ ਛੋਟਾ ਬੇਟਾ ਰਾਤ ਦੇ ਅੱਠ ਵਜੇ ਘਰ ਬੈਠੇ ਸਾਂ। ਮੇਰਾ ਵੱਡਾ ਬੇਟਾ ਤੇ ਮੇਰੇ ਕੋਲ ਰਹਿ ਰਿਹਾ ਭਾਣਜਾ ਦੋਰਾਹੇ ਗਏ ਹੋਏ ਸਨ ਅਤੇ ਬੱਲ ਸਾਹਿਬ ਚੰਡੀਗੜ੍ਹ।

ਠੇਕੇਦਾਰ ਜਸਮੇਰ ਸਿੰਘ ਸੰਧੂ (ਭਾਈ ਸੁਖਦੇਵ ਸਿੰਘ ਬੱਬਰ) ਤੇ ਸਾਡੇ ਘਰ ਦੇ ਵਿਚਕਾਰ ਖਾਲੀ ਪਲਾਟ ਸੀ ਜਿਥੇ ਉਸਾਰੀ ਵਿਚ ਵਰਤਣ ਵਾਲੀ ਉਨ੍ਹਾਂ ਦੀ ਮਸ਼ੀਨਰੀ ਖੜ੍ਹੀ ਰਹਿੰਦੀ ਸੀ। ਕਿਸੇ ਦਾ ਅਰਬਨ ਅਸਟੇਟ ਦੀ ਮਾਰਕੀਟ ਦੇ ਪੀ.ਸੀ.ਓ. ਤੋਂ ਫੋਨ ਆਇਆ, "ਕੀ ਗੁਰਦਿਆਲ ਬੱਲ ਘਰ ਹੈ? ਮੈਂ ਉਸ ਦਾ ਦੋਸਤ ਬੋਲਦਾ ਹਾਂ। ਮੈਂ ਚੰਡੀਗੜ੍ਹ ਤੋਂ ਆਇਆਂ ਅਤੇ ਘਰ ਆਉਣਾ ਹੈ।" ਮੈਂ ਉਤਰ ਦਿੱਤਾ, "ਉਹ ਚੰਡੀਗੜ੍ਹ ਹੀ ਹਨ। ਤੁਸੀਂ ਉਥੋਂ ਹੀ ਪਤਾ ਕਰ ਲੈਂਦੇ।" ਕਹਿ ਕੇ ਮੈਂ ਫੋਨ ਕੱਟ ਦਿੱਤਾ। ਉਹ ਦਿਨ ਸਾਰੇ ਪੰਜਾਬ ਵਿਚ ਹੀ ਭੈ-ਭੀਤ ਕਰਨ ਵਾਲੇ ਸਨ। ਬੰਦੇ ਨੇ ਫੇਰ ਫੋਨ ਕੀਤਾ, "ਮੈਂ ਤਾਂ ਰਾਤ ਰਹਿਣਾ ਹੈ।" ਮੈਨੂੰ ਗੁੱਸਾ ਚੜ੍ਹਿਆ ਅਤੇ ਮੈਂ ਉਤਰ ਦਿੱਤਾ, "ਮੈਂ ਤੁਹਾਨੂੰ ਨਹੀਂ ਜਾਣਦੀ। ਬੱਲ ਹੋਰੀਂ ਘਰ ਨਹੀਂ। ਮੈਂ ਆਪਣੇ ਬੱਚੇ ਨਾਲ ਘਰ ਇਕੱਲੀ ਹਾਂ। ਜਦੋਂ ਮੈਂ ਜਾਣਦੀ ਨਹੀਂ ਅਤੇ ਨਾ ਹੀ ਕਦੀ ਤੁਹਾਡਾ ਜ਼ਿਕਰ ਸੁਣਿਆ ਹੈ ਤਾਂ ਮੈਂ ਤੁਹਾਨੂੰ ਇਜਾਜ਼ਤ ਨਹੀਂ ਦੇ ਸਕਦੀ। ਤੁਸੀਂ ਦੁੱਖ ਨਿਵਾਰਨ ਸਾਹਿਬ ਚਲੇ ਜਾਉ। ਮੈਂ ਮੈਨੇਜਰ ਨੂੰ ਫੋਨ ਕਰ ਦਿੰਦੀ ਹਾਂ, ਤੁਹਾਨੂੰ ਕਮਰਾ ਮਿਲ ਜਾਵੇਗਾ।" ਉਹ ਭਾਈ ਅੱਗੋਂ ਬੜੇ ਦਾਅਵੇ ਨਾਲ ਬੋਲਿਆ, "ਮੇਰੀ ਮੁਕਤਸਰ ਦੀ ਬੱਸ ਨਿਕਲ ਗਈ ਹੈ। ਮੈਂ ਇਸ ਵੇਲੇ ਹੋਰ ਕਿਧਰੇ ਨਹੀਂ ਜਾ ਸਕਦਾ। ਮੈਂ ਘਰ ਆ ਰਿਹਾ ਹਾਂ।" ਉਨ੍ਹਾਂ ਦਿਨਾਂ ਵਿਚ ਅਣਜਾਣ ਬੰਦੇ ਦਾ ਘਰ ਆਉਣਾ ਕਿਸੇ ਖਤਰੇ ਨੂੰ ਵੀ ਅੰਜਾਮ ਦੇ ਸਕਦਾ ਸੀ। ਜਦੋਂ ਉਹ ਆਇਆ, ਮੈਂ ਉਸ ਨੂੰ ਪਰਸ਼ਾਦਾ ਛਕਾਇਆ ਅਤੇ ਛੱਤ ਉਪਰਲੇ ਕਮਰੇ ਵੱਲ ਬਾਹਰੋਂ ਜਾਂਦੀਆਂ ਪੌੜੀਆਂ ਦਾ ਰਸਤਾ ਦਸਿਆ ਅਤੇ ਘਰ ਦਾ ਦਰਵਾਜ਼ਾ ਬੰਦ ਕਰ ਲਿਆ। ਅਗਲੀ ਸਵੇਰ ਛੇ ਵਜੇ ਚਾਹ ਦਾ ਕੱਪ ਪੀ ਕੇ ਉਹ ਚਲਾ ਗਿਆ। ਪਰ ਸਾਰੀ ਰਾਤ ਮੈਂ ਇਸ ਭੈ ਵਿਚ ਆਪਣੇ ਛੋਟੇ ਜਿਹੇ ਬੱਚੇ ਨਾਲ ਜਾਗਦਿਆਂ ਕੱਢੀ ਕਿ ਪਤਾ ਨਹੀਂ ਇਹ ਕੋਈ ਖਾੜਕੂ ਹੈ, ਜਾਂ ਕੌਣ ਹੈ? ਸਭ ਲੋਕ ਕੋਠੀ ਦੀਆਂ ਪੌੜੀਆਂ ਅੰਦਰੋਂ ਰੱਖਦੇ ਹਨ। ਮੈਂ ਜਦੋਂ ਬਾਹਰੋਂ ਪੌੜੀਆਂ ਰਖਾਈਆਂ ਤਾਂ ਮੈਨੂੰ ਕਈਆਂ ਨੇ ਅਜਿਹਾ ਕਰਨ 'ਤੇ ਪੁੱਛਿਆ। ਮੇਰਾ ਇੱਕੋ ਉਤਰ ਸੀ ਕਿ ਗੁਰਦਿਆਲ ਸਿੰਘ ਦੇ ਰੰਗ-ਬਰੰਗੇ ਜਾਣੂ ਉਸ ਦੀ ਗੈਰਹਾਜ਼ਰੀ ਵਿਚ ਵੀ ਘਰ ਆ ਜਾਂਦੇ ਹਨ। ਜ਼ਰੂਰੀ ਨਹੀਂ ਦੋਸਤ ਵਰ੍ਹਿਆਂ ਤੋਂ ਜਾਣਦੇ ਹੋਣ। ਬੱਸ ਵਿਚ ਪਹਿਲੀ ਵਾਰ ਮਿਲੇ ਕਿਸੇ ਬੰਦੇ ਬਾਰੇ ਵੀ ਉਹ ਕਹਿ ਸਕਦਾ ਹੈ, "ਗੁਰਨਾਮ! ਇਹ ਬਾਈ ਜੀ ਮੇਰੇ ਦੋਸਤ ਨੇ। ਮੈਨੂੰ ਬੱਸ ਵਿਚ ਮਿਲੇ ਸੀ। ਮੈਂ ਕਿਹਾ ਆਉ ਘਰ ਚੱਲਦੇ ਹਾਂ।"

ਖਾੜਕੂਆਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਬੱਲ ਨੇ ਬੜੀ ਵਾਰ ਆਪਣੀ ਜਾਨ ਜੋਖਮ ਵਿਚ ਪਾਈ। ਖਾੜਕੂਆਂ, ਉਨ੍ਹਾਂ ਦੇ ਪਰਿਵਾਰਾਂ, ਪੁਲਿਸ ਅਫਸਰਾਂ, ਖਾੜਕੂਆਂ ਨਾਲ ਟੱਕਰ ਲੈਣ ਵਾਲੇ ਕਾਮਰੇਡਾਂ-ਸਭ ਨਾਲ ਮੁਲਾਕਾਤਾਂ ਅਤੇ ਜਾਣਕਾਰੀ ਨਾਲ ਭਰੇ ਰਜਿਸਟਰਾਂ ਨਾਲ ਘਰ ਭਰਿਆ ਪਿਆ ਹੈ, ਕਿਸ ਕੰਮ? ਕਦੋਂ ਇਸ ਨੂੰ ਕੋਈ ਕਿਤਾਬੀ ਰੂਪ ਮਿਲੇਗਾ ਜਾਂ ਇਹ ਕਿਸੇ ਰਿਕਾਰਡ ਦਾ ਹਿੱਸਾ ਬਣ ਸਕੇਗਾ? ਹਿਊਮਨ ਰਾਈਟਸ ਅਤੇ ਪੁਲਿਸ ਵਾਲਿਆਂ ਨੇ ਆਪਣੀ ਜਾਣਕਾਰੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਵਰਤਿਆ ਹੈ। ਐਮ.ਕੇ. ਧਰ ਨੇ ਆਪਣੀ ਜਾਣਕਾਰੀ ਨੂੰ ਕੰਮ ਲਾਇਆ ਅਤੇ 'ਬਿਟਰ ਹਾਰਵੈਸਟ' ਪੁਸਤਕ (ਪੰਜਾਬੀ ਅਨੁਵਾਦ 'ਕੌੜੀ ਫਸਲ') ਲਿਖ ਦਿੱਤੀ। ਬੱਲ ਦੇ ਹੱਥ-ਲਿਖਤ ਰਜਿਸਟਰ ਕਦੀ ਸਿੱਖ ਕੌਮ ਦੇ ਕੰਮ ਆ ਸਕਦੇ ਹਨ, ਕੋਈ ਇਤਿਹਾਸਕਾਰ ਆਪਣੀ ਖੋਜ ਲਈ ਵਰਤ ਸਕਦਾ ਹੈ, ਪਰ ਤਾਂ ਹੀ ਜੇ ਕਿਸੇ ਆਰਕਾਈਵਜ਼ ਵਿਚ ਪਹੁੰਚ ਜਾਣ, ਜੇ ਸਿਉਂਕ ਖਾ ਗਈ, ਫੇਰ? ਇਸੇ ਮਸਲੇ ਨਾਲ ਸਬੰਧਤ ਅਖਬਾਰਾਂ ਦੀਆਂ ਕਾਤਰਾਂ ਦੀ ਤਿੰਨ ਕੁ ਵਾਰ ਛਾਂਟੀ ਕੀਤੀ ਜਾ ਚੁੱਕੀ ਹੈ ਅਤੇ ਪੰਡਾਂ ਦੇ ਹਿਸਾਬ ਨਾਲ ਕਾਤਰਾਂ ਸੁੱਟੀਆਂ ਹਨ।

ਡਾ. ਕੇਹਰ ਸਿੰਘ ਦੀ ਮੈਂ ਬਹੁਤ ਇੱਜ਼ਤ ਕਰਦੀ ਹਾਂ, ਭਾਵੇਂ ਯੂਨੀਅਨਿਸਟ ਹੋਣ ਕਰਕੇ ਵਿਚਾਰਾਂ ਦੇ ਵਿਰੋਧ ਕਾਰਨ ਔਖੀ ਵੀ ਹੋਵਾਂਗੀ ਪਰ ਉਹ ਮੇਰੇ ਕੁਲੀਗ ਹਨ। ਲੋੜ ਤੋਂ ਵੱਧ ਗੱਲ ਕਰਨਾ ਜਾਂ ਕਿਸੇ ਨਾਲ ਫਾਲਤੂ ਮਗਜ਼ ਮਾਰਨਾ ਉਨ੍ਹਾਂ ਦਾ ਸੁਭਾਅ ਨਹੀਂ ਹੈ। ਸਿੱਖ ਚਿੰਤਕ ਅਜਮੇਰ ਸਿੰਘ ਸਾਡੇ ਯੂਨੀਵਰਸਿਟੀ ਵਾਲੇ ਘਰ ਵਿਚ ਮੇਰੇ ਆਪਣੇ ਸਕੇ ਭਰਾ ਦੀ ਤਰ੍ਹਾਂ ਠਹਿਰਦਾ ਰਿਹਾ ਹੈ। ਮੇਰੇ ਭਤੀਜ ਜੁਆਈ ਰਣਜੀਤ ਸਿੰਘ ਦਾ ਬਹੁਤ ਕਰੀਬੀ ਦੋਸਤ ਹੈ। ਰਣਜੀਤ ਸਿੰਘ ਨਾਲ ਰਿਸ਼ਤਾ ਅਜਮੇਰ ਸਿੰਘ ਅਤੇ ਬੱਲ ਦੀ ਦੋਸਤੀ ਕਾਰਨ ਹੀ ਜੁੜਿਆ। ਬੱਲ ਤੇ ਉਸ ਦੀ ਲੜਾਈ ਬਾਰੇ ਮੈਂ ਕੁੱਝ ਨਹੀਂ ਕਹਿਣਾ ਕਿਉਂਕਿ ਇਹ ਉਨ੍ਹਾਂ ਦੋਹਾਂ ਦਾ ਨਿਜੀ ਮਸਲਾ ਹੈ।

ਸਾਡੇ ਘਰ ਵਿਚ ਪਿਛਲੇ 25-30 ਸਾਲਾਂ ਤੋਂ ਪ੍ਰੋ. ਹਰਿੰਦਰ ਸਿੰਘ ਮਹਿਬੂਬ, ਕਰਮਜੀਤ ਸਿੰਘ, ਡਾ. ਬਲਕਾਰ ਸਿੰਘ, ਡਾ. ਕੇਹਰ ਸਿੰਘ, ਪ੍ਰੋ. ਗੁਰਤਰਨ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰੋ ਮਨਜੀਤ ਸਿੰਘ, ਕਿਰਪਾਲ ਸਿੰਘ ਬਡੂੰਗਰ ਵਰਗੇ ਲੋਕ ਆਉਂਦੇ ਜਾਂਦੇ ਹੀ ਨਹੀਂ ਰਹੇ ਸਗੋਂ ਇਹ ਸਾਰੇ ਘਰ ਦੇ ਮੈਂਬਰਾਂ ਵਾਂਗ ਸਨ। ਮੇਰਾ ਨਹੀਂ ਖਿਆਲ ਮਾਹੌਲ ਜੇਕਰ ਉਸ ਕਿਸਮ ਦਾ ਹੁੰਦਾ ਜਿਸ ਤਰ੍ਹਾਂ ਦਾ ਪ੍ਰਭਾਵ ਪਰਾਗ ਸਾਹਿਬ ਦੀ ਲਿਖਤ ਨੂੰ ਪੜ੍ਹ ਕੇ ਬਣਦਾ ਹੈ ਤਾਂ ਅਜਿਹੇ ਸੱਜਣਾਂ ਦੇ ਉਸ ਘਰ ਨਾਲ ਇਤਨੀ ਨਜ਼ਦੀਕੀ ਤੇ ਲਗਾਤਾਰ ਸਬੰਧ ਰਹਿ ਸਕਦੇ ਸਨ?

ਤੂੰ ਆਪ ਜੋ 'ਪੰਜਾਬੀ ਟ੍ਰਿਬਿਊਨ' ਦੇ ਦਿਨਾਂ ਦੀਆਂ ਯਾਦਾਂ ਲਿਖੀਆਂ ਹਨ, ਉਨ੍ਹਾਂ ਬਾਰੇ ਵੀ ਮੈਂ ਕੁਝ ਕਹਿਣਾ ਨਹੀਂ ਹੈ।

ਤੇਰੀ ਹਮੇਸ਼ਾ ਸ਼ੁਭਚਿੰਤਕ

*-ਗੁਰਨਾਮ ਕੌਰ*
*ਫੋਨ: 905-866-6091*

# ਜ਼ਹੀਨ ਤੇ ਬੁੱਧੀਮਾਨ ਸ਼ਖਸੀਅਤਾਂ ਦੀ ਜੰਮਦੀ ਸੀ ਮਹਿਫਲ ਬਲ ਦੇ ਘਰ

**ਪਿਆਰੇ ਅਮੋਲਕ ਭਾਅ ਜੀ,**

ਪੰਜਾਬੀ ਟ੍ਰਿਬਿਊਨ ਬਾਰੇ ਤੁਹਾਡੀਆਂ ਛਪ ਰਹੀਆਂ ਯਾਦਾਂ ਨੇ ਇਸ ਅਖਬਾਰ ਤੇ ਇਸ ਨਾਲ ਜੁੜੇ ਰਹੇ ਸੰਪਾਦਕਾਂ, ਉਪ ਸੰਪਾਦਕਾਂ, ਪੱਤਰਕਾਰਾਂ ਤੇ ਕਈ ਵੱਡੀਆਂ ਘਟਨਾਵਾਂ ਨਾਲ ਜੁੜੀਆਂ ਮੇਰੀਆਂ ਯਾਦਾਂ ਵੀ ਤਾਜ਼ਾ ਕਰ ਦਿੱਤੀਆਂ ਹਨ। ਇਹ ਸਾਰੀਆਂ ਯਾਦਾਂ ਤਾਂ ਮੈਂ ਪਾਠਕਾਂ ਨਾਲ ਕਿਸੇ ਹੋਰ ਸਮੇਂ ਜ਼ਰੂਰ ਸਾਂਝੀਆਂ ਕਰਾਂਗਾ। ਅੱਜ ਸਿਰਫ ਪਿਛਲੇ ਦੋ ਤਿੰਨ ਲੇਖਾਂ ਦਾ ਕੇਂਦਰੀ ਧੁਰਾ ਰਹੇ ਗੁਰਦਿਆਲ ਬੱਲ ਬਾਰੇ ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ ਦੇ ਲੇਖ ਵਿਚ ਛਪੇ ਸਿਰਫ ਇੱਕ ਨੁਕਤੇ ਬਾਰੇ ਹੀ ਗੱਲ ਕਰਨੀ ਹੈ।

ਪਰਾਗ ਸਾਹਿਬ ਨੇ ਬੱਲ ਦੇ ਘਰ ਉਸ ਦੇ ਦੋਸਤਾਂ ਦੇ ਭਰਦੇ ਮੇਲੇ ਦਾ ਜ਼ਿਕਰ ਕਰਦਿਆਂ ਇਥੇ ਵਰਤੀਂਦੇ ਭਾਂਤ ਭਾਂਤ ਦੇ ਨਸ਼ਿਆਂ ਦਾ ਜ਼ਿਕਰ ਵੀ ਕੀਤਾ ਹੈ। ਇਸ ਜ਼ਿਕਰ ਤੋਂ ਕਈ ਪਾਠਕਾਂ ਨੂੰ ਇਹ ਭੁਲੇਖਾ ਪੈ ਸਕਦਾ ਹੈ ਕਿ ਜਿਵੇਂ ਬੱਲ ਦਾ ਇਹ ਘਰ ਨਸ਼ੇੜੀਆਂ ਦਾ ਅੱਡਾ ਹੋਵੇ। ਇਹ ਠੀਕ ਹੈ ਕਿ ਬੱਲ ਪਾਤਸ਼ਾਹ ਨੂੰ ਦਾਰੂ ਪੀਣ ਤੇ ਪਿਆਉਣ ਦਾ ਸ਼ੌਕ ਹੈ, ਪਰ ਉਸ ਦੀ ਇਸ ਮਹਿਫਲ ਦੌਰਾਨ ਹਮੇਸ਼ਾ ਜ਼ਬਤ, ਸ਼ਾਇਸਤਗੀ ਤੇ ਇੱਕ ਵੱਖਰੀ ਕਿਸਮ ਦੀ ਸ਼ਾਨ ਹੁੰਦੀ ਹੈ। ਇਨ੍ਹਾਂ ਮਹਿਫਲਾਂ ਵਿਚ ਕਈ ਗੰਭੀਰ ਵਿਸ਼ਿਆਂ ਉਤੇ ਮੈਂ ਅਕਸਰ ਬੜੀ ਉਸਾਰੂ ਬਹਿਸ ਹੁੰਦੀ ਵੇਖੀ ਹੈ। ਪੰਜਾਬੀ ਦੀ ਇਸ ਕਹਾਵਤ ਕਿ 'ਘਿਉ ਮੱਲਾਂ ਨੂੰ ਤੇ ਦਾਰੂ ਗੱਲਾਂ ਨੂੰ' ਅਨੁਸਾਰ ਬੱਲ ਸਾਹਿਬ ਦਾ ਇਹ ਸ਼ੌਕ ਨਸ਼ੇ ਦੀ ਲੱਗੀ ਹੋਈ ਲਤ ਪੂਰਤੀ ਦੀ ਥਾਂ ਦੋਸਤਾਂ ਦੇ ਮਿਲ ਬੈਠਣ ਅਤੇ ਵਿਚਾਰ-ਵਟਾਂਦਰੇ ਦਾ ਬਹਾਨਾ ਹੀ ਹੁੰਦਾ ਹੈ। ਇਸ ਲਈ ਪਰਾਗ ਸਾਹਿਬ ਦੇ ਇਸ ਜ਼ਿਕਰ ਨੂੰ ਅੱਖਰਾਂ ਦੇ ਸਿੱਧੇ ਤੇ ਸਪਾਟ ਅਰਥਾਂ ਵਿਚ ਲੈਣ ਦੀ ਥਾਂ ਇਸੇ ਭਾਵਨਾ ਤੇ ਉਨ੍ਹਾਂ ਦੇ ਲੇਖ ਦੀ ਸਮੁੱਚੀ ਭਾਵਨਾ ਵਿਚ ਹੀ ਲੈਣਾ ਚਾਹੀਦਾ ਹੈ।

ਉਂਜ ਬੱਲ ਦੇ ਨੇੜਲੇ ਸਾਰੇ ਸਾਥੀਆਂ ਨੂੰ ਪਤਾ ਹੈ ਕਿ ਉਸ ਦੀਆਂ ਮਹਿਫਲਾਂ 'ਚ ਬਹੁਤ ਹੀ ਜ਼ਹੀਨ ਲੇਖਕ, ਡਾਕਟਰ, ਪੱਤਰਕਾਰ, ਸਾਹਿਤਕਾਰ, ਅਧਿਆਪਕ, ਜਥੇਦਾਰ, ਰਾਜਨੀਤਕ ਕਾਰਕੁੰਨ, ਹੋਣਹਾਰ ਵਿਦਿਆਰਥੀ, ਕਈ ਵਡੇ ਕਮਿਊਨਿਸਟ ਆਗੂ ਅਤੇ ਕਿਸੇ ਤਕ ਕਿ ਕਈ ਵਡੇ ਖਾੜਕੂ ਵੀ ਸ਼ਾਮਲ ਹੁੰਦੇ ਰਹੇ ਹਨ। ਇਹ ਮਹਿਫਲਾਂ ਇੱਕ ਤਰਾਂ ਦੇ ਉਸ ਬਾਗ ਦੀ ਨਿਆਈਂ ਰਹੀਆਂ ਹਨ ਜਿਸ ਵਿਚ ਵੰਨ-ਸਵੰਨੇ ਫੁੱਲ ਆਪਣੀ ਮਹਿਕ ਬਿਖੇਰਦੇ ਹਨ। ਮੈਂ ਖੁਦ ਵੀ ਇਸ ਮੇਲੇ ਦਾ ਕਈ ਸਾਲ ਮੇਲੀ ਰਿਹਾਂ ਹਾਂ ਅਤੇ ਪਟਿਆਲੇ ਤੋਂ ਚੰਡੀਗੜ੍ਹ ਜਾ ਕੇ ਵਸਣ ਤੋਂ ਬਾਅਦ ਵੀ ਇਸ ਨਾਲ ਕਿਸੇ ਨਾ ਕਿਸੇ ਤਰ੍ਹਾਂ ਜੁੜਿਆ ਆ ਰਿਹਾ ਹਾਂ। ਇਸ ਮੇਲੇ ਦੇ ਮੇਲੀ ਜੇ ਕਿਸੇ ਦਿਨ ਪੰਜਾਬੀ ਯੂਨੀਵਰਸਿਟੀ ਦੇ ਸੀਨੀਅਰ ਅਧਿਆਪਕ ਡਾ. ਬਲਕਾਰ ਸਿੰਘ, ਡਾ. ਕੇਹਰ ਸਿੰਘ, ਡਾ. ਹਰਪਾਲ ਸਿੰਘ ਪੰਨੂੰ ਤੇ ਡਾ. ਸਰਬਜਿੰਦਰ ਸਿੰਘ ਵਰਗੇ ਵਿਅਕਤੀ ਧਰਮ ਤੇ ਰੂਹਾਨੀਅਤ ਖੇਤਰ ਦੇ ਰਹੱਸਾਂ ਨੂੰ ਸਮਝਣ ਸਮਝਾਉਣ ਦੀ ਚਰਚਾ ਕਰਦੇ ਹੁੰਦੇ ਸਨ ਤੇ ਕਿਸੇ ਦੂਸਰੇ ਦਿਨ ਪ੍ਰੋ. ਹਰਿੰਦਰ ਸਿੰਘ ਮਹਿਬੂਬ, ਡਾ. ਗੁਰਤਰਨ ਸਿੰਘ, ਲਾਲੀ ਬਾਬਾ ਅਤੇ ਰਛਪਾਲ ਸਿੰਘ ਗਿੱਲ ਹੋਰੀਂ ਵਿਸ਼ਵ ਦੀ ਕਵਿਤਾ ਦੇ ਨਵੇਂ ਪੁਰਾਣੇ ਰੁਝਾਨਾਂ ਬਾਰੇ ਸਾਰੀ ਸਾਰੀ ਰਾਤ ਚਰਚਾ ਕਰਦੇ ਰਹਿੰਦੇ। ਕਰਮਜੀਤ ਸਿੰਘ, ਜਸਪਾਲ ਸਿੰਘ, ਦਲਜੀਤ ਸਰਾਂ, ਨਰਿੰਦਰ ਭੁੱਲਰ ਅਤੇ ਖੁਦ ਅਮੋਲਕ ਸਿੰਘ ਸਮੇਤ ਕਿੰਨੇ ਹੀ ਨਾਮਵਾਰ ਪੱਤਰਕਾਰਾਂ ਨੂੰ ਬੱਲ ਦੇ ਘਰ ਵਿਚ ਭਰਦਾ ਇਹ ਮੇਲਾ ਖਿੱਚ ਪਾਉਂਦਾ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਵਿਚ ਹੋਏ ਕਿਸੇ ਵੱਡੇ ਸੈਮੀਨਾਰ, ਯੂਥ ਫੈਸਟੀਵਲ ਜਾਂ ਕਿਸੇ ਕਾਨਫਰੰਸ ਦੀ ਸਮਾਪਤੀ ਵਾਲੀ ਰਾਤ ਬੱਲ ਦੇ ਘਰ ਵੀ ਇੱਕ ਸੈਮੀਨਾਰ ਜਾਂ ਕਾਨਫਰੰਸ ਵਿਚ ਸ਼ਾਮਲ ਦੋਸਤਾਂ ਦੀ ਇੱਕ ਹੋਰ ਕਾਨਫਰੰਸ ਹੁੰਦੀ ਜੋ ਕਈ ਵਾਰੀ ਅਸਲ ਕਾਨਫਰੰਸ ਨਾਲੋਂ ਵੱਧ ਸਾਰਥਕ ਹੋ ਨਿਬੜਦੀ।

ਬੱਲ ਦੇ ਘਰ ਵਿਚ ਹੀ ਕਿਸੇ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਆਪਣੇ ਨੇੜਲੇ ਸਿੱਖ ਬੁੱਧੀਜੀਵੀਆਂ ਨਾਲ ਵਿਚਾਰ ਵਟਾਂਦਰਾ ਕਰਦੇ ਰਹੇ ਹਨ। ਬੱਲ ਦੇ ਘਰ ਮਘਦੇ ਧੂਣੇ ਉਤੇ ਹੀ ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ, ਪ੍ਰੋ. ਬਾਵਾ ਸਿੰਘ ਤੇ ਅਮਰਜੀਤ ਸਿੰਘ ਗਰੇਵਾਲ ਹੋਰੀਂ ਸਮਕਾਲੀ ਸਿਆਸਤ ਦੇ ਨਾਲ ਨਾਲ ਆਧੁਨਿਕ ਤੇ ਉੱਤਰ-ਆਧੁਨਿਕ ਵਰਤਾਰਿਆਂ ਬਾਰੇ ਗੰਭੀਰ ਚਰਚਾ ਕਰਦੇ ਮਿਲ ਪੈਂਦੇ ਹਨ। ਪੰਜਾਬੀ ਦੇ ਨਾਮਵਰ ਕਹਾਣੀਕਾਰ ਤੇ ਅਲੋਚਕ ਡਾ. ਬਲਦੇਵ ਸਿੰਘ ਧਾਲੀਵਾਲ, ਡਾ. ਪਿਆਰੇ ਮੋਹਨ, ਪ੍ਰੋ. ਰਾਜੇਸ਼ ਤੇ ਕਾਮਰੇਡ ਨਾਗਰ ਸਮੇਤ ਹੋਰ ਵੀ ਕਈ ਮਾਹਰ ਵਿਅਕਤੀ ਇਨ੍ਹਾਂ ਮਹਿਫਲਾਂ ਦਾ ਸ਼ਿੰਗਾਰ ਬਣਦੇ ਆ ਰਹੇ ਹਨ।

*-ਗੁਰਦਰਸ਼ਨ ਸਿੰਘ ਬਾਹੀਆ*
*ਫੋਨ: 91-98789-50565*

## ਹਰ ਹਫਤੇ ਗੱਲਾਂ-ਬਾਤਾਂ

'ਪੰਜਾਬ ਟਾਈਮਜ਼' ਅਖ਼ਬਾਰ ਕਈ ਸਾਲਾਂ ਤੋਂ ਹਰ ਹਫਤੇ ਪੜ੍ਹਦੇ ਹਾਂ। ਇਹਦੀ ਸਿਫ਼ਤ ਕਰਨ ਲਈ ਸਾਨੂੰ ਸ਼ਬਦ ਨਹੀਂ ਲੱਭਦੇ, ਸੱਚ-ਮੁੱਚ ਰੰਗ ਨਿਰਾਲਾ ਹੈ। ਸਾਰਾ ਕੁਝ ਜਾਣਕਾਰੀ ਭਰਪੂਰ ਹੁੰਦਾ ਹੈ। ਜਤਿੰਦਰ ਪੰਨੂੰ, ਅਸ਼ੋਕ ਭੌਰਾ, ਤਰਲੋਚਨ ਸਿੰਘ ਦੁਪਾਲਪੁਰ, ਮੇਜਰ ਕੁਲਾਰ, ਗੁਰਨਾਮ ਕੌਰ ਕੈਨੇਡਾ, ਨਿੰਮਾ ਡੱਲੇਵਾਲਾ, ਸੁਰਜੀਤ ਕੌਰ ਦੀਆਂ ਲਿਖਤਾਂ ਸਿੱਖੀ, ਘਰੇਲੂ ਜ਼ਿੰਦਗੀ ਅਤੇ ਹੋਰ ਮਸਲਿਆਂ ਬਾਰੇ ਚੰਗਾ ਚੂੰਡ ਬੰਨ੍ਹਦੀਆਂ ਹਨ। ਪ੍ਰਿੰ. ਸਰਵਣ ਸਿੰਘ, ਗੁਰਬਚਨ ਸਿੰਘ ਭੁੱਲਰ, ਗੁਲਜ਼ਾਰ ਸਿੰਘ ਸੰਧੂ, ਦਲਵਿੰਦਰ ਸਿੰਘ ਅਜਨਾਲਾ ਦੇ ਲੇਖ ਬੜੇ ਪਿਆਰੇ ਹੁੰਦੇ ਹਨ। ਸ਼ਾਲਾ! ਤੁਸੀਂ ਤੇ ਤੁਹਾਡੇ ਸਾਥੀ ਇਸੇ ਤਰ੍ਹਾਂ ਪੰਜਾਬੀ ਬੋਲੀ ਤੇ ਪੰਜਾਬੀਆਂ ਦੀ ਸੇਵਾ ਕਰਦੇ ਰਹੋ।

*-ਇੰਦਰਜੀਤ ਸਿੰਘ ਕੁਲਾਰ*
*ਫੋਨ: 917-292-4216*
*ਬੇਅੰਤ ਸਿੰਘ ਰੰਧਾਵਾ*
*ਫੋਨ: 516-605-5290*

## ਕਾਵਿ-ਜਗਤ

### ਮਾਂ ਧੀ ਦੀ ਬਾਤ

ਧੀ: ਆਦਮ ਯੁੱਗ ਤੋਂ
ਬਾਤ ਤੁਰੀ ਇਕ
ਬਾਤ ਬਣੀ ਹਰ ਯੁੱਗ ਦੀ,
ਬਾਤਾਂ ਕੁੱਖੋਂ ਕੰਜਕ ਪੈਰੀਂ
ਬਾਤ ਰਹੀ ਫਿਰ ਉਂਗਦੀ।
ਬਾਤ ਅੰਮੜੀਏ ਸੁਣ ਕੋਈ ਮੇਰੀ
ਕਹਿ ਕੋਈ ਵਿਥਿਆ ਬੀਤੀ,
ਅਗਲੀ ਪ੍ਰੀਖਿਆ ਵਿਚ ਕਿਹੜੀ ਤੂੰ
ਅੱਗ ਤਰੀ, ਅੱਗ ਪੀਤੀ।

ਮਾਂ: ਮੇਰੀ ਕੁੱਖ ਦੀ ਤੂੰ ਕਰੂੰਬਲ
ਲਹੂ ਮਾਸ ਦਾ ਹਿੱਸਾ,
ਤੇਰੀ ਮੇਰੀ ਵਿੱਥ ਵਰ੍ਹਿਆਂ ਦੀ
ਕੀ ਆਖਾਂ ਤਕਦੀਰ ਦਾ ਕਿੱਸਾ।
ਤੇਰੀ ਰੁੱਤੇ ਮੈਂ ਵੀ ਧੀਏ
ਸੀ ਕੁਝ ਖੁਆਬ ਸੰਜੋਏ,
ਸਹਿਜ ਸਹਿਜ ਕੇ ਅੱਖੀਆਂ ਸਾਹਵੇਂ
ਸਾਰੇ ਸੁਪਨੇ ਮੋਏ।
ਅਚਨਚੇਤ ਹੀ ਬਾਪ ਦਾ ਹਾਣੀ
ਲਾੜਾ ਬਾਹਰੋਂ ਆਇਆ,
ਸੋਨੇ ਲੱਦੀ ਲਾਸ਼ ਮੇਰੀ ਨੂੰ
ਡੋਲੀ ਚੁੱਕ ਬਿਠਾਇਆ।
ਮਨ ਚਿਤਵੇ ਮਨਮੀਤ ਦੀ ਹਸਰਤ
ਭਟਕੇ ਕਿਤੇ ਅਧੂਰੀ,
ਸੁੰਗੜ ਕੇ ਬਸ ਜਿਸਮ ਰਹਿ ਗਈ
ਹੋਂਦ ਨਾ ਮੇਰੀ ਪੂਰੀ,
ਕਿੰਜ ਕੱਟੀ ਕਿੰਜ ਬੀਤ ਗਈ ਬਸ
ਕਿੰਜ ਹੋਈ ਰੁਸਵਾਈ,
ਰੋਹੀ ਦੇ ਰੁੱਖ ਵਰਗੀ ਧੀਏ
ਅਸਾਂ ਤੇ ਉਮਰ ਵਿਹਾਈ।

ਧੀ: ਜ਼ੋਰ-ਜਬਰ ਦੀ ਬਾਤ ਤੁਰੀ ਜੋ
ਤੁਰੇ ਨਾ ਬਾਤ ਅਗੇਰੇ,
ਜਿਸਮਾਂ ਹਵਸਾਂ ਲੋੜਾਂ ਦੇ ਹੁਣ
ਹੋ ਗਏ ਵਣਜ ਵਧੇਰੇ।
ਸਾਲਮ ਅਤੇ ਸਵੈ ਨਿਰਭਰ ਹੋ
ਹੁਣ ਮੈਂ ਸਿੱਖਿਆ ਜੀਣਾ,
ਲੋਕ ਲਾਜ ਲਈ ਜੋ ਤੂੰ ਪੀਤਾ
ਮੈਂ ਉਹ ਜ਼ਹਿਰ ਨਹੀਂ ਪੀਣਾ।

*-ਸਵਰਾਜ ਕੌਰ*
*ਫੋਨ: 360-597-8437*

---

### ਮਾਹੀ ਦੇ ਰਾਹ

ਉਠ ਚੱਲ ਤੁਰ ਪੈੜ ਪਛਾਣੀਏ।
ਜਿੰਦੇ! ਰਾਹ ਮਾਹੀ ਦੇ ਜਾਣੀਏ!
ਪੁਰਜਾ-ਪੁਰਜਾ ਹੋਏ ਕਿ ਸ਼ਾਹ।
ਕੋਈ ਦੇਖ ਸਕੇ ਬੇ-ਪਰਵਾਹ।
ਕੌਣ ਬਾਬੇ! ਉਹ ਨਲੂਏ ਸਰਦਾਰ।
ਦਿੱਲੀ ਕਿਵੇਂ ਹੋਇਆ ਵਸ ਤੋਂ ਬਾਹਰ।
ਆਪ ਪੁੱਟੀ ਜੜ੍ਹ ਬੂਟੇ ਕਾਹੀ।
ਓ! ਸਰਬੰਸ ਵਾਰ ਦਿੱਤਾ ਮਾਹੀ।
ਪਾੜਿਆ ਬੇ-ਦਾਵਾ ਮਹਾਂ ਸਿੰਘ ਹੋਏ।
ਫੇਰ ਸਿਰ-ਧਰ ਗੋਦ ਰਹਿਆ ਸੋਏ।
ਇਹ ਤੱਤੀ ਤਵੀ ਦਾ ਸੱਚ।
ਤੇਜ਼ ਧਾਰ ਖੰਡੇ 'ਤੇ ਰਹਿਆ ਨੱਚ।
ਉਠ ਚੱਲ ਤੁਰ ਪੈੜ ਪਛਾਣੀਏ।
ਆਪਾਂ! ਰਾਹ ਮਾਹੀ ਦੇ ਜਾਣੀਏ!

*-ਬੇਅੰਤ ਕੌਰ (ਲੈਕਚਰਾਰ)*
*ਫੋਨ: 91-99887-94880*

***ਬੇਅੰਤ ਕੌਰ ਇਹ ਰਚਨਾ ਪਹਿਲਾਂ ਗਲਤੀ ਨਾਲ ਰਾਜਪ੍ਰੀਤ ਕੌਰ ਦੇ ਨਾਂ ਹੇਠ ਛਪ ਗਈ ਸੀ। ਭੁਲ ਲਈ ਖਿਮਾ ਦੇ ਜਾਚਕ ਹਾਂ। -ਸੰਪਾਦਕ***

# ਸਿੱਖੀ ਪ੍ਰਚਾਰ:ਨਵੀਆਂ ਦਿਸ਼ਾਵਾਂ ਤੇ ਸੰਭਾਵਨਾਵਾਂ

*ਸਿਆਸੀ ਆਪਾ-ਧਾਪੀ ਦੇ ਇਸ ਦੌਰ ਵਿਚ ਸੰਸਾਰ ਦੀ ਹਰ ਸ਼ੈਅ ਨੂੰ ਆਪੋ-ਆਪਣੇ ਸਿਆਸੀ ਮੁਫਾਦ ਲਈ ਬਹੁਤ ਬੇਕਿਰਕ ਹੋ ਕੇ ਵਰਤਿਆ ਜਾ ਰਿਹਾ ਹੈ। ਸਿਆਸੀ ਆਗੂਆਂ ਦੇ ਇਸ ਏਜੰਡੇ ਵਿਚ ਧਰਮ ਵੀ ਬਾਕਾਇਦਾ ਸ਼ਾਮਲ ਹੈ। ਪੰਜਾਬ ਵਿਚ ਤਾਂ ਇਸ ਦੀ ਮਿਸਾਲ ਹੋਰ ਵੀ ਵਿਲੱਖਣ ਅਤੇ ਨਿਵੇਕਲੀ ਹੋ ਨਿਬੜਦੀ ਹੈ ਜਿਥੇ ਸਿਆਸਤ ਅਤੇ ਧਰਮ ਦੇ ਨਾਲੋ-ਨਾਲ ਚੱਲਣ-ਚਲਾਉਣ ਦਾ ਸੰਕਲਪ ਵੀ ਹੈ; ਪਰ ਅੱਜ ਦੀ ਸਿਆਸਤ ਜਿਸ ਤਰ੍ਹਾਂ ਧਰਮ ਅਤੇ ਧਾਰਮਿਕ ਸੰਸਥਾਵਾਂ ਉਤੇ ਹਾਵੀ ਹੋਈ ਹੈ, ਉਸ ਨਾਲ ਧਰਮ ਪ੍ਰਚਾਰ ਅਤੇ ਪ੍ਰਸਾਰ ਦੀ ਲੜੀ ਹੱਥੋਂ ਛੁੱਟ ਗਈ ਜਾਪਦੀ ਹੈ। ਇਸ ਲੇਖ ਵਿਚ ਸ. ਗੁਰਬਚਨ ਸਿੰਘ ਨੇ ਅੱਜ ਦੇ ਜੁੱਗ ਵਿਚ ਧਰਮ ਦੀ ਅਹਿਮੀਅਤ ਅਤੇ ਇਸ ਦੇ ਪ੍ਰਚਾਰ-ਪ੍ਰਸਾਰ ਦੀ ਲੋੜ ਬਾਰੇ ਗੱਲ ਕੀਤੀ ਹੈ। ਧਰਮ ਦੀ ਸੰਸਥਾ ਨੂੰ ਕੁਦਰਤ ਨਾਲ ਇਕਮਿਕਤਾ ਦੇ ਕੋਣ ਤੋਂ ਵਿਚਾਰਦਿਆਂ ਉਨ੍ਹਾਂ ਸਿੱਖ ਧਰਮ ਦੀ ਵਿਲੱਖਣਤਾ ਬਾਰੇ ਚਰਚਾ ਛੋਹੀ ਹੈ। ਪਹਿਲਾਂ ਵੀ ਉਹ ਰਤਾ ਕੁ ਵੱਡੇ ਪੈਮਾਨੇ ਉਤੇ ਧਰਮ, ਮਾਰਕਸਵਾਦ ਅਤੇ ਕੁਦਰਤ ਦੇ ਆਪਸੀ ਪੀਡੇ ਰਿਸ਼ਤੇ ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਰਹੇ ਹਨ। ਧਰਮ ਬਾਰੇ ਟਿੱਪਣੀ ਕਰਨ ਵਾਲਿਆਂ ਨਾਲੋਂ ਉਨ੍ਹਾਂ ਦੀ ਲਿਖਤ ਵਿਚ ਇੰਨਾ ਕੁ ਫਰਕ ਜ਼ਰੂਰ ਹੁੰਦਾ ਹੈ ਕਿ ਉਹ ਪੂੰਜੀਵਾਦ ਦੇ ਹੁਣ ਵਾਲੇ ਬੇਦਰਦ ਤੇ ਬੇਲਿਹਾਜ ਵਰਤਾਰੇ ਨੂੰ ਅੱਖੋਂ ਉਹਲੇ ਨਹੀਂ ਕਰਦੇ। ਉਨ੍ਹਾਂ ਦਾ ਇਹ ਤਾਜ਼ਾ ਲੇਖ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। -ਸੰਪਾਦਕ*

ਸਿੱਖੀ ਦੇ ਪ੍ਰਚਾਰ ਪ੍ਰਸਾਰ ਦੀਆਂ ਨਵੀਂਆਂ ਦਿਸ਼ਾਵਾਂ ਅਤੇ ਸੰਭਾਵਨਾਵਾਂ ਤਲਾਸ਼ਣ ਲਈ ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਅਜੋਕੇ ਆਧੁਨਿਕ ਕਹੇ ਜਾਂਦੇ ਦੌਰ ਵਿਚ ਸਿੱਖੀ ਦੀ ਲੋੜ ਕਿਉਂ ਹੈ? ਹੁਣ ਜਦੋਂ ਕਿ ਪੱਛਮੀ ਵਿਦਿਆ ਦੇ ਪ੍ਰਭਾਵ ਅਧੀਨ ਇਹ ਮੰਨ ਲਿਆ ਗਿਆ ਹੈ ਕਿ ਮਨੁੱਖ ਦੇ ਜਿਉਂਦੇ ਰਹਿਣ ਲਈ ਧਰਮ ਦੀ ਕੋਈ

**ਗੁਰਬਚਨ ਸਿੰਘ**
ਫੋਨ: 91-98156-98451

ਲੋੜ ਨਹੀਂ ਅਤੇ ਇਹ ਵਾਧੂ ਦਾ ਖਲਜਗਣ ਹੈ, ਤਾਂ ਫਿਰ ਅਸੀਂ ਇਹ ਮੱਥਾਪਚੀ ਕਿਉਂ ਕਰ ਰਹੇ ਹਾਂ? ਇਨ੍ਹਾਂ ਸੁਆਲਾਂ ਦੇ ਜੁਆਬ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਧਰਮ ਹੈ ਕੀ? ਅਤੇ ਇਸ ਦੀ ਲੋੜ ਕਿਉਂ ਹੈ? ਸਿੱਖ ਧਰਮ ਦੀ ਬਾਕੀ ਧਰਮਾਂ ਨਾਲੋਂ ਮੌਲਿਕਤਾ, ਵਿਲੱਖਣਤਾ ਅਤੇ ਅੱਜ ਦੇ ਪ੍ਰਸੰਗ ਵਿਚ ਅਹਿਮੀਅਤ ਨੂੰ ਸਪੱਸ਼ਟ ਕਰਕੇ ਹੀ ਅਸੀਂ ਇਨ੍ਹਾਂ ਸੁਆਲਾਂ ਦੇ ਰੂਬਰੂ ਹੋ ਸਕਦੇ ਹਾਂ।

ਸਭ ਤੋਂ ਪਹਿਲਾ ਨੁਕਤਾ ਇਹ ਹੈ ਕਿ ਪੂਰਬ ਵਿਚ ਵਰਤੇ ਜਾਂਦੇ ਸ਼ਬਦ ਧਰਮ ਅਤੇ ਪੱਛਮ ਵਿਚ ਇਸ ਲਈ ਵਰਤੇ ਜਾਂਦੇ ਸ਼ਬਦ ਰਿਲੀਜਨ ਦੇ ਅਰਥ ਓਹੀ ਨਹੀਂ ਹਨ। ਪੱਛਮ ਵਿਚ ਰਿਲੀਜਨ ਦਾ ਆਦਿ ਸ਼ਬਦ (ਲਾਤੀਨੀ ਭਾਸ਼ਾ ਦਾ) ਰਿਲੀਗੇਅਰ (Religare) ਹੈ ਅਤੇ ਸ਼ੁਰੂ ਵਿਚ ਇਸ ਸ਼ਬਦ ਦਾ ਅਰਥ ਰਿਸ਼ਤਾ ਸੀ ਭਾਵ ਦੋ ਮਨੁੱਖਾਂ ਵਿਚਕਾਰ ਰਿਸ਼ਤਾ ਰਿਲੀਜਨ ਹੈ। 'ਰਿਸ਼ਤਾ' ਸ਼ਬਦ ਧਰਮ ਦੇ ਬਹੁਤ ਹੀ ਸੀਮਤ ਅਰਥਾਂ ਨੂੰ ਪ੍ਰਗਟ ਕਰਦਾ ਹੈ। ਇਕੋ ਜਿਹੇ ਵਿਚਾਰਾਂ/ਵਿਸ਼ਵਾਸਾਂ ਵਿਚ ਬੱਝੇ ਲੋਕਾਂ ਦੇ ਸਮੂਹ ਨੂੰ ਮਹਿਜ ਫਿਰਕਾ, ਮਤਿ ਜਾਂ ਮਜ਼੍ਹਬ ਕਿਹਾ ਜਾ ਸਕਦਾ ਹੈ। ਇਹੋ ਜਿਹੇ ਲੋਕਾਂ ਦੇ ਵਿਚਾਰਾਂ/ਵਿਸ਼ਵਾਸਾਂ ਦਾ ਮੂਲ ਆਧਾਰ ਕੀ ਹੈ, ਇਹ ਗੱਲ ਇਸ ਅਰਥ ਵਿਚੋਂ ਸਪੱਸ਼ਟ ਨਹੀਂ ਹੁੰਦੀ। ਪਰ ਪੂਰਬ ਵਿਚ ਧਰਮ ਸ਼ਬਦ ਦੇ ਅਰਥ ਕੁਝ ਮੂਲ ਧਾਰਨਾਵਾਂ ਦਾ ਸੰਗ੍ਰਹਿ ਅਤੇ ਇਨ੍ਹਾਂ ਧਾਰਨਾਵਾਂ ਅਨੁਸਾਰ ਜ਼ਿੰਦਗੀ ਜਿਉਣਾ ਹੈ। ਭਾਵ ਧਰਮ ਜੀਵਨ ਜਾਚ ਜਾਂ ਜ਼ਿੰਦਗੀ ਜਿਉਣ ਦਾ ਇਕ ਰਸਤਾ ਹੈ, ਮਾਰਗ ਹੈ, ਪੰਥ ਹੈ। ਬੁੱਧ ਮਤਿ ਦੇ ਧਾਰਮਿਕ ਗ੍ਰੰਥ ਧੰਮਪਦ ਦਾ ਅਰਥ ਧਰਮ ਦਾ ਰਾਹ ਹੈ ਅਤੇ ਇਸ ਦਾ ਮੰਤਵ ਬੁੱਧ ਦੇ ਉਪਦੇਸ਼ਾਂ ਅਨੁਸਾਰ ਜ਼ਿੰਦਗੀ ਜਿਉਣਾ ਹੈ। ਪਾਲੀ ਭਾਸ਼ਾ ਦਾ ਸ਼ਬਦ ਧਮ ਸੰਸਕ੍ਰਿਤ ਦੇ ਧਰਮ ਦਾ ਰੁਪਾਂਤਰ ਹੈ। ਇਸ ਦੇ ਅਰਥ ਹਨ, ਅਨਾਦੀ ਸੱਚ ਜਾਂ ਅਟੱਲ ਸੱਚਾਈਆਂ ਅਨੁਸਾਰ ਜ਼ਿੰਦਗੀ ਜਿਉਣੀ। ਇਸ ਤਰ੍ਹਾਂ ਪੂਰਬ ਵਿਚ ਧਰਮ ਦੇ ਅਰਥ ਕੁਦਰਤ ਦੇ ਉਨ੍ਹਾਂ ਅਟੱਲ ਨਿਯਮਾਂ ਅਨੁਸਾਰ ਜ਼ਿੰਦਗੀ ਜਿਉਣਾ ਹੈ, ਜਿਨ੍ਹਾਂ ਨੂੰ ਅਪਨਾਉਣਾ ਮਨੁੱਖ ਦੀ ਮਜਬੂਰੀ ਹੈ। ਸਿੱਖ ਫਲਸਫੇ ਵਿਚ ਕੁਦਰਤ ਦੇ ਅਟਲ ਨਿਯਮਾਂ ਨੂੰ 'ਹੁਕਮੁ' ਸ਼ਬਦ ਰਾਹੀਂ ਪ੍ਰਗਟ ਕੀਤਾ ਗਿਆ ਹੈ। ਧਰਮ ਦੇ ਇਸ ਸੰਕਲਪ ਨੂੰ ਸਪੱਸ਼ਟ ਕਰਕੇ ਹੀ ਅਸੀਂ ਸਿੱਖੀ ਦੀ ਮੌਲਿਕਤਾ, ਵਿਲੱਖਣਤਾ ਅਤੇ ਇਸ ਦੀ ਅਹਿਮੀਅਤ ਨੂੰ ਜਾਣ ਸਕਦੇ ਹਾਂ।

ਸਮਾਜੀ ਵਿਕਾਸ ਦੇ ਇਤਿਹਾਸ ਵਿਚ ਹਰ ਧਰਮ ਇਕ ਨਵੇਂ ਇਨਕਲਾਬ ਦੀ ਸ਼ੁਰੂਆਤ ਹੁੰਦਾ ਹੈ। ਹਰ ਧਾਰਮਿਕ ਪੈਗੰਬਰ ਆਤਮ-ਗਿਆਨ ਦਾ ਇਕ ਨਵਾਂ ਸੱਚ ਲੈ ਕੇ ਆਉਂਦਾ ਹੈ ਅਤੇ ਨਵੇਂ ਧਰਮ ਦਾ ਅਰੰਭ ਕਰਦਾ ਹੈ। ਆਤਮ-ਗਿਆਨ ਦਾ ਇਹ ਸੱਚ ਵੇਲੇ ਦੀ ਬੋਲੀ ਅਤੇ ਵੇਲੇ ਦੀਆਂ ਸਮਾਜੀ-ਰਾਜਸੀ ਹਾਲਤਾਂ ਦੇ ਅਨੁਕੂਲ ਹੋਣ ਕਰਕੇ ਆਪਣੇ ਵੇਲੇ ਦੇ ਜਾਗ੍ਰਿਤ ਹੋ ਰਹੇ ਲੋਕ-ਸਮੂਹਾਂ ਦੇ ਮਨਾਂ ਨੂੰ ਪੂਰੀ ਤਰ੍ਹਾਂ ਟੁੰਬਦਾ ਹੈ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੇ ਸ਼ਬਦਾਂ ਵਿਚ ਹਰ ਧਰਮ ਦੀ ਪਹਿਲ-ਤਾਜ਼ਗੀ ਦਾ ਇਹੀ ਸਮਾਂ ਹੁੰਦਾ ਹੈ। ਹਰ ਧਰਮ ਆਪਣੇ ਵੇਲੇ ਦੇ ਸਮਾਜੀ ਸਮੂਹਾਂ ਨੂੰ ਨਵੇਂ ਆਤਮਗਿਆਨ ਦੇ ਆਧਾਰ 'ਤੇ ਨਵੇਂ ਰੂਪ ਵਿਚ ਜਥੇਬੰਦ ਕਰਦਾ ਹੈ ਅਤੇ ਇਹ ਪਹਿਲੇ ਨਾਲੋਂ ਸਮਾਜੀਕਰਨ ਦੀ ਪੁੱਟੀ ਗਈ ਇਕ ਵੱਡੀ ਪੁਲਾਂਘ ਹੁੰਦੀ ਹੈ। ਹਰ ਨਵੇਂ ਧਰਮ ਦਾ ਆਪਣੇ ਤੋਂ ਪਹਿਲੇ ਧਰਮਾਂ ਨਾਲ ਵਿਰੋਧ, ਧਰਮਾਂ ਦੀ ਲੜਾਈ ਨਹੀਂ ਹੁੰਦੀ ਸਗੋਂ ਨਵੇਂ ਮਨੁੱਖੀ ਸਮਾਜ ਨੂੰ ਸਥਾਪਤ ਕਰਨ ਅਤੇ ਆਪਣੇ ਤੋਂ ਪੁਰਾਣੇ ਸਮਾਜ ਨੂੰ ਖਦੇੜਨ ਦੀ ਜੱਦੋਜਹਿਦ ਹੁੰਦੀ ਹੈ।

ਸਾਰੇ ਨਵੇਂ ਧਰਮਾਂ ਦਾ ਆਪਣੇ ਤੋਂ ਪਹਿਲੇ ਧਰਮਾਂ ਨਾਲ ਇਹੀ ਰਿਸ਼ਤਾ ਰਿਹਾ ਹੈ ਪਰ ਨਵੇਂ ਸਮਾਜ ਦੀ ਸਥਾਪਤੀ ਅਤੇ ਪੁਰਾਣੇ ਸਮਾਜ ਦਾ ਖਾਤਮਾ ਸੌਖਾ ਜਿਹਾ ਕੰਮ ਨਹੀਂ ਹੁੰਦਾ। ਪੁਰਾਣਾ ਸਹਿਜੇ ਹੀ ਖਤਮ ਨਹੀਂ ਹੋ ਜਾਂਦਾ, ਸਗੋਂ ਨਵੇਂ ਆਤਮ-ਗਿਆਨ ਨੂੰ ਆਪਣੇ ਵਿਚ ਸਮੇਟਦਾ ਹੋਇਆ ਵੀ, ਉਸ ਦਾ ਵਿਰੋਧ ਕਰਨਾ ਲਗਾਤਾਰ ਜਾਰੀ ਰੱਖਦਾ ਹੈ। ਹਰ ਨਵਾਂ ਧਰਮ ਆਪਣੇ ਨਵੇਂ ਆਤਮ-ਗਿਆਨ ਅਨੁਸਾਰ ਕੁਦਰਤ, ਮਨੁੱਖ ਅਤੇ ਰੱਬ ਵਿਚਕਾਰ ਰਿਸ਼ਤਿਆਂ ਦੀ ਨਵੇਂ ਸਿਰਿਓਂ ਵਿਆਖਿਆ ਕਰਦਾ ਹੈ। ਸਿੱਖ ਫ਼ਲਸਫ਼ੇ ਨੇ ਇਨ੍ਹਾਂ ਰਿਸ਼ਤਿਆਂ ਦੀ ਬੁਨਿਆਦੀ ਤੌਰ 'ਤੇ ਅਸਲੋਂ ਵੱਖਰੇ ਰੂਪ ਵਿਚ ਵਿਆਖਿਆ ਕਰਕੇ ਹੁਣ ਤੱਕ ਦੀ ਸਭ ਤੋਂ ਵੱਡੀ ਛਾਲ ਮਾਰੀ ਹੈ।

ਧਰਮਾਂ ਦੇ ਇਤਿਹਾਸ ਵਿਚ ਸਿੱਖ ਧਰਮ ਸਭ ਤੋਂ ਨਵਾਂ ਧਰਮ ਹੈ। ਇਹ ਇਸਲਾਮ ਤੋਂ ਬਾਅਦ ਹੋਂਦ ਵਿਚ ਆਇਆ ਹੈ ਪਰ ਇਸਲਾਮੀ ਫ਼ਲਸਫ਼ੇ ਨੂੰ ਰੱਦ ਨਹੀਂ ਕਰਦਾ, ਸਗੋਂ ਉਸ ਦੇ ਆਤਮ-ਗਿਆਨ ਨੂੰ ਹੋਰ ਅੱਗੇ ਤੋਰਦਾ ਹੈ। ਜੇ ਸਹੀ ਢੰਗ ਨਾਲ ਕਿਹਾ ਜਾਏ ਤਾਂ ਸਿੱਖ ਫ਼ਲਸਫ਼ਾ ਸਾਰੇ ਧਰਮਾਂ ਦੇ ਫ਼ਲਸਫਿਆਂ ਨੂੰ ਆਪਣੇ ਵਿਚ ਸਮੇਟ ਕੇ ਅੱਗੇ ਵਧਿਆ ਹੈ। ਇਹ ਮਨੁੱਖ ਜਾਤੀ ਦੇ ਗਿਆਨ ਵਿਚ ਵੱਜੀ ਨਿਵੇਕਲੀ ਛਾਲ ਹੈ। ਮਨੁੱਖੀ ਚੇਤਨਾ ਨੂੰ ਇਸ ਨੇ ਨਵਾਂ ਗਿਆਨ ਦਿੱਤਾ ਹੈ, ਗਿਆਨ ਜਿਹੜਾ ਇਸ ਤੋਂ ਪਹਿਲਾਂ ਮਨੁੱਖੀ ਚੇਤਨਾ ਦਾ ਹਿੱਸਾ ਨਹੀਂ ਸੀ ਬਣਿਆ।

ਹੁਣ ਤੱਕ ਤਕਰੀਬਨ ਸਾਰੇ ਧਰਮਾਂ ਦੀ ਇਹ ਧਾਰਨਾ ਸੀ ਕਿ ਇਸ ਸ੍ਰਿਸ਼ਟੀ ਦੀ ਸਿਰਜਣਾ ਕਿਸੇ ਕਲਪਿਤ ਰੱਬ ਨੇ ਕੀਤੀ ਹੈ ਅਤੇ ਇਹ ਮੰਨਿਆ ਜਾਂਦਾ ਰਿਹਾ ਹੈ ਅਤੇ ਹੁਣ ਤੱਕ ਮੰਨਿਆ ਜਾ ਰਿਹਾ ਹੈ ਕਿ ਇਸੇ 'ਰੱਬ' ਨੇ ਮਨੁੱਖ ਜਾਤੀ ਬਣਾਈ ਹੈ। ਇਸੇ 'ਰੱਬ' ਨੇ ਨਰਕ-ਸੁਰਗ, ਦੇਵੀ-ਦੇਵਤੇ, ਪੁੰਨ-ਪਾਪ ਅਤੇ ਧਰਮਰਾਜ-ਯਮਦੂਤਾਂ ਆਦਿ ਦੀ ਬਣਤ ਬਣਾਈ ਹੈ। ਹੁਣ ਤੱਕ ਸਾਰੇ ਹੀ ਸਾਮੀ ਧਰਮ ਅਤੇ ਬ੍ਰਾਹਮਣੀ ਮਤਿ ਇਸੇ ਦੇ ਧਾਰਨੀ ਹਨ। ਸਭ ਤੋਂ ਪਹਿਲਾਂ ਗੁਰਮਤਿ ਨੇ ਇਸ ਧਾਰਨਾ ਦਾ ਖੰਡਨ ਕੀਤਾ ਅਤੇ ਐਲਾਨ ਕੀਤਾ, ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥੧॥ ਰਹਾਉ॥ ਭਾਵ ਇਹ ਜੋ ਸੰਸਾਰ ਜਾਂ ਸ੍ਰਿਸ਼ਟੀ, ਇਕ ਅਚਰਜ ਮੇਲਾ ਜਾਂ ਤਮਾਸ਼ਾ ਹੈ, ਕਿਸੇ ਦੇ ਹੱਥ ਦੀ ਕੀਤੀ ਹੋਈ ਕਾਰੀਗਰੀ ਨਹੀਂ। ਭਾਵ ਇਹ ਸ੍ਰਿਸ਼ਟੀ ਕਿਸੇ ਕਲਪਿਤ 'ਰੱਬ' ਦੀ ਰਚਨਾ ਨਹੀਂ, ਸਗੋਂ ਅੰਤਹੀਣ ਆਦਿਕਾਲ ਤੋਂ ਇਵੇਂ ਹੀ ਤੁਰੀ ਆ ਰਹੀ ਹੈ। ਭਗਤ ਕਬੀਰ ਇਸ ਵਰਤਾਰੇ ਨੂੰ ਬੜਾ ਸਪੱਸ਼ਟ ਕਰਦੇ ਹਨ,

ਬੇਦ ਕਤੇਬ ਇਫਤਰਾ ਭਾਈ
ਦਿਲ ਕਾ ਫਿਕਰੁ ਨ ਜਾਇ॥
ਟੁਕੁ ਦਮੁ ਕਰਾਰੀ ਜਉ ਕਰਹੁ
ਹਾਜਿਰ ਹਜੂਰਿ ਖੁਦਾਇ॥੧॥
ਬੰਦੇ ਖੋਜੁ ਦਿਲ ਹਰ ਰੋਜ
ਨਾ ਫਿਰੁ ਪਰੇਸਾਨੀ ਮਾਹਿ॥
ਇਹ ਜੁ ਦੁਨੀਆ ਸਿਹਰੁ ਮੇਲਾ
ਦਸਤਗੀਰੀ ਨਾਹਿ॥੧॥ ਰਹਾਉ॥
---
ਕਬੀਰ ਕਰਮੁ ਕਰੀਮ ਕਾ
ਉਹੁ ਕਰੈ ਜਾਨੈ ਸੋਇ॥੪॥੧॥
(ਗੁਰੂ ਗ੍ਰੰਥ ਸਾਹਿਬ, ਪੰਨਾ 727)

ਸ੍ਰਿਸ਼ਟੀ-ਰਚਨਾ ਬਾਰੇ ਆਪਣੇ ਤੋਂ ਪਹਿਲੇ ਸਾਰੇ ਪੂਰਬੀ ਅਤੇ ਪੱਛਮੀ ਧਰਮਾਂ ਦੇ ਗਿਆਨ-ਸਰੋਤ ਸਮਝੇ ਜਾਂਦੇ ਗ੍ਰੰਥਾਂ-ਵੇਦਾਂ ਅਤੇ ਕਤੇਬਾਂ-ਵਿਚਲੇ ਭਰਮਜਾਲ ਦਾ ਖੰਡਨ ਕਰਦਿਆਂ ਭਗਤ ਕਬੀਰ ਕਹਿੰਦੇ ਹਨ ਕਿ ਇਹ ਪੜ੍ਹਨ ਨਾਲ ਮਨ ਦੇ ਡਰ, ਸਹਿਮ ਜਾਂ ਸੰਸੇ ਖਤਮ ਨਹੀਂ ਹੁੰਦੇ ਪਰ ਜੇ ਕੁਝ ਪਲਾਂ ਲਈ ਮਨ ਨੂੰ ਟਿਕਾ ਕੇ ਗੰਭੀਰਤਾ ਨਾਲ ਸੋਚਿਆ ਜਾਵੇ, ਤਾਂ ਮਨ ਇਹ ਅਨੁਭਵ ਕਰ ਲੈਂਦਾ ਹੈ ਕਿ ਖੁਦਾ ਹਰ ਥਾਂ ਹਾਜ਼ਰ ਹੈ। ਭਗਤ ਕਬੀਰ ਦੇ ਬਚਨ ਹਨ, ਹੇ ਬੰਦੇ! ਹਰ ਰੋਜ਼ ਆਪਣੇ ਮਨ ਦੀ ਖੋਜ ਕਰ ਭਾਵ ਅਪਣੇ ਮਨ ਨੂੰ ਕਾਬੂ ਕਰ, ਐਵੇਂ ਦਸਾਂ ਦਿਸ਼ਾਵਾਂ ਵਿਚ ਭਟਕਦੇ ਮਨ ਦੇ ਪਿੱਛੇ ਲੱਗ ਕੇ ਪ੍ਰੇਸ਼ਾਨ ਨਾ ਹੋ। ਮਨ ਨੂੰ ਟਿਕਾਉਣ ਦੀ ਪ੍ਰੇਰਨਾ ਕਰਕੇ ਭਗਤ ਕਬੀਰ ਮਨੁੱਖੀ ਚੇਤਨਾ ਨੂੰ ਇਕ ਨਵਾਂ ਆਤਮ-ਗਿਆਨ ਦਿੰਦੇ ਹਨ ਕਿ ਇਹ ਦੁਨੀਆਂ ਇਕ ਅਜਬ ਮੇਲਾ ਹੈ, ਕਿਸੇ ਕਲਪਿਤ ਰੱਬ ਦੇ ਹੱਥਾਂ ਦੀ ਕਾਰੀਗਰੀ ਨਹੀਂ। ਇਸ ਸ੍ਰਿਸ਼ਟੀ ਦੀ ਰਚਨਾ ਅਤੇ ਰੱਬ ਬਾਰੇ ਆਪਣੇ ਤੋਂ ਪਹਿਲੇ ਸਾਰੇ ਧਰਮਾਂ ਦੀਆਂ ਧਾਰਨਾਵਾਂ ਨੂੰ ਰੱਦ ਕਰਦਿਆਂ ਭਗਤ ਕਬੀਰ ਮਨੁੱਖੀ ਚੇਤਨਾ ਨੂੰ ਇਹ ਨਵੀਂ ਜਾਣਕਾਰੀ ਦਿੰਦੇ ਹਨ ਕਿ ਇਨ੍ਹਾਂ ਧਰਮ ਗ੍ਰੰਥਾਂ ਵਿਚਲਾ ਝੂਠ ਪੜ੍ਹ-ਪੜ੍ਹ ਕੇ ਬੰਦਾ ਐਵੇਂ ਖੁਸ਼ ਹੁੰਦਾ ਰਹਿੰਦਾ ਹੈ ਅਤੇ ਆਪਣੇ ਅਗਿਆਨ ਕਾਰਨ ਫਜ਼ੂਲ ਦੇ ਵਾਦ-ਵਿਵਾਦ ਵਿਚ ਉਲਝਿਆ ਰਹਿੰਦਾ ਹੈ। ਇਹ ਨਹੀਂ ਜਾਣਦਾ ਕਿ ਹੱਕ-ਸੱਚ ਦੀ ਪੈਰਵਾਈ ਕਰਨ ਵਾਲਾ ਰੱਬ ਲੋਕਾਂ ਦੇ ਮਨਾਂ ਵਿਚ ਹੀ ਵਸਦਾ ਹੈ ਭਾਵ ਰੱਬੀ ਗਿਆਨ ਮਨੁੱਖੀ ਮਨ ਦੀ ਦੇਣ ਹੈ। ਰੱਬ ਕਿਸੇ ਸਾਂਵਲੇ ਰੰਗ ਦੇ ਕ੍ਰਿਸ਼ਨ ਦੀ ਮੂਰਤ ਵਿਚ ਨਹੀਂ ਅਤੇ ਨਾ ਹੀ ਉਹ ਉਪਰ ਕਿਸੇ ਅਸਮਾਨ ਵਿਚ ਬੈਠਾ ਹੋਇਆ ਹੈ ਸਗੋਂ ਇਹ ਮਨੁੱਖੀ ਮਨਾਂ ਅੰਦਰ ਹੀ ਠਾਠਾਂ ਮਾਰਦੇ ਦਰਿਆ ਵਾਂਗ ਵਹਿ ਰਿਹਾ ਹੈ ਜਿਸ ਵਿਚ ਭਾਵੇਂ ਜਿੰਨਾ ਮਰਜ਼ੀ ਇਸ਼ਨਾਨ ਕਰੀ ਜਾਓ। ਆਪਣੀ ਅਸਲੀ ਵਕਤੀ ਕੁਦਰਤੀ ਹੋਂਦ ਦੇ ਆਤਮ ਗਿਆਨ ਨਾਲ ਸਰਸ਼ਾਰ ਹੋ ਕੇ ਅਤੇ ਕੂੜੇ ਦੁਨਿਆਵੀ ਮੋਹ ਤੋਂ ਆਪਣੇ



ਮਨ ਨੂੰ ਹੋੜ ਕੇ ਨਿਰਮਲ ਮਨ ਨਾਲ ਵੇਖਿਆ ਜਾਵੇ ਤਾਂ ਰੱਬ ਹਰ ਥਾਂ ਮੌਜੂਦ ਦਿਸਦਾ ਹੈ। ਭਾਵ ਇਸ ਦਾ ਅਨੁਭਵ ਹਰ ਥਾਂ ਕੀਤਾ ਜਾ ਸਕਦਾ ਹੈ। ਜ਼ਰੂਰਤ ਸਿਰਫ਼ ਆਪਣੇ ਮਨ ਦੀਆਂ ਅੱਖਾਂ ਨੂੰ ਖੋਲ੍ਹਣ ਦੀ ਹੈ। (ਮਨੁ ਅੰਧਾ ਨਾਓ ਸੁਜਾਣੁ॥)

ਗੁਰੂ ਨਾਨਕ ਸਾਹਿਬ ਆਪਣੇ ਇਕ ਸ਼ਬਦ ਵਿਚ ਸਮੇਂ ਨੂੰ ਯੁਗਾਂ ਵਿਚ ਵੰਡਣ ਦੀ ਬ੍ਰਾਹਮਣੀ ਧਾਰਨਾ ਦਾ ਬੜੇ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦਿਆਂ, ਉਹ ਆਦਿਕਾਲ ਤੋਂ ਅੰਤਹੀਣ ਭਵਿੱਖਤ ਕਾਲ ਤੱਕ ਦੇ ਸਮੇਂ ਨੂੰ ਅਵੰਡ ਦੱਸਦੇ ਹਨ ਅਤੇ ਯੁਗਾਂ ਦੇ ਲੱਛਣਾਂ ਨੂੰ ਆਪਣੇ ਸਮੇਂ ਦੀਆਂ ਸਮਾਜੀ-ਰਾਜਸੀ ਹਾਲਤਾਂ ਨਾਲ ਜੋੜਦੇ ਹਨ,

ਸੋਈ ਚੰਦੁ ਚੜਹਿ ਸੇ ਤਾਰੇ
ਸੋਈ ਦਿਨੀਅਰੁ ਤਪਤ ਰਹੈ॥
ਸਾ ਧਰਤੀ ਸੋ ਪਉਣੁ ਝੁਲਾਰੇ
ਜੁਗ ਜੀਅ ਖੇਲੇ ਥਾਵ ਕੈਸੇ॥੧॥
ਜੀਵਨ ਤਲਬ ਨਿਵਾਰਿ॥
ਹੋਵੈ ਪਰਵਾਣਾ ਕਰਹਿ ਧਿਙਾਣਾ
ਕਲਿ ਲਖਣ ਵੀਚਾਰਿ॥੧॥ ਰਹਾਉ॥
---
ਜੇ ਘਰਿ ਹੋਦੈ ਮੰਗਣਿ ਜਾਈਐ
ਫਿਰਿ ਓਲਾਮਾ ਮਿਲੈ ਤਹੀ॥
(ਪੰਨਾ 902-3)

ਗੁਰੂ ਨਾਨਕ ਸਾਹਿਬ ਦੇ ਬਚਨ ਹਨ, ਹਰ ਰੋਜ਼ ਓਹੀ ਚੰਦਰਮਾ ਦਿਸਦਾ ਹੈ, ਓਹੀ ਤਾਰੇ ਲਿਸ਼ਕਦੇ ਹਨ, ਓਹੀ ਸੂਰਜ ਚੜ੍ਹਦਾ ਹੈ, ਓਹੀ ਧਰਤੀ ਹੈ, ਓਹੀ ਹਵਾ ਝੂਲ ਰਹੀ ਹੈ, ਉਵੇਂ ਹੀ ਜ਼ਿੰਦਗੀ ਰੁਮਕ ਰਹੀ ਹੈ, ਸਮੇਂ ਦੇ ਦੌਰ ਨੂੰ ਕਲਯੁਗ ਦੱਸਣ ਵਾਲੇ, ਹੇ ਮਨੁੱਖ! ਆਪਣੀ ਤ੍ਰਿਸ਼ਨਾ 'ਤੇ ਕਾਬੂ ਪਾ ਤੇ ਮਨ ਦੀ ਭਟਕਣਾ 'ਚੋਂ ਬਾਹਰ ਆ। ਭਾਵ ਆਪਣੀਆਂ ਗੈਰ ਕੁਦਰਤੀ ਲੋੜਾਂ ਦੀਆਂ ਇਛਾਵਾਂ ਨੂੰ ਤਿਆਗ ਕੇ ਸਹਿਜ ਮਨ ਨਾਲ ਸੋਚ ਕਿ ਜਦੋਂ ਨਿਆਂ ਕਰਨ ਵਾਲਾ ਧੱਕੜ ਬਣ ਜਾਏ, ਇਨਸਾਫ ਦੀ ਥਾਂ ਧੱਕੇ ਮਿਲਣ ਤਾਂ ਸਮਝੋ ਇਹੀ ਕਲਯੁਗ ਦੇ ਲੱਛਣ ਹਨ। ਗੁਰੂ ਨਾਨਕ ਸ੍ਰਿਸ਼ਟੀ-ਰਚਨਾ ਦੇ ਇਸ ਵਰਤਾਰੇ ਨੂੰ ਆਪਣੇ ਇਕ ਹੋਰ ਸ਼ਬਦ ਵਿਚ ਇਸ ਤਰ੍ਹਾਂ ਸਪੱਸ਼ਟ ਕਰਦੇ ਹਨ,

ਆਪੀਨੈ ਆਪੁ ਸਾਜਿਓ
ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ
ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ
ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ
ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥੧॥
(ਪੰਨਾ 463)

ਭਾਵ ਉਸ ਕਰਤਾ (ਅਕਾਲ-ਪੁਰਖ, ਰੱਬ, ਅੱਲਾ, ਪਰਮਾਤਮਾ, ਪ੍ਰਭੂ, ਹਰਿ, ਰਾਮ, ਕ੍ਰਿਸ਼ਨ, ਬੀਠਲ, ਗੋਬਿੰਦ, ਸਿਆਮ ਅਰਥਾਤ ਜਿਸ ਦੇ ਅਣਗਿਣਤ ਨਾਮ ਹਨ) ਨੇ ਆਪਣੀ ਹਸਤੀ ਨੂੰ ਆਪ ਹੀ ਸਾਜਿਆ, ਆਪਣੀ 'ਹਸਤੀ' ਦਾ ਆਪ ਹੀ ਨਾਮਕਰਨ ਕੀਤਾ ਅਤੇ ਫਿਰ ਕੁਦਰਤ ਸਾਜ ਕੇ ਉਸ ਵਿਚ ਆਪਣਾ ਆਸਣ ਜਮ੍ਹਾ ਕੇ ਬੜੇ ਚਾਅ ਨਾਲ ਇਹ ਜਗਤ ਤਮਾਸ਼ਾ ਵੇਖਣ ਲੱਗ ਪਿਆ। ਕਰਤਾ ਦੀ ਹਸਤੀ ਅਤੇ ਕੁਦਰਤ ਦੀ ਹੋਂਦ ਦੀ ਇਹ ਪੂਰਨ ਇਕਮਿੱਕਤਾ ਹੈ। ਇਹੀ ਏਕੋ ਦਾਤਾ ਹੈ, ਇਹੀ ਕਰਤਾ ਹੈ। ਭਾਵ ਹਸਤੀ ਤੇ ਹੋਂਦ ਦੀ ਇਹੀ ਇਕਮਿੱਕਤਾ ਦਾਤਾਂ ਦੇਣ ਵਾਲੀ ਹੈ, ਕਰਤਾਰੀ ਸ਼ਕਤੀ ਹੈ ਤੇ ਤੁੱਠ ਕੇ ਬਿਨਾਂ ਕਿਸੇ ਭਿੰਨ-ਭੇਦ ਦੇ ਸਾਰਿਆਂ ਨੂੰ ਦਾਤਾਂ ਵੰਡਦੀ ਹੈ। ਇਹ ਸਾਰਿਆਂ ਦੇ ਮਨਾਂ ਦੀ ਭੇਤੀ ਹੈ ਅਤੇ ਇਹੀ ਸਰੀਰ ਸਮੇਤ ਜ਼ਿੰਦ ਦਿੰਦੀ ਹੈ ਅਤੇ ਫਿਰ ਲੈ ਵੀ ਲੈਂਦੀ ਹੈ।

ਅਰਥ ਬੜਾ ਸਪੱਸ਼ਟ ਹੈ ਕਿ ਗੁਰੂ ਨਾਨਕ ਇਸ ਦਿਸਦੇ ਅਣਦਿਸਦੇ ਅੰਤਹੀਣ ਬ੍ਰਹਿਮੰਡੀ ਪਸਾਰੇ ਦੀ ਸਗਲੀ ਹਕੀਕਤ ਭਾਵ ਕਰਤਾ ਦੇ ਮਨੁੱਖੀ ਮਨ ਵਿਚ ਬਣਦੇ ਅਕਸ ਦਾ ਕੁਦਰਤ ਦੀ ਹੋਂਦ ਨਾਲ ਬੜਾ ਸੁੰਦਰ ਸੁਮੇਲ ਕਰਦੇ ਹਨ ਅਤੇ ਇਹੀ ਹਸਤੀ-ਹੋਂਦ ਦੀ ਇੱਕਤਾ ਸਮੁੱਚੇ ਬ੍ਰਹਿਮੰਡੀ ਪਸਾਰੇ ਦੇ ਸੱਚ ਨੂੰ ਪ੍ਰਗਟ ਕਰਦੀ ਹੈ। ਇਹ ਹੋਂਦ ਨੂੰ ਹਸਤੀ ਦਾ ਰੂਪ ਦਿੰਦੀ ਹੈ ਅਤੇ ਇਹ ਹਸਤੀ ਹੋਂਦ ਦੇ ਕਣ-ਕਣ ਵਿਚ ਸਮਾ ਜਾਂਦੀ ਹੈ। ਆਪਣੇ ਇਸੇ ਫ਼ਲਸਫ਼ੇ ਦੇ ਆਧਾਰ 'ਤੇ ਗੁਰੂ ਨਾਨਕ ਮਨੁੱਖ ਤੇ ਕੁਦਰਤ ਦਾ ਰਿਸ਼ਤਾ ਸਪੱਸ਼ਟ ਕਰਦੇ ਹਨ,

ਕੁਦਰਤਿ ਦਿਸੈ ਕੁਦਰਤਿ ਸੁਣੀਐ
ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ

## ਵਿਚਾਰ-ਚਰਚਾ

ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨਣੁ
ਕੁਦਰਤਿ ਸਰਬ ਪਿਆਰੁ॥
ਕੁਦਰਤਿ ਜਾਤੀ ਜਿਨਸੀ ਰੰਗੀ
ਕੁਦਰਤਿ ਜੀਅ ਜਹਾਨ॥
ਕੁਦਰਤਿ ਨੇਕੀਆ ਕੁਦਰਤਿ ਬਦੀਆ
ਕੁਦਰਤਿ ਮਾਨੁ ਅਭਿਮਾਨੁ॥
ਕੁਦਰਤਿ ਪਉਣੁ ਪਾਣੀ ਬੈਸੰਤਰੁ
ਕੁਦਰਤਿ ਧਰਤੀ ਖਾਕੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ
ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ
ਵਰਤੈ ਤਾਕੋ ਤਾਕੁ॥੨॥ (ਪੰਨਾ 464)

ਭਾਵ ਜੋ ਕੁਝ ਦਿਸ ਰਿਹਾ ਹੈ, ਸੁਣਿਆ ਜਾ ਰਿਹਾ ਹੈ, ਕੁਦਰਤ ਹੈ। ਇਹ ਡਰ ਅਤੇ ਦੁਖ-ਸੁਖ ਦਾ ਅਹਿਸਾਸ ਤੇ ਇਨ੍ਹਾਂ ਦਾ ਤੱਤ ਵੀ ਕੁਦਰਤ ਹੀ ਹੈ। ਪਾਤਾਲ, ਆਕਾਸ਼, ਸਾਰੇ ਆਕਾਰ ਸਭ ਕੁਦਰਤ ਦਾ ਹੀ ਰੂਪ ਹਨ। ਵੇਦ, ਪੁਰਾਣ, ਕਤੇਬ ਤੇ ਸਾਰੇ ਵਿਚਾਰ ਕੁਦਰਤ ਨੂੰ ਹੀ ਪ੍ਰਗਟ ਕਰਦੇ ਹਨ। ਖਾਣਾ, ਪੀਣਾ, ਪਹਿਨਣਾ, ਪਿਆਰ ਆਦਿ ਸਾਰੇ ਕੁਦਰਤ ਦੇ ਹੀ ਰੰਗ-ਰੂਪ ਹਨ। ਜਿੰਨੀਆਂ ਜਾਤੀਆਂ ਅਤੇ ਜਿੰਨੇ ਜਿਨਸੀ ਰਿਸ਼ਤੇ ਹਨ ਅਤੇ ਇਹ ਸਾਰਾ ਜੀਆ-ਜੰਤ ਕੁਦਰਤ ਹੀ ਹੈ। ਇਸ ਧਰਤੀ ਉਤੇ ਵਾਪਰ ਰਹੀਆਂ ਨੇਕੀਆਂ, ਬਦੀਆਂ ਅਤੇ ਮਾਨ-ਅਭਿਮਾਨ ਸਭ ਕੁਦਰਤ ਦਾ ਹੀ ਰੂਪ ਹਨ। ਪੌਣ, ਪਾਣੀ, ਅਗਨੀ ਵੀ ਕੁਦਰਤ ਹੈ ਅਤੇ ਇਹ ਧਰਤੀ ਤੇ ਇਸ ਦੀ ਮਿੱਟੀ ਵੀ ਕੁਦਰਤ ਹੀ ਹੈ। ਇਹ ਸਾਰੀ ਕੁਦਰਤ ਉਸ ਅਕਾਲ ਹਸਤੀ ਰਾਹੀਂ ਪ੍ਰਗਟ ਹੋ ਰਹੀ ਹੈ ਅਤੇ ਓਹੀ ਪਾਕਿ ਪਵਿੱਤਰ ਕਰਤਾ ਦੇ ਰੂਪ ਵਿਚ ਇਸ ਬ੍ਰਹਿਮੰਡ ਦੇ ਕਣ-ਕਣ ਵਿਚ ਰਮ ਰਿਹਾ ਹੈ ਅਤੇ (ਗੁਰੂ) ਨਾਨਕ ਇਸ ਸਾਰੇ ਕੁਝ ਨੂੰ ਉਸ ਦੇ ਹੁਕਮ ਵਿਚ ਵਾਪਰਦਾ ਵੇਖ ਰਹੇ ਹਨ। ਭਾਵ ਹੋਂਦ-ਹਸਤੀ (ਏਕੋ) ਦਾ ਸਮੁੱਚਾ ਸੱਚ ਹੁਕਮ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਜੰਮਣੁ ਮਰਣਾ ਹੁਕਮੁ ਹੈ॥ ਭਾਵ ਜੀਵਾਂ ਦਾ ਜੰਮਣਾ ਮਰਨਾ ਕੁਦਰਤ ਦਾ ਇਕ ਨੇਮ ਹੈ ਅਤੇ ਕੁਦਰਤ ਦੇ ਨੇਮ ਹੀ ਹੁਕਮੁ ਦੇ ਰੂਪ ਵਿਚ ਮਨੁੱਖੀ ਮਨ ਦੀ ਪਕੜ ਵਿਚ ਆਉਂਦੇ ਹਨ। ਮਨੁੱਖੀ ਮਨ ਵਿਚ ਇਕੱਠਾ ਹੋਇਆ ਇਹੀ ਅਨੁਭਵੀ ਗਿਆਨ ਜਾਂ ਫ਼ਲਸਫ਼ਾ ਹੈ, ਜੋ ਸਬਦੁ (ਸੰਕਲਪ) ਰਾਹੀਂ ਆਪਣੀ ਹੋਂਦ ਅਖਤਿਆਰ ਕਰਦਾ ਹੈ ਅਤੇ ਦਿਮਾਗੀ ਸੋਚ ਰਾਹੀਂ ਇਕ ਵਿਚਾਰ ਵਜੋਂ ਪ੍ਰਗਟ ਹੁੰਦਾ ਹੈ। (ਇਹੁ ਮਨੁ ਖੇਲੈ ਹੁਕਮ ਕਾ ਬਾਧਾ॥ ਪੰਨਾ 1260)

ਗੁਰੂ ਅਰਜਨ ਦੇਵ ਇਸ ਸਮੁੱਚੇ ਵਰਤਾਰੇ ਦਾ ਨਿਚੋੜ ਇਨ੍ਹਾਂ ਸ਼ਬਦਾਂ ਵਿਚ ਪ੍ਰਗਟ ਕਰਦੇ ਹਨ,

ਕੁਦਰਤਿ ਕਾਦਰ ਕਰਣ ਕਰੀਮਾ॥
ਸਿਫਤਿ ਮੁਹਬਤਿ ਅਥਾਹ ਰਹੀਮਾ॥
ਹਕੁ ਹੁਕਮੁ ਸਚੁ ਖੁਦਾਇਆ
ਬੁਝਿ ਨਾਨਕ ਬੰਦਿ ਖਲਾਸ ਤਰਾ॥
(ਪੰਨਾ 1084)

ਕੁਦਰਤ ਹੀ ਕਾਦਰ ਭਾਵ ਰੱਬ ਹੈ, ਕੁਦਰਤ ਹੀ ਕਰਣਹਾਰ ਹੈ, ਕੁਦਰਤ ਹੀ ਬਖਸ਼ਿਸ਼ਾਂ ਕਰਨ ਵਾਲੀ ਹੈ, ਜੋ ਆਪਣੀਆਂ ਬਖਸ਼ਿਸ਼ਾਂ ਨਾਲ ਸਭ ਨੂੰ ਪਾਲਦੀ ਹੈ। ਇਸ ਕੁਦਰਤ ਦਾ ਗੁਣ ਪਿਆਰ ਅਤੇ ਅਮੁੱਕ ਦਿਆਲੂਪੁਣਾ ਹੈ, ਜੋ ਬਿਨਾਂ ਕਿਸੇ ਭਿੰਨ-ਭੇਦ ਦੇ ਸਾਰਿਆਂ ਨੂੰ ਬੇਅੰਤ ਦਾਤਾਂ ਨਾਲ ਨਿਵਾਜਦੀ ਹੈ। ਕੁਦਰਤ ਦਾ ਧਾਰਨ ਕਰਨ ਵਾਲਾ ਗੁਣ ਹੁਕਮ ਭਾਵ ਇਸ ਦੇ ਕਾਨੂੰਨ ਹਨ, ਜਿਹੜੇ ਅਟੱਲ ਸੱਚ ਹਨ, ਜਿਨ੍ਹਾਂ ਨੂੰ ਜਾਣ ਕੇ ਸਾਰੇ ਬੰਧਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਅਰਥਾਤ ਕੁਦਰਤ ਤੇ ਮਨੁੱਖ ਵਿਚਕਾਰ ਕੋਈ 'ਰੱਬ' ਰੂਪੀ ਵਿਚੋਲਾ ਨਹੀਂ ਅਤੇ ਮਨੁੱਖ ਕੁਦਰਤ ਨਾਲ ਆਪਣੇ ਸਿੱਧੇ ਰਿਸ਼ਤੇ ਰਾਹੀਂ ਹੁਕਮ ਭਾਵ ਕੁਦਰਤ ਦੇ ਨੇਮਾਂ ਨੂੰ ਆਪਣੇ ਮਨ ਵਿਚ ਅਨੁਭਵ ਕਰਨ ਦੀ ਸਮਰੱਥਾ ਰਖਦਾ ਹੈ। ਇਹ ਅਨੁਭਵੀ ਮਨ ਹੀ ਮਨੁੱਖ ਦੀ ਅਸਲੀ ਹੋਂਦ ਹੈ। ਆਤਮ-ਗਿਆਨ ਨਾਲ ਜਾਗਤ ਹੋਇਆ ਇਹ ਅਨੁਭਵੀ ਮਨ ਹੀ ਮਨੁੱਖ ਦਾ ਆਤਮ ਸਿਰਜਦਾ ਹੈ, ਜਿਹੜਾ ਸਰੀਰ ਜਾਂ ਕਾਇਆ ਹੋਂਦ ਨੂੰ ਦਿਸ਼ਾ ਦਿੰਦਾ ਹੈ। (ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ॥)

ਗੁਰਮਤਿ ਫਲਸਫੇ ਦਾ ਇਹ ਗਿਆਨ ਹੀ ਉਹ ਆਧਾਰਸ਼ਿਲਾ ਹੈ, ਜਿਸ ਉਤੇ ਖਾਲਸਾ ਪੰਥ ਦਾ ਮਹਿਲ ਉਸਰਿਆ ਹੈ। ਸਿੱਖ ਪੰਥ ਦੀ ਸਭ ਤੋਂ ਕਮਾਲ ਦੀ ਗੱਲ ਇਹ ਹੈ ਕਿ ਜਿਵੇਂ-ਜਿਵੇਂ ਸਿੱਖੀ ਸਿਧਾਂਤ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਗਈਆਂ, ਤਿਵੇਂ-ਤਿਵੇਂ ਸਿੱਖ ਸੰਸਥਾਵਾਂ ਹੋਂਦ ਵਿਚ ਆਉਂਦੀਆਂ ਗਈਆਂ। ਸਿਧਾਂਤ ਤੇ ਅਮਲ ਦਾ ਸ਼ਾਨਦਾਰ ਸੁਮੇਲ ਕਰਦਿਆਂ ਗੁਰੂ ਸਾਹਿਬਾਨ ਨੇ

ਸਿੱਖ ਸੰਸਥਾਵਾਂ ਵਿਕਸਿਤ ਕੀਤੀਆਂ। ਕੋਈ ਵੀ ਸਿੱਖ ਸੰਸਥਾ ਸਿਧਾਂਤਕ ਆਧਾਰ ਦੀ ਪੁਖਤਗੀ ਤੋਂ ਬਿਨਾਂ ਨਹੀਂ ਸਿਰਜੀ ਗਈ। ਬਾਕੀ ਜੀਵਾਂ ਵਾਂਗ ਮਨੁੱਖ ਵੀ ਇਕ ਕੁਦਰਤੀ ਜੀਵ ਹੈ ਅਤੇ ਸਾਰੇ ਜੀਵ ਉਸ ਕਰਤਾ ਦੀ ਉਪਜ ਹਨ, ਇਸ ਪ੍ਰਗਟ ਹੋਏ ਆਤਮ-ਗਿਆਨ ਸਦਕਾ, 'ਏਕ ਪਿਤਾ ਏਕਸ ਕੇ ਹਮ ਬਾਰਕ॥' 'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥' ਦੇ ਪ੍ਰਚਾਰ ਪ੍ਰਸਾਰ ਤੋਂ ਬਾਅਦ ਗੁਰੂ ਅੰਗਦ ਦੇਵ ਨੇ ਧਰਮਸਾਲ ਦੇ ਰੂਪ ਵਿਚ ਗੁਰਦੁਆਰਾ, ਸੰਗਤ-ਪੰਗਤ ਅਤੇ ਲੰਗਰ ਦੀ ਸੰਸਥਾ ਹੋਂਦ ਵਿਚ ਲਿਆਂਦੀ। ਅਗਲੀਆਂ ਪੀੜ੍ਹੀਆਂ ਦੇ ਬੌਧਿਕ ਤੇ ਮਾਨਸਿਕ ਵਿਕਾਸ ਵਾਸਤੇ ਵਿੱਦਿਆ ਲਈ ਪੰਜਾਬੀ ਬੋਲੀ ਨੂੰ ਅਪਨਾਇਆ ਤੇ ਗੁਰਮੁਖੀ ਲਿਪੀ ਨੂੰ ਮਾਂਜਿਆ ਸੰਵਾਰਿਆ, ਵਰਤੋਂ ਵਿਚ ਲਿਆਂਦਾ। ਪੜ੍ਹਾਈ ਦੇ ਨਾਲ ਕੁਸ਼ਤੀਆਂ ਤੇ ਖੇਡਾਂ ਦਾ ਸੁਮੇਲ ਕੀਤਾ। ਖਡੂਰ ਸਾਹਿਬ ਵਿਚ ਸਿੱਖੀ ਜੀਵਨ ਜਾਚ ਨੂੰ ਪ੍ਰਫੁੱਲਤ ਕੀਤਾ। ਆਪਣੀਆਂ ਕੁਦਰਤੀ ਲੋੜਾਂ ਦੀ ਪੂਰਤੀ ਕਰਦਿਆਂ ਸਹਿਜ ਜੀਵਨ ਜੀਉਣ ਦੀ ਜਾਚ ਦੱਸੀ।

ਗੁਰੂ ਅਮਰਦਾਸ ਨੇ ਧਰਮਸਾਲ-ਸੰਗਤ-ਪੰਗਤ-ਲੰਗਰ ਦੀ ਸੰਸਥਾ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਪਾਪਾਂ ਤੋਂ ਨਵਿਰਤੀ ਪਾਉਣ ਲਈ ਗੰਗਾ ਇਸ਼ਨਾਨ ਦੀ ਪ੍ਰਚਲਿਤ ਕਰਮਕਾਂਡੀ ਧਾਰਨਾ ਦਾ ਖੰਡਨ ਕਰਨ ਵਾਸਤੇ ਕਥਿਤ ਨੀਵੀਂਆਂ ਜਾਤਾਂ ਸਮੇਤ ਸਾਰਿਆਂ ਦੇ ਸਾਂਝੇ ਇਸ਼ਨਾਨ ਲਈ ਗੋਇੰਦਵਾਲ ਵਿਖੇ ਬਾਉਲੀ ਬਣਵਾਈ ਅਤੇ ਸੰਗਤ ਵਿਚ ਬੈਠਣ ਤੋਂ ਪਹਿਲਾਂ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਣ ਨੂੰ ਜ਼ਰੂਰੀ ਕਰਾਰ ਦਿੱਤਾ। ਇਹ ਵੇਲੇ ਦੇ ਸਮਾਜ ਵਿਚ ਪੱਸਰੀ ਜਾਤਪਾਤ ਨੂੰ ਤੋੜਨ ਲਈ ਠੋਸ ਅਮਲ ਵਿਚ ਲਿਆਂਦਾ ਗਿਆ ਇਕ ਇਨਕਲਾਬੀ ਕਦਮ ਸੀ।

ਫੈਲ ਰਹੀ ਸਿੱਖੀ ਨੂੰ ਇਕ ਧੁਰੇ ਦੁਆਲੇ ਕੇਂਦਰਿਤ ਕਰਨ ਲਈ ਗੁਰੂ ਰਾਮਦਾਸ ਨੇ 'ਹਰਿਮੰਦਰ' ਦੀ ਸਿਰਜਣਾ ਕੀਤੀ ਅਤੇ ਅੰਮ੍ਰਿਤਸਰ ਨੂੰ ਇਕ ਨਗਰ ਦੇ ਰੂਪ ਵਿਚ ਵਸਾਇਆ। ਗੁਰੂ ਅਰਜਨ ਦੇਵ ਨੇ ਸਾਰੇ ਸਿੱਖੀ ਸਿਧਾਂਤ ਨੂੰ ਇਕ ਥਾਂ ਇਕੱਠਾ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਤੇ ਇਸ ਨੂੰ ਹਰਿਮੰਦਰ ਸਾਹਿਬ ਵਿਚ ਸਥਾਪਤ ਕਰਕੇ ਸਿੱਖਾਂ ਦੀ ਇਸ ਰੂਹਾਨੀ ਸੰਸਥਾ ਨੂੰ ਪੂਰਨਤਾ ਬਖਸ਼ੀ। ਜਦੋਂ ਇਹ ਰੂਹਾਨੀ ਇਨਕਲਾਬ ਵੇਲੇ ਦੀ ਸਥਾਪਤੀ-ਬ੍ਰਾਹਮਣੀ ਸਮਾਜੀ ਸੰਸਥਾ ਭਾਵ ਮੂਰਤੀਪੂਜ ਸੋਚ ਅਤੇ ਰਾਜਸੀ ਸੰਸਥਾ ਭਾਵ ਮੁਗਲ ਰਾਜ-ਨਾਲ ਟਕਰਾਇਆ ਅਤੇ ਵੇਲੇ ਦੀ ਹਕੂਮਤ ਨੂੰ ਵੰਗਾਰਨ ਲੱਗਾ ਤਾਂ ਇਸ ਅਕਾਲੀ ਸੱਚ ਨੂੰ ਸਥਾਪਤ ਕਰਨ ਲਈ ਗੁਰੂ ਅਰਜਨ ਦੇਵ ਨੇ ਸ਼ਹੀਦੀ ਦਿੱਤੀ। ਮਿਥ ਕੇ ਅਕਾਲੀ ਸੱਚ ਦੀ ਰਾਖੀ ਕਰਨ ਦਾ ਇਹ ਪਹਿਲਾ ਦ੍ਰਿੜ੍ਹ ਪ੍ਰਗਟਾਵਾ ਸੀ। ਇਸ ਮਹਾਨ ਸ਼ਹੀਦੀ ਤੋਂ ਸਬਕ ਸਿੱਖ ਕੇ ਇਨ੍ਹਾਂ ਸੰਸਥਾਵਾਂ ਦੀ ਰਾਖੀ ਲਈ ਹਥਿਆਰਬੰਦ ਹੋਣ, ਸਿੱਖਾਂ ਨੂੰ ਕੂੜੀ ਰਾਜਨੀਤੀ ਦਾ ਮੁਕਾਬਲਾ ਕਰਨ ਤੇ ਧਰਮੀ ਰਾਜਨੀਤੀ ਤਹਿਤ ਜਥੇਬੰਦ ਹੋਣ ਲਈ, ਹਰਿਮੰਦਰ ਸਾਹਿਬ ਦੇ ਸਨਮੁਖ ਗੁਰੂ ਹਰਗੋਬਿੰਦ ਰਾਏ ਨੇ ਮੀਰੀ ਪੀਰੀ ਦੇ ਸੰਕਲਪ ਨੂੰ ਅਮਲੀ ਰੂਪ ਦੇਣ ਲਈ ਅਕਾਲ ਤਖਤ (ਤਖਤ ਸ੍ਰੀ ਅਕਾਲ ਬੁੰਗਾ) ਦੀ ਸਿਰਜਣਾ ਕੀਤੀ। ਅਕਾਲੀ ਪਾਤਸ਼ਾਹੀ ਦਾ ਸੰਕਲਪ ਭਾਵੇਂ ਗੁਰੂ ਨਾਨਕ ਨੇ ਹੀ ਸਪੱਸ਼ਟ ਕਰ ਦਿੱਤਾ ਸੀ ਪਰ ਇਸ ਨੂੰ ਠੋਸ ਰੂਪ ਗੁਰੂ ਹਰਿਗੋਬਿੰਦ ਰਾਏ ਨੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਬਾਅਦ ਦਿੱਤਾ। ਇਸ ਤਰ੍ਹਾਂ ਪੰਜ ਗੁਰੂ ਸਾਹਿਬਾਨ ਦੇ ਰੂਹਾਨੀ ਇਨਕਲਾਬ ਤੇ ਇਸ ਦੀ ਸਿਖਰ 'ਤੇ ਗੁਰੂ ਅਰਜਨ ਦੇਵ ਦੀ ਸ਼ਹੀਦੀ ਦੇ ਫਲਸਰੂਪ ਅਕਾਲ ਤਖਤ ਹੋਂਦ ਵਿਚ ਆਇਆ। ਇਹ ਲਗਭਗ ਇਕ ਸਦੀ ਦੇ ਵਿਚਾਰਧਾਰਕ ਅਤੇ ਰੂਹਾਨੀ ਇਨਕਲਾਬ ਦਾ ਸਿੱਟਾ ਸੀ।

ਗੁਰੂ ਨਾਨਕ ਦਾ ਰੂਹਾਨੀ ਇਨਕਲਾਬ, ਸਿੱਖ ਇਨਕਲਾਬ ਦੇ ਰੂਪ ਵਿਚ ਵੇਲੇ ਦੀ ਕਰਮਕਾਂਡੀ ਵਿਚਾਰਧਾਰਾ ਤੇ ਹਕੂਮਤੀ ਸਥਾਪਤੀ (ਰਾਜਨੀਤੀ) ਨਾਲ ਲਗਾਤਾਰ ਟਕਰਾਉਂਦਾ ਜਦੋਂ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੱਕ ਪਹੁੰਚਿਆ ਤਾਂ ਅਕਾਲ ਤਖਤ ਜਾਂ ਸੱਚੀ ਪਾਤਸ਼ਾਹੀ ਦੇ ਸਿਧਾਂਤ ਦੀ ਰਾਖੀ ਲਈ ਸਿੱਖ ਇਨਕਲਾਬ ਨੂੰ ਮੁਕੰਮਲ ਕਰਨ ਵਾਸਤੇ ਅਕਾਲ ਪੁਰਖ ਦੀ ਫੌਜ ਦੇ ਰੂਪ ਵਿਚ ਇਕ ਜਥੇਬੰਦੀ ਵਜੋਂ ਖਾਲਸਾ ਪੰਥ ਦੀ ਸਿਰਜਣਾ ਕੀਤੀ ਗਈ, ਜਿਸ ਦੀ ਅਗਵਾਈ ਲਈ ਧਰਮ ਹੇਤ ਸੀਸ ਦੇਣ ਭਾਵ ਸਮੂਹਿਕ ਹਿਤਾਂ ਵਾਸਤੇ ਆਪਣੀ ਆਖਰੀ ਮਲਕੀਅਤ ਸਰੀਰ ਤੱਕ ਵਾਰ ਦੇਣ ਦੀ ਸ਼ਰਤ 'ਤੇ ਪੰਜ ਪਿਆਰਿਆਂ ਦੀ ਪੰਚ ਪ੍ਰਧਾਨੀ ਸੰਸਥਾ ਹੋਂਦ ਵਿਚ ਆਈ, ਜਿਸ ਦੀ ਸਿਖਰ ਇਹ ਸੀ ਕਿ ਗੁਰੂ ਸਾਹਿਬ ਨੇ ਆਪਣੇ-ਆਪ ਨੂੰ ਇਨ੍ਹਾਂ ਪੰਜਾਂ ਪਿਆਰਿਆਂ ਦੇ ਸਨਮੁੱਖ ਕਰਕੇ ਤੇ ਇਨ੍ਹਾਂ ਕੋਲੋਂ ਅੰਮ੍ਰਿਤ ਛਕ ਕੇ, ਸਾਰੀ ਗੁਰੂ ਸੰਸਥਾ ਇਸ ਪੰਚ ਪ੍ਰਧਾਨੀ ਦੀ ਅਗਵਾਈ ਵਿਚ ਸੌਂਪ ਦਿੱਤੀ। ਇਸ ਤਰ੍ਹਾਂ ਖਾਲਸਾ ਪੰਥ ਦੀ ਰੂਹਾਨੀ ਅਗਵਾਈ ਗੁਰੂ ਗ੍ਰੰਥ ਸਾਹਿਬ ਅਤੇ ਰਾਜਸੀ ਅਗਵਾਈ ਪੰਚ ਪ੍ਰਧਾਨੀ ਦੇ ਰੂਪ ਵਿਚ ਪੰਜ ਪਿਆਰਿਆਂ ਦੇ ਹੱਥ ਦੇ ਕੇ, ਇਕ ਅਸਲੋਂ ਹੀ ਨਿਵੇਕਲੇ ਇਨਕਲਾਬ ਦੀ ਸਾਣ 'ਤੇ ਲਾ ਕੇ ਨਵੇਂ ਮਨੁੱਖ ਦੀ ਸਿਰਜਣਾ ਕੀਤੀ ਗਈ, ਜਿਸ ਦਾ ਨਿਸ਼ਾਨਾ ਸੀ-ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ। ਸਦਾ ਥਿਰ ਰਹਿਣ ਵਾਲੇ ਇਕ ਅਕਾਲ-ਪੁਰਖ ਭਾਵ ਕਾਲ ਰਹਿਤ ਕਰਤਾ, ਜਿਸ ਦੀ ਸ਼ਨਾਖਤ ਕੁਦਰਤ ਵਿਚੋਂ ਹੁੰਦੀ ਹੈ, ਤੋਂ ਬਿਨਾਂ ਕਿਸੇ ਦੇਵੀ-ਦੇਵਤੇ ਜਾਂ ਵਿਅਕਤੀ ਵਿਸ਼ੇਸ਼ ਦੀ ਪੂਜਾ ਨਹੀਂ ਕਰਨੀ, ਸਦਾ ਨਵੇਂ ਹੁੰਦੇ ਰਹਿਣ ਵਾਲੇ ਅਨੁਭਵੀ ਗਿਆਨ ਰੂਪੀ ਸ਼ਬਦ ਦਾ ਪ੍ਰਚਾਰ ਕਰਨਾ ਅਤੇ ਸਮੂਹ ਦੇ ਰੂਪ ਵਿਚ ਪੰਥ ਦੇ ਸੱਦੇ 'ਤੇ ਫੁੱਲ ਚੜ੍ਹਾਉਣ ਲਈ ਹਮੇਸ਼ਾ ਤਿਆਰ ਰਹਿਣਾ।

ਗੁਰਬਾਣੀ ਦੇ ਭਾਵਅਰਥ ਬੜੇ ਸਪੱਸ਼ਟ ਹਨ ਅਤੇ ਅੱਜ ਦੀਆਂ ਸਮਾਜੀ-ਰਾਜਸੀ ਹਾਲਤਾਂ ਉਤੇ ਪੂਰੀ ਤਰ੍ਹਾਂ ਢੁੱਕਦੇ ਹਨ। ਗੁਰਮਤਿ ਕਿਤੇ ਕੋਈ ਭੁਲੇਖਾ ਨਹੀਂ ਰਹਿਣ ਦਿੰਦੀ। ਗੁਰਮਤਿ ਗਿਆਨ ਝਰਨੇ ਵਾਂਗ ਫੁਟਣ ਲੱਗਦਾ ਹੈ। ਬਸ਼ਰਤੇ ਕਿ ਅਸੀਂ ਉਸ ਗਿਆਨ ਨੂੰ ਪਚਾਉਣ (ਭੁੰਚਣ) ਲਈ ਤਿਆਰ ਹੋਈਏ। ਇੱਥੇ ਖਾਸ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸਿੱਖ ਧਰਮ ਬਾਕੀ ਧਰਮਾਂ ਵਾਂਗ ਇਕ ਹੋਰ ਧਰਮ ਨਹੀਂ ਹੈ। ਸਿੱਖ ਧਰਮ ਮਨੁੱਖੀ ਰੂਹਾਨੀਅਤ ਦੀ ਸਿਖਰ ਹੈ। ਰੂਹਾਨੀਅਤ ਰਹੱਸ ਜਾਂ ਨਾ ਸਮਝ ਆਉਣ ਵਾਲਾ ਕੋਈ ਗੁਪਤ ਵਰਤਾਰਾ ਨਹੀਂ, ਸਗੋਂ ਮਨੁੱਖ ਦੇ ਕੁਦਰਤ ਨਾਲ ਸਿੱਧੇ ਰਿਸ਼ਤੇ ਦਾ ਅਨੁਭਵੀ ਅਹਿਸਾਸ ਹੈ। ਭਾਵ ਹੁਕਮ ਨੂੰ ਮਨ ਵਿਚ ਵਸਾਉਣ ਦੀ ਜੁਗਤ। ਗੁਰੂ ਸਾਹਿਬਾਨ ਨੇ ਆਪਣੇ ਤੋਂ ਪਹਿਲੇ ਸਾਰੇ ਧਰਮਾਂ ਦੀ ਕੁਦਰਤ ਤੇ ਮਨੁੱਖ ਦੇ ਸਿੱਧੇ ਰਿਸ਼ਤੇ ਦੇ ਪ੍ਰਸੰਗ ਵਿਚ ਪੜਚੋਲ ਕੀਤੀ ਹੈ। ਉਨ੍ਹਾਂ ਨੇ ਬ੍ਰਾਹਮਣਵਾਦੀ ਭਰਮਜਾਲ ਅਤੇ ਕਰਮਕਾਂਡ ਨੂੰ ਛੱਡ ਕੇ ਬਾਕੀ ਦੇ ਹਿੰਦੂ ਫ਼ਲਸਫ਼ੇ ਵਿਚਲੇ ਗਿਆਨ ਨੂੰ ਹੀ ਆਤਮਸਾਤ ਨਹੀਂ ਕੀਤਾ, ਸਗੋਂ ਸਾਰੇ ਧਰਮਾਂ ਦੇ ਫ਼ਲਸਫ਼ਿਆਂ ਨੂੰ ਆਪਣੇ ਅਨੁਭਵੀ ਮਨ 'ਚ ਸਮੇਟਿਆ ਹੈ। 'ਹੁਕਮ ਰਜਾਈ ਚਲਣਾ' ਅਤੇ 'ਮਨਿ ਜੀਤੈ ਜਗੁ ਜੀਤੁ' ਫਲਸਫੇ ਦੇ ਮੂਲ ਸੂਤਰ ਹਨ, ਜਿਹੜੇ ਇਕ ਮੁਕੰਮਲ ਮਨੁੱਖੀ ਜੀਵਨ ਜਾਚ ਨੂੰ ਪ੍ਰਗਟ ਕਰਦੇ ਹਨ।

ਗੁਰੂ ਸਾਹਿਬ ਨੇ ਬ੍ਰਾਹਮਣੀ ਮਤਿ ਦੇ ਸਾਰੇ ਅਵਤਾਰਾਂ ਦੇ ਕਲਪਿਤ ਮਿੱਥ ਭੰਨੇ ਤੇ ਉਨ੍ਹਾਂ ਸਾਰਿਆਂ ਨੂੰ ਕੁਦਰਤ ਰੂਪੀ ਕਰਤਾ ਦੀ ਸਿਰਜਣਾ ਦੇ ਰੂਪ ਵਿਚ ਪੇਸ਼ ਕੀਤਾ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼, ਗਣੇਸ਼, ਰਾਮ, ਕ੍ਰਿਸ਼ਨ ਨੂੰ ਉਸ ਕਰਤਾ ਦੀ ਕਿਰਤ ਵਜੋਂ ਬਿਆਨਿਆ ਹੈ। ਗੁਰੂ ਨਾਨਕ ਸਾਹਿਬ ਨੇ ਕੁਦਰਤ ਅਤੇ ਮਨੁੱਖੀ ਰਿਸ਼ਤਿਆਂ ਬਾਰੇ ਪ੍ਰਾਪਤ ਕੀਤੇ ਨਵੇਂ ਆਤਮ-ਗਿਆਨ ਦੇ ਆਧਾਰ ਉਤੇ ਮਨੁੱਖੀ ਜੀਵਨ ਨੂੰ ਨਵੇਂ ਸਿਰਿਓਂ ਵਿਉਂਤਣ ਦੀ ਜਾਚ ਦੱਸੀ ਹੈ। ਇਕ ਨਵੀਂ ਮਨੁੱਖੀ ਜੀਵਨ ਜੁਗਤ ਦਿੱਤੀ ਹੈ। ਗੁਰੂ ਗੋਬਿੰਦ ਸਿੰਘ ਨੇ ਨਵੇਂ ਯੁਗ ਦੇ ਪੂਰਨ ਮਨੁੱਖ ਵਜੋਂ ਖਾਲਸੇ ਦੀ ਸਿਰਜਣਾ ਕੀਤੀ ਹੈ। ਖਾਲਸਾ ਪੰਥ ਇਨ੍ਹਾਂ ਪੂਰਨ ਮਨੁੱਖਾਂ ਦਾ ਜਥੇਬੰਦਕ ਸਮਾਜੀ ਰੂਪ ਹੈ।

ਸੰਖੇਪ ਵਿਚ ਗੁਰਮਤਿ ਫਲਸਫੇ ਦਾ ਸੱਚ ਇਹ ਹੈ ਕਿ ਕੁਦਰਤ ਦੇ ਅਟੱਲ ਨਿਯਮ ਬੰਦੇ ਦੀ ਮਰਜ਼ੀ ਤੋਂ ਬਿਲਕੁਲ ਆਜ਼ਾਦ ਆਪਣੇ ਹੀ ਢੰਗ ਨਾਲ ਹਰਕਤ ਕਰਦੇ ਹਨ ਅਤੇ ਕੁਦਰਤ ਦੇ ਇਨ੍ਹਾਂ ਨਿਯਮਾਂ ਅਨੁਸਾਰ ਜ਼ਿੰਦਗੀ ਜਿਉਣੀ ਮਨੁੱਖ ਦਾ ਧਰਮ ਹੈ। ਗੁਰੂ ਸਾਹਿਬ ਨੇ ਆਪਣੇ ਸਮੇਂ ਤੱਕ ਮਨੁੱਖੀ ਮਨਾਂ ਵਿਚ ਰੱਬ ਬਾਰੇ ਬਣੇ ਸਾਰੇ ਕਲਪਿਤ ਸੰਕਲਪਾਂ ਨੂੰ ਰੱਦ ਕਰਕੇ ਇਸ ਬ੍ਰਹਿਮੰਡੀ ਕੁਦਰਤ ਦੇ ਕਣ-ਕਣ ਵਿਚ ਰਮੇ ਹੋਏ 'ਰੱਬ', ਜੋ ਸਾਰੇ ਮਨੁੱਖਾਂ ਦੇ ਮਨਾਂ ਵਿਚ ਵਸਦਾ ਹੈ, ਭਾਵ ਏਕੋ (ੴ) ਅਕਾਲ ਪੁਰਖ ਜਾਂ ਕਰਤਾ ਪੁਰਖ-ਦਾ ਸੰਕਲਪ ਸਿਰਜਿਆ, ਜਿਸ ਦਾ ਅਨੁਭਵੀ ਅਹਿਸਾਸ ਮਨੁੱਖ ਆਪਣੇ ਅੰਦਰੋਂ ਹੀ ਆਪਣੇ ਮਨ ਵਿਚ ਕਰ ਸਕਦਾ ਹੈ। ਸਬਦੁ ਗੁਰੂ ਦੇ ਭੇਤੀ ਅਤੇ ਅਗਿਆਨ ਦੇ ਹਨੇਰੇ ਨੂੰ ਮਿਟਾ ਕੇ ਗਿਆਨ ਦੀ ਰੋਸ਼ਨੀ ਵੰਡਣ ਵਾਲੇ ਕਿਸੇ ਵੀ ਗੁਰੂ ਜਾਂ ਗੁਰਮੁਖ ਦੀ ਮਿਹਰ ਨਾਲ ਇਸ ਰੱਬ ਦਾ ਅਨੁਭਵ ਕੀਤਾ ਜਾ ਸਕਦਾ ਹੈ।

ਗੁਰੂ ਨਾਨਕ ਸਾਹਿਬ ਨੇ ਇਕ ਅਸਲੋਂ ਹੀ ਨਵੀਂ ਜੀਵਨ ਜੁਗਤ ਦਿੱਤੀ ਹੈ, ਜਿਸ ਦਾ ਆਧਾਰ ਅਨੁਭਵੀ ਤੇ ਸਦਜਾਗਤ ਮਨ ਹੈ। ਇਹ ਨਵੀਂ ਜੀਵਨ ਜੁਗਤ ਇਕ ਮੁਕੰਮਲ ਮਨੁੱਖੀ ਜੀਵਨ ਜਾਚ ਹੈ। ਖਾਲਸਾ ਨਵੇਂ ਜੁਗ ਦਾ ਪੂਰਨ ਮਨੁੱਖ ਹੈ। ਆਪਣੇ ਅਨੁਭਵਾਂ 'ਚੋਂ ਪ੍ਰਗਟ ਕੀਤੇ ਇਸ ਫ਼ਲਸਫ਼ੇ ਅਨੁਸਾਰ ਗੁਰੂ ਸਾਹਿਬਾਨ ਕੁਦਰਤੀ ਨੇਮਾਂ ਦੇ ਉਲਟ ਭੁਗਤ ਰਹੇ ਸਾਰੇ ਰਾਜਨੀਤਕ, ਸਮਾਜਕ ਅਤੇ ਧਾਰਮਕ ਅਦਾਰਿਆਂ ਅਤੇ ਧਰਮ ਦੇ ਨਾਂ ਉਤੇ ਠੋਸੀਆਂ ਹੋਈਆਂ ਕਦਰਾਂ-ਕੀਮਤਾਂ ਦਾ ਬੜੀ ਦ੍ਰਿੜ੍ਹਤਾ ਨਾਲ ਖੰਡਨ ਕਰਦੇ ਹਨ। ਬਾਣੀ ਦੇ ਇਸ ਸੱਚ ਨੇ ਲੋਕ ਮਨਾਂ 'ਚੋਂ ਰਾਜਸੱਤਾ ਦਾ ਡਰ ਹਮੇਸ਼ਾ ਲਈ ਚੁੱਕ ਦਿੱਤਾ ਅਤੇ ਉਹ ਬਾਣੀ ਪੜ੍ਹਦੇ ਹੋਏ ਜਾਬਰ ਹਕੂਮਤਾਂ ਦਾ ਮੁਕਾਬਲਾ ਕਰਨ ਲਈ ਆਪਾ ਵਾਰਨ ਤੱਕ ਤਿਆਰ ਹੋ ਗਏ। ਗੁਰੂ ਨਾਨਕ ਫ਼ਲਸਫ਼ਾ ਉਹ ਬੀਜ ਰੂਪ ਹੈ, ਜਿਸ ਨੇ ਸਿੱਖ ਇਨਕਲਾਬ ਨੂੰ ਜਨਮ ਦਿਤਾ, ਜਿਸ ਉਤੇ ਬੇਮਿਸਾਲ ਮਨੁੱਖੀ ਕੁਰਬਾਨੀਆਂ ਦਾ ਬੁਰਜ ਉਸਰਿਆ।

ਸਦਾਚਾਰਕ ਤੌਰ 'ਤੇ ਸੰਕਲਪਿਆਂ ਕੋਈ ਵੀ ਨਵਾਂ ਮਨੁੱਖੀ ਸਮਾਜ ਰਾਜਸੀ ਤਾਕਤ ਤੋਂ ਬਗੈਰ ਕਾਇਮ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਰਾਜਸੀ ਤਾਕਤ ਬਿਨਾ ਕਾਇਮ ਰਹਿ ਸਕਦਾ ਹੈ। ਇਸੇ ਲਈ ਖਾਲਸਾ ਪੰਥ ਹੁਣ ਤੱਕ ਖਾਲਸਾ ਰਾਜ ਲਈ ਜਦੋਜਹਿਦ ਕਰਦਾ ਆਇਆ ਹੈ, ਜਿਸ ਨੂੰ ਸਿੱਖ ਪੰਥ ਆਪਣੇ ਮੁੱਢ ਤੋਂ ਲੈ ਕੇ ਹੁਣ ਤੱਕ ਆਪਣੀ ਅਰਦਾਸ ਦੇ ਅਖੀਰ ਉਤੇ ਦੋਹਿਰਾ 'ਰਾਜ ਕਰੇਗਾ ਖਾਲਸਾ ਆਕੀ ਰਹੈ ਨਾ ਕੋਇ' ਪੜ੍ਹ ਕੇ ਦੁਹਰਾਉਂਦਾ ਹੈ। ਇਸ ਨਵੇਂ ਸਮਾਜ ਦੀ ਸਥਾਪਤੀ ਲਈ ਖਾਲਸਾ ਰਾਜ ਦੀ ਲੋੜ ਹੈ, ਜਿਸ ਨੂੰ ਅੱਜ ਦੇ ਪ੍ਰਸੰਗ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਖ਼ਾਲਿਸਤਾਨ ਦਾ ਨਾਂ ਦਿੱਤਾ ਹੈ। ਮੂਰਤੀਪੂਜ-ਮਾਇਆਪੂਜ ਸਾਮਰਾਜੀ ਸਰਕਾਰਾਂ ਵੱਲੋਂ ਲੋਕਾਂ ਦੇ ਮਨਾਂ ਵਿਚ ਨਿਰੋਲ ਉਚ ਜਾਤੀ ਧਨਾਢ ਸਿੱਖਾਂ ਦੇ ਰਾਜ ਵਜੋਂ 'ਖ਼ਾਲਿਸਤਾਨ' ਸ਼ਬਦ ਦੇ ਬਣਾ ਦਿੱਤੇ ਗਏ ਹਊਏ ਨੂੰ ਖਤਮ ਕਰਨ ਲਈ, 'ਰਾਜ ਕਰੇਗਾ ਖਾਲਸਾ ਆਕੀ ਰਹੈ ਨਾ ਕੋਇ' ਦੇ ਸੰਕਲਪ ਨੂੰ ਲਗਾਤਾਰ ਸਪੱਸ਼ਟ ਕਰਨ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਹਲੇਮੀ ਰਾਜ' ਅਤੇ 'ਬੇਗਮਪੁਰਾ ਸਮਾਜ' ਦੇ ਰੂਪ ਵਿਚ ਇਸ ਸੰਕਲਪ ਦੇ ਕੁਝ ਪੱਖ ਪਹਿਲਾਂ ਹੀ ਸਪੱਸ਼ਟ ਕੀਤੇ ਹੋਏ ਹਨ।

ਇਸ ਸਾਰੀ ਚਰਚਾ ਦਾ ਮੰਤਵ ਇਹ ਸਪੱਸ਼ਟ ਕਰਨਾ ਹੈ ਕਿ ਜਿਸ ਪੱਛਮੀ ਗਿਆਨ ਦੀ ਅਸੀਂ ਗੁਲਾਮੀ ਕਬੂਲੀ ਹੋਈ ਹੈ, ਉਹ ਗਿਆਨ ਅਧੂਰਾ ਹੈ। ਅਜੇ ਤੱਕ ਪੱਛਮ ਵਿਚ ਇਹ ਚਰਚਾ ਚੱਲ ਰਹੀ ਹੈ ਕਿ ਇਹ ਸ੍ਰਿਸ਼ਟੀ ਜਾਂ ਕੁਦਰਤ ਕਿਸੇ ਕਲਪਿਤ ਰੱਬ ਦੀ ਰਚਨਾ ਹੈ ਜਾਂ ਇਸ ਦੀ ਹੋਂਦ ਸਦਾ ਤੋਂ ਹੀ ਇਵੇਂ ਚਲੀ ਆ ਰਹੀ ਹੈ। ਅਜੇ ਤੱਕ ਪੱਛਮੀ ਮਨੁੱਖ ਇਸ ਬਾਰੇ ਦੁਬਿਧਾ ਵਿਚ ਹੈ ਅਤੇ ਇਸ ਅਧੂਰੇ ਗਿਆਨ ਕਾਰਨ ਹੀ ਪੱਛਮੀ ਮਨੁੱਖ ਆਤਮ-ਗਿਆਨ ਅਤੇ ਆਪਣੇ ਅਨੁਭਵੀ ਮਨ ਦੇ ਰਿਸ਼ਤੇ ਦੀ ਥਾਹ ਨਹੀਂ ਪਾ ਸਕਿਆ। ਇਸੇ ਕਰਕੇ ਉਹ ਮਨੁੱਖੀ ਸਮਾਜ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ ਵਿਚ ਅਸਫਲ ਰਿਹਾ ਹੈ। ਅੰਤਹੀਣ ਲਾਲਚ, ਅਤਿ ਦੀ ਭੋਗੀ ਲਾਲਸਾ, ਸਿਰਵੱਢ ਮੁਕਾਬਲੇ ਅਤੇ ਘੋਰ ਅਰਾਜਕਤਾ ਦੇ ਸ਼ਿਕਾਰ ਸਾਮਰਾਜੀ ਪੈਦਾਵਾਰੀ ਪ੍ਰਬੰਧ ਨੇ ਮਨੁੱਖ ਜਾਤੀ ਨੂੰ ਅੱਜ ਤਬਾਹੀ ਵੱਲ ਧੱਕ ਦਿੱਤਾ ਹੈ। ਸਿੱਖੀ ਦੇ ਪ੍ਰਚਾਰ-ਪ੍ਰਸਾਰ ਨੂੰ ਅੱਜ ਦੇ ਪ੍ਰਸੰਗ ਵਿਚ ਇਸੇ ਆਧਾਰ ਉਤੇ ਹੀ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ ਅਤੇ ਇਸ ਦੀਆਂ ਸੰਭਾਵਨਾਵਾਂ ਬਹੁਤ ਰੋਸ਼ਨ ਹਨ ਕਿਉਂਕਿ ਘੋਰ ਸੰਕਟਗ੍ਰਸਤ ਸਮੁੱਚਾ ਸੰਸਾਰ ਅੱਜ ਨਵੀਂ ਦਿਸ਼ਾ ਦੀ ਭਾਲ ਵਿਚ ਹੈ।

ਇੱਥੇ ਇਕ ਗੱਲ ਖਾਸ ਧਿਆਨ ਦੇਣ ਵਾਲੀ ਹੈ ਕਿ ਪੱਛਮੀ ਸਾਮਰਾਜੀਆਂ ਦਾ ਨਿਘਾਰ ਅਰਥਚਾਰੇ ਤੱਕ ਸੀਮਤ ਨਹੀਂ ਰਹਿ ਗਿਆ, ਇਹ ਇਨ੍ਹਾਂ ਦੀਆਂ ਜੜ੍ਹਾਂ ਤੱਕ ਪਹੁੰਚ ਰਿਹਾ ਹੈ। ਇਹ ਉਥੋਂ ਤੱਕ ਮਾਰ ਕਰ ਰਿਹਾ ਹੈ, ਜਿੱਥੋਂ ਪੱਛਮੀ ਸਾਮਰਾਜੀਆਂ ਦੀ ਜੜ੍ਹ ਲੱਗੀ ਸੀ। ਇਹ ਜੜ੍ਹ 18ਵੀਂ ਸਦੀ ਦੇ ਐਨ ਮੁੱਢ 1707 ਈ. ਵਿਚ ਯੂਰਪ ਦੇ ਦੋ ਲਗਾਤਾਰ ਆਪਸ ਵਿਚ ਲੜਦੇ ਰਹਿਣ ਵਾਲੇ ਗੁਆਂਢੀ ਮੁਲਕਾਂ ਸਕਾਟਲੈਂਡ ਅਤੇ ਇੰਗਲੈਂਡ ਦੇ ਇਕੱਠੇ ਹੋ ਕੇ ਇਕ ਮੁਲਕ ਬਣਨ ਵਜੋਂ ਲੱਗੀ ਸੀ। ਨਵੇਂ ਉਭਰ ਰਹੇ ਦੋ ਪੂੰਜੀਵਾਦੀ ਦੇਸਾਂ ਨੇ ਇਕ ਸੰਧੀ ਰਾਹੀਂ ਇਕੱਠੇ ਹੋ ਕੇ ਆਪਣੇ ਰਾਜਸੀ ਪ੍ਰਭਾਵ ਨੂੰ ਵਧਾਉਣ ਦਾ ਯਤਨ ਸ਼ੁਰੂ ਕੀਤਾ। ਇਸ ਇਕੱਠੇ ਹੋਏ ਮੁਲਕ ਨੂੰ ਯੂਨਾਈਟਿਡ ਕਿੰਗਡਮ ਜਾਂ ਗ੍ਰੇਟ ਬ੍ਰਿਟੇਨ ਦਾ ਨਾਂ ਦਿੱਤਾ ਗਿਆ। ਇਹੀ ਗ੍ਰੇਟ ਬ੍ਰਿਟੇਨ ਹੈ, ਜਿਸ ਬਾਰੇ ਕਦੇ ਸਮਝਿਆ ਜਾਂਦਾ ਸੀ ਕਿ ਉਸ ਦੇ ਰਾਜ ਵਿਚ ਸੂਰਜ ਨਹੀਂ ਡੁੱਬਦਾ ਭਾਵ ਉਸ ਦਾ ਸਾਮਰਾਜ ਧਰਤੀ ਦੇ ਐਨੇ ਵੱਡੇ ਹਿੱਸੇ ਉਤੇ ਫੈਲਿਆ ਹੋਇਆ ਸੀ ਕਿ ਜੇ ਕਿਸੇ ਥਾਂ ਸੂਰਜ ਡੁੱਬ ਰਿਹਾ ਹੁੰਦਾ ਸੀ ਤਾਂ ਕਿਸੇ ਦੂਜੀ ਥਾਂ ਸੂਰਜ ਚੜ੍ਹ ਰਿਹਾ ਹੁੰਦਾ ਸੀ। ਦੋ ਸੰਸਾਰ ਜੰਗਾਂ ਤੋਂ ਬਾਅਦ ਇਸ ਸਾਮਰਾਜ ਦਾ ਅੰਤ ਹੋ ਗਿਆ ਅਤੇ ਇਸ ਦੇ ਵਿਸਥਾਰ ਵਜੋਂ ਅਮਰੀਕੀ ਸਾਮਰਾਜ ਪ੍ਰਗਟ ਹੋਇਆ। ਅੱਜ ਅਮਰੀਕੀ ਸਾਮਰਾਜ ਆਪਣੀ ਸਿਖਰ ਹੰਢਾ ਕੇ ਅੰਤ ਵੱਲ ਵਧ ਰਿਹਾ ਹੈ ਅਤੇ ਮਨੁੱਖ-ਘਾਤੀ ਲੱਛਣਾਂ ਕਾਰਨ ਇਹ ਲਗਾਤਾਰ ਨਿਘਾਰ 'ਚ ਜਾ ਰਿਹਾ ਸਾਮਰਾਜ ਅੱਜ ਪੱਛਮੀ ਸਾਮਰਾਜ ਨੂੰ ਵੀ ਆਪਣੇ ਨਾਲ ਲੈ ਕੇ ਹੀ ਡੁੱਬ ਰਿਹਾ ਹੈ।

ਇਸ ਸੰਕਟ ਦਾ ਪ੍ਰਗਟਾਵਾ 1707 ਈ. ਵਿਚ ਇਕੱਠੇ ਹੋਏ ਇਨ੍ਹਾਂ ਦੋ ਮੁਲਕਾਂ ਦੇ ਦੁਬਾਰਾ ਟੁੱਟਣ ਦੀਆਂ ਸੰਭਾਵਨਾਵਾਂ ਵਿਚ ਨਿਕਲ ਰਿਹਾ ਹੈ। ਗ੍ਰੇਟ ਬ੍ਰਿਟੇਨ ਦੇ ਇਨਾਂ ਦੋਹਾਂ ਹਿੱਸਿਆਂ ਨੇ ਫੈਸਲਾ ਕੀਤਾ ਹੈ ਕਿ 2014 ਵਿਚ ਸਕਾਟਲੈਂਡ ਦੇ ਲੋਕਾਂ ਦੀ ਇਕ ਰਾਇਸ਼ੁਮਾਰੀ ਕਰਵਾਈ ਜਾਵੇ, ਜਿਸ ਵਿਚ ਫੈਸਲਾ ਕੀਤਾ ਜਾਵੇ ਕਿ ਕੀ ਸਕਾਟਲੈਂਡ ਇਕ ਆਜ਼ਾਦ ਦੇਸ ਚਾਹੀਦਾ ਹੈ। ਸਕਾਟਲੈਂਡ ਨੈਸ਼ਨਲ ਪਾਰਟੀ, ਜਿਹੜੀ ਹੁਣ ਸਕਾਟਲੈਂਡ 'ਤੇ ਰਾਜ ਕਰ ਰਹੀ ਹੈ, ਦੇ 57 ਸਾਲਾ ਮੁਖੀ ਦੇ ਕਥਨ ਅਨੁਸਾਰ ਇਹ ਯਕੀਨੀ ਹੈ ਕਿ 2014 ਤੋਂ ਬਾਅਦ ਸਕਾਟਲੈਂਡ ਇਕ ਆਜ਼ਾਦ ਮੁਲਕ ਹੋਵੇਗਾ। 2014 ਵਿਚ ਇਹ ਫੈਸਲਾ ਕੁਝ ਵੀ ਹੋਵੇ ਪਰ ਇਕ ਗੱਲ ਬੜੀ ਸਪੱਸ਼ਟ ਹੈ ਕਿ ਪੱਛਮੀ ਅਤਿ ਦੀ ਭੋਗੀ ਸਾਮਰਾਜੀ ਸਭਿਅਤਾ ਆਪਣੀ ਸਿਖਰ ਹੰਢਾ ਕੇ ਮਰ ਰਹੀ ਹੈ ਅਤੇ ਇਸ ਦਾ ਕਾਰਨ ਉਸ ਦੇ ਵਜੂਦ ਵਿਚ ਸਮੋਏ ਮਨੁੱਖ-ਘਾਤੀ ਲੱਛਣ ਹਨ। ਮੂਰਤੀਪੂਜ ਕਰਮਕਾਂਡੀ ਬ੍ਰਾਹਮਣਵਾਦ ਦੀ ਮਾਇਆਪੂਜ ਪੱਛਮੀ ਸਾਮਰਾਜ ਨਾਲ ਪਈ ਸਾਂਝ ਦੇ ਸਿੱਟੇ ਵਜੋਂ 1947 ਵਿਚ ਕਾਇਮ ਹੋਈ ਕੇਂਦਰ ਸਰਕਾਰ ਅੱਜ ਇਸੇ ਪੱਛਮੀ ਸਾਮਰਾਜੀ ਸਭਿਅਤਾ ਦਾ ਇਕ ਹਿੱਸਾ ਹੈ। ਪੱਛਮੀ ਸਾਮਰਾਜੀ ਸਭਿਅਤਾ ਦੇ ਅੰਗ ਵਜੋਂ ਕੇਂਦਰ ਸਰਕਾਰ ਦਾ ਪਤਨ ਲਾਜ਼ਮੀ ਹੈ, ਜਿਸ ਦੇ ਪਤਨ ਵਿਚ ਖਾਲਸਾ ਰਾਜ ਦੇ ਬੀਜ ਪਏ ਹਨ। ਲੋੜ ਇਨ੍ਹਾਂ ਬੀਜਾਂ ਦੇ ਪੁੰਗਰਣ ਲਈ ਸਹਾਈ ਹਾਲਤਾਂ ਪੈਦਾ ਕਰਨ ਅਤੇ ਕੁਦਰਤ ਨਾਲ ਇਕਸੁਰ ਪੂੰਜੀ ਰਹਿਤ ਗੁਰਮੁਖ ਸਮਾਜ ਦੇ ਨਕਸ਼ ਘੜਨ ਤੇ ਸਪੱਸ਼ਟ ਕਰਨ ਦੀ ਹੈ।

# ਸਿੱਖ ਧਰਮ ਵਿਚ ਹੋ ਰਹੀਆਂ ਅਨੋਖੀਆਂ ਤਬਦੀਲੀਆਂ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਸਿੱਖਾਂ ਦੇ ਧਾਰਮਿਕ ਅਸਥਾਨ ਗੁਰਦੁਆਰਿਆਂ ਦੇ ਵਿਹੜਿਆਂ ਵਿਚ ਜੋ ਪਰਚਮ ਲਹਿਰਾਉਂਦਾ ਹੈ, ਉਸ ਨੂੰ ਅਸੀਂ ਅਦਬ ਸਹਿਤ ਨਿਸ਼ਾਨ ਸਾਹਿਬ ਆਖਦੇ ਹਾਂ। ਇਸ ਨਿਸ਼ਾਨ ਸਾਹਿਬ ਦਾ ਪੁਸ਼ਾਕਾ ਕੇਸਰੀ ਰੰਗ ਦਾ ਹੁੰਦਾ ਹੈ। ਕਿਤੇ ਕਿਤੇ ਕਿਸੇ ਗੁਰੂ ਘਰ ਦੇ ਵਿਹੜੇ ਵਿਚ ਨਿਸ਼ਾਨ ਸਾਹਿਬ 'ਤੇ ਨੀਲੇ ਰੰਗ ਦਾ ਪੁਸ਼ਾਕਾ ਵੀ ਹੁੰਦਾ ਹੈ, ਪਰ ਉਹ ਅਸਥਾਨ ਸ਼ਹੀਦ ਸਿੰਘਾਂ ਦੀ ਯਾਦ ਵਿਚ ਬਣੇ ਹੁੰਦੇ ਹਨ। ਅਕਾਲ ਤਖ਼ਤ ਅਤੇ ਹਰਿਮੰਦਰ ਸਾਹਿਬ ਤੋਂ ਲੈ ਕੇ ਸਾਰੇ ਇਤਿਹਾਸਕ ਗੁਰੂ ਅਸਥਾਨ, ਜਾਂ ਜਿੱਥੇ ਕਿਤੇ ਵੀ ਗੁਰੂ ਘਰ ਦੀ ਸਥਾਪਨਾ ਕੀਤੀ ਜਾਵੇ, ਕੇਸਰੀ ਰੰਗ ਦੇ ਹੀ ਨਿਸ਼ਾਨ ਸਾਹਿਬ ਝੂਲਦੇ ਹਨ।

ਕਿਸੇ ਵੀ ਧਰਮ ਜਾਂ ਮੁਲਕ ਦਾ ਆਪਣਾ ਝੰਡਾ ਹੁੰਦਾ ਹੈ ਅਤੇ ਹਰ ਝੰਡੇ ਦਾ ਵੱਖਰਾ ਰੰਗ ਤੇ ਚਿੰਨ੍ਹ ਹੁੰਦਾ ਹੈ ਜੋ ਉਸ ਧਰਮ ਜਾਂ ਮੁਲਕ ਦੀ ਪਛਾਣ ਕਰਵਾਉਂਦਾ ਹੈ। ਸਿੱਖ ਧਰਮ ਦਾ ਨਿਸ਼ਾਨ ਸਾਹਿਬ ਅੱਜ ਦੁਨੀਆਂ ਭਰ ਦੇ ਗੁਰ ਅਸਥਾਨਾਂ ਵਿਚ ਬੜੀ ਸ਼ਾਨ ਨਾਲ ਲਹਿਰਾ ਰਿਹਾ ਹੈ। ਸਿੱਖੀ ਵਿਚ ਇਕ ਹੋਰ ਪਿਰਤ ਹੈ ਕਿ ਨਿਸ਼ਕਾਮ ਅਤੇ ਅਣਥੱਕ ਸੇਵਾ ਕਰਨ ਵਾਲੇ ਗੁਰ ਸਿੱਖਾਂ ਨੂੰ ਗੁਰੂ ਘਰਾਂ ਵੱਲੋਂ ਸਿਰੋਪਾਉ ਦੇ ਕੇ ਸਤਿਕਾਰ ਦਿੱਤਾ ਜਾਂਦਾ ਹੈ ਅਤੇ ਉਸ ਸਿਰੋਪਾਉ ਵਾਲੇ ਸਵਾ ਦੋ ਜਾਂ ਢਾਈ ਗਜ਼ ਕੱਪੜੇ ਦਾ ਰੰਗ ਵੀ ਕੇਸਰੀ ਹੁੰਦਾ ਹੈ, ਪਰ ਹੁਣ ਸਿਰੋਪਾਉ, ਸੇਵਾ ਕਰਨ ਵਾਲਿਆਂ ਨੂੰ ਨਹੀਂ ਦਿੱਤੇ ਜਾਂਦੇ; ਹੁਣ ਬਹੁਤੀ ਵਾਰ ਕੁਰਸੀ ਜਾਂ ਪਾਰਟੀ ਵੇਖ ਕੇ ਜਾਂ ਮਾਇਆ ਚੜ੍ਹਾਉਣ ਵਾਲਿਆਂ ਨੂੰ ਹੀ ਦਿੱਤੇ ਜਾਂਦੇ ਹਨ। ਇਸ ਤੋਂ ਬਗੈਰ ਮੈਂ ਕਦੀ ਗੁਰੂ ਘਰ ਵਿਚ ਕੋਈ ਐਸੀ ਚੀਜ਼ ਨਹੀਂ ਵੇਖੀ ਜੋ ਪੱਕੇ ਤੌਰ 'ਤੇ ਕਿਸੇ ਰੰਗ ਨਾਲ ਜੁੜੀ ਹੋਈ ਹੋਵੇ।

ਅੱਜ ਵੀ ਹਰਿਮੰਦਰ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਮੇਂ ਸ਼ਬਦ ਗੁਰੂ ਉਪਰ ਜੋ ਰੁਮਾਲੇ ਦਿੱਤੇ ਜਾਂਦੇ ਹਨ, ਉਨ੍ਹਾਂ ਵਿਚ ਹਰ ਰੰਗ ਹੀ ਸ਼ਾਮਿਲ ਹੁੰਦਾ ਹੈ। ਇਸੇ ਤਰ੍ਹਾਂ ਹੀ ਪ੍ਰਕਾਸ਼ ਸਥਾਨ 'ਤੇ ਲਾਈ ਜਾਣ ਚਾਂਦਨੀ ਦਾ ਵੀ ਕੋਈ ਇਕ ਰੰਗ ਨਿਸ਼ਚਿਤ ਨਹੀਂ। ਪਰ ਪਿਛਲੇ ਕੁਝ ਸਮੇਂ ਤੋਂ ਜੋ ਨਿਆਰਾਪਣ ਵੇਖਣ ਨੂੰ ਮਿਲ ਰਿਹਾ ਹੈ, ਉਹ ਇਹ ਹੈ ਕਿ ਚੌਰ ਦਾ ਰੰਗ ਚਿੱਟੇ ਤੋਂ ਕੇਸਰੀ ਰੰਗ ਹੋ ਗਿਆ ਹੈ।

ਕੋਈ ਦੋ ਕੁ ਸਾਲ ਪਹਿਲਾਂ ਇਕ ਗੁਰੂ ਘਰ ਵਿਚ ਕੀਰਤਨ ਕਰਨ ਲਈ ਗਏ ਤਾਂ ਜਦੋਂ ਸ਼ਬਦ ਗੁਰੂ ਦੀ ਤਾਬਿਆ ਬੈਠੇ ਸਿੰਘ ਨੂੰ ਕੇਸਰੀ ਰੰਗ ਦਾ ਚੌਰ ਕਰਦੇ ਵੇਖਿਆ ਤਾਂ ਹੈਰਾਨੀ ਦੀ ਹੱਦ ਨਾ ਰਹੀ। ਪਰ ਹੁਣ ਤਾਂ ਤਕਰੀਬਨ ਹਰ ਗੁਰੂ ਘਰ ਵਿਚ ਹੀ ਕੇਸਰੀ ਰੰਗ ਦੇ ਚੌਰ ਝੁਲਾਏ ਜਾ ਰਹੇ ਹਨ। ਸਮਝ ਨਹੀਂ ਆਈ ਕਿ ਇਸ ਦਾ ਪਿਛੋਕੜ ਕੀ ਹੈ? ਤੇ ਇਸ ਦੇ ਪਿੱਛੇ ਕੀ ਸਿਆਸਤ ਹੈ? ਉਂਜ, ਜਦ ਵੀ ਕਦੀ ਚਿੱਟੇ ਚੌਰ ਦੀ ਥਾਂ ਕੇਸਰੀ ਚੌਰ ਵੇਖਦੀ ਹਾਂ ਤਾਂ ਮਨ ਅੰਦਰ ਉਥਲ-ਪੁਥਲ ਮਚ ਜਾਂਦੀ ਹੈ। ਮੈਂ ਜਨਮ ਤੋਂ ਲੈ ਕੇ ਗੁਰੂ ਘਰ ਦੀ ਸੇਵਾ ਨਾਲ ਜੁੜੀ ਰਹੀ ਹਾਂ, ਆਪਣੇ ਜੀਵਨ ਵਿਚ ਸਦਾ ਚਿੱਟੇ ਚੌਰ ਹੀ ਵੇਖੇ ਹਨ। ਗੁਰੂ ਕਾਲ ਤੋਂ ਹੀ ਚਲੀਆਂ ਆ ਰਹੀਆਂ ਮਰਿਆਦਾਵਾਂ ਬਦਲ ਕੇ ਆਪਣੇ ਹਿੱਤਾਂ ਖਾਤਰ ਅਤੇ ਆਪਣੇ ਮਤ ਦੀ ਦੁਰਵਰਤੋਂ ਕਰ ਕੇ ਧਾਰਮਕ ਚੀਜ਼ਾਂ ਤੇ ਰੰਗਾਂ ਵਿਚ ਅਦਲਾ-ਬਦਲੀ ਕਰ ਦੇਣਾ; ਤੇ ਜਾਂ ਕਿਸੇ ਇਕ ਰੰਗ ਨੂੰ ਹੀ ਗੁਰੂ ਦਾ ਰੰਗ ਪ੍ਰਚਾਰ ਕੇ ਇਸ ਸਰਬ ਸਾਂਝੇ ਧਰਮ ਨੂੰ ਕੱਟੜਤਾ ਦੀਆਂ ਕੰਧਾਂ ਵਿਚ ਕੈਦ ਕਰਨ ਦੀਆਂ ਚਾਲਾਂ ਪਿਛੇ ਕੋਈ ਗਹਿਰੀ ਸਾਜ਼ਿਸ਼ ਹੀ ਕੰਮ ਕਰਦੀ ਹੈ ਜਾਂ ਇਹ ਸਿਰਫ ਸਾਡੀ ਮੂੜ ਮੱਤ ਹੈ, ਪਤਾ ਨਹੀਂ ਲੱਗਾ।

ਬਚਪਨ ਤੋਂ ਹੀ ਦੇਖਦੇ ਆ ਰਹੇ ਹਾਂ ਕਿ ਨੀਲਾ ਰੰਗ ਤੇ ਨੀਲੀਆਂ ਦਸਤਾਰਾਂ ਅਕਾਲੀ ਪਾਰਟੀ ਨਾਲ ਜੁੜੀਆਂ ਹੋਈਆਂ ਹਨ। ਪਿੰਡਾਂ ਵਿਚ ਤਾਂ ਨੀਲੀ ਦਸਤਾਰ ਸਜਾਉਣ ਵਾਲੇ ਨੂੰ ਜਥੇਦਾਰ ਜਾਂ ਅਕਾਲੀ ਸਿੰਘ ਆਖ ਕੇ ਹੀ ਸਾਰੇ ਬੁਲਾਉਂਦੇ ਸਨ। ਗ੍ਰੰਥੀ, ਕੀਰਤਨੀਏ, ਪ੍ਰਚਾਰਕ, ਢਾਡੀ ਅਤੇ ਪ੍ਰਬੰਧਕ ਚਿੱਟੀਆਂ ਜਾਂ ਨੀਲੀਆਂ ਦਸਤਾਰਾਂ ਸਜਾ ਲੈਂਦੇ ਸਨ, ਪਰ ਹੁਣ ਤਾਂ ਚਲ ਸੋ ਚਲ ਹੈ। ਜਥੇਦਾਰ ਸਾਹਿਬ ਤੋਂ ਲੈ ਕੇ ਮੰਤਰੀ-ਸੰਤਰੀ, ਗੁਰੂ ਘਰਾਂ ਦੇ ਗ੍ਰੰਥੀ ਕੀਰਤਨੀਏ, ਪ੍ਰਚਾਰਕ ਤੇ ਪ੍ਰਬੰਧਕ ਸਭ ਕੇਸਰੀ ਰੰਗ ਵਿਚ ਰੰਗੇ ਜਾ ਰਹੇ ਹਨ। ਹੁਣ ਤਾਂ ਨਗਰ ਕੀਰਤਨਾਂ ਤੋਂ ਪਹਿਲਾਂ ਟੈਲੀਵਿਜ਼ਨਾਂ 'ਤੇ ਆਮ ਹੀ ਸੰਗਤਾਂ ਨੂੰ ਖਾਸ ਸੁਨੇਹੇ ਦਿੱਤੇ ਜਾਂਦੇ ਹਨ ਕਿ ਸਾਰੇ ਹੀ ਬਜ਼ੁਰਗ ਅਤੇ ਨੌਜਵਾਨ ਸਿੰਘ ਕੇਸਰੀ ਦਸਤਾਰਾਂ ਸਜਾ ਕੇ ਅਤੇ ਮਾਈਆ ਬੀਬੀਆਂ ਕੇਸਰੀ ਦੁਪੱਟੇ ਲੈ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਣ। ਇਸ ਦੇ ਬਾਵਜੂਦ ਬਹੁਤ ਥੋੜ੍ਹੇ ਲੋਕਾਂ ਨੂੰ ਛੱਡ ਕੇ ਸਭ ਸੰਗਤਾਂ ਆਪਣੀ ਮਰਜ਼ੀ ਦੇ ਰੰਗਾਂ ਦੀਆਂ ਦਸਤਾਰਾਂ ਅਤੇ ਦੁਪੱਟੇ ਲੈ ਕੇ ਨਗਰ ਕੀਰਤਨਾਂ ਵਿਚ ਪਹੁੰਚਦੀਆਂ ਹਨ।

ਇਕ ਗੱਲ ਹੋਰ। ਪਹਿਲਾਂ ਪੰਜ ਪਿਆਰਿਆਂ ਦੇ ਪੁਸ਼ਾਕੇ ਵੀ ਸਫੈਦ ਚੋਲੇ, ਨੀਲੀ ਦਸਤਾਰ ਅਤੇ ਨੀਲੇ ਕਮਰਕੱਸੇ ਹੀ ਹੁੰਦੇ ਸਨ, ਪਰ ਹੁਣ ਪੰਜ ਪਿਆਰਿਆਂ ਦੇ ਪੁਸ਼ਾਕੇ ਅਤੇ ਦਸਤਾਰਾਂ ਦਾ ਰੰਗ ਕੇਸਰੀ ਹੋ ਗਿਆ ਹੈ। 'ਪੰਜਾਬ ਟਾਈਮਜ਼' ਦੇ ਬਹੁਤ ਸਾਰੇ ਪਾਠਕ ਜਦ ਫੋਨ ਕਰ ਕੇ ਇਸ ਕਲਮ ਦੀ ਹੌਂਸਲਾ-ਅਫ਼ਜ਼ਾਈ ਕਰਦੇ ਹਨ ਤਾਂ ਇਹੋ ਜਿਹੇ ਮਸਲਿਆਂ 'ਤੇ ਵਿਚਾਰ ਵੀ ਕਰ ਲੈਂਦੇ ਹਨ। ਬਹੁਤ ਪਾਠਕਾਂ ਨੇ ਇਹ ਸਵਾਲ ਵੀ ਕੀਤਾ ਹੈ ਕਿ ਸਿੱਖ ਧਰਮ ਅੰਦਰ ਇੰਨੀ ਵੱਡੀ ਤਬਦੀਲੀ ਕਿਵੇਂ ਤੇ ਕਿਸ ਕਰ ਕੇ ਕੀਤੀ ਜਾ ਰਹੀ ਹੈ ਕਿ ਸੰਗਤ ਕੇਸਰੀ ਪੁਸ਼ਾਕੇ ਪਾ ਲਵੇ! ਸਦੀਆਂ ਤੋਂ ਗੁਰੂ ਜੀ ਦੇ ਚੌਰ ਦਾ ਰੰਗ ਸਫੈਦ, ਚਿੱਟਾ ਨਿਰਮਲ ਅਤੇ ਉਜਲਾ ਸਹਿਜ ਸੁਹਜ ਅਤੇ ਸਾਦਗੀ ਦਾ ਪ੍ਰਤੀਕ ਰੰਗ ਕੇਸਰੀ ਵਿਚ ਕਿਵੇਂ ਤਬਦੀਲ ਹੋ ਗਿਆ ਹੈ? ਕੀ ਇਸ ਬਾਰੇ ਕੋਈ ਗੁਰਮਤਾ ਪਾਸ ਕੀਤਾ ਗਿਆ? ਜਾਂ ਇਸ ਬਾਰੇ ਤਖਤਾਂ ਦੇ ਜਥੇਦਾਰ ਸਾਹਿਬਾਨ ਵੱਲੋਂ ਕੋਈ ਫੈਸਲਾ ਕੀਤਾ ਗਿਆ ਹੈ? ਜਾਂ ਸਮੁੱਚੇ ਸਿੱਖ ਜਗਤ ਕੋਲੋਂ ਇਸ ਦੀ ਪ੍ਰਵਾਨਗੀ ਲਈ ਗਈ ਹੈ? ਜਾਂ ਇਸ ਦੇ ਪਿੱਛੇ ਵੀ ਆਰ.ਐਸ.ਐਸ. ਦਾ ਦਿਮਾਗ ਹੀ ਕੰਮ ਕਰ ਰਿਹਾ ਹੈ?

ਜੋ ਵੀ ਹੈ, ਰੱਬ ਦਾ ਵਾਸਤਾ ਜੇ! ਗੁਰੂ ਨਾਨਕ ਪਾਤਸ਼ਾਹ ਦੇ ਘਰ ਵਿਚ ਮਨਮਤ ਦੀਆਂ ਸੰਨ੍ਹਾਂ ਨਾ ਲਾਵੋ ਅਤੇ ਡਰੋ ਰੱਬ ਤੋਂ; ਡਰੋ ਗੁਰੂ ਤੋਂ। ਪਹਿਲਾਂ ਗੁਰੂ ਦੀ ਸਿੱਖਿਆ ਲੈਣ ਵਾਲੇ ਤਾਂ ਬਣ ਜਾਈਏ, ਕਿਤੇ ਰਾਮ ਰਾਇ ਵਾਂਗ ਆਪਣੀ ਹੈਂਕੜ ਅਤੇ ਚੌਧਰ ਲਈ 'ਮਿੱਟੀ ਬੇਈਮਾਨ ਕੀ' ਵਾਲੇ ਧੀਰਮੱਲੀਏ ਹੀ ਨਾ ਬਣ ਬੈਠੀਏ! ਅੱਜ ਸਾਨੂੰ ਆਪਣੇ ਹਉਮੈ ਅਤੇ ਹੰਕਾਰ ਦੇ ਘੋੜੇ ਦੀਆਂ ਲਗਾਮਾਂ ਕੱਸ ਕੇ ਨਿਮਰਤਾ ਅਤੇ ਹਲੀਮੀ ਵਾਲੇ ਬਣਨਾ ਪਵੇਗਾ।

# ਸਭੈ ਸਾਂਝੀਵਾਲ ਸਦਾਇਨ (2)



ਡਾ. ਗੁਰਨਾਮ ਕੌਰ, ਕੈਨੇਡਾ

ਸਿੱਖ ਧਰਮ ਦਰਸ਼ਨ ਅਨੁਸਾਰ ਪਰਮ ਸਤਿ ਨਿਰਭੈ ਅਤੇ ਨਿਰਵੈਰ ਹੈ। ਇਸ ਦਾ ਅਰਥ ਹੈ ਕਿ ਪਰਮ ਹਸਤੀ ਨੂੰ ਕਿਸੇ ਦਾ ਭੈ ਨਹੀਂ ਹੈ ਅਤੇ ਨਾ ਹੀ ਉਸ ਨੂੰ ਕਿਸੇ ਨਾਲ ਵੈਰ ਹੈ। ਭੈ ਅਤੇ ਵੈਰ ਉਸ ਪਰਮ ਹਸਤੀ ਦੇ ਸੁਭਾਉ ਦਾ ਹਿੱਸਾ ਨਹੀਂ ਹਨ। ਗੁਰਮਤਿ ਅਨੁਸਾਰ ਜਿਸ ਕਿਸਮ ਦੇ ਇਸ਼ਟ ਦੀ ਮਨੁੱਖ ਸੇਵਾ ਕਰਦਾ ਹੈ, ਜਿਸ ਕਿਸਮ ਦੇ ਇਸ਼ਟ ਨੂੰ ਮਨੁੱਖ ਧਿਆਉਂਦਾ ਹੈ, ਉਹੋ ਜਿਹਾ ਹੀ ਉਸ ਦਾ ਵਿਅਕਤਿਤਵ ਘੜਿਆ ਜਾਂਦਾ ਹੈ।

ਗੁਰਮਤਿ ਵਿਚ ਜਗਿਆਸੂ ਨੂੰ ਆਪਣੇ ਇਸ਼ਟ ਵਰਗੇ ਗੁਣ ਉਸ ਦੇ ਨਾਮ ਸਿਮਰਨ ਅਤੇ ਗੁਰੂ ਦੀ ਸਿੱਖਿਆ ਰਾਹੀਂ ਆਪਣੇ ਅੰਦਰ ਪੈਦਾ ਕਰਨ ਦਾ ਆਦੇਸ਼ ਹੈ। ਪੰਚਮ ਪਾਤਸ਼ਾਹ ਹਜ਼ੂਰ ਕਹਿੰਦੇ ਹਨ ਕਿ ਉਹ ਸਮਾਂ ਅਤੇ ਮੌਸਮ ਸਭ ਤੋਂ ਸੁਹਣਾ ਹੈ ਜਿਸ ਵਿਚ ਉਸ ਪਰਵਰਦਗਾਰ ਨੂੰ ਯਾਦ ਕੀਤਾ ਜਾਂਦਾ ਹੈ, ਉਸ ਦਾ ਨਾਮ ਸਿਮਰਿਆ ਜਾਂਦਾ ਹੈ। ਉਹ ਕੰਮ ਜਾਂ ਕਾਰਜ ਸਭ ਤੋਂ ਉਚਾ ਹੈ ਜੋ ਪਰਮਾਤਮਾ ਦੀ ਸੇਵਾ ਵਿਚ ਕੀਤਾ ਜਾਂਦਾ ਹੈ। ਉਹ ਦਿਲ ਸਭ ਤੋਂ ਸੁਖਦਾਈ ਹੈ ਜਿਸ ਵਿਚ ਸਿਰਜਣਹਾਰ ਅਕਾਲ ਪੁਰਖ ਦਾ ਨਿਵਾਸ ਹੈ। ਅਕਾਲ ਪੁਰਖ ਸਭ ਦਾ ਦਾਤਾ ਹੈ, ਸਭ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਹੈ, ਸਭ ਦਾ ਸਾਂਝਾ ਪਿਤਾ ਹੈ ਕਿਉਂਕਿ ਸਭ ਨੂੰ ਜੀਵਨਦਾਨ ਦੇਣ ਵਾਲਾ ਉਹੀ ਹੈ। ਉਹ ਬੇਅੰਤ ਦਾਤਾਂ ਦਾ ਭੰਡਾਰ ਹੈ, ਜਿਨ੍ਹਾਂ ਨੂੰ ਉਹ ਆਪਣੇ ਨਾਮ ਦਾ ਖਜ਼ਾਨਾ ਬਖਸ਼ਿਸ਼ ਕਰਦਾ ਹੈ, ਉਨ੍ਹਾਂ ਦੀ ਭੁੱਖ ਅਤੇ ਪਿਆਸ ਸਦਾ ਸਦਾ ਲਈ ਤ੍ਰਿਪਤ ਹੋ ਜਾਂਦੀ ਹੈ ਅਤੇ ਉਹ ਪਰਮਾਤਮਾ ਦੇ ਸੱਚੇ ਭਗਤ ਬਣ ਜਾਂਦੇ ਹਨ। ਅਜਿਹੇ ਭਗਤ ਆਪਣੀਆਂ ਸਾਰੀਆਂ ਆਸਾਂ ਅਤੇ ਉਮੀਦਾਂ ਦੀ ਟੇਕ ਉਸ ਇੱਕ ਅਕਾਲ ਪੁਰਖ 'ਤੇ ਟਿਕਾ ਦਿੰਦੇ ਹਨ ਕਿਉਂਕਿ ਉਹ ਸਾਰਿਆਂ ਵਿਚ ਵੱਸ ਰਿਹਾ ਹੈ। ਸਭ ਉਸ ਇੱਕ ਅਕਾਲ ਪੁਰਖ ਦਾ ਹਿੱਸਾ ਹਨ, ਉਹ ਸਭ ਅੰਦਰ ਵਿਆਪਕ ਹੈ, ਇਸ ਲਈ ਉਹ ਕਿਸੇ ਲਈ ਵੀ 'ਦੂਸਰਾ' ਨਹੀਂ ਹੈ। ਜਿਹੜੇ ਜੀਵ ਗੁਰੂ ਦੀ ਸਿੱਖਿਆ ਅਨੁਸਾਰ ਚੱਲਦੇ ਹਨ, ਉਹ ਉਨ੍ਹਾਂ ਸਾਰਿਆਂ ਨੂੰ ਮੁਕਤ ਕਰ ਦਿੰਦਾ ਹੈ। ਇਹ ਸਾਰਾ ਦਿਸਦਾ ਸੰਸਾਰ ਉਸੇ ਦਾ ਖੇਲ੍ਹ ਹੈ,

ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ॥  
ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ॥  
ਸੋ ਰਿਦਾ ਸੁਹੇਲਾ ਜਿਤੁ ਰਿਦੈ  
ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ॥  
ਤੂੰ ਸਾਂਝਾ ਸਾਹਿਬੁ ਬਾਪੁ ਹਮਾਰਾ॥  
ਨਉ ਨਿਧਿ ਤੇਰੈ ਅਖੁਟ ਭੰਡਾਰਾ॥  
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ  
ਸੋਈ ਭਗਤੁ ਤੁਮਾਰਾ ਜੀਉ॥2॥  
(ਪੰਨਾ 97)

ਗੁਰੂ ਅਰਜਨ ਦੇਵ ਅੱਗੇ ਫਰਮਾਉਂਦੇ ਹਨ ਕਿ ਉਸ ਦੇ ਭਗਤ, ਉਸ ਦੇ ਹੁਕਮ ਵਿਚ ਵਿਚਰਦੇ ਹਨ ਅਤੇ ਜੋ ਦਾਤਾਂ ਉਹ ਦਿੰਦਾ ਹੈ ਉਹੀ ਪਾ ਲੈਂਦੇ ਹਨ। ਉਹ ਗਰੀਬਾਂ, ਅਨਾਥਾਂ ਦੀ ਸਹਾਇਤਾ ਕਰਦਾ ਹੈ ਅਤੇ ਉਨ੍ਹਾਂ ਨੂੰ ਆਸਰਾ ਦਿੰਦਾ ਹੈ ਅਰਥਾਤ ਨਿਥਾਵਿਆਂ ਦਾ ਥਾਂਵ ਅਤੇ ਨਿਮਾਣਿਆਂ ਦਾ ਮਾਣ ਹੈ। ਸਭ ਕੁੱਝ ਉਹ ਪਰਮਾਤਮਾ ਆਪ ਹੀ ਆਪ ਹੈ, ਉਸ ਤੋਂ ਬਿਨਾਂ ਕੋਈ ਹੋਰ ਦੂਸਰਾ ਨਹੀਂ ਹੈ। ਗੁਰੂ ਅਰਜਨ ਦੇਵ ਅਨੁਸਾਰ ਜਿਹੜੇ ਉਸ ਪਰਮਾਤਮਾ ਨਾਲ ਜੁੜੇ ਹੋਏ ਹਨ, ਉਹ ਹੀ ਦੂਸਰਿਆਂ ਨੂੰ ਪ੍ਰੇਮ ਕਰਦੇ ਹਨ ਅਤੇ ਸਭ ਨੂੰ ਆਪਣਾ ਮਿੱਤਰ ਸਮਝਦੇ ਹਨ। ਕਹਿਣ ਤੋਂ ਭਾਵ ਹੈ ਕਿ ਅਜਿਹੇ ਗੁਰਮੁਖਾਂ ਅੰਦਰ ਕੋਈ ਦੂਈ ਜਾਂ ਦਵੈਤ ਨਹੀਂ ਹੈ, ਉਨ੍ਹਾਂ ਲਈ ਸਭ ਆਪਣੇ ਹਨ। ਅਜਿਹੀ ਦਸ਼ਾ ਵਿਚ ਉਨ੍ਹਾਂ ਦਾ ਮਨ ਸਹਿਜ ਅਵਸਥਾ ਵਿਚ ਟਿਕਿਆ ਰਹਿੰਦਾ ਹੈ ਅਤੇ ਉਨ੍ਹਾਂ ਦੀ ਹਰ ਤਰ੍ਹਾਂ ਦੀ ਚਿੰਤਾ ਮਿਟ ਜਾਂਦੀ ਹੈ। ਪਰਮਾਤਮਾ ਵਿਚ ਲੀਨ ਹੋ ਕੇ ਉਹ ਮੁਕਤ ਹੋ ਜਾਂਦੇ ਹਨ,

ਹਰਿ ਸਿਉ ਜੁਰੈ ਤ ਸਭੁ ਕੋ ਮੀਤੁ॥  
ਹਰਿ ਸਿਉ ਜੁਰੈ ਤ ਨਿਹਚਲ ਚੀਤੁ॥  
ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ॥  
ਹਰਿ ਸਿਉ ਜੁਰੈ ਤ ਹੋਇ ਨਿਸਤਾਰਾ॥1॥  
(ਪੰਨਾ 238)

ਗੁਰਮਤਿ ਅਨੁਸਾਰ ਹਉਮੈ, ਮੋਹ ਅਤੇ ਮਨ ਦੀਆਂ ਇਛਾਵਾਂ ਮਨੁੱਖ ਅੰਦਰ ਦਵੈਤ ਪੈਦਾ ਕਰਦੀਆਂ ਹਨ ਅਤੇ ਉਸ ਦੇ ਬੰਧਨ ਦਾ ਕਾਰਨ ਬਣਦੀਆਂ ਹਨ। ਗੁਰੂ ਅਰਜਨ ਦੇਵ ਆਦੇਸ਼ ਕਰਦੇ ਹਨ ਕਿ ਸਤਿ ਸੰਗਤਿ ਅਰਥਾਤ ਰੱਬ ਦੇ ਭਗਤਾਂ ਦੀ ਸੰਗਤਿ ਅਜਿਹੀ ਥਾਂ ਹੈ ਜਿਥੇ ਜਾ ਕੇ ਮਨੁੱਖ ਆਪਣੀ ਅਹੰਕਾਰੀ ਸੋਚ, ਮੋਹ ਅਤੇ ਇਛਾਵਾਂ ਦਾ ਤਿਆਗ ਕਰਨਾ ਸਿੱਖਦਾ ਹੈ। ਅਜਿਹੀ ਸੰਗਤ ਵਿਚ ਮਨੁੱਖ ਦੂਸਰਿਆਂ ਦੇ ਨੁਕਸ ਲੱਭਣ ਦੀ ਆਦਤ, ਨਿੰਦਾ-ਚੁਗਲੀ ਦਾ ਤਿਆਗ ਕਰਨਾ ਸਿੱਖਦਾ ਹੈ (ਇਹ ਸਰਬ-ਵਿਆਪਕ ਭਾਈਚਾਰਕ ਸਾਂਝ ਵੱਲ ਕਦਮ ਪੁੱਟਣਾ ਹੈ)। ਸਾਧ ਸੰਗਤਿ ਵਿਚ ਜਾ ਕੇ ਅਕਾਲ ਪੁਰਖ ਦੀ ਮਿਹਰ ਸਦਕਾ ਜਗਿਆਸੂ ਸੱਚੇ ਨਾਮ ਦੀ ਸੁਗਾਤ ਪ੍ਰਾਪਤ ਕਰਦਾ ਹੈ, ਦੁਨਿਆਵੀ ਬੰਧਨਾਂ ਤੋਂ ਉਤੇ ਉਠਣਾ ਸਿੱਖਦਾ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ ਆਦਿ ਉਸ ਦੇ ਮਨ ਵਿਚੋਂ ਦੂਰ ਹੋ ਜਾਂਦੇ ਹਨ। ਇਥੇ ਆ ਕੇ ਮਨੁੱਖ ਉਸ ਪਰਮ ਹਸਤੀ ਦੇ ਵਿਸ਼ਾਲ ਪਾਸਾਰੇ ਨੂੰ ਅਨੁਭਵ ਕਰਦਾ ਹੈ ਅਤੇ ਉਸ ਦੇ ਅੰਦਰ ਇਹ ਚੇਤਨਾ ਪੈਦਾ ਹੁੰਦੀ ਹੈ ਕਿ ਨਾ ਕੋਈ ਉਸ ਦਾ ਦੁਸ਼ਮਣ ਹੈ ਅਤੇ ਨਾ ਹੀ ਉਸ ਲਈ ਦੂਸਰਾ ਜਾਂ ਅਜਨਬੀ ਹੈ, ਉਸ ਦੀ ਸਾਰਿਆਂ ਨਾਲ ਆਤਮਕ ਸਾਂਝ ਬਣ ਜਾਂਦੀ ਹੈ।

ਗੁਰੂ ਸਾਹਿਬ ਫਰਮਾਉਂਦੇ ਹਨ ਕਿ ਹੁਣ ਸਭ ਉਨ੍ਹਾਂ ਦੇ ਮਿੱਤਰ-ਪਿਆਰੇ ਬਣ ਗਏ ਹਨ ਅਤੇ ਉਹ ਸਭ ਦੇ ਮਿੱਤਰ ਬਣ ਗਏ ਹਨ। ਇਥੇ ਇਹ ਸਪਸ਼ਟ ਕੀਤਾ ਹੈ ਕਿ ਸਾਧ ਸੰਗਤਿ ਵਿਚ ਕਿਉਂ ਕਿ ਗੁਰੂ ਦੀ ਸਿੱਖਿਆ 'ਤੇ ਚੱਲਣ ਦਾ ਵੱਲ ਆਉਂਦਾ ਹੈ, ਮਨੁੱਖ ਅੰਦਰੋਂ ਦਵੈਤ ਅਤੇ ਵੈਰ, ਬੇਗਾਨਗੀ ਦੀ ਭਾਵਨਾ ਆਦਿ ਸਭ ਖ਼ਤਮ ਹੋ ਜਾਂਦੇ ਹਨ, ਇਸ ਲਈ ਸਭ ਉਨ੍ਹਾਂ ਨੂੰ ਆਪਣੇ ਨਜ਼ਰ ਆਉਂਦੇ ਹਨ, ਕੋਈ ਮੇਰ-ਤੇਰ ਨਹੀਂ ਰਹਿੰਦੀ। ਇਹ ਹੀ ਸਰਬ-ਵਿਆਪਕ ਭਾਈਚਾਰੇ ਦੀ ਭਾਵਨਾ ਦਾ ਜਾਗਣਾ ਹੈ। ਇਹ ਚੇਤਨਾ ਸਤਿਗੁਰੂ ਦੀ ਸਿੱਖਿਆ ਤੇ ਚੱਲਿਆਂ ਪੈਦਾ ਹੁੰਦੀ ਹੈ। ਮਨੁੱਖ ਦੀ ਸੁਰਤਿ ਪਰਮਾਤਮ-ਸੁਰਤਿ ਵਿਚ ਅਭੇਦ ਹੋ ਜਾਂਦੀ ਹੈ ਅਤੇ ਮਨ ਪਰਮਾਤਮਾ ਵਿਚ ਪੂਰੀ ਤਰ੍ਹਾਂ ਲੀਨ ਹੋ ਜਾਂਦਾ ਹੈ। ਮਨ ਵਿਚੋਂ ਹਰ ਤਰ੍ਹਾਂ ਦੀ ਮੰਦੀ ਭਾਵਨਾ ਖਤਮ ਹੋ ਜਾਂਦੀ ਹੈ ਅਤੇ ਮਨ ਨਾਮ-ਅੰਮ੍ਰਿਤ ਪੀ ਕੇ ਸਰਸ਼ਾਰ ਹੋ ਜਾਂਦਾ ਹੈ। ਗੁਰੂ ਦੀ ਸਿੱਖਿਆ ਮਨ ਨੂੰ ਚੰਗੀ ਲੱਗਣ ਲੱਗ ਜਾਂਦੀ ਹੈ। ਅਜਿਹਾ ਅਨੁਭਵ ਉਦੋਂ ਹੀ ਹੁੰਦਾ ਹੈ ਜਦੋਂ ਮਨੁੱਖ ਨੂੰ ਪਰਮਾਤਮ-ਜੋਤਿ ਦੀ ਸਾਰੇ ਪਾਸੇ ਜਲ, ਥਲ ਅਤੇ ਸਾਰੀ ਰਚਨਾ ਵਿਚ ਵਿਆਪਕਤਾ ਦ੍ਰਿਸ਼ਟੀਗੋਚਰ ਹੁੰਦੀ ਹੈ,

ਕਰਿ ਕਿਰਪਾ ਦੀਓ ਮੋਹਿ ਨਾਮਾ  
ਬੰਧਨ ਤੇ ਛੁਟਕਾਏ॥  
ਮਨ ਤੇ ਬਿਸਰਿਓ ਸਗਲੋ ਧੰਧਾ  
ਗੁਰ ਕੀ ਚਰਣੀ ਲਾਏ॥1॥  
ਸਾਧਸੰਗਿ ਚਿੰਤ ਬਿਰਾਨੀ ਛਾਡੀ॥  
ਅਹੰਬੁਧਿ ਮੋਹਿ ਮਨ ਬਾਸਨ ਦੇ  
ਕਰਿ ਗਡਹਾ ਗਾਡੀ॥1॥ਰਹਾਉ॥  
ਨਾ ਕੋ ਮੇਰਾ ਦੁਸਮਨੁ ਰਹਿਆ  
ਨਾ ਹਮ ਕਿਸ ਕੇ ਬੈਰਾਈ॥  
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ  
ਸਤਿਗੁਰ ਤੇ ਸੋਝੀ ਪਾਈ॥2॥  
ਸਭੁ ਕੋ ਮੀਤੁ ਹਮ ਆਪਨ ਕੀਨਾ  
ਹਮ ਸਭਨਾ ਕੇ ਸਾਜਨ॥  
ਦੂਰਿ ਪਰਾਇਓ ਮਨ ਕਾ ਬਿਰਹਾ  
ਤਾ ਮੇਲੁ ਕੀਓ ਮੇਰੈ ਰਾਜਨ॥3॥  
ਬਿਨਸਿਓ ਢੀਠਾ ਅੰਮ੍ਰਿਤੁ ਵੂਠਾ  
ਸਬਦੁ ਲਗੋ ਗੁਰ ਮੀਠਾ॥  
ਜਲਿ ਥਲਿ ਮਹੀਅਲਿ ਸਰਬ ਨਿਵਾਸੀ  
ਨਾਨਕ ਰਮਈਆ ਡੀਠਾ॥4॥3॥  
(ਪੰਨਾ 671)

ਇਸੇ ਸਿਧਾਂਤ ਨੂੰ ਗੁਰੂ ਅਰਜਨ ਦੇਵ ਵਾਰ ਵਾਰ ਦ੍ਰਿੜ ਕਰਾਉਂਦੇ ਹੋਏ ਰਾਗ ਕਾਨੜਾ ਵਿਚ (ਪੰਨਾ 1299) ਫਰਮਾਉਂਦੇ ਹਨ ਕਿ ਗੁਰੂ ਦੀ ਸੰਗਤਿ ਪ੍ਰਾਪਤ ਕਰਨ ਨਾਲ ਮਨੁੱਖ ਦੇ ਮਨ ਵਿਚੋਂ ਦੂਸਰਿਆਂ ਪ੍ਰਤੀ ਈਰਖਾ ਭਾਵਨਾ, ਦੂਸਰਿਆਂ ਨੂੰ ਸੁਖੀ ਦੇਖ ਕੇ ਮਨ ਅੰਦਰੋਂ ਸੜਨ ਦੀ ਭਾਵਨਾ ਖਤਮ ਹੋ ਜਾਂਦੀ ਹੈ। ਇਹ ਮਾੜੀ ਆਦਤ ਗੁਰੂ ਦੀ ਸੰਗਤਿ ਵਿਚ ਛੁੱਟ ਜਾਂਦੀ ਹੈ, ਭੁੱਲ ਜਾਂਦੀ ਹੈ (ਜਦੋਂ ਮਨੁੱਖ ਦੇ ਮਨ ਵਿਚੋਂ ਅਜਿਹੀ ਭਾਵਨਾ ਖਤਮ ਹੋ ਜਾਂਦੀ ਹੈ ਤਾਂ ਕੁਦਰਤੀ ਹੈ ਕਿ ਮਨ ਦੂਸਰਿਆਂ ਪ੍ਰਤੀ ਸਾਫ ਹੋ ਜਾਂਦਾ ਹੈ)। ਜਦੋਂ ਮਨ ਸਾਫ ਹੋ ਜਾਂਦਾ ਹੈ ਤਾਂ ਮਨ ਵਿਚੋਂ ਹਰ ਤਰ੍ਹਾਂ ਦਾ ਵੈਰ-ਵਿਰੋਧ ਖ਼ਤਮ ਹੋ ਜਾਂਦਾ ਹੈ। ਫਿਰ ਨਾ ਇਨਸਾਨ ਨੂੰ ਆਪਣਾ ਕੋਈ ਵੈਰੀ ਲਗਦਾ ਹੈ ਅਤੇ ਨਾ ਹੀ ਓਪਰਾ ਲਗਦਾ ਹੈ ਅਰਥਾਤ ਸਾਰਿਆਂ ਨਾਲ ਆਪਣੇਪਨ ਦੀ ਭਾਵਨਾ ਪੈਦਾ ਹੋ ਜਾਂਦੀ ਹੈ, ਅਪਣੱਤ ਜਾਗ ਪੈਂਦੀ ਹੈ। ਜਦੋਂ ਕਿਸੇ ਨਾਲ ਵੈਰ ਹੀ ਨਾ ਰਿਹਾ ਫਿਰ ਸਭਨਾਂ ਨਾਲ ਪਿਆਰ ਬਣ ਆਉਂਦਾ ਹੈ। ਇਸ ਤਰ੍ਹਾਂ ਦੀ ਚੇਤਨਾ ਪੈਦਾ ਹੋਣ ਨਾਲ ਪਰਮਾਤਮਾ ਦੇ ਭਾਣੇ ਵਿਚ ਚੱਲਣ ਦੀ ਜਾਚ ਆ ਜਾਂਦੀ ਹੈ ਅਤੇ ਪਰਮਾਤਮਾ ਜੋ ਕੁੱਝ ਕਰਦਾ ਹੈ, ਉਸ ਵਿਚ ਜੀਵਾਂ ਦਾ ਭਲਾ ਹੀ ਨਜ਼ਰ ਆਉਂਦਾ ਹੈ। ਇਸ ਕਿਸਮ ਦੀ ਚੰਗੀ ਅਕਲ (ਦੂਸਰਿਆਂ ਪ੍ਰਤੀ ਈਰਖਾ, ਦਵੈਸ਼, ਵੈਰ-ਵਿਰੋਧ ਤੋਂ ਮੁਕਤ ਹੋਣਾ) ਗੁਰੂ ਦੀ ਸਿੱਖਿਆ ਵਿਚੋਂ ਪ੍ਰਾਪਤ ਹੁੰਦੀ ਹੈ। ਸਾਧ ਸੰਗਤਿ ਨਾਲ ਮਿਲਿਆਂ ਇਹ ਸੋਝੀ ਪੈਦਾ ਹੁੰਦੀ ਹੈ ਕਿ ਹਰ ਇੱਕ ਵਿਚ ਉਹ ਪਰਮਾਤਮ-ਜੋਤਿ ਜਗ ਰਹੀ ਹੈ, ਉਹ ਹਰ ਇੱਕ ਵਿਚ ਵੱਸ ਰਿਹਾ ਹੈ। ਇਹ ਸੋਚ ਜਦੋਂ ਪੈਦਾ ਹੋ ਜਾਂਦੀ ਤਾਂ ਮਨ ਅਨੰਦਿਤ ਹੋ ਜਾਂਦਾ ਹੈ।

ਸਿੱਖ ਧਰਮ ਚਿੰਤਨ ਇੱਕ ਜੀਵਨ-ਜਾਚ ਹੈ ਜੋ ਮਨੁੱਖ ਨੂੰ ਦੱਸਦਾ ਹੈ ਕਿ ਬਾਣੀ ਵਿਚ ਦੱਸੇ ਸਿਧਾਂਤਾਂ ਨੂੰ ਦੁਨੀਆਂ ਵਿਚ ਰਹਿੰਦਿਆਂ ਅਮਲੀ ਰੂਪ ਕਿਸ ਤਰ੍ਹਾਂ ਦੇਣਾ ਹੈ, ਕਿਵੇਂ ਉਨ੍ਹਾਂ ਦਾ ਅਨੁਭਵ ਕਰਨਾ ਹੈ। ਇਸ ਆਦਰਸ਼ ਦੀ ਪ੍ਰਾਪਤੀ ਲਈ ਗੁਰੂ ਨਾਨਕ ਪਾਤਸ਼ਾਹ ਨੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਅਮਲੀ ਰਸਤਾ ਦੱਸਿਆ। ਜਦੋਂ ਮਨੁੱਖ ਆਪਣੇ ਹੱਥੀਂ ਸੁੱਚੀ, ਈਮਾਨਦਾਰੀ ਦੀ ਕਿਰਤ ਕਰ ਕੇ ਆਪਣਾ ਜੀਵਨ ਨਿਰਬਾਹ ਕਰਦਾ ਹੈ ਤਾਂ ਦੂਸਰਿਆਂ ਦੇ ਸੋਸ਼ਣ ਦੀ ਸੰਭਾਵਨਾ ਖਤਮ ਹੋ ਜਾਂਦੀ ਹੈ। ਵੰਡ ਛਕਣ ਦਾ ਅਰਥ ਹੈ ਕਿ ਆਪਣੀ ਕਿਰਤ ਕਮਾਈ ਵਿਚੋਂ ਲੋੜਵੰਦਾਂ ਦੀ ਮੱਦਦ ਕਰਨਾ। ਇਸ ਨਾਲ ਦੂਸਰਿਆਂ ਪ੍ਰਤੀ ਹਮਦਰਦੀ ਅਤੇ ਪ੍ਰੇਮ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਵੈਰ-ਵਿਰੋਧ, ਦਵੈਤ ਦੀ ਭਾਵਨਾ ਮਨ ਵਿਚੋਂ ਦੂਰ ਹੁੰਦੀ ਹੈ। ਤੀਸਰਾ ਹੈ, ਨਾਮ ਜਪਣਾ। ਨਾਮ ਜਪਣਾ ਕੋਈ ਤੋਤੇ-ਰਟਣੀ ਨਹੀਂ (ਜਿਵੇਂ ਅੱਜ ਕਲ੍ਹ ਸੰਤ-ਬਾਬੇ ਜਪਣ ਲਈ ਗੁਰਮੰਤਰ ਦਿੰਦੇ ਹਨ)। ਨਾਮ ਜਪਣ ਦਾ ਅਰਥ ਹੈ ਉਸ ਅਕਾਲ ਪੁਰਖ ਦੇ ਗੁਣਾਂ ਦਾ ਵਾਰ ਵਾਰ ਸਿਮਰਨ ਕਰਨਾ ਅਤੇ ਮਨ ਵਿਚ ਵਸਾਉਣਾ। ਜਦੋਂ ਮਨੁੱਖ ਕਿਸੇ ਗੁਣ ਨੂੰ ਵਾਰ ਵਾਰ ਯਾਦ ਕਰਦਾ ਹੈ ਤਾਂ ਉਹ ਉਸ ਦੇ ਮਨ ਵਿਚ ਵੱਸ ਜਾਂਦਾ ਹੈ ਅਤੇ ਉਸ ਦੇ ਵਿਅਕਤਿਤਵ ਦਾ ਹਿੱਸਾ ਬਣ ਜਾਂਦਾ ਹੈ। ਇਹ ਸਿਧਾਂਤ ਜੀਵਾਂ ਨੂੰ ਆਪਸ ਵਿਚ ਜੋੜਦਾ ਹੈ, ਉਨ੍ਹਾਂ ਦੇ ਅੰਦਰੋਂ ਵੈਰ-ਵਿਰੋਧ ਨੂੰ ਖ਼ਤਮ ਕਰਦਾ ਹੈ।

ਗੁਰੂ ਸਾਹਿਬ ਨੇ ਇਸ ਸਿਧਾਂਤ ਦਾ ਉਦੋਂ ਅਮਲੀ ਪ੍ਰਕਾਸ਼ਨ ਕੀਤਾ ਜਦੋਂ ਚਾਰੇ ਦਿਸ਼ਾਵਾਂ ਵਿਚ ਚਾਰ ਉਦਾਸੀਆਂ ਕਰਨ ਤੋਂ ਬਾਅਦ ਉਨ੍ਹਾਂ ਨੇ ਕਰਤਾਰਪੁਰ ਵਿਖੇ ਟਿਕਾਣਾ ਕੀਤਾ। ਗੁਰੂ ਨਾਨਕ ਸਾਹਿਬ ਆਪ ਖੇਤਾਂ ਵਿਚ ਕੰਮ ਕਰਦੇ, ਸਭ ਲਈ ਸਾਂਝਾ ਲੰਗਰ ਤਿਆਰ ਹੁੰਦਾ ਅਤੇ ਸਵੇਰੇ ਸ਼ਾਮ ਨਾਮ-ਬਾਣੀ ਦਾ ਪਰਵਾਹ ਚੱਲਦਾ, ਕੀਰਤਨ ਹੁੰਦਾ। ਇਸ ਸਿਧਾਂਤ ਨੂੰ ਦ੍ਰਿੜ ਕਰਾਉਣ ਲਈ ਸੰਗਤਿ ਅਤੇ ਪੰਗਤਿ ਦੀ ਸੰਸਥਾ ਕਾਇਮ ਕੀਤੀ ਗਈ। ਸੰਗਤਿ ਦਾ ਅਰਥ ਹੈ, ਹਰ ਤਰ੍ਹਾਂ ਦੀ ਉਚ-ਨੀਚ, ਛੋਟੇ-ਬੜੇ, ਇਸਤਰੀ-ਪੁਰਸ਼, ਨਸਲ, ਸਥਾਨ, ਜਾਤਿ-ਪਾਤਿ ਦੇ ਵਿਤਕਰਿਆਂ ਨੂੰ ਮਨ ਵਿਚੋਂ ਕੱਢ ਕੇ, ਇਕੱਠੇ ਹੋ ਕੇ ਨਾਮ ਬਾਣੀ ਦਾ ਸਿਮਰਨ ਕਰਨਾ, ਕੀਰਤਨ ਕਰਨਾ, ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਨਾ। ਪੰਗਤਿ ਦਾ ਅਰਥ ਹੈ ਸਾਰੇ ਵਿਤਕਰੇ ਮਿਟਾ ਕੇ ਸਾਂਝੇ ਤੌਰ 'ਤੇ ਲੰਗਰ ਵਿਚ ਸੇਵਾ ਕਰਨੀ ਅਤੇ ਇਕੱਠੇ ਪੰਗਤਿ ਵਿਚ ਬੈਠ ਕੇ ਪਰਸ਼ਾਦਾ ਛਕਣਾ। ਗੁਰੂ ਅਮਰਦਾਸ ਨੇ ਇਸ ਸੰਸਥਾ ਨੂੰ ਏਨਾ ਮਜ਼ਬੂਤ ਕੀਤਾ ਕਿ ਉਨ੍ਹਾਂ ਨੇ ਆਦੇਸ਼ ਕਰ ਦਿੱਤਾ ਕਿ ਜੋ ਕੋਈ ਵੀ ਗੁਰੂ ਦੇ ਦਰਸ਼ਨ ਕਰਨ ਆਵੇ, ਸੰਗਤਿ ਕਰਨ ਆਵੇ ਉਹ ਪਹਿਲਾਂ ਪੰਗਤਿ ਵਿਚ ਬੈਠ ਕੇ ਲੰਗਰ ਛਕੇ। ਹਿੰਦੁਸਤਾਨੀ ਸਮਾਜ ਵਿਚ ਜਾਤਿ-ਪਾਤਿ ਰਾਹੀਂ ਪੈਦਾ ਹੋਏ ਉਚ-ਨੀਚ ਦੇ ਕਠੋਰ ਸਿਲਸਿਲੇ ਨੂੰ ਖ਼ਤਮ ਕਰਨ ਦਾ ਇਹ ਇੱਕ ਅਮਲੀ ਅਤੇ ਸਮਰੱਥ ਸਾਧਨ ਹੈ।

> ***ਅੱਜ ਗੁਰੂ ਦੀ ਸਿੱਖਿਆ ਨੂੰ ਭੁਲਾ ਕੇ ਕੁਰਾਹੇ ਪਿਆ ਮਨੁੱਖ ਪ੍ਰਬੰਧ ਦੇ ਨਾਂ ਹੇਠ ਲੜ ਰਿਹਾ ਹੈ। ਸਿੱਖ ਗੁਰੂ ਦੀ ਹਾਜ਼ਰੀ ਵਿਚ ਪੱਗੋ-ਲੱਥੀ ਹੋਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਦੂਸਰਿਆਂ ਨਾਲ ਤਾਂ ਦਵੈਤ-ਭਾਵ ਕੀ ਖ਼ਤਮ ਕਰਨਾ ਹੈ, ਆਪਸ ਵਿਚ ਹੀ ਵੈਰ-ਵਿਰੋਧ ਸਾਰੇ ਹੱਦਾਂ ਬੰਨੇ ਟੱਪ ਗਿਆ ਹੈ। ਇਹ ਸਭ ਮਾਇਆ ਕਾਰਨ ਹੈ ਜਿਸ ਤੋਂ ਗੁਰੂ ਸਾਹਿਬ ਨੇ ਵਾਰ ਵਾਰ ਸੁਚੇਤ ਕੀਤਾ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਆਦਿ ਵਿਕਾਰਾਂ ਨੇ ਮਨ ਨੂੰ ਗੁਮਰਾਹ ਕਰ ਦਿੱਤਾ ਹੈ ਜਿਸ ਕਰਕੇ ਆਪਣੇ ਸਵਾਰਥ ਤੋਂ ਬਿਨਾਂ ਮਨੁੱਖ ਨੂੰ ਹੋਰ ਕੁਝ ਨਜ਼ਰ ਨਹੀਂ ਆਉਂਦਾ। ਇਸ ਦਾ ਵੱਡਾ ਕਾਰਨ ਧਰਮ ਉਤੇ ਰਾਜਨੀਤੀ ਦਾ ਕਾਬਜ ਹੋ ਜਾਣਾ ਹੈ। ਇਹ ਮੀਰੀ ਪੀਰੀ ਦੇ ਸਿਧਾਂਤ ਦੀ ਉਲਟ ਦਿਸ਼ਾ ਵਿਚ ਵਰਤੋਂ ਹੈ ਅਰਥਾਤ ਬਜਾਇ ਇਸ ਦੇ ਕਿ ਮੀਰੀ ਅਰਥਾਤ ਰਾਜਨੀਤੀ ਪੀਰੀ ਅਰਥਾਤ ਧਰਮ ਤੋਂ ਅਗਵਾਈ ਲਵੇ, ਰਾਜਨੀਤੀ ਧਰਮ 'ਤੇ ਭਾਰੂ ਹੋ ਗਈ ਹੈ। ਧਰਮ ਦੀ ਰਾਜਨੀਤੀ ਦੁਰਵਰਤੋਂ ਕਰ ਰਹੀ ਹੈ। ਲੋਕਾਂ ਦੇ ਧਾਰਮਕ ਜਜ਼ਬਾਤਾਂ ਦੀ ਗਲਤ ਵਰਤੋਂ ਕਰਕੇ ਆਪਣੇ ਸਵਾਰਥ ਲਈ ਸ਼ੋਸ਼ਣ ਕਰ ਰਹੀ ਹੈ।***

ਗੁਰਮਤਿ ਦੇ ਇਸ ਪ੍ਰਚਾਰ ਲਈ ਗੁਰੂ ਅਮਰਦਾਸ ਨੇ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਕੇਂਦਰ ਸਥਾਪਤ ਕੀਤੇ ਜਿਨ੍ਹਾਂ ਨੂੰ ਮੰਜੀਆਂ ਕਿਹਾ ਜਾਂਦਾ ਸੀ। ਗੁਰੂ ਘਰ ਵਿਚ ਹਰ ਕਿਸੇ ਨੂੰ ਬਿਨਾ ਕਿਸੇ ਧਾਰਮਕ, ਜਾਤ-ਪਾਤ, ਨਸਲ ਆਦਿ ਦੇ ਵਖਰੇਵੇਂ ਦੇ ਆਉਣ ਦੀ ਖੁਲ੍ਹ ਦਿੱਤੀ। ਗੁਰੂ ਸਾਹਿਬ ਨੇ ਸੰਗਤੀ ਮਾਡਲ ਸੰਸਾਰਕ ਭਾਈਚਾਰਕ ਸਾਂਝ ਅਤੇ ਆਪਸੀ ਪਿਆਰ ਨੂੰ ਵਧਾਉਣ ਵਾਸਤੇ ਦਿੱਤਾ। ਇਕੱਠਿਆਂ ਹੋ ਕੇ ਅਰਦਾਸ ਕਰਨੀ, ਨਾਮ ਜਪਣਾ, ਸੇਵਾ ਕਰਨੀ, ਲੋੜਵੰਦਾਂ ਦੀ ਸਹਾਇਤਾ ਬਿਨਾਂ ਕਿਸੇ ਵਿਤਕਰੇ ਦੇ ਕਰਨੀ, ਇਹ ਸਭ ਮਨੁੱਖੀ ਸਾਂਝ ਨੂੰ ਮਜ਼ਬੂਤ ਕਰਨ ਦੇ ਵਸੀਲੇ ਹਨ। ਪਰ ਅੱਜ ਗੁਰੂ ਦੀ ਸਿੱਖਿਆ ਨੂੰ ਭੁਲਾ ਕੇ ਕੁਰਾਹੇ ਪਿਆ ਮਨੁੱਖ ਪ੍ਰਬੰਧ ਦੇ ਨਾਂ ਹੇਠ ਲੜ ਰਿਹਾ ਹੈ। ਸਿੱਖ ਗੁਰੂ ਦੀ ਹਾਜ਼ਰੀ ਵਿਚ ਪੱਗੋ-ਲੱਥੀ ਹੋਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਦੂਸਰਿਆਂ ਨਾਲ ਤਾਂ ਦਵੈਤ-ਭਾਵ ਕੀ ਖ਼ਤਮ ਕਰਨਾ ਹੈ, ਆਪਸ ਵਿਚ ਹੀ ਵੈਰ-ਵਿਰੋਧ ਸਾਰੇ ਹੱਦਾਂ ਬੰਨੇ ਟੱਪ ਗਿਆ ਹੈ। ਇਹ ਸਭ ਮਾਇਆ ਕਾਰਨ ਹੈ ਜਿਸ ਤੋਂ ਗੁਰੂ ਸਾਹਿਬ ਨੇ ਵਾਰ ਵਾਰ ਸੁਚੇਤ ਕੀਤਾ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਆਦਿ ਵਿਕਾਰਾਂ ਨੇ ਮਨ ਨੂੰ ਗੁਮਰਾਹ ਕਰ ਦਿੱਤਾ ਹੈ ਜਿਸ ਕਰਕੇ ਆਪਣੇ ਸਵਾਰਥ ਤੋਂ ਬਿਨਾਂ ਮਨੁੱਖ ਨੂੰ ਹੋਰ ਕੁਝ ਨਜ਼ਰ ਨਹੀਂ ਆਉਂਦਾ। ਇਸ ਦਾ ਵੱਡਾ ਕਾਰਨ ਧਰਮ ਉਤੇ ਰਾਜਨੀਤੀ ਦਾ ਕਾਬਜ ਹੋ ਜਾਣਾ ਹੈ। ਇਹ ਮੀਰੀ ਪੀਰੀ ਦੇ ਸਿਧਾਂਤ ਦੀ ਉਲਟ ਦਿਸ਼ਾ ਵਿਚ ਵਰਤੋਂ ਹੈ ਅਰਥਾਤ ਬਜਾਇ ਇਸ ਦੇ ਕਿ ਮੀਰੀ ਅਰਥਾਤ ਰਾਜਨੀਤੀ ਪੀਰੀ ਅਰਥਾਤ ਧਰਮ ਤੋਂ ਅਗਵਾਈ ਲਵੇ, ਰਾਜਨੀਤੀ ਧਰਮ 'ਤੇ ਭਾਰੂ ਹੋ ਗਈ ਹੈ। ਧਰਮ ਦੀ ਰਾਜਨੀਤੀ ਦੁਰਵਰਤੋਂ ਕਰ ਰਹੀ ਹੈ। ਲੋਕਾਂ ਦੇ ਧਾਰਮਕ ਜਜ਼ਬਾਤਾਂ ਦੀ ਗਲਤ ਵਰਤੋਂ ਕਰਕੇ ਆਪਣੇ ਸਵਾਰਥ ਲਈ ਸ਼ੋਸ਼ਣ ਕਰ ਰਹੀ ਹੈ। ਧਾਰਮਕ ਪੈਸਾ ਗ਼ਰੀਬ ਦੀ ਭਲਾਈ ਹਿਤ ਖਰਚਣ ਦੀ ਥਾਂ ਰਾਜਨੀਤਕ ਹਿਤਾਂ ਦੀ ਪੂਰਤੀ ਲਈ ਖਰਚ ਕੀਤਾ ਜਾ ਰਿਹਾ ਹੈ। ਗੁਰੂ ਘਰ ਨੇ ਤਾਂ ਸਿੱਖ ਨੂੰ ਜੋੜਨਾ ਹੈ ਪਰ ਸਿੱਖ ਨੇ ਗੁਰੂ ਦੇ ਸਿਧਾਂਤਾਂ ਵੱਲ ਪਿੱਠ ਕਰਦਿਆਂ ਹੋਇਆਂ ਗੁਰੂ ਘਰ ਦੀ ਹੀ ਵੰਡ ਪਾ ਲਈ ਹੈ। ਅੱਜ ਹਰ ਭਾਈਚਾਰੇ ਦੇ ਨਾਂ 'ਤੇ ਅਲੱਗ ਅਲੱਗ ਗੁਰਦੁਆਰਾ ਬਣ ਗਿਆ ਹੈ। ਇਸ ਰੁਝਾਨ ਨੇ ਸੰਸਾਰਕ ਭਾਈਚਾਰਾ ਸਥਾਪਤ ਕਰਨ ਦੀ ਥਾਂ ਸਿੱਖ ਨੂੰ ਹੀ ਸਿੱਖ ਨਾਲੋਂ ਨਿਖੇੜ ਦਿੱਤਾ ਹੈ।

## ਗੁਰਬਾਣੀ ਗਿਆਨ

# ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ

ਆਸਾ ਮਹਲਾ ੫  
ਅਗਮ ਅਗੋਚਰੁ ਦਰਸੁ ਤੇਰਾ  
ਸੋ ਪਾਏ ਜਿਸੁ ਮਸਤਕਿ ਭਾਗੁ॥  
ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ  
ਸਤਿਗੁਰਿ ਬਖਸਿਆ ਹਰਿ ਨਾਮੁ॥  
ਕਲਿਜੁਗੁ ਉਧਾਰਿਆ ਗੁਰਦੇਵ॥  
ਮਲ ਮੂਤ ਮੂੜ ਜਿ ਮੁਘਦ ਹੋਤੇ  
ਸਭਿ ਲਗੇ ਤੇਰੀ ਸੇਵ॥ਰਹਾਉ॥  
ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ  
ਸਭ ਮਹਿ ਰਹਿਆ ਸਮਾਇ॥  
ਧਰਮ ਰਾਜਾ ਬਿਸਮਾਦੁ ਹੋਆ  
ਸਭ ਪਈ ਪੈਰੀ ਆਇ॥  
ਸਤਿਜੁਗੁ ਤ੍ਰੇਤਾ ਦੁਆਪੁਰ ਭਣੀਐ  
ਕਲਿਜੁਗ ਊਤਮੋ ਜੁਗਾ ਮਾਹਿ॥  
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ  
ਕੋਈ ਨ ਪਕੜੀਐ ਕਿਸੈ ਥਾਇ॥  
ਹਰਿ ਜੀਉ ਸੋਈ ਕਰਹਿ ਜਿ ਭਗਤ  
ਤੇਰੇ ਜਾਚਹਿ ਏਹੁ ਤੇਰਾ ਬਿਰਦੁ॥  
ਕਰ ਜੋੜਿ ਨਾਨਕ ਦਾਨ ਮਾਗੈ  
ਅਪਣਿਆ ਸੰਤਾ ਦੇਹਿ ਹਰਿ ਦਰਸੁ॥

ਹੇ ਸਤਿਗੁਰ ਜੀਉ! ਤੁਸਾਂ ਤਾਂ ਕਲਜੁਗ ਨੂੰ ਉਧਾਰਿਆ, ਭਾਵ ਤਾਰ ਦਿੱਤਾ ਹੈ। ਮਲ ਮੂਤ ਮੂੜ ਮੁਘਦ, ਗੰਦੇ ਕੁਚੀਲ ਤੇ ਮੂਰਖ ਜੀਵ ਵੀ ਤੇਰੀ ਸੇਵਾ ਵਿਚ ਲਗ ਕੇ ਭਗਤੀ ਨਾਲ ਜੁੜ ਗਏ ਹਨ। ਹੇ ਪ੍ਰਭੂ! ਤੂੰ ਜੀਵਾਂ ਦੇ ਗਿਆਨ ਤੋਂ ਪਰ੍ਹੇ ਹੈਂ, ਦੂਰ ਹੈਂ। ਤੇਰਾ ਦਰਸ਼ਨ ਉਸੇ ਜੀਵ ਨੂੰ ਹੁੰਦਾ ਹੈ ਜਿਸ ਦੇ ਮਥੇ ਦੇ ਭਾਗ ਜਾਗ ਪੈਂਦੇ ਹਨ। ਹੇ ਭਾਈ! ਜਿਸ ਜੀਵ ਉਤੇ ਕ੍ਰਿਪਾਲ ਪ੍ਰਭੂ ਨੇ ਮਿਹਰ ਦੀ ਨਜ਼ਰ ਕਰ ਦਿੱਤੀ, ਉਸ ਨੂੰ ਸਤਿਗੁਰੂ ਨੇ ਨਾਮ ਸਿਮਰਨ ਦੀ ਦਾਤ ਬਖ਼ਸ਼ ਕੇ ਸਦਾ ਲਈ ਨਿਹਾਲ ਕਰ ਦਿੱਤਾ।

ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ  
ਸਭ ਮਹਿ ਰਹਿਆ ਸਮਾਇ॥  
ਧਰਮ ਰਾਜਾ ਬਿਸਮਾਦੁ ਹੋਆ  
ਸਭ ਪਈ ਪੈਰੀ ਆਇ॥

ਹੇ ਮਿਹਰਬਾਨ ਪ੍ਰਭੂ ਜੀਉ! ਤੂੰ ਆਪ ਹੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਕਰਤਾ ਹੈਂ, ਆਪ ਹੀ ਸਾਰੀ ਸ੍ਰਿਸ਼ਟੀ ਦਾ ਧਰਤਾ, ਭਾਵ ਇਸ ਨੂੰ ਸਹਾਰਾ ਦੇਣ ਵਾਲਾ ਹੈਂ ਅਤੇ ਸਾਰੀ ਸ੍ਰਿਸ਼ਟੀ ਵਿਚ ਤੂੰ ਆਪ ਹੀ ਸਮਾਇਆ ਹੋਇਆ ਹੈਂ। ਜਗਤ ਦੇ ਜੀਵ ਭਾਵੇਂ ਕਲਜੁਗ ਨੂੰ ਮਾੜਾ ਆਖਦੇ ਹਨ, ਪਰ ਧਰਮ ਰਾਜਾ ਹੈਰਾਨ ਹੋ ਰਿਹਾ ਹੈ ਕਿ ਗੁਰੂ ਦੀ ਕ੍ਰਿਪਾ ਸਦਕਾ ਸਾਰੀ ਲੋਕਾਈ ਵਿਕਾਰਾਂ ਨਾਲੋਂ ਟੁੱਟ ਕੇ ਤੇਰੇ ਚਰਨਾਂ ਨਾਲ ਜੁੜ ਰਹੀ ਹੈ ਅਤੇ ਨਾਮ ਸਿਮਰਨ ਕਰ ਕਰ ਕੇ ਸਭ ਜੀਵਾਂ ਦਾ ਉਧਾਰ ਹੋ ਰਿਹਾ ਹੈ। ਇਹ ਸਭ ਗੁਰੂ ਦੀ ਕ੍ਰਿਪਾ ਸਦਕਾ ਹੋ ਰਿਹਾ ਹੈ।

ਸਤਿਜੁਗੁ ਤ੍ਰੇਤਾ ਦੁਆਪੁਰ ਭਣੀਐ  
ਕਲਿਜੁਗ ਊਤਮੋ ਜੁਗਾ ਮਾਹਿ॥  
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ  
ਕੋਈ ਨ ਪਕੜੀਐ ਕਿਸੈ ਥਾਇ॥

ਹੇ ਭਾਈ! ਸਤਿਜੁਗ, ਤ੍ਰੇਤੇ ਅਤੇ ਦੁਆਪਰ; ਇਨ੍ਹਾਂ ਸਾਰੇ ਜੁਗਾਂ ਨੂੰ ਬਹੁਤ ਚੰਗੇ ਜੁਗ ਆਖਿਆ ਜਾਂਦਾ ਹੈ, ਪਰ ਜੇ ਗਿਆਨ ਦੀ ਨਜ਼ਰ ਨਾਲ ਵੇਖੀਏ ਤਾਂ ਪ੍ਰਤੱਖ ਦਿਸਦਾ ਹੈ ਕਿ ਕੁਲਜੁਗ ਤਾਂ ਸਾਰੇ ਜੁਗਾਂ ਵਿਚੋਂ ਉਤਮ ਹੈ, ਸ੍ਰੇਸ਼ਟ ਹੈ ਕਿਉਂਕਿ ਇਸ ਵਿਚ ਤਾਂ ਅਹਿ ਕੁਰ ਕਰੇ, ਭਾਵ ਜਿਹੜਾ ਹੱਥ ਜੋ ਵੀ ਮਾੜਾ ਜਾਂ ਚੰਗਾ ਕਰਮ ਕਰਦਾ ਹੈ, ਉਹੀ ਹੱਥ ਉਸ ਕਰਮ ਦਾ ਫਲ ਭੀ ਭੁਗਤਦਾ ਹੈ ਅਤੇ ਕਿਸੇ ਇਕ ਦੇ ਕੀਤੇ ਮਾੜੇ ਕਰਮਾਂ ਦਾ ਫਲ ਦੂਜੇ ਨੂੰ ਨਹੀਂ ਮਿਲਦਾ, ਮਾੜਾ ਕਰਨ ਵਾਲੇ ਦੀ ਥਾਂ ਕੋਈ ਬੇਗੁਨਾਹ ਨਹੀਂ ਪਕੜਿਆ ਜਾਂਦਾ।

ਹਰਿ ਜੀਉ ਸੋਈ ਕਰਹਿ ਜਿ ਭਗਤ  
ਤੇਰੇ ਜਾਚਹਿ ਏਹੁ ਤੇਰਾ ਬਿਰਦੁ॥  
ਕਰ ਜੋੜਿ ਨਾਨਕ ਦਾਨ ਮਾਗੈ  
ਅਪਣਿਆ ਸੰਤਾ ਦੇਹਿ ਹਰਿ ਦਰਸੁ॥

ਹੇ ਮਿਹਰਬਾਨ ਪ੍ਰਭੂ ਜੀਉ! ਜੁਗ ਭਾਵੇਂ ਕੋਈ ਭੀ ਹੋਵੇ, ਤੂੰ ਹਮੇਸ਼ਾ ਆਪਣੇ ਭਗਤਾਂ ਦੀ ਲਾਜ ਰੱਖਦਾ ਆਇਆ ਹੈਂ; ਤੇ ਤੂੰ ਹਮੇਸ਼ਾ ਉਹੀ ਕਰਦਾ ਹੈਂ ਜੋ ਤੇਰੇ ਭਗਤ ਜਨ ਜਾਚਹਿ, ਭਾਵ ਤੇਰੇ ਕੋਲੋਂ ਮੰਗਦੇ ਹਨ। ਹੇ ਮੇਰੇ ਮਾਲਕ ਪ੍ਰਭੂ ਜੀਉ! ਇਹ ਤੇਰਾ ਬਿਰਦੁ, ਭਾਵ ਇਹ ਤਾਂ ਤੇਰਾ ਸ਼ੁਰੂ ਤੋਂ ਹੀ ਸੁਭਾਉ ਬਣਿਆ ਆ ਰਿਹਾ ਹੈ ਕਿ ਤੂੰ ਆਪਣੇ ਭਗਤ ਜਨਾਂ ਦੇ ਸਦਾ ਹੀ ਅੰਗ-ਸੰਗ ਰਹਿੰਦਾ ਹੈਂ। ਇਹ ਤੇਰਾ ਦਾਸ ਨਾਨਕ ਭੀ ਦੋਵੇਂ ਹੱਥ ਜੋੜ ਕੇ ਤੈਥੋਂ ਇਹ ਦਾਨ ਮੰਗਦਾ ਹੈ ਕਿ ਮੈਨੂੰ ਨਾਨਕ ਨੂੰ ਆਪਣੇ ਸੰਤ ਜਨਾਂ ਦਾ ਦਰਸ਼ਨ ਦੇਹ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*  
*ਫੋਨ: 916-687-3536*

## ਕਹਾਣੀ

# ਗੱਲ ਇਕ ਗੱਲ ਦੀ

***ਭਾਰਤ ਅਤੇ ਪਾਕਿਸਤਾਨ ਵਿਚਕਾਰ ਪਿਛਲੇ ਕੁਝ ਦਿਨਾਂ ਤੋਂ ਵਧੇ ਤਣਾਅ ਨੇ ਕਈ ਜਿੰਦੜੀਆਂ ਦੇ ਜ਼ਖਮ ਉਚੇੜ ਦਿੱਤੇ ਹਨ। ਇਨ੍ਹਾਂ ਜ਼ਖਮਾਂ ਵਿਚ ਜੰਗ ਵਿਚ ਮਾਰੇ ਗਏ ਪੁੱਤਾਂ ਦਾ ਦਰਦ ਹੈ, ਵੰਡ ਵੇਲੇ ਲੁੱਟੀਆਂ ਗਈਆਂ ਧੀਆਂ ਦੀ ਪੀੜ ਹੈ ਅਤੇ 'ਆਪਣੀ' ਹਕੂਮਤ ਹੱਥੋਂ ਜਲੀਲ ਹੋ ਰਹੇ ਨਿਤਾਣੇ ਬੰਦੇ ਦੀ ਬੇਵਸੀ ਝਲਕਦੀ ਹੈ। ਲਹਿੰਦੇ ਪੰਜਾਬ ਦੇ ਲੇਖਕ ਫ਼ਰਜ਼ੰਦ ਅਲੀ ਦੀ ਕਹਾਣੀ 'ਗੱਲ ਇਕ ਗੱਲ ਦੀ' ਵਿਚ ਸੋਚਣ-ਵਿਚਾਰਨ ਵਾਲੀਆਂ ਬਥੇਰੀਆਂ ਗੱਲਾਂ ਹਨ, ਪਰ ਕਹਾਣੀ ਦਾ ਮੁੱਖ ਪਾਤਰ ਕਰਮਾਂ ਮਾਰਿਆ ਕਰਮੂੰ, ਸਾਡੇ ਆਲੇ-ਦੁਆਲੇ ਵਿਚ ਵੱਸਦਾ ਕੋਈ ਕਰਮ ਦੀਨ, ਕਰਮ ਚੰਦ ਜਾਂ ਕਰਮ ਸਿੰਘ ਹੀ ਜਾਪਦਾ ਹੈ। -ਸੰਪਾਦਕ***

### ਫ਼ਰਜ਼ੰਦ ਅਲੀ

'ਸੋਹਣਾ, ਸੋਹਣਾ ਈ ਹੁੰਦਾ ਏ। ਇਹ ਸੋਹਣਾ ਆਪਣਾ ਹੋਵੇ ਭਾਵੇਂ ਪਰਾਇਆ, ਮਨ ਖਿੱਚਵਾਂ ਤੇ ਦਿਲ ਖੁੱਭਵਾਂ ਜ਼ਰੂਰ ਹੁੰਦਾ ਏ, ਪਰ ਫੱਬ ਜਾਏ ਤਾਂ ਪੌਂ-ਬਾਰਾਂ। ਜੇ ਨਾ ਫੱਬੇ ਤਾਂ ਤਿੰਨ-ਕਾਣੇ।' ਉਸ ਥਾਣੇ ਦੀ ਪੱਕੀ ਕੰਧ ਨਾਲ ਧੁੱਪੇ ਬੈਠਿਆਂ-ਬੈਠਿਆਂ ਸੋਚਿਆ। ਸੁੱਜੇ ਜੁੱਸੇ ਅਤੇ ਜ਼ਖ਼ਮਾਂ ਤੋਂ ਹੁੰਦੀ ਪੀੜ ਭੁੱਲ ਕੇ ਉਹਦੀ ਸੋਚ ਕਈ ਸਾਲ ਪਿਛਲੇ ਬੀਤੇ ਸਮੇਂ ਨੂੰ ਵੇਖਣ ਲੱਗ ਪਈ।

ਉਸ ਸ਼ਾਮੀਂ ਘਰ ਵੜਦਿਆਂ ਆਖਿਆ ਸੀ, "ਭਾਗਾਂ, ਛੇਤੀ-ਛੇਤੀ ਅੰਨ-ਪਾਣੀ ਤੋਂ ਵਿਹਲੀ ਹੋ ਕੇ ਜ਼ਰੂਰੀ ਸਾਮਾਨ ਬੰਨ੍ਹ ਲਵੀਂ। ਉਹ ਨਾ ਹੋਵੇ, ਛਿੱਤਰ-ਪੌਲਾ ਇਕੱਠਾ ਕਰ ਕੇ ਭਾਰ ਬਣਾ ਲਵੇਂ। ਸਿਆਣੇ ਆਖਦੇ ਨੇ: ਹੌਲਾ ਭਾਰ ਸਾਥ ਦਾ ਮੋਹਰੀ।"

ਉਹਦੀ ਘਰਵਾਲੀ ਭਾਗਾਂ ਉਹਦੀ ਗੱਲ ਸੁਣ ਕੇ ਹੈਰਾਨ ਹੋਈ ਤੇ ਬੋਲੀ, "ਭੋਲੇ ਦੇ ਅੱਬਾ! ਸਾਡਾ ਇਥੇ ਗੁਜ਼ਾਰਾ ਨਹੀਂ ਹੋ ਸਕਦਾ?"

"ਗੁਜ਼ਾਰੇ ਦੀ ਨਹੀਂ ਗੱਲ", ਕਰਮੂੰ ਨੇ ਸਮਝਾਇਆ, "ਭਲੀਏ! ਆਪਣੀ ਸ਼ੈਅ ਆਪਣੀ ਹੁੰਦੀ ਏ, ਤੇ ਬਿਗਾਨੀ ਸ਼ੈਅ ਬਿਗਾਨੀ। ਅਖੇ-ਕਿਸੇ ਦਾ ਘਰ, ਬੁੱਕ ਦਾ ਵੀ ਡਰ।"

"ਮੈਂ ਆਖਦੀ ਆਂ, ਘਰ ਕਿਹੜੇ ਰੋਜ਼ ਰੋਜ਼ ਬਣਾਏ ਜਾਂਦੇ ਨੇ।" ਭਾਗਾਂ ਤਰਲਾ ਮਾਰਿਆ ਸੀ। ਸਬਰ-ਸ਼ੁਕਰ ਨਾਲ ਅੱਧੀ ਵੀ ਲੱਭ ਜਾਵੇ ਤੇ ਸੇਜ ਵਲਾਈਆਂ, ਝੇੜ ਭਲਾ ਕੋਈ ਨਹੀਂ। ਵੇਖੇਂ ਨਾ ਅੜਿਆ, ਆਪਣੇ ਆਲ੍ਹਣੇ ਤੇ ਚਿੜੀਆਂ ਵੀ ਨਹੀਂ ਛੱਡਦੀਆਂ। ਸਾਡੇ ਫਿਰ ਇਥੇ ਵੱਡ-ਵਡੇਰੇ ਰਹੇ ਨੇ, ਇਥੇ ਈ ਉਨ੍ਹਾਂ ਦੀਆਂ ਢੇਰੀਆਂ ਨੇ। ਕਿਹਨੂੰ ਕਿਹਨੂੰ ਛੱਡਾਂਗੇ? ਮੇਰੀ ਮੰਨ, ਤੇ ਉਜਾੜਾ ਨਾ ਪਾ। ਜਦ ਅਸਾਂ ਕਰ ਕੇ ਈ ਖਾਣਾ ਏ, ਇਥੇ ਕੀ, ਤੇ ਉਥੇ ਕੀ? ਐਵੇਂ ਕਮਲਾ ਨਾ ਬਣ।"

"ਛੱਡ, ਝੱਲੀ ਨਾ ਹੋਵੇ।" ਕਰਮੂੰ ਨੇ ਝਾੜ ਪਾਈ, "ਸਿਆਣੇ ਸੱਚ ਆਖਦੇ ਨੇ, ਜਨਾਨੀਆਂ ਦੀ ਮੱਤ ਖੁਰੀ ਪਿੱਛੇ ਹੁੰਦੀ ਏ। ਅਖੇ, ਵੱਡ-ਵਡੇਰਿਆਂ ਦੀਆਂ ਕਬਰਾਂ ਇਥੇ ਨੇ। ਭਲਾ ਬੰਦਾ ਪੁੱਛੇ ਭਈ, ਤੂੰ ਵਡੇਰਿਆਂ ਦੀਆਂ ਹੱਡੀਆਂ ਦਾ ਸੁਰਮਾ ਬਣਾਉਣਾ ਏ ਜਾਂ ਵਡੇਰੇ ਤੈਨੂੰ ਦਾਣੇ ਘੱਲਦੇ ਨੇ? ਅਖੇ-ਸੌ ਸਿਆਣੇ ਦੀ ਇੱਕੋ ਮਤ ਤੇ ਮੂਰਖ ਵੇਖੂ, ਦੁੱਖ।"

"ਤੈਨੂੰ ਸਮਝ ਨਹੀਂ ਆਉਂਦੀ," ਭਾਗਾਂ ਝਾੜ ਖਾ ਕੇ ਚੁੱਪ ਕਰ ਗਈ। ਉਹ ਜਾਣਦੀ ਸੀ, ਇਹ ਆਪਣੀ ਆਈ 'ਤੇ ਆਇਆ ਕੁਝ ਨਹੀਂ ਸੋਚਦਾ। ਮਾਂ ਦੇ ਗੋਡੇ ਕੋਲ ਬੈਠੀ ਜ਼ੋਰਾਂ ਨੇ ਚਲੇ ਜਾਣ ਦਾ ਸੁਣ ਕੇ ਮਾਂ ਕੋਲੋਂ ਪੁੱਛਿਆ, "ਬੇਬੇ, ਆਖੇਂ ਤੇ ਮੈਂ ਭੱਜ ਕੇ ਸੁਰਿੰਦਰ ਕੌਰ ਕੋਲੋਂ ਗੁੱਡੀ ਲੈ ਆਵਾਂ ਜਿਹੜੀ ਅੱਜ ਈ ਮੈਂ ਉਹਦੇ ਗੁੱਡੇ ਨਾਲ ਵਿਆਹੀ ਸੀ?"

ਮਾਂ ਆਪਣੇ ਖਿਆਲਾਂ ਵਿਚ ਚੁੱਪ ਸੀ। ਜ਼ੋਰਾਂ ਮਾਂ ਦੀ ਚੁੱਪ ਨੂੰ ਇਜਾਜ਼ਤ ਸਮਝ ਕੇ ਬੂਹਿਓਂ ਬਾਹਰ ਜਾਣ ਵਾਲੀ ਹੀ ਸੀ ਕਿ ਕਰਮੂੰ ਨੇ ਰੋਕ ਦਿੱਤਾ, "ਕੁੜੇ! ਇਸ ਵੇਲੇ ਕਿਧਰੇ ਬਾਹਰ ਨਾ ਜਾਵੀਂ, ਵੇਲਾ ਥੋੜ੍ਹਾ ਏ। ਚੱਲ ਆਪਣੀ ਮਾਂ ਨਾਲ ਮਿਲ ਕੇ ਚੱਲਣ ਦੀ ਤਿਆਰੀ ਕਰੋ। ਅੱਜ ਕਾਫ਼ਲੇ ਤੋਂ ਵਿਛੜਗੇ, ਤੇ ਫਿਰ ਮੁਸ਼ਕਿਲ ਹੋ ਜਾਵੇਗੀ।"

ਉਹਦੀ ਆਵਾਜ਼ ਨਾਲ ਪਰਤ ਕੇ ਜ਼ੋਰਾਂ ਫਿਰ ਮਾਂ ਕੋਲ ਆਣ ਬੈਠੀ। ਮੰਜੀ 'ਤੇ ਪਿਉ ਦੇ ਕੋਲ ਬੈਠਾ ਅੱਠਾਂ-ਦਸਾਂ ਸਾਲਾਂ ਦਾ ਭੋਲਾ ਜਿਹੜਾ ਹੁਣ ਤੀਕ ਸਾਰਿਆਂ ਦੀਆਂ ਗੱਲਾਂ ਚੁੱਪ ਕਰ ਕੇ ਸੁਣਦਾ ਪਿਆ ਸੀ, ਉਹਨੇ ਲਾਡ ਨਾਲ ਬਾਪੂ ਦੇ ਮੂੰਹ ਨੂੰ ਠੋਡੀਓਂ ਫੜ ਕੇ ਆਪਣੇ ਵੱਲ ਕੀਤਾ ਤੇ ਪੁੱਛਿਆ, "ਅੱਬਾ! ਇਹ ਸਾਡਾ ਘਰ ਨਹੀਂ?"

"ਨਹੀਂ ਪੁੱਤਰ।" ਕਰਮੂੰ ਨੇ ਉਹਦਾ ਮੂੰਹ ਚੁੰਮ ਕੇ ਦੱਸਿਆ ਪਈ, ਅਸਾਡਾ ਘਰ ਤੇ ਉਧਰ ਏ ਬੜਾ ਈ ਸੋਹਣਾ, ਬਿਲਕੁਲ ਸਾਹਿਬਾਂ ਦੇ ਬੰਗਲੇ ਵਰਗਾ। ਇਹ ਕਿਸੇ ਦਾ ਏ।

ਝੱਟ ਕੁ ਭੋਲਾ ਚੁੱਪ ਰਿਹਾ ਤੇ ਫਿਰ ਬੋਲਿਆ, "ਅੱਬਾ ਸਾਡੇ ਮੁਰੱਬੇ ਦੀਆਂ ਬੇਰੀਆਂ ਤੇ ਉਥੇ ਵੀ ਹੋਣਗੀਆਂ?"

"ਹੋਣਗੀਆਂ, ਜ਼ਰੂਰ ਹੋਣਗੀਆਂ।" ਕਰਮੂੰ ਨੇ ਦਿਲਾਸਾ ਦਿੱਤਾ, "ਨਾਲੇ ਬਹੁਤੀਆਂ ਵੀ।"

"ਹੂੰਅ! ਉਨ੍ਹਾਂ ਦੇ ਬੇਰ ਤੇ ਇੰਨੇ ਮਿੱਠੇ ਨਹੀਂ ਹੋਣੇ?" ਭੋਲੇ ਸੱਚ-ਮੁੱਚ ਬੇਰਾਂ ਦਾ ਸਵਾਦ ਲੈਣ ਦੇ ਅੰਦਾਜ਼ ਵਿਚ ਪੁੱਛਿਆ।

"ਬਿਲਕੁਲ ਸ਼ਹਿਦ ਵਰਗੇ ਮਿੱਠੇ ਹੋਣਗੇ।" ਕਰਮੂੰ ਨੇ ਦੱਸਿਆ, "ਸਾਰਾ ਕੁਝ ਈ ਆਪਣਾ ਹੋਵੇਗਾ। ਜਿਥੋਂ ਜੀ ਕਰੇ ਤੇ ਜਿੰਨੇ ਮਰਜ਼ੀ ਖਾਂਦਾ ਫਿਰੀਂ। ਕੋਈ ਹਟਕਣ-ਹੋੜਨ ਵਾਲਾ ਨਹੀਂ ਹੋਣਾ।"

"ਪਰ, ਮੇਰੇ ਕਬੂਤਰ ਕਿਵੇਂ ਜਾਣਗੇ?" ਭੋਲੇ ਨੇ ਫਿਕਰ ਜਿਹੇ ਨਾਲ ਆਖਿਆ। "ਬਾਪੂ ਜਿਹੜਾ ਮੇਰਾ ਚੀਨਾ ਕਬੂਤਰ ਏ ਨਾ, ਬੜੀਆਂ ਉਚੀਆਂ ਉਡਾਰੀਆਂ ਮਾਰਦਾ ਏ। ਨਾਲੇ ਬਾਜੀਆਂ ਵੀ ਬਹੁਤ ਲਾਉਂਦਾ ਏ। ਉਹ ਈ ਜਿਹੜਾ ਮੇਰੇ ਬੇਲੀ ਪਾਲ ਸਿੰਘ ਨੇ ਮੈਨੂੰ ਵਿਸਾਖੀ ਵਾਲੇ ਦਿਨ ਦਿੱਤਾ ਸੀ।"

ਕਰਮੂੰ ਕੋਲ ਇਹਦਾ ਕੋਈ ਜਵਾਬ ਨਹੀਂ ਸੀ। ਫਿਰ ਉਸ, ਉਹਨੂੰ ਉਰਾਂ-ਪਰ੍ਹਾਂ ਦੀਆਂ ਮਾਰ ਕੇ ਤਸੱਲੀ ਦਿੰਦਿਆਂ ਆਖਿਆ, "ਤੂੰ ਪੁੱਤਰ ਫਿਕਰ ਨਾ ਕਰ...ਕਬੂਤਰ ਤੇ ਚਿੜੀ ਜਨੌਰ ਬੜੇ ਸਿਆਣੇ ਹੁੰਦੇ ਨੇ। ਅਸੀਂ ਜਿੱਥੇ ਵੀ ਜਾਵਾਂਗੇ, ਆਪੇ ਲੱਭ ਕੇ ਆ ਜਾਣਗੇ। ਇਹ ਆਪਣੇ ਮਾਲਕਾਂ ਨੂੰ ਸਿਆਣ ਲੈਂਦੇ ਹੁੰਦੇ ਨੇ।"

"ਸੱਚ ਅੱਬਾ!" ਭੋਲੇ ਖੁਸ਼ ਹੋ ਕੇ ਪਿਉ ਦੇ ਗਲ ਨੂੰ ਬਾਹਾਂ ਪਾ ਕੇ ਬੂਆ ਲਿਆ।

ਉਹਨੂੰ ਯਾਦ ਆਇਆ, ਕਿੰਜ ਉਹ ਚਾਰ ਜੀਅ ਆਪਣੇ ਘਰੋਂ ਚੋਰਾਂ ਵਾਂਗ ਚੁੱਪ-ਚਾਪ ਨਿਕਲੇ ਸੀ। ਪਿੰਡੋਂ ਲਹਿੰਦੇ ਪਾਸੇ ਦੋ ਕੁ ਮੁਰੱਬਿਆਂ ਦੀ ਵਿੱਥ 'ਤੇ ਖੂਹ ਸੀ। ਖੂਹ ਵਗਦਾ ਪਿਆ ਸੀ। ਰੀਂ-ਰੀਂ, ਰੂੰ-ਰੂੰ ਤੇ ਚੰਨ ਦੀ ਚਾਨਣੀ ਸੁਹਾਣੀ ਠੰਢ ਰਾਤ ਵੇਲੇ ਗਾਧੀ 'ਤੇ ਬੈਠਾ ਕੋਈ ਭੋਲੇ ਦਾ ਹਾਣੀ, ਆਪਣੀ ਲੈਅ ਵਿਚ ਗਾ ਰਿਹਾ ਸੀ:

ਮੇਰੀ ਜੁਗਨੀ ਦੇ ਧਾਗੇ ਚਾਰ
ਚੱਲੇ ਵਿਛੜ ਜਿਨ੍ਹਾਂ ਦੇ ਯਾਰ
ਉਹੋ ਰੋਵਣ ਜ਼ਾਰੋ-ਜ਼ਾਰ
ਉਹ ਸਾਈਂ ਮੇਰਿਆ ਜੁਗਨੀ...

ਪਤਾ ਨਹੀਂ ਭੋਲੇ ਦੇ ਦਿਲ ਨੂੰ ਕੀ ਖਿੱਚ ਪਈ, ਜਵਾਬ ਦੇਣ ਲਈ ਬੋਲ ਪਿਆ,

ਮੇਰੀ ਜੁਗਨੀ ਦੇ ਧਾਗੇ ਤੇਤੀ
ਅਸਾਡੀ ਸਾਂਝ ਦਿਲਾਂ ਦੀ ਖੇਤੀ
ਜਿਉਂਦੇ ਰਹੇ ਮਿਲਾਂਗੇ ਛੇਤੀ
ਉਹ ਸਾਈਂ ਮੇਰਿਆ ਜੁਗਨੀ...

ਕਰਮੂੰ ਛੇਤੀ ਨਾਲ ਉਹਦੇ ਮੂੰਹ ਤੇ ਹੱਥ ਰੱਖ ਕੇ ਗੁੱਸੇ ਹੋਇਆ, "ਉਏ ਚੁੱਪ ਕਰ ਝਾਂਬੜਾ, ਕਿਧਰੇ ਕੋਈ ਹੋਰ ਮੁਸੀਬਤ ਪਾਨਾਂ ਏਂ।" ਭੋਲਾ ਉਹਦੇ ਝਿੜਕਣ ਨਾਲ ਤ੍ਰਭਕ ਕੇ ਚੁੱਪ ਕਰ ਗਿਆ। ਉਹਦੇ ਭਾਣੇ ਕੋਈ ਸੱਚ-ਮੁੱਚ ਈ ਉਹ ਕੁਝ ਗਲਤ ਆਖ ਬੈਠਾ ਹੈ। ਚਾਰੇ ਜਾਣੇ ਉਸ ਵੱਟ 'ਤੇ ਬੈਠੇ ਕਾਫ਼ਲੇ ਨੂੰ ਉਡੀਕ ਰਹੇ ਸਨ। ਕਰਮੂੰ ਨੇ ਇਕ ਅਖੀਰਲੀ ਨਜ਼ਰ ਪਿੰਡ ਵੱਲ ਮਾਰੀ। ਰਾਤ ਦੇ ਹਨੇਰੇ ਵਿਚ ਪਿੰਡ ਸਾਫ਼ ਨਹੀਂ ਸੀ ਦਿਸਦਾ। ਬਸ, ਪਿੰਡ ਵਿਚ ਤੇ ਪਿੰਡ ਦੁਆਲੇ ਉਗੇ ਹੋਏ ਰੁੱਖਾਂ ਦਾ ਝੌਲਾ ਜਿਹਾ ਪੈਂਦਾ ਸੀ। ਨੀਵੀਂ ਪਾਈ ਜਿਵੇਂ ਆਖਦੇ ਹੋਣ, 'ਅੱਛਾ ਬੇਲੀਆ...ਰੱਬ ਰਾਖਾ!' ਕਰਮੂੰ ਨੇ ਘਬਰਾ ਕੇ ਮੂੰਹ ਦੂਜੇ ਪਾਸੇ ਕਰ ਲਿਆ।

ਦੂਰ ਪਨਿਆਲ (ਪਾਣੀ ਲਿਆਉਣ ਵਾਲਾ) ਬੰਨ੍ਹੇ 'ਤੇ ਖਲੋਤਿਆਂ ਚੜ੍ਹਦੇ ਚੰਨ ਵੱਲ ਵੇਖ ਕੇ ਸੁਰ ਲਾਈ,

ਚੜ੍ਹ ਚੜ੍ਹ ਚੰਨਾਂ,
ਤੂੰ ਚੜ੍ਹ ਕਰੀਂ ਰੁਸ਼ਨਾਈਆਂ।
ਸੱਜਣ ਉੱਠ ਗੁਆਂਢੋਂ ਚੱਲੇ,
ਲੱਗਾ ਤੀਰ ਜੁਦਾਈਆਂ।

ਭਾਗਾਂ ਦੇ ਹੌਲੀ ਜਿਹੀ ਬੁਸਕਣ ਦੀ ਆਵਾਜ਼ ਨਿਕਲੀ, ਪਰ ਛੇਤੀ ਈ ਚੁੱਪ ਹੋ ਗਈ। ਉਧਰ ਕਾਫ਼ਲਾ ਆਉਣ ਦੀ ਭਿਣਕ ਵੀ ਕੰਨੀਂ ਪੈਣ ਲੱਗ ਪਈ ਸੀ ਤੇ ਕਰਮੂੰ ਕੁਝ ਖ਼ੁਸ਼ ਹੋਇਆ ਸੀ। ਕਾਫ਼ਲੇ ਆਉਂਦੇ ਦੇ ਨਾਲ ਹੀ ਰਲ ਕੇ ਇਹ ਟੁਰ ਪਏ।

ਕਾਫ਼ਲੇ ਦੇ ਅੱਗੇ ਪਿੱਛੇ ਤੇ ਸੱਜੇ ਖੱਬੇ ਜਵਾਨ ਬੰਦੇ ਸਨ ਤੇ ਬੁੱਢੇ-ਠੇਰੇ, ਔਰਤਾਂ ਤੇ ਬੱਚੇ ਵਿਚਕਾਰ ਚੁੱਪ-ਚਾਪ ਤੁਰੇ ਜਾ ਰਹੇ ਸਨ। ਸੈਂਕੜਿਆਂ ਦਾ ਜਥਾ ਚੋਰਾਂ ਵਾਂਗ ਬਿਨਾਂ ਖੜਾਕ ਕੀਤਿਆਂ ਪਹਿਲੀ ਵਾਰ ਇਉਂ ਜਾਂਦਾ ਵੇਖਿਆ ਸੀ। ਜਦ ਕੋਈ ਬਾਲ-ਨਿਆਣਾ ਰੋ ਪਵੇ ਤਾਂ ਉਹਦੀ ਮਾਂ ਛੇਤੀ ਈ ਆਪਣੀ ਛਾਤੀ ਨਾਲ ਲਾ ਕੇ, ਦੁੱਧ ਪਿਆਉਣ ਦਾ ਦਿਲਾਸਾ ਦੇ ਕੇ ਚੁੱਪ ਕਰਾ ਦੇਵੇ, ਪਰ ਬੁੱਢੇ ਖਾਂਘੜਾਂ ਦੀ ਖੰਘ, ਰਾਤ ਦਾ ਸੀਨਾ ਚੀਰ ਦਿੰਦੀ ਤੇ ਸਾਰਾ ਕਾਫ਼ਲਾ ਖਾਮੋਸ਼ ਨਫ਼ਰਤ ਨਾਲ ਨਿੰਦਿਆ ਕਰਦਾ!

ਅਚਨਚੇਤ ਲੋਟੂਆਂ ਦੇ ਟੋਲੇ ਨੇ ਕਾਫ਼ਲਾ ਘੇਰ-ਘੇਰ ਮਾਰਨਾ-ਕੁੱਟਣਾ ਤੇ ਲੁੱਟਣਾ ਸ਼ੁਰੂ ਕਰ ਦਿੱਤਾ। ਕਾਫ਼ਲੇ ਵਿਚ ਹਰ ਕਿਸੇ ਨੂੰ ਆਪੋ-ਆਪਣੀ ਪੈ ਗਈ। ਕਈ ਮਾਰੇ ਗਏ ਤੇ ਕਈ ਵੱਢੇ-ਟੁੱਕੇ ਗਏ, ਕਾਫ਼ਲਾ ਖਿੰਡ-ਖਿੱਲਰ ਗਿਆ।

ਲੋਟੂਆਂ ਨੇ ਸਾਮਾਨ ਦੇ ਨਾਲ-ਨਾਲ ਮੁਟਿਆਰਾਂ ਵੀ ਲੁੱਟ ਲਈਆਂ। ਜਿਸ ਕੁੜੀ ਨੇ ਲੁੱਟੇ ਜਾਣ ਤੋਂ ਇਨਕਾਰ ਕੀਤਾ, ਉਹ ਆਪਣੇ ਸਕਿਆਂ ਦੇ ਸਾਹਮਣੇ ਹਮੇਸ਼ਾ ਲਈ ਢੇਰ ਕਰ ਦਿੱਤੀ ਗਈ ਤੇ ਕਰਮੂੰ ਦੀ ਜ਼ੋਰਾਂ ਵੀ ਬਾਪ ਦੇ ਸਾਹਮਣੇ ਰੱਤੋ-ਰੱਤ ਨਹਾ ਗਈ ਸੀ। ਫਿਰ ਰਹਿੰਦਾ-ਖੂੰਹਦਾ ਕਾਫ਼ਲਾ ਚੁੱਪ-ਚਾਂ ਦੀ ਥਾਂ ਰੋਂਦਾ-ਚੀਕਦਾ, ਮਿੱਥੀ ਹੋਈ ਲਕੀਰ ਟੱਪ ਆਇਆ ਸੀ।

ਫੱਟ ਖਾ ਕੇ ਵੀ ਕਰਮੂੰ ਨੇ ਮੁਹਾਜਰ ਕੈਂਪ ਪੁੱਜ ਕੇ ਸ਼ੁਕਰ ਕੀਤਾ ਸੀ। ਆਪਣੀ ਧਰਤੀ ਨੂੰ ਚੁੰਮਿਆ, ਹਵਾ ਵਿਚ ਲੰਮੇ-ਲੰਮੇ ਸਾਹ ਲਏ। ਉਹਦੀ ਸਵਾਣੀ, ਭਾਗਾਂ ਨੇ ਵੈਣ ਛੋਹੇ ਹੋਏ ਸਨ। ਹੋਰ ਮਾਂਵਾਂ ਵੀ ਇਉਂ ਹੀ ਰੋਈਆਂ ਸਨ। ਕਈ ਯਤੀਮ ਉਦਾਸ, ਕਈ ਸੁਹਾਗਣਾਂ ਬੇਵਾ, ਕਈ ਗੱਭਰੂ ਸ਼ਰਮਸਾਰ ਸਨ। ਸਾਹਮਣੇ ਕਈ ਮਹੱਲਾਂ ਵਿਚ ਰੰਗ ਵੀ ਸਨ, ਖੁਸ਼ੀਆਂ ਵੀ ਤੇ ਖੇਡ-ਤਮਾਸ਼ੇ ਵੀ ਸਨ। ਮੁਹਾਜਰ ਕੈਂਪ ਵਿਚ ਕਰਮੂੰ ਨੇ ਵੀ ਆਪਣਾ ਨਾਂ ਲਿਖਵਾਇਆ। ਉਦੋਂ ਉਹ ਆਪਣੇ-ਆਪ ਨੂੰ ਸੱਚ-ਮੁੱਚ ਕਰਮ ਦੀਨ ਸਮਝ ਰਿਹਾ ਸੀ।

ਫਿਰ ਇਕ ਦਿਨ ਉਹ ਮੁਹਾਜਰ ਕੈਂਪ ਵੀ ਉਜੜ ਗਿਆ। ਮੁਹਾਜਰਾਂ ਨੂੰ ਆਰਜ਼ੀ ਅਲਾਟਮੈਂਟ ਦੇ ਕੇ ਵੱਖੋ-ਵੱਖ ਥਾਂਵਾਂ 'ਤੇ ਖਪਾਇਆ ਗਿਆ। ਕਰਮ ਦੀਨ ਨੂੰ ਦੂਰ-ਦੁਰਾਡੇ ਕਿਸੇ ਪਿੰਡ ਵਿਚ ਕੁਝ ਸਰਕਾਰੀ ਜ਼ਮੀਨ ਵਾਹੀ ਵਾਸਤੇ ਆਰਜ਼ੀ



ਅਲਾਟ ਹੋਈ। ਜ਼ਮੀਨ ਵੀ ਜੰਗਲ ਹੀ ਜੰਗਲ ਸੀ। ਉਚੀ ਨੀਵੀਂ, ਟੋਏ-ਟਿੱਬੇ, ਝਾੜੀ-ਬੂਟੇ, ਸੱਪਾਂ ਵਾਂਗਰ। ਕਰਮ ਦੀਨ ਨੇ ਬੜੀ ਖੇਚਲ ਨਾਲ ਭੋਂਇ ਬੀਜਣ ਦੇ ਕਾਬਲ ਬਣਾਈ। ਸਿਰ ਤੋੜ ਮਿਹਨਤ ਨਾਲ ਵਸਣ ਦਾ ਮੂੰਹ ਸਿਰ ਬਣਾਇਆ। ਕੁਝ ਵੇਲਾ ਹੋਰ ਲੰਘ ਗਿਆ, ਪਰ ਵੇਲੇ ਨਾਲ ਜਿਥੇ ਭੋਲਾ ਜਵਾਨ ਹੋਇਆ, ਉਥੇ ਭਾਗਾਂ ਵੀ ਹੋਰ ਉਦਾਸ ਹੁੰਦੀ ਗਈ। ਮੂੰਹ 'ਤੇ ਚੁੱਪ, ਚਿਹਰੇ 'ਤੇ ਝੁਰੜੀਆਂ ਉਦਾਸੀਆਂ, ਰੂਹ ਵਿਚ ਅੱਗ। ਇਕ ਦਿਨ ਉਹ ਰੋਟੀ ਲੈ ਕੇ ਖੇਤਾਂ ਨੂੰ ਗਈ ਜਿਥੇ ਕਰਮ ਦੀਨ ਤੇ ਭੋਲਾ ਕੰਮ ਕਰ ਰਹੇ ਸਨ। ਬੇਰੀ ਦੀ ਛਾਂਵੇਂ, ਭੱਤਾ-ਵੇਲਾ ਕਰਦਿਆਂ ਭੋਲੇ ਨੇ ਉਤਾਂਹਾਂ ਬੇਰੀ ਵੱਲ ਧਿਆਨ ਕਰ ਕੇ ਆਖਿਆ, "ਅੱਬਾ, ਜੇ ਇਸ ਬੇਰੀ ਨੂੰ ਬੇਰ ਲੱਗੇ ਤਾਂ ਬਹੁਤ ਮਿੱਠੜੇ ਹੋਣਗੇ।" ਭੋਲੇ ਦੀ ਗੱਲ ਸੁਣ ਕੇ ਉਹਦੀ ਮਾਂ ਦੇ ਤਾਂ ਅੱਥਰੂ ਡਿੱਗ ਪਏ ਜਿਹੜੇ ਉਹਨੇ ਮੈਲੀ ਤੇ ਪਾਟੀ ਚਾਦਰ ਨਾਲ ਪੂੰਝ ਕੇ ਸਾਫ ਕੀਤੇ ਤੇ ਕਰਮ ਦੀਨ ਹੌਲੀ ਜਿਹੀ ਬੋਲਿਆ, "ਆਖਰ ਤਾਂ ਬੰਦਾ ਆਸ ਨੂੰ ਹੀ ਜਿਉਂਦਾ ਏ। ਸਾਰੀ ਦੁਨੀਆਂ ਉਮੀਦ 'ਤੇ ਈ ਕਾਇਮ ਏ।" ਫਿਰ ਕਿੰਨਾ ਚਿਰ ਈ ਸਾਰੇ ਚੁੱਪ ਰਹੇ ਸਨ।

ਫਿਰ ਜੰਗ ਦੇ ਦਿਨਾਂ ਵਿਚ ਭੋਲਾ ਵੀ ਜੰਗ ਵਿਚ ਸ਼ਾਮਲ ਹੋ ਗਿਆ। ਉਹਦੀ ਮਾਂ ਨੇ ਬੜਾ ਸਮਝਾਇਆ, "ਕਾਕਾ ਤੂੰ ਨਹੀਂ ਜਾਣਦਾ, ਜੰਗ ਕਾਹਦੇ ਵਾਸਤੇ ਲੜੀ ਜਾਂਦੀ ਏ।"

"ਜਦ ਕੋਈ ਵੈਰੀ ਲਲਕਾਰੇ ਤਾਂ ਫਿਰ ਲੁਕਣਾ ਨਹੀਂ ਚਾਹੀਦਾ।" ਇਹ ਖੌਰੇ ਉਹਦੇ ਅੰਦਰ ਕਿਹੜੀ ਅੱਗ ਸੀ?

ਫਿਜ਼ਾ ਵਿਚ ਤੋਪਾਂ ਦੇ ਗੋਲਿਆਂ ਦੀ ਠਾਹ-ਠਾਹ ਦੇ ਨਾਲ-ਨਾਲ 'ਮੇਰਿਆ ਢੋਲ ਸਿਪਾਹੀਆ, ਤੈਨੂੰ ਰੱਬ ਦੀਆਂ ਰੱਖਾਂ' ਵਾਲੇ ਗੀਤ ਵੀ ਉਭਰੇ। ਕਹਿਰ ਵਰਤਾ ਕੇ ਫਿਰ ਜੰਗ ਬੰਦ ਹੋ ਗਈ। ਕਰਮ ਦੀਨ ਨੂੰ ਕੁਝ ਪਤਾ ਨਾ ਲੱਗਾ, ਜੰਗ ਹੋਈ ਕਿਵੇਂ, ਤੇ ਫਿਰ ਬੰਦ ਕਿਵੇਂ ਹੋਈ? ਨਤੀਜਾ ਨਿਕਲਿਆ ਬਈ, ਭੋਲਾ ਸ਼ਹੀਦ ਹੋ ਗਿਆ ਸੀ। ਭੋਲੇ ਦੀ ਮਾਂ ਦੇ ਅੱਥਰੂ ਵੀ ਮੁੱਕ ਗਏ ਸਨ। ਉਹ ਭੋਲੇ ਦੀ ਮੌਤ 'ਤੇ ਬਿਲਕੁਲ ਨਹੀਂ ਰੋਈ।

ਆਰਜ਼ੀ ਅਲਾਟਮੈਂਟ ਟੁੱਟ ਕੇ ਭੋਂਇ ਕਿਸੇ ਹੋਰ ਦੇ ਨਾਂ ਹੋ ਗਈ। ਕਰਮ ਦੀਨ ਨੇ ਬਥੇਰਾ ਰੌਲਾ ਪਾਇਆ, ਜ਼ਿਲ੍ਹੇ ਕਚਹਿਰੀ ਫਰਿਆਦ ਵੀ ਕੀਤੀ, ਪਰ ਕਿਸੇ ਨਾ ਸੁਣੀ। ਥੱਕ ਹਾਰ ਕੇ ਕਿਸੇ ਹੋਰ ਕੋਲੋਂ ਹਿੱਸੇ 'ਤੇ ਜ਼ਮੀਨ ਲੈ ਕੇ ਵਾਹੀ। ਉਹ ਕਰਮ ਦੀਨ ਤੋਂ ਮਹਾਜਰ, ਤੇ ਫਿਰ ਮੁਜਾਰਾ ਸੱਦੀਵਣ ਲੱਗ ਪਿਆ। ਮੁਹਾਜਰ ਮੁਜਾਰਾ ਮਿਹਨਤੀ ਸੀ, ਇਸੇ ਕਰ ਕੇ ਪਿੰਡ ਦੇ ਚੌਧਰੀ ਨੇ ਆਪਣੀ ਕੱਲਰ ਜ਼ਮੀਨ ਵਾਹੁਣ ਵਾਸਤੇ ਦੇ ਦਿੱਤੀ।

ਮੁਹਾਜਰ ਮੁਜਾਰਾ ਉਥੇ ਈ ਦਿਲ ਲਾ ਕੇ ਮਿਹਨਤ ਕਰਦਾ ਰਿਹਾ। ਭੋਂਇ ਆਬਾਦ ਹੋਈ, ਨਾਲ ਈ ਫ਼ਸਲਾਂ ਦੇ ਭਾਅ ਵਧਦੇ ਰਹੇ। ਖੂਬ ਤਰੱਕੀ ਹੋਈ। ਚੌਧਰੀ ਨੇ ਟਰੈਕਟਰ ਲੈ ਆਂਦਾ ਤੇ ਮੁਹਾਜਰ ਮਜਾਰਾ ਵਿਹਲਾ ਹੋ ਗਿਆ। ਮੁਹਾਜਰ ਮੁਜਾਰਾ ਜਿਹੜਾ ਹੁਣ ਤੀਕ ਚੁੱਪ ਸੀ, ਇਕ ਦਿਨ ਭਾਂਬੜ ਬਣ ਗਿਆ। ਉਸ ਚੌਧਰੀ ਨੂੰ ਆਖਿਆ, "ਉਹ ਦਿਨ ਗਏ...ਜਦ ਚੌਧਰੀ ਆਪਣੇ ਢਿੱਡ 'ਤੇ ਹੱਥ ਮਾਰਦੇ ਹੁੰਦੇ ਸਨ। ਹੁਣ ਤਾਂ ਹਕੂਮਤ ਏ ਵੰਡ ਖਾਣ ਦੀ। ਤੂੰ ਮੈਨੂੰ ਭੋਂਇ ਤੋਂ ਬੇਦਖਲ ਨਹੀਂ ਕਰ ਸਕਦਾ।" ਕਰਮੂੰ ਨੇ ਭੋਂਇ 'ਤੇ ਕਬਜ਼ਾ ਕਰ ਲਿਆ ਸੀ।

ਚੌਧਰੀ ਕਬਜ਼ੇ ਦਾ ਨਾਂ ਸੁਣ ਕੇ ਪਹਿਲਾਂ ਤਾਂ ਮੁਹਾਜਰ ਦੀ ਬੇਵਕੂਫੀ 'ਤੇ ਹੱਸਿਆ। ਫਿਰ ਗੁੱਸੇ ਨਾਲ ਬੋਲਿਆ, "ਅੱਛਾ ਕਰਮਾਂ ਮਾਰਿਆ ਕਰਮੂੰ! ਤੈਨੂੰ ਤੇ ਤੇਰੀ ਹਕੂਮਤ ਨੂੰ ਕੁਝ ਵਿਖਾਣਾ ਪਵੇਗਾ।"

ਚੌਧਰੀ ਨੇ ਮੁਹਾਜਰ 'ਤੇ ਕੇਸ ਕਰ ਦਿੱਤਾ ਜੀਹਦੇ ਵਿਚ ਦਾਅਵਾ ਕੀਤਾ ਕਿ ਉਹਦੇ ਮੁਜਾਰੇ ਨੇ ਉਹਨੂੰ ਦੋ ਸਾਲ ਤੋਂ ਹਿੱਸਾ ਨਹੀਂ ਦਿੱਤਾ।

ਅਦਾਲਤ ਨੇ ਮੁਜਾਰੇ ਨੂੰ ਸੱਦ ਕੇ ਪੁੱਛਿਆ, "ਤੂੰ ਹਿੱਸਾ ਕਿਉਂ ਨਹੀਂ ਦਿੱਤਾ?"

ਮੁਜਾਰੇ ਨੇ ਜਵਾਬ ਵਿਚ ਆਖਿਆ, "ਸਰਕਾਰ ਮੈਂ ਤਾਂ ਹਿੱਸਾ ਦਿੰਦਾ ਰਿਹਾ ਵਾਂ।"

ਅਦਾਲਤ ਰਸੀਦ ਪੁੱਛੀ।

"ਰਸੀਦ ਤਾਂ ਸਾਰੇ ਪਿੰਡ ਵਿਚ ਕੋਈ ਲੈਂਦਾ-ਦਿੰਦਾ ਨਹੀਂ।" ਕਰਮੂੰ ਵਜ਼ਾਹਤ ਕੀਤੀ।

"ਫਿਰ ਗਵਾਹ ਲਿਆ ਕੋਈ।" ਅਦਾਲਤ ਹੁਕਮ ਦਿੱਤਾ।

ਮੁਹਾਜਰ ਨਾਲ ਕੋਈ ਗਵਾਹ ਨਾ ਗਿਆ। ਉਲਟਾ, ਅਦਾਲਤੀ ਹੁਕਮ ਨਾਲ ਘਰ ਦੀ ਕੁਰਕੀ ਹੋ ਗਈ। ਘਰ ਦੀ ਕੁਰਕੀ 'ਤੇ ਭਾਗਾਂ ਰੋਈ-ਪਿੱਟੀ, ਗਸ਼ ਖਾ ਕੇ ਡਿੱਗੀ ਤੇ ਫਿਰ ਨਾ ਉਠੀ। ਕਰਮੂੰ ਹਾਲੀ ਜਿਉਂਦਾ ਸੀ! ਪਿੰਡੋਂ ਨਿਕਲ ਕੇ ਬਣਦੀ ਨਵੀਂ ਬਿਲਡਿੰਗ ਵਿਚ ਚੌਕੀਦਾਰ ਹੋ ਗਿਆ। ਰਾਤ ਦਿਨ ਦਾ ਚੌਕੀਦਾਰ। ਇਕ ਦਿਨ ਬਿਲਡਿੰਗ ਦਾ ਸਰੀਆ ਚੋਰੀ ਹੋ ਗਿਆ, ਤੇ ਸ਼ੱਕ ਕਰਮੂੰ 'ਤੇ ਜਾ ਪਿਆ।

ਬਿਲਡਿੰਗ ਦੇ ਮਾਲਕਾਂ ਮਾਰਿਆ ਕੁੱਟਿਆ ਤੇ ਥਾਣੇ ਦੇ ਦਿੱਤਾ। ਥਾਣੇਦਾਰ ਨੇ ਕਰਮੂੰ ਦੀ ਸ਼ਕਲ ਵੇਖ ਕੇ ਆਖਿਆ, "ਪੱਕਾ ਚੋਰ ਲਗਦਾ ਏ।" ਕਰਮੂੰ ਹੱਥ ਜੋੜ ਆਖਿਆ, "ਮੋਤੀਆਂ ਵਾਲਿਆ! ਮੈਨੂੰ ਤਾਂ ਕੁਝ ਵੀ ਪਤਾ ਨਹੀਂ ਲਗਦਾ...ਕਿਹੜਾ ਮਾਲਕ ਏ, ਕਿਹੜਾ ਮੁਲਾਜ਼ਮ ਏ? ਆਪੇ ਸਰੀਆ ਲੈ ਜਾਂਦੇ ਸਨ ਤੇ ਆਪੇ ਈ ਰੱਖ ਲੈਂਦੇ ਸਨ।"

"ਕਿੰਨਾ ਭੋਲਾ ਬਣਦਾ ਆ, ਸੂਰ ਦੀ ਬੂਥੀ ਵਾਲਾ।" ਥਾਣੇਦਾਰ ਨੇ ਥੱਪੜ ਮਾਰਿਆ। ਫਿਰ ਠੁੱਡੇ ਮਾਰ-ਮਾਰ ਕੇ ਡਾਂਗਾਂ ਵੀ ਮਾਰੀਆਂ ਤੇ ਪੁੱਛਿਆ, "ਬਾਕੀ ਦੇ ਸਾਥੀ ਕਿੱਥੇ ਨੇ? ਦੱਸ, ਨਹੀਂ ਤਾਂ ਮਾਰ ਦਿਆਂਗਾ।...ਨਾ ਹੋਵੇ। ਕੁਝ ਬਕਦਾ ਈ ਨਹੀਂ।"

ਕਰਮੂੰ ਚੁੱਪ ਵੱਟ ਲਈ। ਥਾਣੇਦਾਰ ਨੂੰ ਸਾਹ ਚੜ੍ਹਿਆ ਹੋਇਆ ਸੀ। ਉਹਨੇ ਇਕ ਸਿਪਾਹੀ ਨੂੰ ਆਖਿਆ, "ਫੜ ਉਇ ਇਸ ਕੰਜਰ ਨੂੰ, ਬਿਠਾ ਜ਼ਰਾ ਧੁੱਪੇ ਕੰਧ ਨਾਲ। ਇਹਦੀ ਅਕਲ ਟਿਕਾਣੇ ਆਵੇ, ਫਿਰ ਪੁੱਛਦਾ ਵਾਂ ਇਹਨੂੰ...।" ਮੋਟੀ ਸਾਰੀ ਗਾਲ੍ਹ ਕੱਢ ਕੇ, "ਭਲਾ ਇਸ ਬੇ-ਗੈਰਤ ਨੂੰ ਕਿਹਨੇ ਆਖਿਆ ਸੀ, ਇਧਰ ਆਵੇ? ਇਹਦੇ ਕੋਲੋਂ ਉਧਰ ਨਹੀਂ ਸਨ ਚੋਰੀਆਂ ਕੀਤੀਆਂ ਜਾਂਦੀਆਂ? ਚੋਰ ਦਾ ਪੁੱਤਰ।" ਥਾਣੇਦਾਰ ਦੇ ਜੋ ਮੂੰਹ ਆਇਆ, ਬਕੀ ਗਿਆ। "ਇਹਨੇ ਸੋਚਿਆ ਹੋਣਾ ਏ, ਚਲਦੇ ਆਂ...ਭੋਲਿਆਂ ਲੋਕਾਂ ਦੇ ਦੇਸ਼...ਵਾਹਵਾ ਟੰਡੂ ਅੜਿਆ ਰਹੇਗਾ। ਪਰ ਮੈਂ ਤਾਂ ਇਹਦੇ ਕੋਲੋਂ ਅਗਲਾ-ਪਿਛਲਾ ਖਾਧਾ-ਪੀਤਾ ਸਭ ਹਿਸਾਬ ਲੈ ਕੇ ਛੱਡਾਂਗਾ।" ਥਾਣੇਦਾਰ ਦਾ ਜੁੱਸਾ ਗੁੱਸੇ ਨਾਲ ਵੱਸ ਵਿਚ ਨਹੀਂ ਸੀ। ਫੁੱਲੀ ਹੋਈ ਗੋਗੜ ਤੋਂ ਖਿਸਕਦੀ ਪੈਂਟ ਨੂੰ ਉਹਨੇ ਖਿੱਚ ਕੇ ਉਤਾਂਹ ਕੀਤਾ। ਥਾਣੇਦਾਰ ਦਾ ਹੁਕਮ ਸੁਣ ਸਿਪਾਹੀ ਨੇ ਜ਼ਖ਼ਮੀ ਕਰਮ ਦੀਨ ਨੂੰ ਲੱਤ ਤੋਂ ਫੜ ਕੇ ਧਰੀਕਦਿਆਂ ਧੁੱਪੇ ਕੰਧ ਨਾਲ ਲਿਆ ਸੁੱਟਿਆ...ਜਿਵੇਂ ਕਮੇਟੀ ਵਾਲੇ ਬੇਦਰਦੀ ਨਾਲ ਮੋਏ ਕੁੱਤੇ ਸੁੱਟ ਦਿੰਦੇ ਨੇ।

ਕਰਮ ਦੀਨ ਕੋਲ ਹੁਣ ਨਾ ਕਰਮ ਸੀ, ਤੇ ਨਾ ਦੀਨ। ਬੱਸ, ਗੁਜ਼ਾਰੇ ਵਕਤ ਦਾ ਖਿਆਲ ਸੀ। ਹੁਣ ਤਾਂ ਉਹ ਵੀ ਅੱਗਿਓਂ ਮੁੱਕ ਗਿਆ। ਉਹਨੇ ਜ਼ਮੀਨ ਖੋਤਰਦਿਆਂ ਲੰਮਾ ਸਾਹ ਭਰਿਆ। ਕੰਨਾਂ ਵਿਚ ਬੂਟਾਂ ਦੀ ਠੱਪ-ਠੱਪ ਦੀ ਆਵਾਜ਼ ਨੇੜੇ ਪਈ ਸੁਣ ਕੇ ਉਹਨੂੰ ਕੰਬਣੀ ਜਿਹੀ ਆਈ। ਉਸ ਘਬਰਾ ਕੇ ਉਤਾਂਹ ਅਸਮਾਨ ਵੱਲ ਖੁਦਾ ਨੂੰ ਵੇਖਿਆ। ਉਥੇ ਉਹਨੂੰ ਖੁਦਾ ਤਾਂ ਨਜ਼ਰ ਨਾ ਆਇਆ, ਪਰ ਉਥੇ ਇਕ ਚਿੱਟਾ ਕਬੂਤਰ ਚੀਨਾ, ਨਿਰਾ-ਪੁਰਾ ਜੌਂ-ਸਿਰਾ, ਵਿਸਾਖੀ ਦੇ ਮੇਲੇ ਵਰਗਾ, ਪੁੱਠੀਆਂ-ਸਿੱਧੀਆਂ ਬਾਜ਼ੀਆਂ ਲਾ ਰਿਹਾ ਸੀ।

### ਮੰਜ਼ਿਲ ਦੀ ਉਡੀਕ

ਤੁਰੀਆਂ ਰਾਤਾਂ ਨੇ ਸਹਿਕਦੀਆਂ
ਵਗੀਆਂ ਪੌਣਾਂ ਨੇ ਮਹਿਕਦੀਆਂ
ਤਾਰੇ ਟਿਮ ਟਿਮਾ ਰਹੇ ਨੇ,
ਉਚੇ ਕਾਰਵਾਂ ਸਜਾ ਰਹੇ ਨੇ
ਨਵੇਂ ਸਫਰ ਦਾ ਆਗਾਜ਼ ਕਰ
ਕਾਫਲੇ ਜਾ ਰਹੇ ਨੇ,
ਦੂਰ ਕਿਤੇ, ਮੰਜ਼ਿਲ ਦੀ ਉਡੀਕ!

ਪੰਛੀ ਜੋ ਅਸਮਾਨਾਂ 'ਚ
ਪ੍ਰਭਾਤ ਨੂੰ ਗਾ ਰਹੇ ਨੇ
ਟੇਸ਼ਨਾਂ 'ਤੇ ਗੱਡੀ ਦੀ ਕੂਕ
ਕਲੇਜੇ ਹਾਣੀ ਰੂਹ ਦੀ ਹੂਕ
ਸਾਕੀ ਸੁਖਨ ਸੁਣਾ ਰਹੇ ਨੇ
ਨਵੇਂ ਸਫ਼ਰ ਦਾ ਆਗਾਜ਼ ਕਰ
ਕਾਫਲੇ ਜਾ ਰਹੇ ਨੇ,
ਦੂਰ ਕਿਤੇ, ਮੰਜ਼ਿਲ ਦੀ ਉਡੀਕ!

ਅਸਮਾਨੋਂ ਉਡ ਤੁਰੀਆਂ ਕਿਰਨਾਂ
ਆਣ ਕੇ ਧਰਤ ਰੁਸ਼ਨਾਉਣ
ਖਿੜਿਆ ਫੁੱਲਾਂ ਦਾ ਖੇੜਾ
ਇੰਜ ਦਿਲ ਦਾ ਵਿਹੜਾ
ਹੰਝੂ ਬਣੇ ਮੋਤੀ ਸ਼ਬਨਮ ਨੇ
ਨਵੇਂ ਸਫ਼ਰ ਦਾ ਆਗਾਜ਼ ਕਰ
ਕਾਫਲੇ ਜਾ ਰਹੇ ਨੇ,
ਦੂਰ ਕਿਤੇ, ਮੰਜ਼ਿਲ ਦੀ ਉਡੀਕ!
ਧੁਰੋਂ ਟੇਕ ਬੰਨੀਂ ਆਸ ਇਹੋ
ਮੰਜ਼ਿਲ ਇਨ੍ਹਾਂ ਥੀਂ ਮਿਲੇਗੀ ਜ਼ਰੂਰ
ਉਚੇ ਪਾਣੀਆਂ ਦੀ ਸੱਦ
ਕਿਤੇ ਪੰਛੀਆਂ ਦੀ ਸੱਦ
ਪੌਣ ਸੁਗੰਧੀਆਂ ਆ ਰਹੇ ਨੇ
ਨਵੇਂ ਸਫ਼ਰ ਦਾ ਆਗਾਜ਼ ਕਰ
'ਬੇਅੰਤ' ਕਾਫਲੇ ਜਾ ਰਹੇ ਨੇ,
ਦੂਰ ਕਿਤੇ, ਮੰਜ਼ਿਲ ਦੀ ਉਡੀਕ!

*-ਬੇਅੰਤ ਕੌਰ*
*ਫੋਨ: 91-99887-94880*

# ਮਾਰੀ ਵੀਰਾਂ ਨੇ ਖਿੱਚ ਕਟਾਰ ਇੱਦਾਂ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਜਿਹੜੇ ਦਰਦਾਂ ਵਾਲੀ ਪੰਡ ਦੀ ਗੰਢ ਮੇਰੀ ਕਲਮ ਖੋਲ੍ਹਣ ਲੱਗੀ ਹੈ, ਇਸ ਦਰਦ ਤੋਂ ਸ਼ਾਇਦ ਹੀ ਕੋਈ ਪਰਦੇਸੀ ਵੀਰ ਬਚਿਆ ਹੋਵੇਗਾ। ਬਚਿਆ ਵੀ ਉਹੀ ਹੋਵੇਗਾ ਜਿਸ ਨੇ ਪਿੰਡ ਰਹਿੰਦੇ ਭਰਾ ਅਤੇ ਭਤੀਜਿਆਂ ਨਾਲ ਅਜੇ ਵੰਡ ਵੰਡਾਈ ਦੀ ਗੱਲ ਨਹੀਂ ਤੋਰੀ ਹੋਵੇਗੀ। ਜਿਸ ਦਿਨ ਇਹ ਸਭ ਕੁਝ ਕਹਿ ਦਿੱਤਾ, ਉਸ ਦਿਨ ਸਮਝੋ ਸਭ ਕੁਝ ਗੁਆ ਲਿਆ! ਜਿੱਦਾਂ ਦੇ ਹਾਲਾਤ ਪੰਜਾਬ ਦੇ ਹੋ ਰਹੇ ਨੇ, ਲੱਗਦੈ, ਸਾਨੂੰ 'ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ' ਗੀਤ ਸੁਣ ਕੇ ਹੀ ਸਬਰ ਕਰਨਾ ਪਿਆ ਕਰੇਗਾ। ਜਿਸ ਬਾਈ ਜੀ ਦੇ ਦਰਦਾਂ ਦੀ ਕਹਾਣੀ ਤੁਹਾਡੇ ਨਾਲ ਸਾਂਝੀ ਕਰਨ ਲੱਗਿਆਂ, ਉਹ ਉਸ ਦੇ ਹੱਡੀਂ ਹੰਢਾਏ ਦਰਦਾਂ ਦੀ ਜ਼ੁਬਾਨੀ ਹੈ।

ਜੂਨ ਮਹੀਨੇ ਦਾ ਅੱਧ ਸੀ, ਗਰਮੀ ਪੂਰੀ ਜਵਾਨੀ ਵਿਚ। ਝੋਨੇ ਦੀ ਲੁਆਈ ਜ਼ੋਰਾਂ 'ਤੇ ਸੀ। ਮੈਂ ਬਿਹਾਰੀ ਭਈਆਂ ਨਾਲ ਝੋਨੇ ਦੀ ਪਨੀਰੀ ਟਰਾਲੀ ਵਿਚ ਰਖਵਾ ਰਿਹਾ ਸੀ, ਕਿ ਪਹੀ ਵੱਲ ਦੇਖਿਆ, ਕੋਈ ਕਾਰ ਸਾਡੇ ਖੂਹ ਵੱਲ ਆ ਰਹੀ ਸੀ। ਸੰਨ ਨੱਬੇ ਦੀ ਗੱਲ ਹੈ ਜਦੋਂ ਸਿੰਘਾਂ ਅਤੇ ਪੁਲਿਸ ਦਾ ਬਰਾਬਰ ਦਾ ਹੀ ਡਰ ਹੁੰਦਾ ਸੀ। ਕਾਰ ਖੂਹ 'ਤੇ ਪਹੁੰਚੀ ਤਾਂ ਵਿਚੋਂ ਸਾਡੇ ਗੁਆਂਢੀਆਂ ਦਾ ਮੁੰਡਾ ਬਾਹਰ ਆਉਂਦਿਆਂ ਬੋਲਿਆ, "ਚਾਚਾ ਤੈਨੂੰ ਬੰਦੇ ਮਿਲਣ ਆਏ ਨੇ।" ਮੈਂ ਕੁਝ ਸਵਾਲ ਜਵਾਬ ਕਰਦਾ, ਇੰਨੇ ਨੂੰ ਸਾਹਮਣੇ ਖਮਾਣੋਂ ਵਾਲਾ ਬਾਈ ਕਾਰ ਵਿਚੋਂ ਬਾਹਰ ਆ ਗਿਆ-ਜਿੰਦਰਾ, ਕੀ ਘਾਣੀ ਨਾਲ ਲੱਤਾਂ ਲਬੇੜੀ ਫਿਰਦਾ ਏਂ। ਚੱਲ, ਲੱਤਾਂ ਧੋ ਤੇ ਕਾਰ ਵਿਚ ਬੈਠ; ਰਾਤ ਦੀ ਫਲੈਟ ਐ ਦਿੱਲੀਉਂ ਫਰਾਂਸ ਦੀ।" ਬਾਈ ਨੇ ਕਿਹਾ।

"ਬਾਈ! ਕੱਦੂ ਕੀਤਾ ਪਿਐ, ਭਈਆਂ ਨੇ ਝੋਨਾ ਲਾ ਦੇਣੈ। ਮੈਂ ਆਹ ਪਨੀਰੀ ਦੂਜੇ ਖੇਤ ਛੱਡਣੀ ਐ।" ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਕੀ ਕਰਾਂ? ਗੁਆਂਢੀ ਖੇਤ ਵਾਲੇ ਨਾਜ਼ਰ ਚਾਚੇ ਨੂੰ ਪਿੱਛੇ ਖਿਆਲ ਰੱਖਣ ਲਈ ਕਹਿੰਦਾ ਮੈਂ ਕਾਰ ਵਿਚ ਬੈਠ ਗਿਆ। ਖਮਾਣੋਂ ਵਾਲੇ ਬਾਈ ਰਾਹੀਂ ਦੋ ਵਾਰ ਸ਼ਿੱਪ 'ਤੇ ਤਿੰਨ ਸਾਲ ਲਾ ਆਇਆ ਸੀ। ਹੁਣ ਵੀ ਮੈਂ ਇਕ ਦਿਨ ਚੰਡੀਗੜ੍ਹ ਜਾਂਦਾ ਆਪਣਾ ਪਾਸਪੋਰਟ ਖਮਾਣੋਂ ਫੜਾ ਆਇਆ ਸੀ ਤੇ ਕਹਿ ਦਿੱਤਾ ਸੀ, "ਜਦੋਂ ਮਰਜ਼ੀ ਚਾੜ੍ਹ ਦਿਉ।" ਘਰ ਆ ਕੇ ਕੱਪੜੇ ਬਦਲੇ, ਰਾਏਕੋਟ ਤੋਂ ਮੂੰਹ ਸਿਰ ਬਣਵਾਇਆ ਤੇ ਲੋੜੀਂਦਾ ਸਾਮਾਨ ਲੈ ਲਿਆ। ਰਾਤ ਨੂੰ ਦਿੱਲੀਉਂ ਫਲੈਟ ਫੜੀ ਤੇ ਦੂਜੇ ਦਿਨ ਸ਼ਾਮ ਨੂੰ ਸ਼ਿੱਪ ਚੜ੍ਹ ਗਏ। ਇਹ ਸ਼ਿੱਪ ਪੱਕਾ ਹੀ ਫਰਾਂਸ ਤੋਂ ਅਮਰੀਕਾ ਆਉਂਦਾ ਸੀ। ਦੋ ਮਹੀਨੇ ਸ਼ਿੱਪ ਵਿਚ ਚਾਰ ਦੇਸ਼ਾਂ ਦੀਆਂ ਬੰਦਰਗਾਹਾਂ 'ਤੇ ਠਹਿਰਦੇ ਅਸੀਂ ਨਿਊ ਯਾਰਕ ਆ ਪਹੁੰਚੇ। ਇਥੇ ਆ ਕੇ ਸਾਡੇ ਨਾਲ ਦਾ ਬਾਈ ਜੋ ਮੋਗੇ ਤੋਂ ਸੀ, ਬਿਮਾਰ ਹੋ ਗਿਆ। ਉਸ ਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ। ਮੈਨੂੰ ਉਸ ਦੀ ਦੇਖ ਭਾਲ ਲਈ ਉਸ ਕੋਲ ਛੱਡ ਦਿੱਤਾ। ਮੈਂ ਖਮਾਣੋਂ ਵਾਲੇ ਬਾਈ ਨੂੰ ਫੋਨ ਕੀਤਾ ਕਿ ਕਿਵੇਂ ਆ, ਸ਼ਿੱਪ ਵਿਚ ਮੁੜ ਜਾਈਏ ਕਿ ਅਮਰੀਕਾ ਰਹਿ ਜਾਈਏ।

ਬਾਈ ਕਹਿੰਦਾ, "ਰੱਬ ਨੇ ਤੁਹਾਡੀ ਨੇੜੇ ਹੋ ਕੇ ਸੁਣ ਲਈ ਹੈ। ਚੁੱਪ ਕਰ ਕੇ ਨੀਵੇਂ ਨੀਵੇਂ ਹੋ ਕੇ ਨਿਕਲ ਜਾਉ।" ਸਾਨੂੰ ਹਰੀ ਝੰਡੀ ਮਿਲੀ ਤੇ ਅਸੀਂ ਪੀਲੀ ਟੈਕਸੀ ਵਿਚ ਬੈਠ ਕੇ ਬਹੁਤ ਦੂਰ ਨਿਕਲ ਆਏ। ਮੈਂ ਆਪਣੇ ਗਰਾਈਂ ਨੂੰ ਫੋਨ ਕੀਤਾ। ਉਹ ਸ਼ਾਮ ਨੂੰ ਘਰ ਲੈ ਗਿਆ। ਮੋਗੇ ਵਾਲੇ ਬਾਈ ਨੂੰ ਉਸ ਦਾ ਗਰਾਈਂ ਆਪਣੇ ਕੋਲ ਲੈ ਗਿਆ। ਮੈਂ ਦਸ ਦਿਨ ਆਪਣੇ ਗਰਾਈਂ ਕੋਲ ਰਿਹਾ, ਫਿਰ ਉਸ ਨੇ ਅਗਾਂਹ ਮੈਨੂੰ ਕੈਲੀਫੋਰਨੀਆ ਆਪਣੇ ਮਿੱਤਰ ਕੋਲ ਭੇਜ ਦਿੱਤਾ ਤੇ ਕਿਹਾ, "ਜਿੰਦਰ ਦਾ ਰਿਫਿਊਜੀ ਕੇਸ ਕਰ ਦੇਵੇ, ਖਰਚਾ ਮੈਂ ਭੇਜ ਦੇਵਾਂਗਾ।" ਮੇਰੇ ਗਰਾਈਂ ਦੀ ਕ੍ਰਿਪਾ ਨਾਲ ਮੇਰਾ ਕੇਸ ਲਾ ਦਿੱਤਾ ਗਿਆ। ਵਾਹਿਗੁਰੂ ਨੇ ਫਿਰ ਨੇੜੇ ਹੋ ਕੇ ਸੁਣ ਲਈ; ਤਿੰਨ ਮਹੀਨਿਆਂ ਵਿਚ ਕੇਸ ਪਾਸ ਹੋ ਗਿਆ ਤੇ ਨੌਂ ਮਹੀਨਿਆਂ ਵਿਚ ਮੇਰੀ ਘਰਵਾਲੀ ਤੇ ਦੋਵੇਂ ਪੁੱਤ ਆ ਗਏ। ਮਸਾਂ ਫੌਜੀ ਜਿੰਨੀ ਜੁਦਾਈ ਝੱਲੀ ਤੇ ਪਰਿਵਾਰ ਮਿਲ ਗਿਆ।

ਸੰਘਰਸ਼ਮਈ ਜ਼ਿੰਦਗੀ ਦੀ ਸ਼ੁਰੂਆਤ ਦੇ ਨਾਲ ਹੀ ਆਪਣੇ ਤੋਂ ਵੱਡੇ ਭਰਾ ਨਿੰਦਰ ਨੂੰ ਏਜੰਟਾਂ ਰਾਹੀਂ ਸੱਦ ਲਿਆ। ਉਹ ਭਾਵੇਂ ਮੈਥੋਂ ਵੱਡਾ ਸੀ, ਪਰ ਵਿਆਹਿਆ ਮੇਰੇ ਨਾਲੋਂ ਬਾਅਦ ਵਿਚ ਸੀ। ਮੈਂ ਉਸ ਦਾ ਕੇਸ ਵੀ ਲਵਾ ਦਿੱਤਾ, ਪਰ ਕੇਸ ਲਟਕ ਗਿਆ। ਨਿੰਦਰ ਸ਼ਰਾਬ ਪੀ ਕੇ ਘਰਵਾਲੀ ਨੂੰ ਯਾਦ ਕਰ ਕੇ ਰੋਂਦਾ ਰਹਿੰਦਾ। ਔਖੇ ਸੌਖੇ ਨੇ ਮਸਾਂ ਚਾਰ ਸਾਲ ਕੱਢੇ। ਆਖਰ ਨੂੰ ਪਿੰਡ ਮੁੜ ਗਿਆ। ਮੈਂ ਖੇਤਾਂ ਵਿਚ ਮੋਟਰਾਂ ਲਵਾ ਦਿੱਤੀਆਂ, ਟਰੈਕਟਰ ਟਰਾਲੀ ਸਭ ਨਵਾਂ ਬਣਵਾ ਦਿੱਤਾ। ਇਥੋਂ ਤੱਕ ਕਿ ਨਿੰਦਰ ਪਿੰਡ ਜੋ ਵੀ ਜ਼ਮੀਨ ਮਾਮਲੇ 'ਤੇ ਲੈਂਦਾ, ਉਸ ਦਾ ਮਾਮਲਾ ਵੀ ਮੈਂ ਆਪਣੇ ਗਰਾਈਂ ਨੂੰ ਇੱਥੇ ਹੀ ਦੇ ਦਿੰਦਾ।...ਨਿੰਦਰ ਦੀ ਫਸਲ ਕਾਹਨੂੰ ਸੋਕੇ ਵਿਚ ਮੱਚਦੀ ਜਾਂ ਡੋਬੇ ਵਿਚ ਰੁੜ੍ਹਦੀ ਸੀ, ਉਹ ਤਾਂ ਸਮਝੋ ਜਿੰਦਰ ਹੀ ਸੋਕੇ-ਡੋਬੇ ਦੀ ਮਾਰ ਝੱਲਦਾ ਸੀ! ਬੇਬੇ-ਬਾਪੂ ਪੂਰੇ ਹੋਏ ਤਾਂ ਮੈਂ ਜਾ ਕੇ ਨਿੰਦਰ ਦੇ ਬਰਾਬਰ ਖੜ੍ਹਦਾ ਰਿਹਾ। ਦਸਾਂ ਨਹੁੰਆਂ ਦੀ ਖੂਨ ਪਸੀਨੇ ਦੀ ਕਮਾਈ ਕਰ ਕੇ ਤਿੰਨ ਕਿੱਲੇ ਬੈਅ ਲਏ। ਨਿੰਦਰ ਨੂੰ ਬਰਾਬਰ ਰੱਖਿਆ। ਲੋਹੜੀਆਂ, ਦੀਵਾਲੀਆਂ 'ਤੇ ਡਾਲਰ ਭੇਜਦਾ ਰਿਹਾ। ਹੁਣ ਪੁੱਤ ਗੱਭਰੂ ਹੋਏ ਤਾਂ ਸੋਚਿਆ, 'ਪਿੰਡ ਜਾ ਕੇ ਕਾਰਜ ਕਰ ਆਵਾਂ।' ਗਿਆ ਤਾਂ ਪੁੱਤ ਵਿਆਹੁਣ ਸੀ ਪਰ ਨਿੰਦਰ ਨੇ ਪੁਰਾਣਾ ਘਰ ਢਾਹ ਲਿਆ। ਅਖੇ, ਪਹਿਲਾਂ ਕੋਠੀ ਪਾਉਣੀ ਹੈ। ਸਾਡਾ ਮਾਮਾ ਬੜਾ ਸਿਆਣਾ ਸੀ। ਉਹ ਕਹਿੰਦਾ, 'ਵੱਡੀ ਕੋਠੀ ਨਾਲੋਂ ਦੋ ਛੋਟੀਆਂ ਕੋਠੀਆਂ ਬਣਾ ਲਉ। ਇਕ ਜਿੰਦਰ ਦੀ, ਤੇ ਦੂਜੀ ਨਿੰਦਰ ਦੀ ਹੋ ਜਾਊ।'

ਮੇਰੇ ਪੁੱਤਰ ਦੋਵੇਂ ਟਰੱਕ 'ਤੇ ਵਧੀਆ ਡਾਲਰ ਕਮਾਉਂਦੇ ਤੇ ਬਚਾਉਂਦੇ ਸੀ। ਤਿੰਨਾਂ ਸਾਲਾਂ ਵਿਚ ਦੋ ਕੋਠੀਆਂ ਤਿਆਰ ਹੋ ਗਈਆਂ। ਬੜੇ ਚਾਅ ਅਤੇ ਸ਼ਰਧਾ ਨਾਲ ਅਖੰਡ ਪਾਠ ਕਰਵਾ ਕੇ ਕੋਠੀਆਂ ਦੀ ਚੱਠ ਕੀਤੀ। ਫਿਰ ਅਗਲੇ ਗੇੜੇ ਗਿਆ ਤਾਂ ਨਿੰਦਰ ਕਹਿੰਦਾ, "ਜਿੰਦਰਾ, ਮੁੰਡੇ ਦਾ ਰਿਸ਼ਤਾ ਕਰਨ ਲੱਗਿਆਂ ਇਹ ਸ਼ਰਤ ਰੱਖ ਦੇ ਕਿ ਰਿਸ਼ਤਾ ਉਥੇ ਕਰਨਾ ਹੈ, ਜਿਥੇ ਮੇਰੇ ਭਤੀਜੇ ਵਾਸਤੇ ਅਮਰੀਕਾ ਦੀ ਸਿਟੀਜ਼ਨ ਪੰਜਾਬੀ ਕੁੜੀ ਹੋਵੇਗੀ; ਯਾਨੀ ਵੱਟਾ-ਸੱਟਾ। ਮੇਰੇ ਮੁੰਡੇ ਨੂੰ ਪੰਜਾਬ ਦੀ ਕੁੜੀ ਅਤੇ ਨਿੰਦਰ ਦੇ ਮੁੰਡੇ ਨੂੰ ਅਮਰੀਕਾ ਦੀ ਕੁੜੀ। ਅਸੀਂ ਤਿੰਨਾਂ ਮਹੀਨਿਆਂ ਵਿਚ ਵੀਹ ਕੁੜੀਆਂ ਦੇਖੀਆਂ। ਜਿਥੇ ਮੇਰੇ ਮੁੰਡੇ ਨੂੰ ਕੁੜੀ ਪਸੰਦ ਹੁੰਦੀ, ਉਥੇ ਨਿੰਦਰ ਦਾ ਮੁੰਡਾ ਕੁੜੀ ਨੂੰ ਨਾ-ਪਸੰਦ ਕਰ ਦਿੰਦਾ। ਅਖੀਰ ਖਾਲੀ ਹੱਥ ਵਾਪਸ ਆ ਗਏ। ਮੈਂ ਆਪਣੇ ਮੁੰਡੇ ਦਾ ਵਿਆਹ ਇਥੇ ਕਰ ਦਿੱਤਾ ਤੇ ਪਿੰਡ ਨਿੰਦਰ ਨੇ ਘਰ ਚੁੱਕਣਾ ਲੈ ਲਿਆ। ਮੈਂ ਬਹੁਤ ਸਮਝਾਇਆ ਕਿ ਵੀਰ ਤੇਰਾ ਮੁੰਡਾ ਹੋਰ ਢੰਗ-ਤਰੀਕੇ ਨਾਲ ਇਥੇ ਮੰਗਵਾ ਲਵਾਂਗੇ, ਪਰ ਨਿੰਦਰ ਨੇ ਜ਼ਿੱਦ ਵਿਚ ਮੁੰਡੇ ਦਾ ਵਿਆਹ ਪਿੰਡ ਹੀ ਕਰ ਲਿਆ ਤੇ ਇਸ ਨਿੱਕੀ ਜਿਹੀ ਗੱਲ ਤੋਂ ਨਿੰਦਰ, ਭਰਾ ਤੋਂ ਮੇਰਾ ਵੈਰੀ ਬਣ ਗਿਆ।

ਬਾਈ ਸਾਲਾਂ ਦਾ ਖੇਤੀਬਾੜੀ ਦਾ ਮੈਂ ਕੋਈ ਹਿਸਾਬ-ਕਿਤਾਬ ਨਹੀਂ ਸੀ ਲਿਆ। ਪੰਜਾਬ ਵਿਚ ਹੋ ਰਹੇ ਜਾਇਦਾਦਾਂ 'ਤੇ ਨਾਜਾਇਜ਼ ਕਬਜ਼ਿਆਂ ਦੀਆਂ ਖ਼ਬਰਾਂ ਨੇ ਮੈਨੂੰ ਵੀ ਡਰਾ ਦਿੱਤਾ। ਮੈਂ ਸੋਚਿਆ, ਭਰਾ ਨਾਲ ਵੰਡ-ਵੰਡਾਈ ਕਰ ਆਵਾਂ। ਮੈਂ ਪਿੰਡ ਗਿਆ। ਨਿੰਦਰ ਨਾਲ ਗੱਲ ਕਰਨੀ ਚਾਹੀ, ਪਰ ਉਹ ਭਰਾ ਨਹੀਂ ਦੁਸ਼ਮਣ ਬਣ ਕੇ ਸਾਹਮਣੇ ਆਇਆ। ਉਸ ਨੇ ਰੱਜ ਕੇ ਪੀਤੀ ਤੇ ਰੱਜ ਕੇ ਹੀ ਮੇਰੇ ਨਾਲ ਲੜਾਈ ਕੀਤੀ। ਅਗਲੇ ਦਿਨ ਰਿਸ਼ਤੇਦਾਰ ਇਕੱਠੇ ਕੀਤੇ ਤੇ ਵੰਡ-ਵੰਡਾਈ ਦੀ ਗੱਲ ਤੋਰੀ। ਮੇਰੇ ਹਿੱਸੇ ਰੇਤਲੀ ਜ਼ਮੀਨ ਆ ਗਈ। ਹੋਰ ਕਿਸੇ ਚੀਜ਼ ਵਿਚੋਂ ਉਸ ਨੇ ਮੈਨੂੰ ਹਿੱਸਾ ਨਾ ਦਿੱਤਾ। ਰਿਸ਼ਤੇਦਾਰਾਂ ਦੇ ਕਹਿਣ 'ਤੇ ਮੈਂ ਵੀ ਸਬਰ ਕਰ ਲਿਆ, 'ਚਲੋ, ਫਿਰ ਵੀ ਮੇਰਾ ਭਰਾ ਹੈ।' ਮੇਰਾ ਮਾਮਾ ਕਹਿੰਦਾ, "ਦੇਖ ਬਈ ਨਿੰਦਰਾ, ਤੈਨੂੰ ਛੇ ਕਿੱਲਿਆਂ ਦਾ ਮਾਮਲਾ ਵਿਸਾਖੀ ਨੂੰ ਜਿੰਦਰ ਦੇ ਖਾਤੇ ਜਮ੍ਹਾਂ ਕਰਵਾਉਣਾ ਪਿਆ ਕਰਨਾ ਹੈ। ਕੋਠੀ ਦੀ ਦੇਖਭਾਲ ਵੀ ਕਰਨੀ ਪੈਣੀ ਹੈ।" ਨਿੰਦਰ ਨੇ ਸਿਰ ਹਿਲਾ ਕੇ 'ਹਾਂ' ਕਰ ਦਿੱਤੀ ਪਰ ਮਨ ਵਿਚ ਪਤਾ ਨਹੀਂ ਉਹ ਕੀ ਕੀ ਵਿਉਂਤਾਂ ਘੜਨ ਲੱਗ ਗਿਆ!

ਮੈਂ ਫਿਰ ਦੋ ਸਾਲਾਂ ਬਾਅਦ ਪਿੰਡ ਗਿਆ। ਨਿੰਦਰ ਨੇ ਸਿੱਧੇ ਮੂੰਹ ਨਾ ਬੁਲਾਇਆ। ਆਪਣੀ ਕੋਠੀ ਦੀਆਂ ਚਾਬੀਆਂ ਮੰਗੀਆਂ ਤਾਂ ਜਵਾਬ ਮਿਲ ਗਿਆ ਕਿ ਤੂੰ ਇਸ ਕੋਠੀ ਦਾ ਲੱਗਦਾ ਕੌਣ ਐਂ? ਆਪਣੇ ਖਾਤੇ ਵਿਚ ਦੇਖਿਆ, ਮੇਰੇ ਨਾਂ ਕੋਈ ਪੈਸਾ ਜਮ੍ਹਾਂ ਨਹੀਂ ਸੀ ਹੋਇਆ। ਮੈਂ ਸਮਝ ਗਿਆ ਕਿ ਜਿੰਦਰਾ, ਤੂੰ ਵੀ ਉਨ੍ਹਾਂ ਐਨ.ਆਰ.ਆਈ. ਵੀਰਾਂ ਦੀ ਕਤਾਰ ਵਿਚ ਖੜ੍ਹ ਗਿਆਂ ਜਿਹੜੇ ਆਪਣੀਆਂ ਜਾਇਦਾਦਾਂ ਦੀ ਨਾਜਾਇਜ਼ ਕਬਜ਼ੇ ਵਾਲੀ ਬਿਮਾਰੀ ਦੇ ਮਰੀਜ਼ ਹਨ। ਫਿਰ ਪੰਚਾਇਤਾਂ, ਥਾਣੇ, ਤਹਿਸੀਲਾਂ ਦੇ ਚੱਕਰਾਂ ਵਿਚ ਘੁੰਮਦਾ ਰਿਹਾ। ਦਫ਼ਤਰਾਂ ਵਿਚ ਬੈਠੇ ਸੋਹਣੀਆਂ ਪੱਗਾਂ ਤੇ ਦਾੜ੍ਹੀਆਂ ਵਾਲੇ ਸਿੱਖ ਭਾਈ ਝੱਟ ਕਹਿ ਦਿੰਦੇ ਕਿ ਬੋਤਲ ਜੋਗੇ ਤਾਂ ਦੇ ਜਾਉ! ਮੈਂ ਸੋਚਦਾ ਕਿ ਜਦੋਂ ਅਸੀਂ ਪੰਜਾਬ ਵਿਚ ਰਹਿੰਦੇ ਸੀ, ਉਦੋਂ ਵੀ ਸਰਕਾਰੀ ਕੰਮਾਂ ਦਾ ਇਸ ਤਰ੍ਹਾਂ ਦਾ ਹੀ ਹਾਲ ਸੀ, ਪਰ ਇਧਰਲੇ ਇਮਾਨਦਾਰ ਦੇਸ਼ ਵਿਚੋਂ ਜਾ ਕੇ ਉਨ੍ਹਾਂ ਦਫਤਰਾਂ ਵਿਚ ਵਿਚਰਨਾ ਬੜਾ ਘਟੀਆ ਕਿਸਮ ਦਾ ਨਿਰਾਦਰ ਲੱਗਦਾ। ਅਖੇ, ਇਥੇ ਮੋਹਰ ਨਹੀਂ ਲੱਗੀ, ਇਥੇ ਦਸਖ਼ਤ ਨਹੀਂ। ਰੋਜ਼ ਦੇ ਗੇੜੇ ਕਮਲਾ ਕਰ ਦਿੰਦੇ। ਕੋਈ ਵੀ ਐਸਾ ਆਦਮੀ ਨਹੀਂ ਮਿਲਿਆ ਜਿਸ ਨੇ ਦਿਲੋਂ ਮੱਦਦ ਕਰਨੀ ਚਾਹੀ ਹੋਵੇ।

ਪਿੰਡੋਂ ਮੇਰੇ ਇਕ ਨੇੜੇ ਦਾ ਸੱਜਣ ਮੇਰੇ ਨਾਲ ਜਾਂਦਾ-ਆਉਂਦਾ ਰਿਹਾ। ਮੈਨੂੰ ਨਾ ਕੋਠੀ ਦਾ ਕਬਜ਼ਾ ਮਿਲਿਆ, ਨਾ ਛੇ ਕਿੱਲਿਆਂ ਦਾ। ਇਕ ਦਿਨ ਮੇਰਾ ਇਹ ਸੱਜਣ ਕਹਿੰਦਾ, "ਜਿੰਦਰ ਬਾਈ! ਪੰਜਾਬ ਦੇ ਹਾਲਾਤ ਬਹੁਤ ਮਾੜੇ ਹੋ ਚੁੱਕੇ ਆ। ਧਰਮ ਦੇ ਵਿਚ ਸਿਆਸਤ ਆ ਗਈ, ਸਿਆਸਤ ਵਿਚ ਗੁੰਡਾਗਰਦੀ। ਤੇਰੇ ਭਰਾ ਤੇ ਭਤੀਜੇ ਦਾ ਲਿੰਕ ਉਪਰ ਤੱਕ ਬਣਿਆ ਹੋਇਐ। ਤੇਰਾ ਲਿੰਕ ਪਿੰਡ ਤੇ ਪੰਜਾਬ ਨਾਲੋਂ ਪੰਝੀ ਸਾਲ ਪਹਿਲਾਂ ਦਾ ਟੁੱਟ ਚੁੱਕਾ। ਨਵੇਂ ਮੁੰਡੇ ਤੈਨੂੰ ਜਾਣਦੇ ਨਹੀਂ, ਪੁਰਾਣੇ ਸਾਰੇ ਖਿੰਡ-ਪੁੰਡ ਗਏ। ਤੇਰੇ ਦੁੱਖਾਂ ਦਾ ਦਰਦੀ ਕੋਈ ਨਹੀਂ ਬਣਨਾ। ਤੇਰਾ ਪਰਿਵਾਰ ਅਮਰੀਕਾ ਵਿਚ ਸੈਟ ਹੈ, ਆਪਣੇ ਪਰਿਵਾਰ ਨਾਲ ਰਹਿ ਕੇ ਜ਼ਿੰਦਗੀ ਦੇ ਬਾਕੀ ਦਿਨ ਗੁਜ਼ਾਰ।" ਸੱਜਣ ਨੇ ਸਾਰੇ ਪੰਜਾਬੀ ਅਖ਼ਬਾਰ ਮੈਨੂੰ ਦਿਖਾਉਂਦਿਆਂ ਕਿਹਾ, "ਦੇਖ ਲੈ, ਹੈ ਕਿਤੇ ਸੁੱਖ-ਸਾਂਦ? ਚੋਰੀ, ਬਲਾਤਕਾਰ, ਐਕਸੀਡੈਂਟ, ਕਤਲ, ਐਨੇ ਮਰੇ, ਇੰਨੇ ਮਾਰੇ। ਜਿੰਦਰਾ ਬਾਈ, ਤੇਰੇ ਭਰਾ ਤੇ ਭਤੀਜੇ ਨੇ ਤਿੰਨ ਕਰੋੜ ਦੀ ਜਾਇਦਾਦ ਬਦਲੇ ਤੈਨੂੰ ਸੁੱਕਾ ਨਹੀਂ ਜਾਣ ਦੇਣਾ। ਦੇਖੀਂ ਮੇਰਾ ਵੀਰ, ਕਿਤੇ ਬੋਰੀ ਵਿਚ ਨਾ ਪੈ ਜਾਈਂ। ਅੱਜ-ਕੱਲ੍ਹ ਦੁੱਖ ਬਿਗਾਨਾ ਨਹੀਂ, ਆਪਣਾ ਹੀ ਦਿੰਦਾ ਹੈ।" ਆਪਣੇ ਇਸ ਸੱਜਣ ਦੀਆਂ ਗੱਲਾਂ ਸੁਣ ਕੇ ਮੇਰੇ ਅੰਦਰ ਬੜਾ ਕੁਝ ਟੁੱਟ-ਭੁਰ ਗਿਆ। ਉਹ ਅੜਬਾਈ ਅਤੇ ਹੇਂਅ ਵੀ ਜਾਂਦੀ ਲੱਗੀ ਜਿਸ ਨਾਲ ਵੱਟ ਪਿੱਛੇ ਪੂਰਾ ਕਿੱਲਾ ਵੇਚ ਕੇ ਕੇਸ 'ਤੇ ਲਾ ਦੇਈਦਾ ਹੈ। ਬੱਸ, ਅੱਖਾਂ ਹੀ ਖੁੱਲ੍ਹ ਗਈਆਂ ਕਿ ਹੱਥੀਂ ਬਣਾ ਕੇ ਦਿੱਤੇ ਮੁਖਤਿਆਰਨਾਮੇ ਨੇ ਮੇਰਾ ਪਿੰਡ ਵਿਚੋਂ ਨਾਮ ਹੀ ਮਿਟਾ ਦਿੱਤਾ ਹੈ। ਭਰਾ ਤੇ ਭਤੀਜੇ ਨੇ ਤਾਂ ਹਥਿਆਰ ਤਿੱਖੇ ਕਰ ਲਏ ਸਨ ਪਰ ਮੈਂ ਪਹਿਲਾਂ ਹੀ ਜਹਾਜ਼ ਚੜ੍ਹ ਆਇਆ। ਸਬਰ ਕਰ ਲਿਆ, 'ਜਿਧਰ ਗਿਆ ਬਾਣੀਆ, ਉਧਰ ਗਿਆ ਬਾਜ਼ਾਰ'।

## ਕਾਵਿ-ਜਗਤ

### ਪ੍ਰਧਾਨ ਜੀ ਦੀ ਬੇਨਤੀ

ਸੁਣੋ ਸੰਗਤ ਜੀ ਕਰਾਂ ਬੇਨਤੀ,
ਮੈਂ ਗੁਰੂ ਘਰ ਦਾ ਦਾਸ।
ਜੇ ਕੋਈ ਹੈ ਤਕਲੀਫ ਕਿਸੇ ਨੂੰ,
ਆਉ ਹਮਾਰੇ ਪਾਸ।
ਸਾਡੀ ਇਹੋ ਕਮੇਟੀ ਹੈਗੀ,
ਆਗਿਆਕਾਰ ਤੁਮਾਰੀ।
ਪਰ ਸਾਡੀ ਗੱਲ ਕੰਨ ਖੋਲ੍ਹ ਕੇ,
ਸੁਣ ਲਉ ਸੰਗਤ ਸਾਰੀ।
ਖਾਣ-ਪੀਣ ਦੀ ਤੋਟ ਰਹੂ ਨਾ,
ਰੱਖਿਓ ਇਕ ਗੱਲ ਯਾਦ।
ਖਾਉ ਪਕੌੜੇ, ਪੀਓ ਚਾਹਾਂ,
ਪਰ ਪੁੱਛਣਾ ਨਹੀਂਉਂ ਹਿਸਾਬ।

ਜਾਣ-ਬੁੱਝ ਕੇ ਕਈ ਸਾਡੇ 'ਤੇ
ਮੜ੍ਹ ਦਿੰਦੇ ਨੇ ਦੋਸ਼।
ਪੈਸੇ ਖਾ ਗਏ, ਪੈਸੇ ਖਾ ਗਏ,
ਕਿੱਡੇ ਮਾੜੇ ਲੋਕ!
ਕਿੰਨੀ ਸੇਵਾ ਕਰਨੀ ਪੈਂਦੀ।
ਨਹੀਂ ਇਨ੍ਹਾਂ ਨੂੰ ਸਾਰ।
ਬਾਬਾ ਸਾਡਾ ਅਸੀਂ ਬਾਬੇ ਦੇ,
ਇਹ ਨੇ ਭਾਨੀ ਮਾਰ।
ਮਸੀਂ ਹੈ ਸਾਡੀ ਵਾਰੀ ਆਈ,
ਇੰਨੇ ਸਾਲਾਂ ਬਾਅਦ।
ਖਾਉ ਪਕੌੜੇ, ਪੀਓ ਚਾਹਾਂ,
ਪਰ ਪੁੱਛਣਾ ਨਹੀਂਉਂ ਹਿਸਾਬ।

ਜੋ ਸਾਡੇ ਨਾਲ ਰਹਿਣਗੇ ਮਿਲ ਕੇ,
ਬੜੇ ਰਹਿਣੇ ਚੰਗੇ।
ਨਹੀਂ ਤਾਂ ਸਾਡੇ ਕੋਲ ਹੈਗੇ ਨੇ,
ਸਾਰੀ ਤਰ੍ਹਾਂ ਦੇ ਬੰਦੇ।
ਸਿਰ ਤੋਂ ਪੱਗਾਂ ਲਾਹ ਸੁੱਟਦੇ ਨੇ,
ਨਹੀਂ ਕਿਸੇ ਤੋਂ ਡਰਦੇ।
ਸ਼ਾਮ ਨੂੰ ਪੀਜ਼ੇ ਨਾਲ ਗਲਾਸੀ
ਸੇਵਾ ਵੀ ਹਾਂ ਕਰਦੇ।
ਸਾਡੇ ਵਾਂਗ ਸ਼ਰੀਫ ਨੇ ਇਹ ਵੀ,
ਲੋਕੀਂ ਕਰਨ ਖਰਾਬ।
ਖਾਉ ਪਕੌੜੇ, ਪੀਓ ਚਾਹਾਂ,
ਪਰ ਪੁੱਛਣਾ ਨਹੀਂਉਂ ਹਿਸਾਬ।

ਵਿਚ ਕੋਰਟ ਦੇ ਕੇਸ ਕਈਆਂ ਨੇ,
ਕੀਤੇ ਸਾਡੇ ਉਤੇ।
ਸਾਡੇ ਕੋਲ ਤਾਂ ਗੋਲਕ ਗੁਰੂ ਦੀ,
ਵਿਚ ਨੋਟਾਂ ਦੇ ਗੁੱਛੇ।
ਪੈਸਾ ਸੰਗਤ ਦਾ ਅਸੀਂ ਸੰਗਤ ਦੇ,
ਤੁਹਾਨੂੰ ਕੀ ਬਿਮਾਰੀ?
ਪੰਜ ਸੱਤ ਬੰਦਿਆਂ ਰਲ ਕੇ,
ਪਈ ਏ ਮੱਤ ਅਸਾਂ ਦੀ ਮਾਰੀ।
ਇਨ੍ਹਾਂ ਕੋਲੋਂ ਛੁੱਟ ਜਾਏ ਪਿੱਛਾ,
ਫਿਰ ਤਾਂ ਅਸੀਂ ਆਜ਼ਾਦ।
ਖਾਉ ਪਕੌੜੇ, ਪੀਓ ਚਾਹਾਂ,
ਪਰ ਪੁੱਛਣਾ ਨਹੀਂਉਂ ਹਿਸਾਬ।
ਸੰਗਤ ਜੀ, ਪੁੱਛਣਾ ਨਹੀਂਉ ਹਿਸਾਬ...।

*-ਬੇਨਾਮ ਗੁਰੂ ਘਰ ਦਾ ਪ੍ਰੇਮੀ*

---

### ਜ਼ਿੰਦਗੀ ਹੈ ਤੋਹਫਾ

ਦਿਲਾ ਉਏ ਉਦਾਸ ਹੋ-ਹੋ, ਨਈਂਉਂ ਟੁੱਟੀ ਦਾ।
ਜ਼ਿੰਦਗੀ ਦੇ ਨਾਲ, ਕਦੇ ਨਈਂਉਂ ਰੁੱਸੀ ਦਾ।

ਤੁਰ'ਗੇ ਜਹਾਨੋਂ ਸ਼ਾਹ ਜ਼ਹਾਨ ਵਰਗੇ,
ਰੱਬ ਸੀ ਕਹਾਉਂਦੇ ਜੋ ਸੱਦਾਮ ਵਰਗੇ,
ਲੁੱਟ ਲੈ ਮਜ਼ਾ ਉਏ, ਜਿੰਨਾ ਤੈਥੋਂ ਲੁੱਟੀ ਦਾ।
ਸੱਜਣਾ ਨਈਂ ਜ਼ਿੰਦਗੀ ਦੇ ਨਾਲ ਰੁੱਸੀ ਦਾ।

ਵਕਤ ਕਦੇ ਵੀ ਰਹੇ ਇਕੋ ਸਾਰ ਨਾ,
ਸ਼ਾਹਾਂ ਵਾਲੀ ਪੂੰਜੀ ਮਿਲੇ ਵਾਰ-ਵਾਰ ਨਾ,
ਜਾਗ'ਪੇ ਕੀ ਪਤਾ, ਕਿਸਮਤ ਸੁੱਤੀ ਦਾ।
ਜ਼ਿੰਦਗੀ ਦੇ ਨਾਲ, ਕਦੇ ਨਈਉਂ ਰੁੱਸੀ ਦਾ।
ਕਰ ਲੈ ਗੁਜ਼ਾਰੇ ਉਏ, ਸਹਾਰੇ ਲੱਭ ਨਾ,
ਜ਼ਿੰਮੇਵਾਰੀਆਂ ਤੋਂ ਕਦੇ ਹੋ ਅਲੱਗ ਨਾ,
ਹੌਸਲਾ ਕਦੇ ਵੀ ਹਾਰ ਕੇ ਨਈਂ ਸੁੱਟੀ ਦਾ।
ਜ਼ਿੰਦਗੀ ਦੇ ਨਾਲ, ਕਦੇ ਨਈਉਂ ਰੁੱਸੀ ਦਾ।

ਚੀਮਨੇ ਵੀ ਘਰੋਂ ਖਾ ਕੇ, ਦੇਣ ਮੱਤ ਨਾ,
'ਰਾਜ' ਘਰ ਪੱਟ ਹੋ ਈ, ਜਾਂਦੇ ਹੱਠ ਨਾ,
ਚੱਟਣਾ ਪਵੇ ਜੋ ਮੁੜ, ਉਹ ਨ੍ਹੀਂ ਥੁੱਕੀ ਦਾ।
ਜ਼ਿੰਦਗੀ ਦੇ ਨਾਲ, ਕਦੇ ਨਹੀਂਉਂ ਰੁੱਸੀ ਦਾ।

*-ਰਾਜ ਧਾਲੀਵਾਲ*

---

### ਰੱਬ ਦਾ ਰਹੱਸ

ਬਿਨਾਂ ਦਰਸ਼ਨ ਤੇਰੇ ਰੱਬਾ,
ਦੁਨੀਆਂ ਖਾ ਬੈਠੀ ਹੈ ਖੱਭਾ।
ਹੋਂਦ ਤੇਰੀ 'ਤੇ ਦੁਨੀਆਂ,
ਅੱਜ ਸ਼ੱਕ ਪਈ ਕਰਦੀ।
ਰੂਹ ਤੇਰੀ ਆਪਣੀ ਦੁਨੀਆਂ ਨੂੰ,
ਮਿਲਣ ਦੀ ਕਿਉਂ ਨ੍ਹੀਂ ਕਰਦੀ?

ਆਪਣੀ ਸਿਰਜੀ ਦੁਨੀਆਂ ਤੋਂ,
ਦਿਲ ਭਰਿਆ ਲੱਗਦਾ ਤੇਰਾ।
ਕਰੋਪੀ ਕੁਦਰਤ ਦੀ ਵੇਖਾਂ,
ਦਿਲ ਖਿਝਦਾ ਤੈਥੋਂ ਮੇਰਾ।
ਦੀਦ ਤੇਰੇ ਬਿਨ ਕੀਤਿਆਂ,
ਰੁੱਖਾ ਜਾਪੇ ਹਰ ਸਵੇਰਾ।

ਕੁਝ ਕਹਿੰਦੇ ਕੁਦਰਤ ਹੱਥੋਂ,
ਦੁਨੀਆਂ ਗਈ ਹੈ ਸਿਰਜੀ।
ਕਣੂੰ ਜੋ ਮੁੱਢ ਦੁਨੀਆਂ ਦਾ,
ਅੱਜ ਦੁਨੀਆਂ ਲੱਭੀ ਫਿਰਦੀ।
ਅਜਬ ਤੇਰੇ ਭਰਮ ਭੁਲੇਖੇ,
ਵਿਚ ਭੁਲੇਖੇ ਤੇਰੀ ਦੁਨੀਆਂ,
ਪਈ ਉਲਝੀ ਦਿੰਦੀ ਲੇਖੇ।
ਇਹ ਲੁਕਣ ਮਚੀਚੇ ਜਿਹੜੇ,
ਸੰਗ ਸਾਡੇ ਹਨ ਖੇਡੇ।
ਸ੍ਰਿਸ਼ਟੀ ਤੇਰੀ ਨੂੰ ਅੱਜ,
ਵੇਖਾਂ ਲੋਕੀਂ ਮਾਰਨ ਠੇਡੇ।
ਭੀੜੀ ਪਿਆਂ 'ਤੇ ਰੱਬਾ,
ਦਰ ਕਿਸ ਗਲੀ ਦੇ ਮੱਲੇ?
ਨੀਲ ਗ੍ਰਹਿ ਦੇ ਬੰਦਿਆਂ,
ਗ੍ਰਹਿ ਬਿਗਾਨੇ ਅੱਜ ਮੱਲੇ।
ਕਰ ਖੋਜਾਂ ਲੈ ਤਸ਼ਤਰੀਆਂ,
ਅੱਜ ਵੇਖਾਂ ਵੱਸਣ ਚੱਲੇ।
ਉਲਟੀ ਲੀਹੇ ਧਰਤੀ ਜਾਪੇ,
ਆਪਣੀ ਪਰਿਕਰਮਾ ਛੱਡ ਚੱਲੇ।

ਧਰਤੀ ਮਾਂ ਦੀ ਚੁੰਬਕ ਸ਼ਕਤੀ,
ਜਿਉਂ ਮੱਥੇ ਦੀ ਭਰਿਕੁਟੀ,
ਬ੍ਰਹਿਮੰਡੀਂ ਲੜਖੜਾਵੇ।
ਮਤੇ ਐਸਾ ਨਾ ਹੋ ਜਾਵੇ...
ਧਰਤੀ ਮਾਤਾ ਰੇਤੀਲਾ ਗੋਲਾ,
ਖੱਖੜ ਕਰੇਲੇ ਬਣ ਕੇ,
ਵਾਪਿਸ ਮੁੜ ਨਾ ਆਵੇ।

ਦੀਦ ਤੇਰੇ ਬਿਨ ਕੀਤਿਆਂ,
ਦੁਨੀਆਂ ਵੇਖਾਂ ਭੰਬਲਭੂਸੇ।
ਲੱਖ ਚਾਲੀਸੇ ਰੱਖੇ ਦੁਨੀਆਂ,
ਭੁੱਖਿਆਂ ਚਿਹਰੇ ਗਏ ਨੇ ਲੂਸੇ।
ਵਕਤ ਬੀਤਿਆਂ ਟੱਕਰਾਂ ਪੱਲੇ,
ਪੱਲੇ ਕੀ ਫਿਰ ਰਹਿ ਜਾਂਦਾ।
ਸਰਬਨਾਸ਼ ਦੀ ਝੋਲੀ ਦੇ ਵਿਚ,
ਵੇਖਿਆ ਸਭ ਕੁਝ ਵਹਿ ਜਾਂਦਾ।

ਪਾਠ ਮੈਂ ਤੇਰਾ ਜਦ ਵੀ ਕਰਦਾਂ,
ਲੰਘਦਾ ਹਰ ਕੋਈ ਕਹਿ ਜਾਂਦਾ।
ਫੱਕਰਾਂ ਨੂੰ ਕੀ ਡਰ ਮੌਤ ਦਾ,
ਮੇਰੇ ਸੀਨੇ ਖ਼ੰਜਰ ਲਹਿ ਜਾਂਦਾ।

*-ਟਹਿਲ ਸਿੰਘ ਚਾਹਲ*

---

### ਗਜ਼ਲ

ਪੈ ਗਿਆ ਤੰਦੂਆ ਜਾਲ ਓ ਜੱਟਾ।
ਪਗੜੀ ਲੈ ਸੰਭਾਲ ਓ ਜੱਟਾ।
ਹੁਣ ਤਾਂ ਖੇਤੀ ਹੋਈ ਨਖਿੱਧ,
ਉਤਮ ਧੰਦਾ ਭਾਲ ਓ ਜੱਟਾ।
ਖੇਤਾਂ ਨੂੰ ਪਾਣੀ ਜ਼ਹਿਰੀਲਾ,
ਧਰਤੀ ਕਰੇ ਕੰਗਾਲ ਓ ਜੱਟਾ।
ਖਾਦਾਂ ਡੀਜ਼ਲ ਮਹਿੰਗਾ ਹੋਇਆ,
ਜੇਬ ਦਾ ਢਿੱਲਾ ਹਾਲ ਓ ਜੱਟਾ।
ਨੇਤਾਵਾਂ ਦੇ ਸਬਜ਼ਬਾਗ ਨੇ,
ਸਰਕਾਰਾਂ ਦੀ ਚਾਲ ਓ ਜੱਟਾ।
ਆੜ੍ਹਤੀ ਅਤੇ ਵਪਾਰੀ ਲੁੱਟਣ,
ਜਿਵੇਂ ਲੁੱਟ ਦਾ ਮਾਲ ਓ ਜੱਟਾ।
ਮੂੰਹ ਇਨ੍ਹਾਂ ਦੇ ਕਾਲਖ ਮਲੀਏ,
ਹੋਲੀ ਜਿਵੇਂ ਗੁਲਾਲ ਓ ਜੱਟਾ।
ਨਾਚ ਵਲੈਤੀ ਕਰਨੇ ਛੱਡਦੇ,
ਸੜਕ 'ਤੇ ਪਾ ਧਮਾਲ ਓ ਜੱਟਾ।
ਚਿੜੀਆਂ ਵਾਂਗੂੰ ਏਕਾ ਕਰ ਕੇ,
ਉਡ ਜਾ ਲੈ ਕੇ ਜਾਲ ਓ ਜੱਟਾ।
ਛੱਡ ਦੇ ਯਾਰੀ ਲੋਟੂ ਯਾਰ ਦੀ,
ਬੋਲ ਸਾਸਰੀ ਕਾਲ ਓ ਜੱਟਾ।
ਬਿਜਲੀ ਦੇ ਦਰਸ਼ਨ ਦੁਰਲੱਭ,
ਪਿਆਸੇ ਖੇਤੀ ਖਾਲ ਓ ਜੱਟਾ।
ਅਮਰੀਕਾ ਵਿਚ ਫਿਕਰਮੰਦ ਏ,
ਦੱਸ ਗਿੱਲ ਨੂੰ ਹਾਲ ਓ ਜੱਟਾ।

*-ਜੁਗਰਾਜ ਗਿੱਲ, ਸ਼ਾਰਲਟ*

---

### ਦੁਆ

ਨਾ ਕਦੇ ਹਾਦਸਾ ਬਣਿਆ
ਨਾ ਹਥਿਆਰ ਬਣਿਆ ਹਾਂ।
ਇਕ ਵਾਰ ਨਹੀਂ ਬਣਿਆ
ਦੁਆ ਹਰ ਵਾਰ ਬਣਿਆ ਹਾਂ।
ਜਦੋਂ ਖਾਮੋਸ਼ ਰਹਿਣ ਦੀ
ਸਾਜ਼ਾਂ ਨੂੰ ਸਜ਼ਾ ਹੋਈ।
ਕਦੇ ਬਣਿਆ ਸਾਰੰਗੀ ਮੈਂ
ਕਦੇ ਸਿਤਾਰ ਬਣਿਆ ਹਾਂ।
ਆਪਣੇ ਲਹੂ ਨਾਲ ਲਿਖਿਆ
ਉਸ ਨੇ ਹਰ ਸਫ਼ੇ ਉਤੇ,
ਹਮੇਸ਼ਾ ਜਬਰ ਦੇ ਅੱਗੇ
ਮੈਂ ਦੀਵਾਰ ਬਣਿਆ ਹਾਂ।
ਜਿਸ ਵਿਚ ਝੂਠੀਆਂ ਖ਼ਬਰਾਂ
ਛਪਣ ਧਰਮ ਦੇ ਨਾਂ 'ਤੇ,
ਜ਼ਿੰਦਗੀ ਵਿਚ ਕਦੇ ਐਸੀ,
ਨਾ ਅਖਵਾਰ ਬਣਿਆ ਹਾਂ।

*-ਅਜੇ ਤਨਵੀਰ*

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਪਟਰੌਲ ਉਰਫ ਗੈਸ

ਭਾਰਤ ਤੋਂ ਅਮਰੀਕਾ-ਕੈਨੇਡਾ ਪਰਵਾਸ ਕਰਕੇ ਆਉਣ ਵਾਲੇ ਹਰ ਬੰਦੇ ਨੂੰ ਆਉਂਦੇ ਸਾਰ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਇਧਰ ਪਟਰੌਲ ਨੂੰ ਗੈਸ ਕਿਹਾ ਜਾਂਦਾ ਹੈ ਤੇ ਪਟਰੌਲ ਪੰਪ ਨੂੰ ਗੈਸ ਸਟੇਸ਼ਨ। ਭਾਰਤ ਵਿਚ ਤਾਂ ਉਨ੍ਹਾਂ ਸੁਣਿਆ ਸੀ ਕਿ ਗੈਸ ਇਕ ਉਡਣਸ਼ੀਲ, ਰੰਗਹੀਣ, ਰੂਪਹੀਣ, ਫੈਲਵਾਂ ਤੇ ਹਲਕਾ-ਫੁਲਕਾ ਪਦਾਰਥ ਹੁੰਦਾ ਹੈ ਜਿਸ ਦੀ ਆਮ ਮਿਸਾਲ ਰਸੋਈ-ਗੈਸ ਹੈ। ਹਾਂ, ਗੈਸ ਉਥੇ 'ਹਵਾ ਹਵਾਈ' ਜਿਹੇ ਉਸ ਮਾਦੇ ਨੂੰ ਵੀ ਕਹਿੰਦੇ ਹਨ ਜਿਹੜਾ ਕਈ ਵਾਰੀ ਜਾਣੇ-ਅਣਜਾਣੇ ਪੇਟ ਵਿਚੋਂ ਹੇਠਲੇ ਮਾਰਗ ਰਾਹੀਂ ਸਰਦਾ ਰਹਿੰਦਾ ਹੈ! ਗੈਸ ਤੇ ਪਟਰੌਲ ਦਾ ਇਕ ਜੋੜ ਹੋਰ ਤਰ੍ਹਾਂ ਵੀ ਬੈਠਦਾ ਹੈ: ਮਹਿਫਿਲ ਵਿਚ ਕਿਸੇ ਵਲੋਂ ਛੱਡੀ ਬਹੁਤਾ ਨੱਕ ਸਾੜਦੀ ਸਿਲ੍ਹੀ ਸਿਲ੍ਹੀ ਗੈਸ ਬਾਰੇ 'ਕੱਚਾ ਪਟਰੌਲ ਛੱਡਿਆ' ਕਹਿ ਦਿੱਤਾ ਜਾਂਦਾ ਹੈ! ਪੰਜਾਬੀ ਲੋਕਾਂ ਨੇ ਗੈਸ ਸ਼ਬਦ ਦੀ ਵਰਤੋਂ ਇਕ ਹੋਰ ਪ੍ਰਸੰਗ ਵਿਚ ਵੀ ਸੁਣੀ ਹੋਵੇਗੀ। ਅੱਜ ਤੋਂ ਕੋਈ ਚਾਲੀ-ਪੰਜਾਹ ਵਰ੍ਹੇ ਪਹਿਲਾਂ ਸਟੋਵ ਦੀ ਤਰ੍ਹਾਂ ਇਕ ਹਵਾ ਭਰ ਕੇ ਜਗਣ ਵਾਲੀ ਲਾਲਟੈਣ ਹੁੰਦੀ ਸੀ ਜਿਸ ਦੀ ਵਰਤੋਂ ਵੱਡੇ-ਵੱਡੇ ਸਮਾਗਮਾਂ ਵਿਚ ਕੀਤੀ ਜਾਂਦੀ ਸੀ। ਇਸ ਵਿਚ ਲਾਏ 'ਮੈਂਟਲ' ਨਾਂ ਦੇ ਇਕ ਗੁਛੇ ਨੂੰ ਅੱਗ ਲਾਈ ਜਾਂਦੀ ਸੀ ਜਿਸ ਵਿਚ ਤੇਲ ਦੇ ਵਾਸ਼ਪ ਲੱਗ ਕੇ ਦੁਧੀਆ ਚਾਨਣ ਪੈਦਾ ਕਰ ਦਿੰਦੇ ਸਨ। ਬਰਾਤਾਂ ਵਿਚ ਇਹ ਗੈਸ ਆਮ ਹੀ ਜਲਾਈ ਜਾਂਦੀ ਸੀ। ਇਕ ਸਿਠਣੀ ਦੇ ਬੋਲ ਹਨ,

ਸਭ ਗੈਸ ਬੁਝਾ ਦਿਉ ਜੀ
ਕੁੜਮ ਬੈਟਰੀ ਵਰਗਾ।

ਇਸ ਗੈਸ ਦਾ ਅਸਲੀ ਨਾਂ 'ਪੈਟਰੋਮੈਕਸ' ਸੀ: ਪੈਟਰੋ+ਮੈਕਸ (ਗੈਟਜ਼) ਮੈਕਸ ਇਸ ਉਪਕਰਣ ਦੇ ਕਾਢੂ ਦਾ ਨਾਂ ਹੈ। ਇਸ ਨੂੰ ਗੈਸ ਇਸ ਲਈ ਕਿਹਾ ਜਾਂਦਾ ਹੈ ਕਿ ਇਸ ਵਿਚ ਪ੍ਰੈਸ਼ਰ ਨਾਲ ਮਿੱਟੀ ਦੇ ਤੇਲ ਦੀ ਗੈਸ ਬਣਾ ਕੇ ਇਸ ਨੂੰ ਬਾਲਿਆ ਜਾਂਦਾ ਸੀ।

ਅਮਰੀਕੀ ਦੇਸ਼ਾਂ ਵਿਚ ਆ ਕੇ ਆਦਮੀ ਗੈਸ ਸ਼ਬਦ ਦੀ ਤਰਲ ਵਜੋਂ ਵਰਤੋਂ ਸੁਣਦਾ ਹੈ ਤਾਂ ਇਕ ਵਾਰੀ ਤਾਂ ਹੈਰਾਨ ਰਹਿ ਜਾਂਦਾ ਹੈ। ਹੌਲੀ ਹੌਲੀ ਉਹ ਮਨ ਨੂੰ ਸਮਝਾਉਣ ਲਗਦਾ ਹੈ, ਚਲੋ ਹੋਰ ਉਲਟੀਆਂ ਸਿਧੀਆਂ ਦੀ ਤਰ੍ਹਾਂ ਇਹ ਵੀ ਅਮਰੀਕੀਆਂ ਦੀ ਇਕ ਪੁੱਠੀ ਗੱਲ ਹੋਵੇਗੀ। ਮਿਸਾਲ ਵਜੋਂ ਬੱਤੀ ਜਗਾਉਣ ਲਈ ਸਵਿੱਚ ਉਪਰ ਨੂੰ ਕਰਨਾ, ਓਂਬਰੀ ਟੈਟ ਕਰਨ ਲਈ ਸੱਜੇ ਦੀ ਜਗ੍ਹਾ ਖੱਬੇ ਪਾਸੇ ਨੂੰ ਫੇਰਨਾ, ਸੜਕਾਂ 'ਤੇ ਸੱਜੇ ਤੁਰਨ ਦੇ ਨੇਮ ਆਦਿ। ਖੈਰ, ਪਟਰੌਲ ਹੋਵੇ ਜਾਂ ਗੈਸ, ਦੋਵੇਂ ਸ਼ਬਦ ਭਾਰਤੀ ਭੂਮੀ ਦੀ ਪੈਦਾਵਾਰ ਨਹੀਂ ਹਨ, ਬਰਤਾਨੀਆ ਦੇ ਅੰਗਰੇਜ਼ ਹਾਕਮਾਂ ਨੇ ਕਾਮਨਵੈਲਥ ਦੇਸ਼ਾਂ ਨੂੰ ਬਖਸ਼ੇ ਹਨ।

ਪਟਰੌਲ ਅਸਲ ਵਿਚ 'ਪੈਟਰੋਲੀਅਮ' ਸ਼ਬਦ ਦਾ ਦੁੰਮ-ਕਟ ਕੇ ਬਣਾਇਆ ਸ਼ਬਦ ਹੈ। ਅੰਗਰੇਜ਼ੀ ਵਿਚ ਅਨੇਕਾਂ ਦੁੰਮ-ਕਟੇ ਸ਼ਬਦ ਹਨ ਜਿਵੇਂ ਲੈਬਾਰਟਰੀ ਦਾ ਲੈਬ, ਮੈਥੇਮੈਟਿਕਸ ਦਾ ਮੈਥ, ਮੈਗਜ਼ੀਨ ਦਾ ਮੈਗ ਆਦਿ। ਪਟਰੌਲ ਭਾਵੇਂ ਪੈਟਰੋਲੀਅਮ ਦਾ ਦੁੰਮ-ਕਟਾ ਰੂਪ ਹੈ ਪਰ ਦੋਨਾਂ ਦੇ ਅਰਥ ਸੌ ਫੀਸਦੀ ਇਕ ਨਹੀਂ ਹਨ। ਪੈਟਰੋਲੀਅਮ ਧਰਤੀ 'ਚੋਂ ਕਢਿਆ ਕੱਚਾ ਤੇਲ ਹੈ ਤੇ ਪਟਰੌਲ ਇਸ ਨੂੰ ਸਾਫ ਕਰਕੇ ਜਾਂ ਕਸ਼ੀਦ ਕੇ ਬਣਾਇਆ ਬਾਲਣ, ਜੋ ਮੋਟਰਾਂ ਆਦਿ ਚਲਾਉਣ ਵਾਲੇ ਇੰਜਣਾਂ ਵਿਚ ਵਰਤਿਆ ਜਾਂਦਾ ਹੈ। ਪਟਰੌਲ ਸ਼ਬਦ ਦੀ ਸਭ ਤੋਂ ਪਹਿਲਾਂ ਵਰਤੋਂ 1895 ਵਿਚ ਅੰਗਰੇਜ਼ੀ ਦੀ ਇਕ ਕਿਤਾਬ "ਘੋੜਾਰਹਿਤ ਗੱਡੀਆਂ" ਵਿਚ ਹੋਈ ਮਿਲਦੀ ਹੈ। ਇਸ ਨੂੰ ਫਰਾਂਸੀਸੀ ਵਿਚ essence de pétrol ਕਿਹਾ



ਜਾਂਦਾ ਸੀ। ਇਸ ਤੋਂ ਪਹਿਲਾਂ ਚੱਟਾਨਾਂ 'ਚੋਂ ਨਿਕਲਣ ਵਾਲੇ ਕਈ ਹੋਰ ਤਰ੍ਹਾਂ ਦੇ ਤਰਲਾਂ ਦੇ ਮਿਸ਼ਰਣ ਨੂੰ ਪੈਟਰੋਲੀਅਮ ਕਿਹਾ ਜਾਂਦਾ ਸੀ। ਇਸ ਨੂੰ ਸਾਫ਼ ਕਰਕੇ ਅਤੇ ਕਸ਼ੀਦ ਕੇ ਇਸ ਵਿਚੋਂ ਪਟਰੌਲ, ਮਿੱਟੀ ਦਾ ਤੇਲ, ਡੀਜ਼ਲ ਅਤੇ ਹੋਰ ਕਈ ਖਣਿਜੀ ਤੇਲ ਹਾਸਿਲ ਕੀਤੇ ਜਾਂਦੇ ਹਨ। ਇਹ ਸ਼ਬਦ ਪੁਰਾਣੀ ਅੰਗਰੇਜ਼ੀ ਵਿਚ ਲਾਤੀਨੀ ਤੋਂ ਲਿਆ ਗਿਆ। ਲਾਤੀਨੀ ਵਿਚ ਇਸ ਦਾ ਅਰਥ ਸੀ, ਖਣਿਜੀ ਤੇਲ ਅਰਥਾਤ ਬਨਸਪਤੀ ਦੇ ਟਾਕਰੇ 'ਤੇ ਖਾਣਾਂ 'ਚੋਂ ਨਿਕਲਣ ਵਾਲਾ ਤੇਲ। ਇਹ ਸ਼ਬਦ ਦੋ ਜੁਜ਼ਾਂ ਤੋਂ ਬਣਿਆ ਹੈ: ਪੈਟਰਾ+ਓਲੀਅਮ। ਕਲਾਸਕੀ ਲਾਤੀਨੀ ਵਿਚ 'ਪੈਟਰਾ' ਦਾ ਅਰਥ ਚੱਟਾਨ, ਪੱਥਰ ਹੈ ਅਤੇ 'ਓਲੀਅਮ' ਦਾ ਤੇਲ। ਭਾਵ ਚੱਟਾਨਾਂ 'ਚੋਂ ਨਿਕਲਣ ਵਾਲਾ ਤੇਲ। ਅਸੀਂ ਜਾਣਦੇ ਹਾਂ ਕਿ ਲੱਖਾਂ-ਕਰੋੜਾਂ ਸਾਲ ਪਹਿਲਾਂ ਧਰਤੀ ਦੇ ਜੀਵ ਤੇ ਬਨਸਪਤੀ ਧਰਤੀ ਹੇਠਾਂ ਦੱਬੇ ਗਏ ਸਨ। ਚੱਟਾਨਾਂ ਦੀਆਂ ਤਹਿਆਂ ਵਿਚ ਦੱਬਿਆ ਇਹ ਜੀਵ-ਮਾਦਾ ਹੌਲੀ ਹੌਲੀ ਪਥਰਾਟ ਬਣਦਾ ਗਿਆ ਤੇ ਇਸ ਦੇ ਜੈਵਿਕ ਅੰਸ਼ ਵਿਗਠਤ ਹੋ ਕੇ ਤੇਲ ਛੱਡਣ ਲੱਗ ਪਏ। ਏਹੀ ਪੈਟਰੋਲੀਅਮ ਹੈ। ਧਿਆਨ ਦਿਉ ਮਿੱਟੀ ਦੇ ਤੇਲ ਵਿਚ ਵੀ ਏਹੀ ਭਾਵ ਕੰਮ ਕਰਦਾ ਹੈ। ਫਰਕ ਇੰਨਾ ਹੈ ਕਿ ਇਥੇ ਚੱਟਾਨ ਦੀ ਥਾਂ ਮਿੱਟੀ ਸ਼ਬਦ ਹੈ। ਉਂਜ ਦੋਵੇਂ ਧਰਤੀ ਦੀਆਂ ਹੀ ਚੀਜ਼ਾਂ ਹਨ।

ਲਾਤੀਨੀ ਸ਼ਬਦ 'ਪੈਟਰਾ' ਹੋਰ ਅੱਗੇ ਪ੍ਰਾਚੀਨ ਗਰੀਕ ਤੋਂ ਆਇਆ ਜਿਥੇ ਇਸ ਦਾ ਰੂਪ ਤੇ ਅਰਥ ਲਾਤੀਨੀ ਵਾਲੇ ਹੀ ਹਨ। ਦਿਲਚਸਪ ਗੱਲ ਹੈ ਕਿ ਗਰੀਕ ਵਿਚ ਪੈਟਰਾ ਤੋਂ ਹੀ ਬਣੇ 'ਪੈਟਰੌਸ' ਸ਼ਬਦ ਦਾ ਅਰਥ ਪੱਥਰ, ਗੀਟਾ, ਰੋੜਾ ਆਦਿ ਹੈ ਜਿਸ ਨੂੰ ਚੁਕ ਕੇ ਜਾਂ ਛਡ ਕੇ ਮਾਰਿਆ ਜਾ ਸਕੇ। ਈਸਾਈਆਂ ਦਾ ਆਮ ਸੁਣੀਂਦਾ ਨਾਂ ਪੀਟਰ ਇਸੇ ਪੈਟਰਾ ਤੋਂ ਬਣਿਆ। ਫਰਾਂਸੀਸੀ 'ਪੀਅਰੇ' ਅਤੇ ਪੁਰਤਗੀਜ਼ 'ਪੈਡਰੋ' ਵੀ ਇਸੇ ਨਾਮ ਦੇ ਰੂਪਾਂਤਰ ਹਨ। ਈਸਾ ਦੇ ਬਾਰਾਂ ਰਸੂਲਾਂ ਵਿਚੋਂ ਸਾਇਮਨ ਦਾ ਉਪਨਾਮ 'ਪੀਟਰ' ਸੀ। ਈਸਾ ਨੇ ਸਾਇਮਨ ਨੂੰ ਪੱਥਰ ਵਰਗੇ ਦ੍ਰਿੜ ਇਰਾਦੇ ਵਾਲਾ ਤਾੜਦਿਆਂ ਉਸ ਨੂੰ ਇਹ ਉਪਨਾਮ ਦਿੱਤਾ। ਰੂਸ ਦਾ ਸ਼ਹਿਰ ਪੀਟਰਸਬਰਗ ਇਸੇ ਨਾਮ 'ਤੇ ਹੈ। ਰੂਸੀ ਜ਼ਾਰ ਪੀਟਰ ਨੇ ਇਹ ਸ਼ਹਿਰ 1703 ਵਿਚ ਵਸਾਇਆ ਸੀ। 1914 ਵਿਚ ਇਸ ਦਾ ਨਾਂ ਬਦਲ ਕੇ ਪੀਟਰੋਗਰਾਡ ਰੱਖ ਦਿੱਤਾ ਗਿਆ ਪਰ ਬਾਅਦ 'ਚ ਕਮਿਊਨਿਸਟਾਂ ਨੇ ਇਸ ਨੂੰ ਲੈਨਿਨਗਰਾਡ ਬਣਾ ਦਿਤਾ। ਉਲਟ ਇਨਕਲਾਬੀਆਂ ਨੇ ਪਹੀਆ ਘੁਮਾ ਕੇ ਮੁੜ ਪੀਟਰਸਬਰਗ ਕਰ ਦਿੱਤਾ। ਇਹ ਤਾਂ ਪੱਥਰਾਂ ਦੇ ਸ਼ਹਿਰ ਦਾ ਹਾਲ ਹੈ! ਅੰਗਰੇਜ਼ੀ ਸ਼ਬਦ 'ਪੈਟਰੀਫਾਈ' ਪਥਰਾਉਣਾ ਵੀ ਇਸੇ ਤੋਂ ਵਿਉਤਪਤ ਹੋਇਆ। ਪੈਟਰੋਲੀਅਮ ਵੇਚ ਕੇ ਕਮਾਏ ਡਾਲਰਾਂ ਨੂੰ ਪੈਟਰੋਡਾਲਰ ਕਿਹਾ ਜਾਂਦਾ ਹੈ।

ਚੱਟਾਨ ਦੇ ਅਰਥਾਂ ਵਾਲਾ 'ਪੈਟਰਾ' ਸ਼ਬਦ ਧੁਨੀ ਅਤੇ ਅਰਥਾਂ ਦੀ ਸਮਾਨਤਾ ਕਾਰਨ ਪੰਜਾਬੀ 'ਪੱਥਰ' ਸ਼ਬਦ ਦੇ ਸੁਜਾਤੀ ਹੋਣ ਦਾ ਭੁਲੇਖਾ ਪੈਦਾ ਕਰਦਾ ਹੈ ਪਰ ਮੈਂ ਇਸ ਸਬੰਧੀ ਅਜੇ ਖੋਜ ਕਰ ਰਿਹਾ ਹਾਂ, ਕੁਝ ਧੁੰਦਲਕਾ ਸਾਫ਼ ਨਹੀਂ ਹੋ ਰਿਹਾ। ਹੁਣ ਆਈਏ 'ਓਲੀਅਮ' ਸ਼ਬਦ 'ਤੇ। ਇਸ ਸ਼ਬਦ ਦਾ ਅੰਗਰੇਜ਼ੀ ਵਿਚ ਰੂਪ 'ਆਇਲ' (ਤੇਲ) ਹੈ ਤੇ ਇਹ ਲਾਤੀਨੀ ਆਲਿਵ (ਜ਼ੈਤੂਨ) ਤੋਂ ਬਣਿਆ ਹੈ। ਅਸਲ ਵਿਚ ਪਹਿਲਾਂ ਪਹਿਲ ਜ਼ੈਤੂਨ ਤੋਂ ਬਣਦੇ ਥਿੰਦੇ ਮਾਦੇ ਨੂੰ ਹੀ 'ਆਇਲ' ਕਿਹਾ ਜਾਂਦਾ ਸੀ ਪਰ ਪਿਛੋਂ ਚੌਧਵੀਂ ਸਦੀ ਤੋਂ ਹਰ ਕਿਸੇ ਤੇਲ ਨੂੰ ਯੂਰਪੀ ਭਾਸ਼ਾਵਾਂ ਵਿਚ ਆਇਲ ਕਿਹਾ ਜਾਣ ਲੱਗਾ। ਸਾਡੇ ਦੇਸ਼ ਵਿਚ ਵੀ ਕੁਝ ਕੁਝ ਕਹਾਣੀ ਇਸੇ ਤਰ੍ਹਾਂ ਦੀ ਹੈ। ਸਾਡੇ ਪਹਿਲਾਂ ਪਹਿਲਾਂ ਤਿਲਾਂ ਦੇ ਤੇਲ ਨੂੰ ਹੀ ਤੇਲ ਕਿਹਾ ਜਾਂਦਾ ਸੀ ਪਰ ਬਾਅਦ ਵਿਚ ਇਸ ਦਾ ਦਾਇਰਾ ਮੋਕਲਾ ਹੋਇਆ। ਤੇਲ ਸ਼ਬਦ ਸੰਸਕ੍ਰਿਤ ਤਿਲਮ (ਤਿਲ) ਤੋਂ ਹੀ ਬਣਿਆ।

ਐਪਰ ਪਟਰੌਲ ਦੇ ਮੁਕਾਬਲੇ ਗੈਸ ਪੁਰਾਣਾ ਸ਼ਬਦ ਨਹੀਂ ਹੈ, ਸਮਝੋ 19ਵੀਂ ਸਦੀ 'ਚ ਇਸ ਦਾ ਜਨਮ ਹੋਇਆ। ਮੂਲ ਰੂਪ ਵਿਚ ਪੂਰਾ ਸ਼ਬਦ ਗੈਸੋਲੀਨ ਹੈ। ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ ਗੈਸੋਲੀਨ ਪੈਟਰੋਲੀਅਮ ਨੂੰ ਕਸ਼ੀਦ ਕੇ ਬਣਾਇਆ ਅਜਿਹਾ ਬਾਲਣ ਹੈ ਜੋ ਗਰਮੀ ਅਤੇ ਲੋਅ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ। ਬਾਅਦ ਵਿਚ ਇਸ ਦੀ ਵਰਤੋਂ ਮੋਟਰਾਂ ਦੇ ਇੰਜਣ ਚਲਾਉਣ ਲਈ ਹੋਣ ਲੱਗੀ।

ਦਿਲਚਸਪ ਗੱਲ ਹੈ ਕਿ 1860 ਵਿਚ ਲੰਡਨ ਦੇ ਕੈਸਲਿਨ ਨਾਂ ਦੇ ਇਕ ਸੌਦਾਗਰ ਨੇ ਲੈਂਪ ਜਲਾਉਣ ਵਾਲੇ ਇਸ ਪਟਰੌਲ ਦਾ ਨਾਂ ਬਦਲ ਦਿੱਤਾ। ਉਸ ਨੇ ਆਪਣੇ ਨਾਂ ਤੇ ਇਸ ਦਾ ਨਾਂ 'ਕੈਸਲੀਨ' ਧਰ ਕੇ ਇਸ ਨੂੰ ਵੇਚਣਾ ਸ਼ੁਰੂ ਕਰ ਦਿੱਤਾ। ਉਸ ਦੇ ਮੁਕਾਬਲੇ ਇਕ ਹੋਰ ਸੌਦਾਗਰ ਨੇ ਕਾਨੂੰਨੀ ਕਾਰਵਾਈ ਤੋਂ ਡਰਦਿਆਂ ਆਪਣੇ ਉਤਪਾਦ ਨੂੰ 'ਗੈਜ਼ਲੀਨ' ਦੇ ਨਾਂ ਹੇਠ ਵੇਚਣਾ ਸ਼ੁਰੂ ਕਰ ਦਿੱਤਾ। 'ਕਾਲਗੇਟ' ਟੂਥਪੇਸਟ ਦੇ ਮੁਕਾਬਲੇ ਜਾਅਲੀ ਟੂਥਪੇਸਟ 'ਗਾਲਕੇਟ' ਵਿਕਦਾ ਰਿਹਾ ਹੈ।

ਅਮਰੀਕਾ ਵਿਚ ਪਟਰੌਲ ਪੰਪ ਦੀ ਥਾਂ ਗੈਸ ਸਟੇਸ਼ਨ ਸ਼ਬਦ 1920 ਤੋਂ ਸ਼ੁਰੂ ਹੋਣ ਦੇ ਰਿਕਾਰਡ ਮਿਲਦੇ ਹਨ। ਗੈਸੋਲੀਨ ਸ਼ਬਦ ਦੇ ਤਿੰਨ ਅੰਗ ਹਨ: ਗੈਸ+ਓਲ+ਈਨ। ਇਸ ਵਿਚ ਤੇਲ ਦੇ ਅਰਥਾਂ ਵਾਲੇ 'ਓਲ' ਸ਼ਬਦ ਦਾ ਪਟਰੌਲ ਅਧੀਨ ਜ਼ਿਕਰ ਹੋ ਚੁੱਕਾ ਹੈ। ਆਖਰੀ 'ਈਨ' ਅਗੇਤਰ ਰਸਾਇਣ ਵਿਗਿਆਨ ਵਿਚ ਉਸ ਉਤਪਾਦ ਦੇ ਨਾਂ ਪਿਛੇ ਲਾਇਆ ਜਾਂਦਾ ਹੈ ਜੋ ਕਿਸੇ ਹੋਰ ਪਦਾਰਥ ਵਿਚੋਂ ਕਿਸੇ ਰਸਾਇਣੀ ਕਿਰਿਆ ਨਾਲ ਬਣਾਇਆ ਜਾਵੇ ਜਿਵੇਂ ਬੈਨਜ਼ੀਨ, ਬਰੋਮੀਨ, ਕਲੋਰੀਨ ਆਦਿ।

ਗੈਸ ਸ਼ਬਦ 17ਵੀਂ ਸਦੀ ਦੇ ਅਧ ਵਿਚ ਫਲੈਮਿਸ਼ ਰਸਾਇਣ-ਵਿਗਿਆਨੀ ਹੈਲਮੌਂਟ ਨੇ ਘੜਿਆ। ਉਸ ਨੂੰ ਬੁਖਾਰ, ਵਾਸ਼ਪ, ਧੂੰਆਂ ਜਾਂ ਤੇਲ ਦੀ ਹਵਾੜ ਨਾਲੋਂ ਵੀ ਕਿਸੇ ਸੂਖਮ ਵਸਤੂ ਲਈ ਢੁਕਵਾਂ ਸ਼ਬਦ ਚਾਹੀਦਾ ਸੀ। ਉਸ ਨੇ 'ਗੈਸ' ਸ਼ਬਦ ਗਰੀਕ ਵਲੋਂ ਆਏ chaos ਨੂੰ ਵਿਗਾੜ ਕੇ ਬਣਾਇਆ। ਛੇਤੀ ਹੀ ਗੈਸ ਨੇ ਠੋਸ ਤੇ ਤਰਲ ਦੇ ਮੁਕਾਬਲੇ ਮਾਦੇ ਦੀ ਤੀਜੀ ਅਵਸਥਾ ਵਾਲੇ ਅੱਜ ਵਾਲੇ ਅਰਥ ਅਖਤਿਆਰ ਕਰ ਲਏ।

ਗਰੀਕ ਸ਼ਬਦ 'ਕੇਓਸ' ਦਾ ਪਹਿਲਾ ਰੂਪ 'ਖੇਓਸ' ਸੀ ਜਿਸ ਦਾ ਅਰਥ, ਧੁੰਦੂਕਾਰਾ, ਖਿਲਾਅ ਹੁੰਦਾ ਹੈ। ਇਸ ਦਾ ਭਾਰੋਪੀ ਮੂਲ ghеu- ਲਭਿਆ ਗਿਆ ਹੈ ਜਿਸ ਦਾ ਅਰਥ (ਮੂੰਹ ਆਦਿ ਦਾ) ਖੁਲ੍ਹਾ ਹੋਣਾ, ਅੱਡੇ ਜਾਂ ਟੱਡੇ ਹੋਣਾ, ਪਸਾਰਾ ਆਦਿ ਹੈ। ਜ਼ਰਾ ਗੌਰ ਕਰੋ, ਇਸ ਸਾਰੇ ਖਾਲੀ ਬ੍ਰਹਿਮੰਡ ਨੂੰ ਪ੍ਰਾਚੀਨ ਵਿਚ ਇਕ ਵਿਰਾਟ ਅੱਡੇ ਮੂੰਹ ਦੀ ਤਰ੍ਹਾਂ ਕਲਪਿਤ ਕੀਤਾ ਗਿਆ ਹੈ। ਬਾਈਬਲ ਵਿਚ ਇਸ ਨੂੰ chaos ਕਿਹਾ ਗਿਆ। ਗੁਰੂ ਨਾਨਕ ਦੇਵ ਨੇ ਇਸ ਨੂੰ 'ਧੁੰਦੂਕਾਰਾ' ਕਿਹਾ। Chaos ਸ਼ਬਦ ਦੇ ਨਾਲ ਜੁੜਦੇ ਗਰੀਕ khaino ਦਾ ਅਰਥ ਉਬਾਸੀ ਲੈਣਾ ਹੈ। ਉਬਾਸੀ ਮੂੰਹ ਅੱਡ ਕੇ ਲਈ ਜਾਂਦੀ ਹੈ। ਉਬਾਸੀ ਲਈ ਅੰਗਰੇਜ਼ੀ ਦਾ ਸ਼ਬਦ yawn ਵੀ chaos ਦਾ ਸਕਾ ਹੈ। Yawn ਦਾ ਪੁਰਾਣੀਆਂ ਜਰਮੈਨਿਕ ਭਾਸ਼ਾਵਾਂ ਵਿਚ gin ਜਿਹਾ ਰੂਪ ਹੁੰਦਾ ਸੀ। Gheu- ਮੂਲ ਤੋਂ ਇਕ ਪਾਸੇ chaos ਜਿਹੇ ਤੇ ਦੂਜੇ ਪਾਸੇ gin ਬਣਦੇ ਹੋਏ yawn ਜਿਹੇ ਸ਼ਬਦ ਵਿਕਸਿਤ ਹੋਏ। ਦਰਅਸਲ ਮੁਖ ਭਾਵ ਖੁਲ੍ਹੇ ਮੂੰਹ ਦੀ ਤਰ੍ਹਾਂ ਇਕ ਵੱਡੇ ਖਲਾਅ ਤੋਂ ਹੈ ਜੋ ਭੁੰਮ੍ਹ ਦੀ ਤਰ੍ਹਾਂ ਅਸੀਮ ਡੂੰਘਾ ਹੈ। ਅੰਗਰੇਜ਼ੀ ਸ਼ਬਦ agape, gape ਅਤੇ gap (ਖੱਪਾ) ਵੀ ਇਸੇ ਨਾਲ ਸਬੰਧਤ ਹਨ। ਬਹੁਤ ਸਾਰੀਆਂ ਯੂਰਪੀ ਭਾਸ਼ਾਵਾਂ ਵਿਚ ਇਸ ਨਾਲ ਰਲਦੇ-ਮਿਲਦੇ ਸ਼ਬਦ ਮਿਲਦੇ ਹਨ। ਸੰਸਕ੍ਰਿਤ ਵਿਜਰਿੰਭ ਸ਼ਬਦ ਮਿਲਦਾ ਹੈ ਜਿਸ ਦਾ ਅਰਥ ਮੂੰਹ ਟੱਡਣਾ, ਉਬਾਸੀ ਲੈਣਾ: ਖੋਲ੍ਹਣਾ, ਫੈਲਾਉਣਾ, ਫੁੱਲ ਆਦਿ ਦਾ ਖਿੜਨਾ ਹੈ। ਇਹ ਸ਼ਬਦ ਵਿ+ਜਰਿੰਭ ਤੋਂ ਬਣਿਆ ਹੈ। ਹਿੰਦੀ ਵਿਚ ਜਰਿੰਭ ਤੋਂ 'ਜਮਹਾਨਾ', 'ਜਮਹਾਈ' ਸ਼ਬਦ ਮਿਲਦੇ ਹਨ ਜਿਨ੍ਹਾਂ ਵਿਚ ਉਬਾਸੀ ਲੈਣ ਦੇ ਭਾਵ ਹਨ। ਪੰਜਾਬੀ 'ਖੱਪਾ' ਸ਼ਬਦ ਮੈਨੂੰ ਇਸੇ ਕੜੀ ਦਾ ਲਗਦਾ ਹੈ।

# 'ਸੱਜਣ' ਫਿਲਮ ਤੋਂ ਬੇਹੱਦ ਉਮੀਦਾਂ ਹਨ ਕੇ.ਐਸ. ਮੱਖਣ ਨੂੰ

ਸਵਰਨ ਸਿੰਘ ਟਹਿਣਾ
ਫੋਨ:91-98141-78883

ਕੇ.ਐਸ. ਮੱਖਣ ਤਕੜੇ ਜੁੱਸੇ ਵਾਲਾ ਅਜਿਹਾ ਗਾਇਕ ਹੈ, ਜਿਸ ਦੀ ਹਰ ਐਲਬਮ ਵਿਚੋਂ 3-4 ਗੀਤ ਨੌਜਵਾਨਾਂ ਦੇ ਬੁੱਲ੍ਹਾਂ 'ਤੇ ਚੜ੍ਹ ਜਾਂਦੇ ਹਨ। ਇਹ ਵੀ ਉਸ ਦਾ ਹਾਸਲ ਹੈ ਕਿ ਪਿਛਲੇ ਸਮੇਂ ਦੌਰਾਨ ਜਿੰਨੀਆਂ ਵੀ ਮਲਟੀ ਐਲਬਮਾਂ ਵਿਚ ਉਸ ਦਾ ਇੱਕ-ਇੱਕ ਗੀਤ ਸ਼ਾਮਲ ਹੋਇਆ, ਲਗਭਗ ਸੱਭੇ ਉਸ ਦੇ ਇਕੋ ਗੀਤ ਕਰਕੇ ਸਫਲ ਰਹੀਆਂ। ਮੱਖਣ ਦਾ ਗਾਇਕੀ ਦਾ ਸਫ਼ਰ ਬੇਸ਼ੱਕ ਚੁਣੌਤੀਆਂ ਭਰਿਆ ਰਿਹਾ, ਪਰ ਉਸ ਨੇ ਹੌਸਲਾ ਨਾ ਹਾਰਿਆ ਤੇ ਅੱਜ ਵੀ ਉਹ ਗਾਇਕੀ ਦੇ ਖੇਤਰ ਵਿਚ ਸਰਗਰਮ ਹੈ। ਉਸ ਦੇ ਮਕਬੂਲ ਗੀਤਾਂ ਦੀ ਗਿਣਤੀ ਦੋ ਦਰਜਨ ਤੋਂ ਵੀ ਵਧ ਸਕਦੀ ਹੈ, ਪਰ 'ਮਿੱਤਰਾਂ ਦੀ ਮੋਟਰ 'ਤੇ', 'ਬਿੱਲੋ', 'ਰੁਮਾਲ', 'ਸੱਜਣ ਹੁੰਦੇ ਨਸ਼ਿਆਂ ਵਰਗੇ', 'ਆਪਣੇ ਵੀ ਡੋਲਿਆਂ 'ਚ ਜਾਨ ਚਾਹੀਦੀ', 'ਨਹੀਂ ਚੱਲਣੀ ਬਦਮਾਸ਼ੀ', 'ਜੇਮਜ਼ ਬੌਂਡ', 'ਜੱਟੀ ਨੱਚਦੀ', 'ਕੱਚੀਆਂ ਕੰਧਾਂ', 'ਯਾਰ ਮਸਤਾਨੇ' ਤੇ 'ਅਸ਼ਕੇ' ਸਮੇਤ ਡੀ.ਜੇ. 'ਤੇ ਵੱਜਦੇ ਦਰਜਨਾਂ ਹੋਰ ਗੀਤ ਉਸ ਦੀ ਕਾਮਯਾਬੀ ਦੇ ਗਵਾਹ ਹਨ।

ਕੇ.ਐਸ. ਮੱਖਣ ਦੀ ਗਾਇਕੀ ਭਾਵੇਂ ਧੱਕੜਪੁਣੇ ਵਾਲੀ ਹੈ, ਪਰ ਸਮੇਂ-ਸਮੇਂ 'ਤੇ ਉਸ ਦੇ ਗਾਏ ਉਦਾਸ ਗੀਤ, 'ਸੱਜਣ ਹੁੰਦੇ ਨਸ਼ਿਆਂ ਵਰਗੇ' ਤੇ 'ਸਾਡੀ ਕਿਸਮਤ ਦੇ ਸਿਤਾਰੇ' ਵੀ ਬੇਸ਼ੁਮਾਰ ਮਕਬੂਲ ਹੋਏ। ਅਸਲ ਗੱਲ ਇਹ ਹੈ ਕਿ ਮੱਖਣ ਨੌਜਵਾਨਾਂ ਦੀ ਨਬਜ਼ ਫੜਨੀ ਜਾਣਦਾ ਹੈ ਤੇ ਉਸ ਦਾ ਗਾਇਆ ਹਰ ਗੀਤ ਹਰ ਨੌਜਵਾਨ ਨੂੰ ਆਪਣੀ ਕਹਾਣੀ ਬਿਆਨ ਕਰਦਾ ਜਾਪਦਾ ਹੈ। ਕਿਸੇ ਵੀ ਵਿਆਹ 'ਤੇ ਚੱਲਦਾ ਡੀ.ਜੇ. ਦੇਖ ਲਵੋ, 'ਡੋਲਿਆਂ' ਵਾਲਾ ਗੀਤ ਸ਼ੁਰੂ ਹੁੰਦਿਆਂ ਹੀ ਨੱਚਣ ਵਾਲੇ ਬਾਹਾਂ ਉਤਾਂਹ ਚੜ੍ਹਾ ਕੇ ਜ਼ੋਰ ਦਾ ਪ੍ਰਦਰਸ਼ਨ ਕਰਨ ਲੱਗ ਜਾਂਦੇ ਨੇ।

ਸਭ ਇਹ ਵੀ ਜਾਣਦੇ ਨੇ ਕਿ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਪੰਜਾਬੀ ਫਿਲਮਾਂ ਦਾ ਕਾਰੋਬਾਰ ਵਧ-ਫੁੱਲ ਰਿਹਾ ਹੈ ਤੇ ਇਸ ਸਭ ਦਾ ਸਿਹਰਾ ਉਨ੍ਹਾਂ ਗਾਇਕਾਂ ਨੂੰ ਹੀ ਜਾਂਦਾ ਹੈ, ਜਿਨ੍ਹਾਂ ਅਦਾਕਾਰੀ ਖੇਤਰ ਨੂੰ ਨਿੱਠ ਕੇ ਕਬੂਲ ਕੀਤਾ। ਕੇ.ਐਸ. ਮੱਖਣ ਦੀ ਕੁਝ ਸਮਾਂ ਪਹਿਲਾਂ ਰਿਲੀਜ਼ ਹੋਈ ਪਹਿਲੀ ਪੰਜਾਬੀ ਫਿਲਮ 'ਪਿੰਕੀ ਮੋਗੇ ਵਾਲੀ' ਵਿਚ ਮੱਖਣ ਨੇ ਖਲਨਾਇਕ ਦਾ ਅਜਿਹਾ ਕਿਰਦਾਰ ਨਿਭਾਇਆ, ਜਿਹੜਾ ਕਹਿਣੀ ਦਾ ਪੂਰਾ, ਸੋਚ ਦਾ ਧੱਕੜ ਤੇ ਦਰਜਨਾਂ ਨਾਲ ਭਿੜਨ ਦੇ ਸਮਰੱਥ ਹੈ। 'ਅਕਾਲ ਦੀ ਦੁਨੀਆਂ 'ਚ ਤੁਹਾਡਾ ਸਵਾਗਤ ਏ', ਮੱਖਣ ਵੱਲੋਂ ਬੋਲਿਆ ਇਹ ਡਾਇਲਾਗ ਸਭ ਦੀ ਜ਼ੁਬਾਨ 'ਤੇ ਚੜ੍ਹਨ ਵਿਚ ਸਫ਼ਲ ਹੋਇਆ ਤੇ ਜੇ ਇਹ ਕਹਿ ਲਿਆ ਜਾਏ ਕਿ ਇਸ ਫ਼ਿਲਮ ਦੀ ਸਫ਼ਲਤਾ ਦਾ ਜ਼ਿਆਦਾ ਸਿਹਰਾ ਮੱਖਣ ਦੇ ਸਿਰ ਬੱਝਿਆ ਤਾਂ ਕੋਈ ਅਤਿਕਥਨੀ ਨਹੀਂ ਹੋਏਗੀ, ਕਿਉਂਕਿ ਫ਼ਿਲਮ ਵਿਚ ਉਸ ਦਾ ਗੀਤ 'ਜੁੱਤੀ ਨਾਲ ਮਸਲਾ ਹੱਲ ਕਰ ਲਈਦਾ' ਵੀ ਸਭ ਨੂੰ ਆਪਣੇ ਵੱਲ ਖਿੱਚਣ 'ਚ ਸਫ਼ਲ ਹੋਇਆ।

ਹੁਣ ਮੱਖਣ ਦੀ 8 ਫਰਵਰੀ ਨੂੰ ਰਿਲੀਜ਼ ਹੋਣ ਵਾਲੀ ਨਵੀਂ ਫ਼ਿਲਮ ਤੋਂ ਵੀ ਦਰਸ਼ਕਾਂ ਨੂੰ ਬੇਹੱਦ ਉਮੀਦਾਂ ਹਨ, ਕਿਉਂਕਿ ਇਸ ਫ਼ਿਲਮ ਦਾ ਸੰਗੀਤ ਪਹਿਲਾਂ ਹੀ ਹਿੱਟ ਹੋਣ ਦਾ ਮਾਣ ਹਾਸਲ ਕਰ ਚੁੱਕਾ ਹੈ। ਮੱਖਣ ਨੇ ਇਸ ਫ਼ਿਲਮ ਵਿਚ ਪਹਿਲੀ ਫ਼ਿਲਮ ਤੋਂ ਉਲਟ ਨਾਇਕ ਦਾ ਕਿਰਦਾਰ ਨਿਭਾਇਆ ਹੈ, ਜਿਸ ਵਿਚ ਸੱਜਣਾਂ ਦੀ ਸੱਜਣਤਾਈ ਨਿਭਾਉਂਦਿਆਂ ਉਹ ਕਈ ਮੁਸ਼ਕਲਾਂ ਵੀ ਸਹੇੜਦਾ ਹੈ ਤੇ ਉਨ੍ਹਾਂ ਦਾ ਹੱਲ ਵੀ ਆਪਣੇ ਜ਼ੋਰੇ ਨਾਲ ਕੱਢਦਾ ਹੈ। ਇਸ ਫ਼ਿਲਮ ਵਿਚ ਮੱਖਣ ਨਾਲ ਪਾਲੀਵੁੱਡ ਦੇ ਨਾਲ-ਨਾਲ ਬਾਲੀਵੁੱਡ ਦੇ ਕਈ ਮੰਨੇ-ਪ੍ਰਮੰਨੇ ਕਲਾਕਾਰ ਵੀ ਕੰਮ ਕਰ ਰਹੇ ਨੇ, ਜਿਨ੍ਹਾਂ ਵਿਚ ਦਲੀਪ ਤਾਹਿਲ ਦਾ ਨਾਂ ਸਭ ਤੋਂ ਮੋਹਰੀ ਹੈ, ਜਿਸ ਨੇ ਅਨੇਕਾਂ ਬਾਲੀਵੁੱਡ ਫ਼ਿਲਮਾਂ ਵਿਚ ਦਮਦਾਰੀ ਅਦਾਕਾਰੀ ਕੀਤੀ ਹੈ।

ਕੇ.ਐਸ. ਮੱਖਣ ਮੁਤਾਬਕ, 'ਇਸ ਫ਼ਿਲਮ ਦੀ ਕਾਮਯਾਬੀ 'ਚ ਸਭ ਕਲਾਕਾਰਾਂ ਨੇ ਬਰਾਬਰ ਯੋਗਦਾਨ ਪਾਇਆ ਹੈ। ਕਹਾਣੀ ਲੇਖਕ ਤੋਂ ਡਾਇਰੈਕਟਰ, ਹੀਰੋ ਤੋਂ ਕਾਮੇਡੀਅਨ ਤੱਕ ਸਭ ਦਾ ਸਾਂਝਾ ਯਤਨ ਹੈ ਤੇ ਪੂਰੀ ਟੀਮ ਖੁਸ਼ ਹੈ ਕਿ 'ਸੱਜਣ-ਦ ਰੀਅਲ ਫਰੈਂਡ' ਦੀ ਸ਼ੂਟਿੰਗ ਮੌਕੇ ਸਭ ਦੋਸਤਾਂ-ਮਿੱਤਰਾਂ ਵਾਂਗ ਰਹੇ, ਸਭ ਨੂੰ ਫ਼ਿਲਮ ਦੀ ਬੇਹੱਦ ਖੁਸ਼ੀ ਸੀ ਤੇ ਇਹ ਫ਼ਿਲਮ ਸਭ ਦੇ ਕੈਰੀਅਰ ਦੀ ਰੂਪ-ਰੇਖਾ ਤੈਅ ਕਰੇਗੀ।'



ਕੇ.ਐਸ. ਮੱਖਣ

ਮੱਖਣ ਮੁਤਾਬਕ ਫ਼ਿਲਮ ਦਾ ਨਿਰਦੇਸ਼ਨ ਸੁਨੀਲ ਤਨੇਜਾ ਨੇ ਬਹੁਤ ਮਿਹਨਤ ਨਾਲ ਕੀਤਾ ਹੈ। ਫ਼ਿਲਮ ਦੀਆਂ ਹੀਰੋਇਨਾਂ ਸਾਨਵੀ ਧੀਮਾਨ ਤੇ ਸਿਮਰਨ ਸਚਦੇਵਾ, ਜਿਨ੍ਹਾਂ ਨੇ ਹੁਣ ਤੱਕ ਕਈ ਹਿੰਦੀ ਸੀਰੀਅਲਾਂ ਵਿਚ ਦਮਦਾਰ ਅਦਾਕਾਰੀ ਕੀਤੀ ਹੈ, ਨੇ 'ਸੱਜਣ' ਨੂੰ ਵੀ ਚਾਰ ਚੰਨ ਲਾਏ ਹਨ। ਇਸ ਤੋਂ ਇਲਾਵਾ 'ਦਬੰਗ 2' ਫੇਮ ਹੈਰੀ ਜੋਸ਼, ਮੈਡਮ ਬਲਵਿੰਦਰ ਬੇਗੋ, ਪ੍ਰਭ, ਰੋਜ਼, ਭਜਨਾ ਅਮਲੀ ਤੇ ਬਾਕੀ ਕਲਾਕਾਰਾਂ ਨੇ ਵੀ ਫ਼ਿਲਮ ਵਿਚ ਦਮਦਾਰ ਅਦਾਕਾਰੀ ਕੀਤੀ ਹੈ।

ਮੱਖਣ ਮੁਤਾਬਕ ਇਸ ਫ਼ਿਲਮ ਦੀ ਸ਼ੂਟਿੰਗ ਪੰਜਾਬ, ਹਿਮਾਚਲ, ਚੰਡੀਗੜ੍ਹ ਤੇ ਮੁੰਬਈ ਦੀਆਂ ਦਿਲਕਸ਼ ਲੋਕੇਸ਼ਨਾਂ 'ਤੇ ਕੀਤੀ ਗਈ ਹੈ, ਜਿਨ੍ਹਾਂ ਨੂੰ ਦੇਖ ਦਰਸ਼ਕ ਅਸ਼-ਅਸ਼ ਕਰ ਉਠਣਗੇ। ਫ਼ਿਲਮ ਦਾ ਸੰਗੀਤ 'ਟੀ ਸੀਰੀਜ਼' ਵੱਲੋਂ ਰਿਲੀਜ਼ ਕੀਤਾ ਗਿਆ ਹੈ, ਜਿਹੜਾ ਵੱਖ-ਵੱਖ ਚੈਨਲਾਂ 'ਤੇ ਸਫ਼ਲਤਾਪੂਰਕ ਚੱਲ ਰਿਹਾ ਹੈ। ਫ਼ਿਲਮ ਵਿਚ ਸ਼ਾਮਲ ਆਈਟਮ ਗੀਤ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿਚ ਸਫ਼ਲ ਹੋ ਰਹੇ ਨੇ।

ਇਸ ਫ਼ਿਲਮ ਦੀ ਇੱਕ ਖਾਸੀਅਤ ਇਹ ਹੈ ਕਿ ਇਹ ਕਾਮੇਡੀ, ਐਕਸ਼ਨ, ਰੋਮਾਂਸ ਅਤੇ ਸੰਜੀਦਗੀ ਦਾ ਮਿਸ਼ਰਣ ਹੈ। ਕਹਿਣ ਦਾ ਭਾਵ ਨਾ ਤਾਂ ਭਾਵਨਾਵਾਂ ਦੇ ਹੜ੍ਹ ਵਿਚ ਵਹਿਣ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਨਾ ਹੀ ਗੰਭੀਰ ਮੁੱਦੇ ਦੀ ਗੱਲ ਛੇੜਦਿਆਂ ਕਾਮੇਡੀ ਨੂੰ ਮਨਫ਼ੀ ਕੀਤਾ ਗਿਆ ਹੈ। ਮੱਖਣ ਖੁਸ਼ ਹੈ ਕਿ ਦਲੀਪ ਤਾਹਿਲ ਨੇ ਉਸ ਦੀ ਫ਼ਿਲਮ ਵਿਚ ਕੰਮ ਕੀਤਾ ਹੈ ਅਤੇ ਉਸ ਨੂੰ ਉਸ ਤੋਂ ਅਦਾਕਾਰੀ ਨਾਲ ਸਬੰਧਤ ਬਹੁਤ ਕੁਝ ਸਿੱਖਣ ਨੂੰ ਵੀ ਮਿਲਿਆ ਹੈ।

ਇਸ ਫ਼ਿਲਮ ਤੋਂ ਬਾਅਦ ਕੇ.ਐਸ. ਮੱਖਣ ਕੋਲ ਦੋ ਹੋਰ ਫ਼ਿਲਮਾਂ ਹਨ, ਪਰ ਸਭ ਤੋਂ ਪਹਿਲਾਂ ਉਸ ਦਾ ਧਿਆਨ 'ਸੱਜਣ' 'ਤੇ ਕੇਂਦਰਤ ਹੈ, ਉਹ ਇਸ ਕਰਕੇ ਕਿ ਇਹ ਫ਼ਿਲਮ ਉਸ ਦੀ ਆਪਣੀ ਜ਼ਿੰਦਗੀ ਨਾਲ ਮੇਲ ਖਾਂਦੀ ਹੈ।

#

# ਆਫੀਆ ਸਦੀਕੀ ਦਾ ਜਹਾਦ

*1972 ਵਿਚ ਪਾਕਿਸਤਾਨ 'ਚ ਜੰਮੀ ਆਫੀਆ ਸਦੀਕੀ ਦੀ ਇਹ ਕਹਾਣੀ 'ਆਫੀਆ ਸਦੀਕੀ ਦਾ ਜਹਾਦ' ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਆਫੀਆ ਨੇ ਅਮਰੀਕਾ ਵਿਚ ਉਚ ਸਿੱਖਿਆ ਹਾਸਲ ਕੀਤੀ ਅਤੇ ਡਾਕਟਰ ਬਣੀ, ਪਰ ਉਸ ਦੇ ਜ਼ਿਹਨ ਵਿਚ ਉਸ ਸਿੱਖਿਆ ਨੇ ਵਾਹਵਾ ਉਥਲ-ਪੁਥਲ ਮਚਾਈ ਜੋ ਉਸ ਨੇ ਆਪਣੀ ਅੰਮੜੀ ਦੀਆਂ ਮਜਹਬੀ ਤਕਰੀਰਾਂ ਤੋਂ ਗ੍ਰਹਿਣ ਕੀਤੀ ਸੀ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਸ ਕੁੜੀ ਦਾ ਨਾਂ ਇੰਨੀ ਵੱਡੀ ਪੱਧਰ ਉਤੇ ਜਹਾਦ ਨਾਲ ਜੁੜ ਜਾਵੇਗਾ। ਬਾਅਦ ਵਿਚ ਅਮਰੀਕੀ ਜੇਲ੍ਹਾਂ ਵਿਚ ਇਸ ਕੁੜੀ ਨਾਲ ਜੋ ਹੋਈ-ਬੀਤੀ, ਉਹ ਸੁਣ ਕੇ ਤਾਂ ਪੱਥਰ-ਦਿਲ ਵੀ ਕੰਬ ਉਠਦੇ ਹਨ। ਇਹ ਅਸਲ ਵਿਚ ਇਕੱਲੀ ਆਫੀਆ ਦੀ ਕਥਾ-ਕਹਾਣੀ ਨਹੀਂ, ਸਗੋਂ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ। ਅੱਜਕੱਲ੍ਹ ਇਹ ਕੁੜੀ ਅਮਰੀਕੀ ਜੇਲ੍ਹ ਵਿਚ ਬੰਦ ਹੈ ਅਤੇ ਉਸ ਨੂੰ 86 ਸਾਲ ਦੀ ਕੈਦ ਦੀ ਸਜ਼ਾ ਮਿਲੀ ਹੋਈ ਹੈ। ਲੇਖਕ ਹਰਮਹਿੰਦਰ ਚਾਹਲ ਨੇ ਆਫੀਆ ਦੀ ਇਸ ਕਹਾਣੀ ਦੇ ਬਹਾਨੇ ਉਸ ਵੇਲੇ ਦੇ ਉਬਾਲੇ ਮਾਰਦੇ ਵਕਤ ਦੀ ਬਾਤ ਪਾਈ ਹੈ ਜਦੋਂ ਆਲਾ-ਦੁਆਲਾ ਬਹੁਤ ਤੇਜ਼ੀ ਨਾਲ ਕਰਵਟਾਂ ਲੈ ਰਿਹਾ ਸੀ ਅਤੇ ਮਾਸੂਮ ਜਿੰਦਾ ਇਨ੍ਹਾਂ ਕਰਵਟਾਂ ਦੇ ਰੂ-ਬ-ਰੂ ਹੋ ਰਹੀਆਂ ਸਨ। ਇਹ ਲੰਮੀ ਰਚਨਾ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਸ ਅੰਕ ਤੋਂ ਲੜੀਵਾਰ ਪ੍ਰਕਾਸ਼ਤ ਕਰ ਰਹੇ ਹਾਂ। -ਸੰਪਾਦਕ*

ਅਫਗਾਨਿਸਤਾਨ ਦਾ ਸ਼ਹਿਰ ਗਜ਼ਨੀ। ਸੰਨ 2008 ਦੇ ਜੁਲਾਈ ਮਹੀਨੇ ਦੀ 17 ਤਾਰੀਖ ਸੀ। ਸਾਰਾ ਦਿਨ ਅੰਤਾਂ ਦੀ ਗਰਮੀ ਪੈਂਦੀ ਰਹੀ ਸੀ। ਦਿਨ ਢਲਣ ਲੱਗਿਆ ਤਾਂ ਗਰਮੀ ਦੀ ਤਪਸ਼ ਵੀ ਘਟਣ ਲੱਗੀ। ਆਖਰ ਲੰਬਾ ਦਿਨ ਗੁਜ਼ਰ ਗਿਆ ਤੇ ਥਾਣੇ ਦੀਆਂ ਕੰਧਾਂ ਦੇ ਪਰਛਾਵੇਂ ਵਿਹੜੇ ਦੇ ਦੂਜੇ ਸਿਰੇ ਜਾ ਪਹੁੰਚੇ। ਸੂਰਜ ਛੁਪਣ ਹੀ ਵਾਲਾ ਸੀ ਜਦੋਂ ਥਾਣੇਦਾਰ ਗਨੀ ਖਾਂ ਸ਼ਹਿਰ ਦਾ ਗੇੜਾ ਮਾਰਨ ਲਈ ਉਠਿਆ। ਅੱਜ ਉਸ ਦਾ ਸਾਰਾ ਦਿਨ ਬਾਹਰ ਹੀ ਗੁਜ਼ਰ ਗਿਆ ਸੀ। ਸਵੇਰ ਤੋਂ ਹੀ ਉਹ ਅਮਰੀਕਨ ਫ਼ੌਜ ਦੀ ਉਸ ਟੁਕੜੀ ਨਾਲ ਘੁੰਮ ਰਿਹਾ ਸੀ ਜੋ ਪਿੰਡਾਂ ਵੱਲ ਗੇੜਾ ਲਾਉਣ ਗਈ ਸੀ।

ਹਰਮਹਿੰਦਰ ਚਹਿਲ

ਅੱਜ ਕੱਲ੍ਹ ਇਸ ਇਲਾਕੇ 'ਚ ਤਾਲਿਬਾਨ ਦਾ ਜ਼ੋਰ ਸੀ। ਅਮਰੀਕਨ ਫੌਜ, ਇਲਾਕੇ ਦੀ ਪੁਲਿਸ ਨੂੰ ਨਾਲ ਲੈ ਕੇ ਪਿੰਡਾਂ ਦੀ ਸਕਰੀਨਿੰਗ ਕਰਨ ਲੱਗੀ ਹੋਈ ਸੀ। ਅਮਰੀਕਨਾਂ ਨੇ ਇਸ ਇਲਾਕੇ ਨੂੰ ਤਾਲਿਬਾਨ ਤੋਂ ਮੁਕਤ ਕਰਵਾਉਣ ਦਾ ਬੀੜਾ ਚੁੱਕਿਆ ਹੋਇਆ ਸੀ। ਉਹ ਆਪਣੇ ਮਿਸ਼ਨ 'ਚ ਕਾਮਯਾਬ ਵੀ ਹੋ ਰਹੇ ਸਨ। ਹਰ ਰੋਜ਼ ਸਵੇਰੇ ਹੀ ਫੌਜ ਦਾ ਕਾਫਲਾ ਚੱਲ ਪੈਂਦਾ ਸੀ। ਜਿਸ ਇਲਾਕੇ 'ਚ ਉਨ੍ਹਾਂ ਜਾਣਾ ਹੁੰਦਾ, ਉਥੇ ਦੇ ਥਾਣੇ ਦਾ ਅਮਲਾ-ਫੈਲਾ ਨਾਲ ਜਾਂਦਾ ਸੀ। ਇਵੇਂ ਹੀ ਅੱਜ ਗਨੀ ਖਾਂ ਦੇ ਥਾਣੇ ਦੇ ਪਿੰਡਾਂ ਦੀ ਵਾਰੀ ਸੀ। ਇਸੇ ਲਈ ਅੱਜ ਉਸ ਦਾ ਸਾਰਾ ਦਿਨ ਬਾਹਰ ਘੁੰਮਦਿਆਂ ਹੀ ਗੁਜ਼ਰ ਗਿਆ ਸੀ। ਗਨੀ ਖਾਂ ਦੀ ਇੱਕ ਆਦਤ ਸੀ ਕਿ ਉਹ ਕਿੰਨਾ ਵੀ ਰੁੱਝਿਆ ਹੁੰਦਾ, ਪਰ ਸ਼ਾਮ ਵੇਲੇ ਸ਼ਹਿਰ ਦਾ ਚੱਕਰ ਜ਼ਰੂਰ ਮਾਰਦਾ। ਅੱਜ ਵੀ ਘਰੇ ਜਾਣ ਤੋਂ ਪਹਿਲਾਂ ਉਸ ਨੇ ਸ਼ਹਿਰ 'ਚ ਗੇੜਾ ਕੱਢਣ ਦਾ ਮਨ ਬਣਾਇਆ। ਉਸ ਦੇ ਕਹਿਣ 'ਤੇ ਹਵਾਲਦਾਰ ਕੁਝ ਸਿਪਾਹੀਆਂ ਨੂੰ ਲੈ ਆਇਆ ਤੇ ਡਰਾਈਵਰ ਨੇ ਪਿੱਕਅੱਪ ਟਰੱਕ ਥਾਣੇ ਦੇ ਗੇਟ ਮੂਹਰੇ ਲਿਆ ਖੜ੍ਹਾ ਕੀਤਾ।

ਗਨੀ ਖਾਂ ਅੱਗੇ ਡਰਾਈਵਰ ਨਾਲ ਬੈਠ ਗਿਆ ਤੇ ਬਾਕੀ ਅਮਲਾ ਟਰੱਕ 'ਚ ਪਿੱਛੇ ਖੜ੍ਹ ਗਿਆ। ਥੋੜ੍ਹਾ ਘੁੰਮਦਿਆਂ ਡਰਾਈਵਰ ਨੇ ਟਰੱਕ ਬਾਜ਼ਾਰ ਵੱਲ ਮੋੜ ਲਿਆ। ਬਾਜ਼ਾਰ 'ਚੋਂ ਲੰਘਦਾ ਹੋਇਆ ਟਰੱਕ ਗਲੀ ਦਾ ਮੋੜ ਮੁੜਨ ਲੱਗਿਆ ਤਾਂ ਗਨੀ ਖਾਂ ਨੇ ਸਾਹਮਣੇ ਬੰਦ ਪਈ ਇੱਕ ਦੁਕਾਨ ਮੂਹਰੇ ਬੁਰਕੇ 'ਚ ਢਕੀ ਔਰਤ ਵੱਲ ਵੇਖਿਆ। ਉਹ ਔਰਤ ਭੁੰਜੇ ਬੈਠੀ ਸੀ ਤੇ ਉਸ ਦੇ ਨਾਲ ਬਾਰਾਂ ਕੁ ਸਾਲ ਦਾ ਮੁੰਡਾ ਸੀ। ਗਨੀ ਖਾਂ ਨੇ ਮਨ ਹੀ ਮਨ ਸੋਚਿਆ ਕਿ ਸ਼ਹਿਰ 'ਚ ਮੰਗਤਿਆਂ ਦੀ ਗਿਣਤੀ ਬਹੁਤ ਵਧ ਗਈ ਹੈ। ਮੋੜ ਮੁੜਦਿਆਂ ਪਿੱਕਅੱਪ ਟਰੱਕ ਕੋਲ ਦੀ ਲੰਘਿਆ ਤਾਂ ਉਸ ਨੇ ਨੇੜਿਉਂ ਧਿਆਨ ਨਾਲ ਉਸ ਔਰਤ ਵੱਲ ਵੇਖਿਆ। ਔਰਤ ਨੇ ਕੋਲ ਰੱਖੇ ਕਾਲੇ ਰੰਗ ਦੇ ਵੱਡੇ ਬੈਗ ਨੂੰ ਘੁੱਟ ਕੇ ਹੱਥ 'ਚ ਫੜਿਆ ਹੋਇਆ ਸੀ। ਉਦੋਂ ਹੀ ਗਨੀ ਖਾਂ ਦਾ ਪੁਲਸੀਆ ਦਿਮਾਗ ਹਰਕਤ 'ਚ ਆ ਗਿਆ। ਉਸ ਨੇ ਸੋਚਿਆ ਕਿ ਇਹ ਐਡਾ ਵੱਡਾ ਬੈਗ ਕਿਉਂ ਚੁੱਕੀ ਫਿਰਦੀ ਹੈ? ਉਸ ਨੂੰ ਸ਼ੱਕ ਹੋਇਆ ਤਾਂ ਉਸ ਨੇ ਟਰੱਕ ਰੁਕਵਾ ਲਿਆ ਤੇ ਹੇਠਾਂ ਉਤਰਦਾ ਔਰਤ ਕੋਲ ਗਿਆ। ਇੱਕ ਪੈਰ ਚਬੂਤਰੇ 'ਤੇ ਰੱਖਦਿਆਂ ਹਥਲਾ ਡੰਡਾ ਔਰਤ ਵੱਲ ਕਰ ਕੇ ਉਸ ਨੇ ਪੁੱਛਿਆ, "ਉਏ ਬੀਬੀ, ਕੌਣ ਐਂ ਤੂੰ?"

"ਮੈਂ ਤਾਂ ਗਰੀਬ ਔਰਤ ਆਂ। ਆਪਣੇ ਪਤੀ ਨੂੰ ਲੱਭਦੀ ਫਿਰਦੀ ਆਂ ਜੋ ਲੜਾਈ 'ਚ ਕਿਧਰੇ ਗੁੰਮ ਹੋ ਗਿਐ।" ਇੰਨਾ ਕਹਿੰਦਿਆਂ ਉਹ ਖੜ੍ਹੀ ਹੋ ਗਈ। ਉਸ ਨੇ ਕੋਲ ਪਿਆ ਬੈਗ ਚੁੱਕ ਲਿਆ।

"ਤੇਰੇ ਨਾਲ ਇਹ ਮੁੰਡਾ ਕੌਣ ਐ?"

"ਇਹ ਤਾਂ ਕੋਈ ਅਨਾਥ ਐ। ਭੂਚਾਲ ਵੇਲੇ ਇਸ ਦੇ ਮਾਂ ਪਿਉ ਮਾਰੇ ਗਏ ਸਨ। ਮੈਂ ਇਸ ਨੂੰ ਨਾਲ ਲੈ ਆਈ ਸੀ।" ਇੰਨਾ ਆਖ ਉਹ ਉਠੀ, ਬੈਗ ਗਲ ਪਾਇਆ ਤੇ ਮੁੰਡੇ ਦੀ ਉਂਗਲ ਫੜ ਤੁਰ ਚੱਲੀ।

"ਉਹ ਬੀਬੀ ਰੁਕ।" ਗਨੀ ਖਾਂ ਨੇ ਅਗਾਂਹ ਹੋ ਕੇ ਰਸਤਾ ਰੋਕ ਲਿਆ। ਔਰਤ ਦੇ ਹਾਵ-ਭਾਵ ਅਤੇ ਬੋਲਣ ਦੇ ਢੰਗ ਨੇ ਉਸ ਦਾ ਸ਼ੱਕ ਹੋਰ ਵਧਾ ਦਿੱਤਾ। ਉਸ ਨੂੰ ਪਿਛਲੇ ਦਿਨੀਂ ਕਿਸੇ ਮੁਖ਼ਬਰ ਤੋਂ ਮਿਲੀ ਇਹ ਖ਼ਬਰ ਵੀ ਯਾਦ ਆਈ ਕਿ ਕੋਈ ਔਰਤ ਇੱਥੇ ਦੇ ਗਵਰਨਰ 'ਤੇ ਆਤਮਘਾਤੀ ਹਮਲਾ ਕਰਨ ਦੀ ਤਾਕ ਵਿਚ ਹੈ। ਇੰਨੇ ਨੂੰ ਸਿਪਾਹੀਆਂ ਨੇ ਔਰਤ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਇੱਕ ਨੇ ਅਗਾਂਹ ਹੋ ਕੇ ਉਸ ਤੋਂ ਬੈਗ ਫੜਿਆ ਤੇ ਉਸ 'ਚ ਉਰਾ-ਪੁਰਾ ਵੇਖਣ ਲੱਗਿਆ। ਕੁਝ ਕਾਗਜ਼ ਬਾਹਰ ਕੱਢੇ। ਗਨੀ ਖਾਂ ਨੇ ਕਾਗਜ਼ ਧਿਆਨ ਨਾਲ ਵੇਖੇ ਤਾਂ ਉਹ ਬਹੁਤ ਹੈਰਾਨ ਹੋਇਆ। ਇਹ ਤਾਂ ਨਕਸ਼ੇ ਵਗੈਰਾ ਸਨ। ਉਸ ਦੇ ਕਹਿਣ 'ਤੇ ਪੁਲਿਸ ਵਾਲਿਆਂ ਨੇ ਔਰਤ ਨੂੰ ਬੱਚੇ ਸਮੇਤ ਟਰੱਕ 'ਚ ਬਿਠਾ ਲਿਆ ਤੇ ਥਾਣੇ ਵੱਲ ਲੈ ਤੁਰੇ। ਥਾਣੇ ਜਾ ਕੇ ਉਸ ਦੇ ਬੈਗ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ। ਹੋਰ ਵੀ ਹੈਰਾਨ ਕਰਨ ਵਾਲੀਆਂ ਚੀਜ਼ਾਂ ਬੈਗ 'ਚੋਂ ਮਿਲੀਆਂ। ਦੋ ਬੋਤਲਾਂ ਵਿਚ ਕੋਈ ਖਤਰਨਾਕ ਕੈਮੀਕਲ ਸਨ ਜਿਹੜੇ ਬੰਬ ਬਣਾਉਣ ਦਾ ਮਸਾਲਾ ਜਾਪਦੇ ਸਨ। ਇਸ ਤੋਂ ਬਿਨਾਂ ਦੋ ਕਿਲੋ ਦੇ ਲੱਗਭੱਗ ਸੋਡੀਅਮ ਸਾਈਨਾਈਡ ਮਿਲਿਆ। ਬਾਕੀ ਹਜ਼ਾਰਾਂ ਹੱਥ ਲਿਖੇ ਕਾਗਜ਼ ਮਿਲੇ ਜਿਹੜੇ ਜ਼ਿਆਦਾ ਅੰਗਰੇਜ਼ੀ 'ਚ ਸਨ। ਬੈਗ 'ਚ ਕਾਫੀ ਸਾਰੇ ਨਕਸ਼ੇ ਸਨ ਜਿਨ੍ਹਾਂ 'ਚ ਇਕ ਇੱਥੇ ਦੇ ਗਵਰਨਰ ਦੇ ਘਰ ਦਾ ਨਕਸ਼ਾ ਸੀ। ਉਸ ਔਰਤ ਨੇ ਆਪਣਾ ਨਾਂ ਸਲੀਹਾ ਦੱਸਿਆ।

ਗਨੀ ਖਾਂ ਨੂੰ ਹੁਣ ਪੂਰਾ ਯਕੀਨ ਹੋ ਚੁੱਕਾ ਸੀ ਕਿ ਇਹ ਔਰਤ ਕਿਸੇ ਅਤਿਵਾਦੀ ਜਥੇਬੰਦੀ ਦੀ ਮੈਂਬਰ ਹੈ ਅਤੇ ਹੋ ਸਕਦਾ ਹੈ ਕਿ ਇੱਥੋਂ ਦੇ ਗਵਰਨਰ ਨੂੰ ਆਮਤਘਾਤੀ ਹਮਲੇ 'ਚ ਮਾਰਨ ਨਿਕਲੀ ਹੋਵੇ। ਉਸ ਨੇ ਤੁਰੰਤ ਗਵਰਨਰ ਦਫਤਰ ਖ਼ਬਰ ਕੀਤੀ। ਉਨ੍ਹਾਂ ਅੱਗੇ ਅਮਰੀਕਾ ਦੇ ਬਗਰਾਮ ਏਅਰਪੋਰਟ ਬੇਸ ਨੂੰ ਇਤਲਾਹ ਦਿੱਤੀ। ਇਸ ਵਿਚਕਾਰ ਰਾਤ ਨੂੰ ਔਰਤ ਦੀ ਕੁੱਟਮਾਰ ਵੀ ਹੋਈ ਪਰ ਉਸ ਨੇ ਮੂੰਹ ਨਾ ਖੋਲ੍ਹਿਆ। ਉਸ ਨਾਲ ਫੜੇ ਗਏ ਮੁੰਡੇ ਨੂੰ ਵੱਖਰਾ ਕਰ ਦਿੱਤਾ ਗਿਆ ਸੀ। ਅਗਲੇ ਦਿਨ ਸਵੇਰੇ ਹੀ ਅਮਰੀਕੀ ਫੌਜ ਦਾ ਕੈਪਟਨ ਰਾਬਰਟ ਸਿੰਡਰ ਆਪਣੀ ਟੁਕੜੀ ਲੈ ਕੇ ਗਜ਼ਨੀ ਥਾਣੇ ਵੱਲ ਚੱਲ ਪਿਆ। ਉਦੋਂ ਨੂੰ ਉਸ ਔਰਤ ਨੂੰ ਥਾਣੇ 'ਚੋਂ ਕੱਢ ਕੇ ਨੇੜਲੀ ਇਮਾਰਤ ਦੇ ਵੱਡੇ ਕਮਰੇ 'ਚ ਬਿਠਾਇਆ ਹੋਇਆ ਸੀ। ਕਾਬਲ ਤੋਂ ਅਫਗਾਨ ਸਰਕਾਰ ਦੇ ਕੁਝ ਵੱਡੇ ਅਫਸਰ ਵੀ ਉਸ ਨਾਲ ਗੱਲ ਕਰਨ ਲਈ ਪਹੁੰਚੇ ਹੋਏ ਸਨ।

ਜਦੋਂ ਕੈਪਟਨ ਸਿੰਡਰ ਆਪਣੇ ਅਮਲੇ-ਫੈਲੇ ਨਾਲ ਉਥੇ ਆਇਆ ਤਾਂ ਇਮਾਰਤ ਲੋਕਲ ਅਫਗਾਨਾਂ ਨੇ ਘੇਰੀ ਹੋਈ ਸੀ। ਉਹ ਹਥਿਆਰਬੰਦ ਸਨ ਕਿਉਂਕਿ ਉਥੇ ਇਹ ਗੱਲ ਫੈਲ ਚੁੱਕੀ ਸੀ ਕਿ ਥਾਣੇ ਵਾਲੇ ਕਿਸੇ ਬੇਕਸੂਰ ਔਰਤ ਨੂੰ ਅਮਰੀਕਨਾਂ ਦੇ ਹਵਾਲੇ ਕਰਨ ਲੱਗੇ ਹਨ। ਕੈਪਟਨ ਮਨ ਹੀ ਮਨ ਬੋਲਿਆ, 'ਜਿਸ ਗੱਲ ਦਾ ਡਰ ਸੀ, ਉਹੀ ਹੋ ਗਿਆ।' ਉਸ ਨੇ ਵੇਖਿਆ ਸੀ ਕਿ ਇੱਥੇ ਅਫਵਾਹਾਂ ਦਾ ਬਹੁਤ ਜ਼ੋਰ ਰਹਿੰਦਾ ਸੀ। ਮਾੜੀ ਜਿਹੀ ਗੱਲ ਹੋਈ ਨਹੀਂ, ਤੇ ਅਫਵਾਹ ਉਡੀ ਨਹੀਂ। ਇੰਨਾ ਹੀ ਨਹੀਂ, ਸਗੋਂ ਅਫਗਾਨ ਹਥਿਆਰਬੰਦ ਹੋ ਕੇ ਪਹੁੰਚ ਜਾਂਦੇ ਸਨ। ਅੱਜ ਵੀ ਇਵੇਂ ਹੀ ਹੋਇਆ ਸੀ। ਲੋਕਾਂ ਦੇ ਹਜੂਮ ਨੇ ਹਥਿਆਰ ਚੁੱਕੇ ਹੋਏ ਸਨ। ਆਲੇ ਦੁਆਲੇ ਨਜ਼ਰ ਮਾਰਦਿਆਂ ਉਸ ਨੇ ਮਨ 'ਚ ਸੋਚਿਆ, 'ਅੱਜ ਇੱਥੇ ਜ਼ਰੂਰ ਕੁਛ ਨਾ ਕੁਛ ਹੋ ਕੇ ਰਹੇਗਾ। ਇੱਕ ਤਾਂ ਔਰਤ ਦਾ ਮਾਮਲਾ ਐ ਤੇ ਉਪਰੋਂ ਉਹ ਰਾਤ ਦੀ ਫੜੀ ਹੋਈ ਐ। ਲੋਕ ਵੀ ਧੜਾ ਧੜ ਇਕੱਠੇ ਹੋ ਰਹੇ ਨੇ। ਪਤਾ ਨ੍ਹੀਂ ਹਾਲਾਤ ਕਿਹੋ ਜਿਹੇ ਬਣ ਜਾਣ।' ਅਜਿਹੇ ਖਿਆਲਾਂ ਕਰ ਕੇ ਹੀ ਉਸ ਨੇ ਸਾਰਿਆਂ ਨੂੰ ਪੂਰੀ ਮੁਸਤੈਦੀ ਨਾਲ ਰਹਿਣ ਦਾ ਹੁਕਮ ਦਿੱਤਾ ਤੇ ਲੋਕਾਂ ਵਿਚੋਂ ਦੀ ਰਾਹ ਬਣਾਉਂਦਾ ਆਪਣੇ ਖਾਸ ਅਮਲੇ ਨਾਲ ਵੱਡੀ ਇਮਾਰਤ ਵੱਲ ਚੱਲ ਪਿਆ। ਅੱਗੇ ਤਿੰਨ ਕੁ ਪੌੜੀਆਂ ਚੜ੍ਹ ਕੇ ਉਹ ਇਮਾਰਤ ਦੇ ਦਰਵਾਜ਼ੇ ਤੱਕ ਪਹੁੰਚ ਗਏ। ਦੋ ਜਣੇ ਬਾਹਰ ਪਹਿਰੇ 'ਤੇ ਖੜ੍ਹ ਗਏ। ਕੈਪਟਨ ਅਤੇ ਵਾਰੰਟ ਅਫਸਰ ਅੰਦਰ ਚਲੇ ਗਏ। ਦੁਭਾਸ਼ੀਆ ਵੀ ਉਨ੍ਹਾਂ ਦੇ ਨਾਲ ਸੀ। ਕੈਪਟਨ ਨੇ ਅੰਦਰ ਬੈਠੇ ਅਫਗਾਨ ਲੋਕਾਂ ਅਤੇ ਅਫਸਰਾਂ ਵੱਲ ਵੇਖਦਿਆਂ ਝੁਕ ਕੇ ਸਲਾਮ ਕਹੀ। ਉਸ ਨੇ ਆਲੇ ਦੁਆਲੇ ਨਜ਼ਰ ਮਾਰੀ। ਪਿਛਲੇ ਪਾਸੇ ਪਰਦਾ ਤਣਿਆਂ ਹੋਇਆ ਸੀ। ਉਹ ਸਮਝ ਗਿਆ ਕਿ ਗ੍ਰਿਫਤਾਰ ਕੀਤੀ ਔਰਤ ਇਸ ਪਰਦੇ ਉਹਲੇ ਹੋਵੇਗੀ। ਕੈਪਟਨ ਤੇ ਵਾਰੰਟ ਅਫਸਰ ਸਾਰਿਆਂ ਦੇ ਕੋਲ ਭੁੰਜੇ ਹੀ ਬੈਠ ਗਏ। ਉਨ੍ਹਾਂ ਅਜੇ ਗੱਲਬਾਤ ਸ਼ੁਰੂ ਕੀਤੀ ਹੀ ਸੀ ਕਿ ਉਥੇ ਗੋਲੀ ਚੱਲਣ ਦੀ ਆਵਾਜ਼ ਸੁਣੀ। ਇਹ ਆਵਾਜ਼ ਸੁਣਦਿਆਂ ਹੀ ਵਾਰੰਟ ਅਫਸਰ ਨੇ ਆਪਣਾ ਪਿਸਤੌਲ ਕੱਢ ਕੇ ਗੋਲੀ ਚਲਾ ਦਿੱਤੀ ਜੋ ਪਰਦੇ ਪਿੱਛੇ ਬੈਠੀ ਔਰਤ ਦੇ ਪੇਟ 'ਚ ਲੱਗੀ। ਜਦੋਂ ਪਤਾ ਲੱਗਿਆ ਕਿ ਔਰਤ ਜ਼ਖ਼ਮੀ ਹੋ ਚੁੱਕੀ ਹੈ ਤਾਂ ਕੈਪਟਨ ਨੇ ਆਪਣੇ ਬੰਦਿਆਂ ਨੂੰ ਆਵਾਜ਼ ਮਾਰੀ। ਸਾਰਿਆਂ ਨੇ ਫਟਾਫਟ ਔਰਤ ਨੂੰ ਸਟਰੈਚਰ 'ਤੇ ਪਾਇਆ ਅਤੇ ਪਿਛਲੇ ਦਰਵਾਜ਼ੇ ਰਾਹੀਂ ਆਪਣੇ ਟਰੱਕ ਤੱਕ ਪਹੁੰਚੇ। ਉਥੋਂ ਜ਼ਖ਼ਮੀ ਔਰਤ ਨੂੰ ਨਾਲ ਲੈ ਕੇ ਉਹ ਬਗਰਾਮ ਏਅਰਫੋਰਸ ਬੇਸ ਨੂੰ ਚੱਲ ਪਏ। ਉਥੇ ਉਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਨਾਲ ਹੀ ਉਸ ਦੀ ਅਸਲੀ ਪਛਾਣ ਲੱਭਣ ਲਈ ਫਿੰਗਰ ਪ੍ਰਿੰਟ ਲਏ ਗਏ। ਦੋ ਘੰਟਿਆਂ ਪਿੱਛੋਂ ਐਫ.ਬੀ.ਆਈ. ਦੇ ਦਫਤਰੋਂ ਉਸ ਦੀ ਸਹੀ ਪਛਾਣ ਦੀ ਰਿਪੋਰਟ ਆ ਗਈ। ਜਦੋਂ ਸਾਰੇ ਮਹਿਕਮਿਆਂ 'ਚ ਉਸ ਦੇ ਅਸਲੀ ਨਾਂ ਦਾ ਪਤਾ ਲੱਗਿਆ ਤਾਂ ਹਰ ਪਾਸੇ ਤਹਿਲਕਾ ਮੱਚ ਗਿਆ। ਉਹ ਕੋਈ ਆਮ ਔਰਤ ਨਹੀਂ ਸੀ। ਉਹ ਅਮਰੀਕਨ ਐਫ.ਬੀ.ਆਈ. ਦੁਆਰਾ ਐਲਾਨੀ ਗਈ ਦੁਨੀਆਂ ਦੀ ਸਭ ਤੋਂ ਖਤਰਨਾਕ ਅਤਿਵਾਦੀ ਔਰਤ ਡਾ. ਆਫੀਆ ਸਦੀਕੀ ਸੀ।


ਆਫੀਆ ਸਦੀਕੀ

*(2)*

ਇਸਮਤ ਜਹਾਨ ਬੁਲੰਦ ਸ਼ਹਿਰ 'ਚ ਜਨਮੀ। ਇੱਥੇ ਹੀ ਉਸ ਨੇ ਬਚਪਨ ਬਿਤਾਇਆ। ਉਹ ਅੱਠ ਸਾਲ ਦੀ ਸੀ ਜਦੋਂ ਮੁਲਕ ਦਾ ਬਟਵਾਰਾ ਹੋ ਗਿਆ। ਫਿਰ ਉਹ ਪਰਿਵਾਰ ਨਾਲ ਪਾਕਿਸਤਾਨ ਚਲੀ ਆਈ। ਇੱਥੇ ਉਸ ਦਾ ਵਿਆਹ, ਮੁਹੰਮਦ ਸੁਲੇਹ ਸਦੀਕੀ ਨਾਲ ਹੋਇਆ। ਸੁਲੇਹ ਸਦੀਕੀ ਪੇਸ਼ੇ ਵਜੋਂ ਡਾਕਟਰ ਸੀ। ਵਿਆਹ ਦੇ ਕੁਝ ਚਿਰ ਪਿੱਛੋਂ ਉਹ ਇੰਗਲੈਂਡ ਚਲੇ ਗਏ। ਉਥੇ ਉਹ ਕਈ ਸਾਲ ਰਹੇ। ਉਨ੍ਹਾਂ ਦੇ ਪਰਿਵਾਰ 'ਚ ਪਹਿਲਾਂ ਮੁੰਡੇ ਦਾ ਜਨਮ ਹੋਇਆ ਜਿਸ ਦਾ ਨਾਂ ਉਨ੍ਹਾਂ ਮੁਹੰਮਦ ਅਲੀ ਰੱਖਿਆ। ਫਿਰ 1966 'ਚ ਪਹਿਲੀ ਲੜਕੀ ਫੌਜ਼ੀਆ ਦਾ ਜਨਮ ਹੋਇਆ। ਇਸ ਪਿੱਛੋਂ ਉਹ ਵਾਪਸ ਪਾਕਿਸਤਾਨ ਮੁੜ ਆਏ। ਇੱਥੇ ਹੀ ਮਾਰਚ, 1972 'ਚ ਉਨ੍ਹਾਂ ਦੀ ਦੂਜੀ ਲੜਕੀ ਦਾ ਜਨਮ ਹੋਇਆ ਜਿਸ ਦਾ ਨਾਂ ਆਫੀਆ ਰੱਖਿਆ ਗਿਆ।

ਇਸੇ ਸਾਲ ਜੁਲਾਈ ਮਹੀਨੇ ਸੁਲੇਹ ਸਦੀਕੀ ਦੇ ਸਾਲੇ ਐਸ.ਐਚ. ਫਾਰੂਕੀ ਦਾ ਪਰਿਵਾਰ ਉਨ੍ਹਾਂ ਨੂੰ ਮਿਲਣ ਆਇਆ। ਫਾਰੂਕੀ ਪਰਿਵਾਰ ਇਸਲਾਮਾਬਾਦ ਰਹਿੰਦਾ ਸੀ। ਖਾਉ ਪੀਉ ਤੋਂ ਵਿਹਲੇ ਹੋ ਕੇ ਉਹ ਡਰਾਇੰਗ ਰੂਮ 'ਚ ਬੈਠ ਗਏ। ਗੱਲਾਂ ਚੱਲੀਆਂ ਤਾਂ ਛੇਤੀ ਹੀ ਉਹ ਮੌਜੂਦਾ ਮਸਲੇ ਬਾਰੇ ਗੱਲ ਕਰਨ ਲੱਗੇ। ਗੱਲ ਸ਼ੁਰੂ ਕਰਦਿਆਂ ਫਾਰੂਕੀ ਬੋਲਿਆ, "ਭਾਈ ਸਾਹਬ, ਭੁੱਟੋ ਨੇ ਮੁਲਕ ਦਾ ਬੇੜਾ ਡੋਬ ਕੇ ਰੱਖ ਦਿੱਤਾ।"

"ਕੀ ਕੀਤਾ ਜਾ ਸਕਦੈ, ਪਰ ਇਕੱਲਾ ਉਹ ਹੀ ਤਾਂ ਜ਼ਿੰਮੇਵਾਰ ਨ੍ਹੀਂ ਐ। ਸਾਰਿਆਂ ਨੇ ਰਲ ਕੇ ਹੀ ਪਾਕਿਸਤਾਨ ਦੇ ਮੂੰਹ 'ਤੇ ਕਾਲਖ ਮਲੀ ਐ।"

"ਜੇ ਅਸਲ ਪੁੱਛਦੇ ਓਂ ਤਾਂ ਇਹ ਕੰਮ ਯਾਹੀਆ ਖਾਂ ਤੋਂ ਸ਼ੁਰੂ ਹੋਇਆ।" ਫਾਰੂਕੀ ਦੀ ਬੀਵੀ ਨੇ ਗੱਲਬਾਤ 'ਚ ਹਿੱਸਾ ਲੈਂਦਿਆਂ ਆਪਣਾ ਵਿਚਾਰ ਦੱਸਿਆ।

"ਫੌਜ ਤਾਂ ਸਾਰੀ ਈ ਇਸ ਨਮੋਸ਼ੀ ਦਾ ਕਾਰਨ ਬਣੀ ਐਂ।"

"ਜੇ ਪਹਿਲਾਂ ਈ ਸੰਭਲ ਕੇ ਚਲਦੇ ਤਾਂ ਅੱਜ ਆਹ ਦਿਨ ਨਾ ਵੇਖਣੇ ਪੈਂਦੇ।"

"ਸੱਚੀ ਗੱਲ ਤਾਂ ਇਹ ਐ ਕਿ ਇਨ੍ਹਾਂ ਨੇ ਪੂਰਬੀ ਪਾਕਿਸਤਾਨ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਨ੍ਹੀਂ ਕੀਤੀ। ਜਦੋਂ ਮੁਜੀਬ ਉਲ ਰਹਿਮਾਨ ਦੀ ਪਾਰਟੀ ਜਿੱਤ ਗਈ ਸੀ ਤਾਂ ਹਕੂਮਤ ਉਸ ਦੇ ਹਵਾਲੇ ਕਰ ਦਿੰਦੇ। ਅਸੂਲ ਤਾਂ ਇਹੀ ਕਹਿੰਦਾ ਐ।"

"ਅਸੂਲ ਆਮ ਲੋਕਾਂ ਲਈ ਨੇ। ਇਨ੍ਹਾਂ ਰਜਵਾੜਿਆਂ ਲਈ ਨ੍ਹੀਂ। ਇਨ੍ਹਾਂ ਨੇ ਤਾਂ ਉਨ੍ਹਾਂ ਲੋਕਾਂ ਨੂੰ ਕਦੇ ਬਰਾਬਰੀ ਦਾ ਦਰਜਾ ਵੀ ਨ੍ਹੀਂ ਦਿੱਤਾ ਸੀ। ਫਿਰ ਇਹ ਕੁਛ ਤਾਂ ਹੋਣਾ ਈ ਸੀ।"

"ਇੰਡੀਆ ਨੇ ਪੂਰਬੀ ਪਾਕਿਸਤਾਨ ਦੇ ਲੋਕਾਂ ਦੀ ਮੱਦਦ ਕਰ ਕੇ ਸਾਡੇ ਹਿੱਕ 'ਤੇ ਮੂੰਗ ਦਲੀ ਐ। ਇੰਸ਼ਾ ਅੱਲਾ ਕਦੇ ਮੌਕਾ ਮਿਲਿਆ ਤਾਂ ਆਪਾਂ ਨੂੰ ਵੀ ਹਿਸਾਬ ਬਰਾਬਰ ਕਰਨਾ ਚਾਹੀਦਾ ਐ।" ਇਸ ਵਾਰ ਇਸਮਤ ਬੋਲੀ।

"ਇੰਡੀਆ ਨੇ ਜੋ ਵੀ ਕੀਤੈ, ਉਹ ਆਪਣੇ ਹਿਸਾਬ ਨਾਲ ਠੀਕ ਕੀਤੈ। ਉਸ ਦੀ ਥਾਂ ਕੋਈ ਹੋਰ ਮੁਲਕ ਹੁੰਦਾ ਤਾਂ ਉਸ ਨੇ ਵੀ ਇਹੀ ਕਰਨਾ ਸੀ। ਰਾਜਨੀਤੀ ਇਹੀ ਕਹਿੰਦੀ ਐ।" ਸੁਲੇਹ ਸਦੀਕੀ ਨੇ ਆਪਣਾ ਵਿਚਾਰ ਦੱਸਿਆ।

"ਜੋ ਵੀ ਹੋਇਆ ਚੰਗਾ ਜਾਂ ਮਾੜਾ ਇਹ ਵੱਖਰੀ ਗੱਲ ਐ, ਪਰ ਇਸ ਕਾਰਵਾਈ ਨੇ ਮੁਸਲਿਮ ਲੀਗ ਦੀ ਦੋ ਕੌਮਾਂ ਦੀ ਥਿਊਰੀ ਗਲਤ ਸਾਬਤ ਕਰ ਦਿੱਤੀ ਐ। ਇਸ ਗੱਲ ਨੇ ਪਾਕਿਸਤਾਨ ਦੀ ਹੋਂਦ ਨੂੰ ਈ ਗਲਤ ਸਾਬਤ ਕਰ ਦਿੱਤਾ ਐ।"

"ਤੇ ਹੋਰ, ਕਿਨ੍ਹਾਂ ਚਾਵਾਂ ਨਾਲ ਇੱਧਰ ਆਏ ਸੀ ਕਿ ਮੁਸਲਮਾਨਾਂ ਦਾ ਆਪਣਾ ਮੁਲਕ ਬਣ ਗਿਐ, ਪਰ ਇਨ੍ਹਾਂ ਬਾਂਦਰ ਰਾਜਨੀਤੀਵਾਨਾਂ ਨੇ ਲੋਕਾਂ ਦੀਆਂ ਭਾਵਨਾਵਾਂ ਕੁਚਲ ਕੇ ਰੱਖ ਦਿੱਤੀਆਂ ਨੇ।

## ਕੌੜਾ ਸੱਚ

ਬੰਗਲਾ ਦੇਸ਼ ਨ੍ਹੀਂ ਬਣਿਆਂ, ਇਹ ਤਾਂ ਸਾਡੀ ਜਮਹੂਰੀਅਤ ਦੇ ਮੂੰਹ 'ਤੇ ਚਪੇੜ ਐ।"

"ਬੰਗਲਾ ਦੇਸ਼ ਕਿਹੜਾ? ਮੈਂ ਨ੍ਹੀਂ ਇਸ ਨੂੰ ਮੰਨਦੀ। ਤੁਸੀਂ ਪੂਰਬੀ ਪਾਕਿਸਤਾਨ ਕਹੋ।" ਇਸਮਤ ਨਫਰਤ 'ਚ ਬੋਲੀ।

"ਆਪਾ ਤੇਰੇ ਕਹਿਣ ਨਾਲ ਕੀ ਹੁੰਦਾ ਐ। ਪਿਛਲੇ ਹਫਤੇ ਈ ਤਾਂ ਸਾਡੇ ਪ੍ਰਧਾਨ ਮੰਤਰੀ ਭੁੱਟੋ ਸਾਹਿਬ ਸ਼ਿਮਲਾ ਸਮਝੌਤੇ 'ਤੇ ਦਸਤਖਤ ਕਰ ਕੇ ਆਏ ਨੇ। ਉਸ ਸਮਝੌਤੇ ਦੀ ਮੁੱਖ ਮੱਦ ਇਹੀ ਐ ਕਿ ਪਾਕਿਸਤਾਨ ਬੰਗਲਾ ਦੇਸ਼ ਦੀ ਹੋਂਦ ਨੂੰ ਮੰਨਦਾ ਐ। ਉਸ 'ਤੇ ਸਹੀ ਪਾਉਣ ਦਾ ਮਤਲਬ ਐ ਕਿ ਇਸ ਨੇ ਬੰਗਲਾ ਦੇਸ਼ ਨੂੰ ਮਾਨਤਾ ਦੇ ਦਿੱਤੀ ਐ।"

"ਇਹ ਸਮਝੌਤਾ ਵੀ ਤਾਂ ਭੁੱਟੋ ਨੇ ਆਪਣਾ ਅਕਸ ਬਚਾਉਣ ਲਈ ਈ ਕੀਤਾ ਐ। ਜੇ ਉਸ ਨੂੰ ਮੁਲਕ ਦੀ ਫਿਕਰ ਹੁੰਦੀ ਤਾਂ ਉਹ ਉਨ੍ਹਾਂ ਇੱਕ ਲੱਖ ਫੌਜੀਆਂ ਦੀ ਰਿਹਾਈ ਦੀ ਗੱਲ ਕਰਨੀ ਨਾ ਭੁੱਲਦਾ ਜਿਹੜੇ ਇੰਡੀਆ ਨੇ ਕੈਦੀ ਬਣਾਏ ਸਨ।"

"ਜੇ ਜਨਰਲ ਨਿਆਜ਼ੀ ਹਿੰਮਤ ਤੋਂ ਕੰਮ ਲੈਂਦਾ ਤਾਂ ਉਹ ਕੈਦ ਈ ਨ੍ਹੀਂ ਸਨ ਹੋਣੇ, ਤੇ ਸ਼ਾਇਦ ਅਸੀਂ ਬੰਗਲਾ ਦੇਸ਼ ਵੀ ਨਾ ਬਣਨ ਦਿੰਦੇ।" ਇਹ ਵਿਚਾਰ ਫਾਰੂਕੀ ਦੀ ਘਰਵਾਲੀ ਦਾ ਸੀ।

"ਬੇਗਮ, ਕੀ ਗੱਲ ਕਰਦੀ ਐਂ ਤੂੰ। ਇਸ ਵਿਚ ਨਿਆਜ਼ੀ ਸਾਹਬ ਦਾ ਕਸੂਰ ਨ੍ਹੀਂ ਐ। ਉਹ ਆਪਣੀ ਸਰਕਾਰ ਦੀ ਮਦਦ ਤੋਂ ਬਿਨਾਂ ਕਿੰਨਾ ਕੁ ਚਿਰ ਲੜ ਸਕਦਾ ਸੀ।"

"ਲੋਕਾਂ ਨੇ ਕਦੇ ਵੀ ਭੁੱਟੋ ਨੂੰ ਮੁਆਫ ਨ੍ਹੀਂ ਕਰਨਾ, ਨਾ ਹੀ ਫੌਜ ਕਰੇਗੀ। ਹੋਰ ਤਾਂ ਹੋਰ ਉਸ ਨੇ ਕਸ਼ਮੀਰ ਮੁੱਦੇ ਨੂੰ ਵੀ ਹੋਰ ਈ ਰੂਪ ਦੇ ਦਿੱਤਾ। ਇੰਡੀਆ ਦੇ ਕਬਜ਼ੇ ਹੇਠਲੇ ਕਸ਼ਮੀਰ ਦੀ ਹੱਦ ਨੂੰ ਲਾਈਨ ਆਫ ਕੰਟਰੋਲ ਦਾ ਰੂਪ ਦੇ ਆਇਆ। ਕਹਿੰਦਾ ਕਿ ਅੱਗੇ ਤੋਂ ਇਸ ਮਸਲੇ ਦਾ ਹੱਲ ਗੱਲਬਾਤ ਰਾਹੀਂ ਕੱਢਿਆ ਜਾਵੇਗਾ। ਕੋਈ ਪੁੱਛਣ ਵਾਲਾ ਹੋਵੇ ਕਿ ਜੇਕਰ ਅਗਾਂਹ ਕਦੇ ਇੰਡੀਆ, ਪਾਕਿਸਤਾਨ 'ਤੇ ਹਮਲਾ ਕਰ ਦੇਵੇ ਤਾਂ ਉਸ ਦਾ ਹੱਲ ਵੀ ਗੱਲਬਾਤ ਰਾਹੀਂ ਈ ਕੱਢੀਂ।"

"ਭਾਈ ਸਾਹਬ ਇਹ ਸਭ ਤਾਂ ਹੋਣਾ ਹੀ ਸੀ। ਨਾਲੇ ਜੋ ਹੋ ਚੁੱਕੈ, ਉਹ ਬਦਲਿਆ ਨ੍ਹੀਂ ਜਾ ਸਕਦਾ। ਆਪਾਂ ਨੂੰ ਸੱਚਾਈ ਮੰਨਣੀ ਈ ਪੈਣੀ ਐਂ।" ਸੁਲੇਹ ਸਦੀਕੀ ਨੇ ਇਹ ਗੱਲ ਕਹੀ ਤਾਂ ਸਾਰੇ ਚੁੱਪ ਜਿਹੇ ਹੋ ਗਏ। ਫਾਰੂਕੀ ਨੇ ਗੱਲ ਦਾ ਰੁਖ ਬਦਲਦਿਆਂ ਹੋਰ ਗੱਲ ਛੇੜੀ, "ਭਾਈ ਸਾਹਬ ਤੁਹਾਡਾ ਅਫਰੀਕਾ ਜਾਣ ਦਾ ਪ੍ਰੋਗਰਾਮ ਕਿਵੇਂ ਐਂ।"

"ਬੱਸ ਸਭ ਤਿਆਰੀ ਪੂਰੀ ਐ। ਜ਼ਾਂਬੀਆ ਦੀ ਲੌਅਸਕਾ ਯੂਨੀਵਰਸਿਟੀ ਵੱਲੋਂ ਨੌਕਰੀ ਦਾ ਪੱਤਰ ਵੀ ਆ ਚੁੱਕਿਆ ਐ। ਹੁਣ ਤਾਂ ਸ਼ਾਇਦ ਇਸੇ ਮਹੀਨੇ ਜਾਣ ਦਾ ਪ੍ਰੋਗਰਾਮ ਬਣ ਜਾਵੇ।"

ਫਿਰ ਉਹ ਹੋਰ ਗੱਲਾਂ ਕਰਨ ਲੱਗੇ। ਸ਼ਾਮ ਢਲੇ ਫਾਰੂਕੀ ਪਰਿਵਾਰ ਜਾਣ ਲਈ ਉਠਿਆ। ਉਨ੍ਹਾਂ ਸਾਰੇ ਬੱਚਿਆਂ ਦੇ ਸਿਰ 'ਤੇ ਹੱਥ ਰੱਖਿਆ। ਚਾਦਰ 'ਚ ਲਪੇਟੀ ਪਈ ਛੋਟੀ ਜਿਹੀ ਆਫੀਆ ਦਾ ਮੂੰਹ ਚੁੰਮਿਆ। ਫਿਰ ਕਾਰ 'ਚ ਬਹਿ ਕੇ ਚਲੇ ਗਏ। ਇਸ ਦੇ ਕੁਝ ਹਫਤੇ ਬਾਅਦ ਹੀ ਸਦੀਕੀ ਪਰਿਵਾਰ ਜ਼ਾਂਬੀਆ ਚਲਾ ਗਿਆ।

ਇੱਥੇ ਆ ਕੇ ਸੁਲੇਹ ਸਦੀਕੀ ਲੌਅਸਕਾ ਮੈਡੀਕਲ ਯੂਨੀਵਰਸਿਟੀ 'ਚ ਪ੍ਰੋਫੈਸਰ ਦੀ ਨੌਕਰੀ ਕਰਨ ਲੱਗਿਆ। ਇਸਮਤ ਬੱਚਿਆਂ ਨੂੰ ਸੰਭਾਲਦੀ ਸੀ। ਉਹ ਸਾਰਾ ਦਿਨ ਘਰ ਵਿਹਲੀ ਰਹਿੰਦੀ ਸੀ। ਉਸ ਨੇ ਇਹ ਵਿਹਲਾ ਵਕਤ ਧਰਮ ਦੇ ਕੰਮਾਂ ਦੇ ਲੇਖੇ ਲਾਉਣ ਬਾਰੇ ਸੋਚਿਆ। ਧਾਰਮਿਕ ਕੰਮਾਂ 'ਚ ਉਹ ਸ਼ੁਰੂ ਤੋਂ ਹੀ ਵਧ ਚੜ੍ਹ ਕੇ ਹਿੱਸਾ ਲੈਂਦੀ ਸੀ। ਇਸਲਾਮ 'ਤੇ ਚਰਚਾ ਕਰਨਾ ਉਸ ਨੂੰ ਬਹੁਤ ਚੰਗਾ ਲੱਗਦਾ ਸੀ। ਇੱਥੇ ਉਸ ਨੇ ਗੁਆਂਢ ਦੀਆਂ ਔਰਤਾਂ ਨੂੰ ਦਿਨ ਵੇਲੇ ਇਕੱਠੀਆਂ ਕਰ ਲੈਣਾ ਤੇ ਉਨ੍ਹਾਂ ਨਾਲ ਧਾਰਮਿਕ ਮਸਲਿਆਂ 'ਤੇ ਗੱਲਾਂ ਕਰਨੀਆਂ। ਚੰਗੀ ਬੁਲਾਰੀ ਹੋਣਾ ਉਸ ਦਾ ਵੱਡਾ ਗੁਣ ਸੀ। ਛੇਤੀ ਹੀ ਉਸ ਦੇ ਘਰ ਆਉਣ ਵਾਲੀਆਂ ਔਰਤਾਂ ਦੀ ਗਿਣਤੀ ਵਧਣ ਲੱਗੀ। ਫਿਰ ਤਾਂ ਇਹ ਗਿਣਤੀ ਇੰਨੀ ਹੋ ਗਈ ਕਿ ਉਸ ਨੂੰ ਕਿਧਰੇ ਬਾਹਰ ਜਗ੍ਹਾ ਦਾ ਪ੍ਰਬੰਧ ਕਰਨਾ ਪਿਆ। ਉਸ ਨੇ ਆਪਣੀ ਜਥੇਬੰਦੀ ਦਾ ਨਾਂ ਵੀ ਰੱਖ ਲਿਆ। ਯੂ.ਆਈ.ਓ., ਮਤਲਬ ਯੁਨਾਈਟਡ ਇਸਲਾਮਿਕ ਔਰਗੇਨਾਈਜੇਸ਼ਨ। ਉਸ ਦਾ ਪ੍ਰਭਾਵ ਇੱਥੇ ਦੇ ਮੁਸਲਿਮ ਸਮਾਜ 'ਚ ਵਧਣ ਲੱਗਿਆ। ਸਾਰੀ ਏਸ਼ੀਅਨ ਕਮਿਉਨਿਟੀ 'ਚ ਸਦੀਕੀ ਪਰਿਵਾਰ ਮਸ਼ਹੂਰ ਹੋ ਗਿਆ। ਇਸਮਤ ਦਾ ਨਾਂ ਦਿਨੋ ਦਿਨ ਹਰ ਇੱਕ ਦੀ ਜ਼ੁਬਾਨ 'ਤੇ ਆਉਣ ਲੱਗਿਆ। ਆਪਣੇ ਲੋਕਾਂ ਨੂੰ ਧਾਰਮਿਕ ਸਿਖਿਆ ਦੇਣ ਤੋਂ ਸਿਵਾਏ, ਇਸਮਤ ਇਹ ਵੀ ਕੋਸ਼ਿਸ਼ ਕਰਦੀ ਕਿ ਨੇੜਲੇ ਕ੍ਰਿਸ਼ਚੀਅਨ ਭਾਈਚਾਰੇ 'ਚੋਂ ਲੋਕਾਂ ਨੂੰ

***ਆਫੀਆ ਆਪਣੇ ਬਚਪਨ ਦਾ ਆਨੰਦ ਮਾਣ ਰਹੀ ਸੀ ਅਤੇ ਉਸ ਦੀ ਮਾਂ ਇਸਮਤ ਸਦੀਕੀ ਆਪਣੀ ਧਾਰਮਿਕ ਜਥੇਬੰਦੀ ਯੂ.ਆਈ.ਓ. ਲਈ ਵੱਧ ਤੋਂ ਵੱਧ ਕੰਮ ਕਰ ਰਹੀ ਸੀ। ਉਹ ਦਿਨੋ ਦਿਨ ਮਸ਼ਹੂਰ ਹੋ ਰਹੀ ਸੀ। ਇੱਥੋਂ ਤੱਕ ਕਿ ਜ਼ਿਆ-ਉਲ-ਹੱਕ ਦੀ ਆਪਣੀ ਬੇਗਮ ਸ਼ਫੀਕਾ ਵੀ ਉਸ ਦੇ ਪ੍ਰਭਾਵ ਹੇਠ ਸੀ ਤੇ ਉਸ ਦੀਆਂ ਧਾਰਮਿਕ ਕਲਾਸਾਂ ਲੈ ਰਹੀ ਸੀ। ਉਸ ਵੇਲੇ ਤੱਕ ਇਸਮਤ ਉਚੀ ਸੁਸਾਇਟੀ ਵਿਚ ਇੱਕ ਬਹੁਤ ਹੀ ਇੱਜ਼ਤਦਾਰ ਮੁਕਾਮ ਹਾਸਲ ਕਰ ਚੁੱਕੀ ਸੀ। ਜ਼ਿਆ-ਉਲ-ਹੱਕ ਖੁਦ ਉਸ ਤੋਂ ਪ੍ਰਭਾਵਤ ਸੀ। ਜ਼ਿਆ, ਇਸਮਤ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਉਸ ਨੇ ਉਸ ਨੂੰ ਉਸ ਬੋਰਡ ਦੀ ਮੈਂਬਰ ਬਣਾ ਦਿੱਤਾ ਜੋ ਕੁਰਾਨ ਮੁਤਾਬਕ ਜ਼ਕਾਤ, ਮਤਲਬ ਚੈਰਿਟੀ ਇਕੱਠੀ ਕਰਨ ਅਤੇ ਇਸ ਨੂੰ ਖਰਚਣ ਦਾ ਇੰਤਜ਼ਾਮ ਕਰਦਾ ਸੀ। ਇਸ ਬੋਰਡ ਵਿਚ ਆਉਣ ਪਿਛੋਂ ਇਸਮਤ ਦਾ ਹੋਰ ਬਹੁਤ ਵੱਡੀਆਂ ਵੱਡੀਆਂ ਜਥੇਬੰਦੀਆਂ ਨਾਲ ਸੰਪਰਕ ਹੋਇਆ ਜੋ ਕਿਸੇ ਨਾ ਕਿਸੇ ਢੰਗ ਨਾਲ ਅਫਗਾਨਿਸਤਾਨ ਵਿਚ ਚੱਲ ਰਹੇ ਜਹਾਦ ਨਾਲ ਜੁੜੀਆਂ ਹੋਈਆਂ ਸਨ। ਅਫਗਾਨਿਸਤਾਨ ਲਈ ਜਾਣ ਵਾਲਾ ਪਹਿਲਾ ਲੜਾਕਾ ਜਹਾਦੀ ਗਰੁਪ ਸਦੀਕੀ ਪਰਿਵਾਰ ਦੇ ਘਰ ਤੋਂ ਥੋੜ੍ਹੀ ਹੀ ਦੂਰ ਸਥਿਤ ਬਿਨੂਰੀ ਕਸਬੇ ਦੀ ਮਸਜਿਦ 'ਚੋਂ ਵਿਦਾ ਹੋਇਆ ਤਾਂ ਲੋਕਾਂ ਨੇ ਇਸ ਨੂੰ ਬੜੇ ਮਾਣ ਨਾਲ ਤੋਰਿਆ। ਇਸ ਦੇ ਨਾਲ ਹੀ ਲੋਕਾਂ ਦੀਆਂ ਨਜ਼ਰਾਂ 'ਚ ਸਦੀਕੀ ਪਰਿਵਾਰ ਖਾਸ ਕਰ ਕੇ ਇਸਮਤ ਲਈ ਇੱਜ਼ਤ ਹੋਰ ਵਧ ਗਈ। ਉਸ ਦਿਨ ਆਫੀਆ ਵੀ ਕੰਧ ਨਾਲ ਲੱਗੀ ਖੜ੍ਹੀ, ਤੁਰੇ ਜਾਂਦੇ ਜਹਾਦੀਆਂ ਨੂੰ ਵੇਖਦੀ ਰਹੀ। ਇਸ ਤਰ੍ਹਾਂ ਛੋਟੀ ਉਮਰ 'ਚ ਹੀ ਆਫੀਆ ਜਹਾਦ ਬਾਰੇ ਸੁਣਨ ਲੱਗ ਪਈ ਸੀ।***

ਆਪਣੇ ਧਰਮ 'ਚ ਲਿਆਂਦਾ ਜਾਵੇ। ਇਸ ਕੰਮ 'ਚ ਉਹ ਕਾਮਯਾਬ ਵੀ ਹੋ ਰਹੀ ਸੀ। ਆਫੀਆ ਭਾਵੇਂ ਉਦੋਂ ਬਹੁਤ ਛੋਟੀ ਸੀ, ਪਰ ਉਸ ਦੀ ਮਾਂ ਉਸ ਨੂੰ ਹਰ ਰੋਜ਼ ਅਜਿਹੇ ਇਕੱਠਾਂ ਵਿਚ ਨਾਲ ਲੈ ਕੇ ਜਾਂਦੀ। ਆਫੀਆ ਬੜੇ ਧਿਆਨ ਨਾਲ ਮਾਂ ਦੀਆਂ ਗੱਲਾਂ ਸੁਣਦੀ। ਆਫੀਆ ਭਾਵੇਂ ਪੂਰੀ ਤਰ੍ਹਾਂ ਇਨ੍ਹਾਂ ਗੱਲਾਂ ਨੂੰ ਨਹੀਂ ਸਮਝ ਸਕਦੀ ਸੀ, ਪਰ ਇਹ ਗੱਲਾਂ ਉਸ ਦੇ ਅਚੇਤ ਮਨ 'ਚ ਉਤਰ ਰਹੀਆਂ ਸਨ। ਇਸਮਤ ਕਿਤੇ ਵੀ ਜਾਂਦੀ, ਨੰਨ੍ਹੀ ਆਫੀਆ ਉਸ ਦੇ ਨਾਲ ਹੁੰਦੀ।

ਆਖਰ ਸੁਲੇਹ ਦੀ ਨੌਕਰੀ ਦਾ ਵਕਤ ਪੂਰਾ ਹੋ ਗਿਆ। ਸਾਰਾ ਪਰਿਵਾਰ ਪਾਕਿਸਤਾਨ ਵਾਪਸ ਚੱਲ ਪਿਆ। ਆਫੀਆ ਉਸ ਵੇਲੇ ਸੱਤ ਸਾਲ ਦੀ ਸੀ। ਇਹ 1980 ਦਾ ਉਹ ਸਮਾਂ ਸੀ ਜਦੋਂ ਪਾਕਿਸਤਾਨ ਦੇ ਆਂਢ-ਗੁਆਂਢ 'ਚ ਉਥਲ ਪੁਥਲ ਹੋ ਰਹੀ ਸੀ। ਇਰਾਨ 'ਚ ਖੋਮੀਨੀ ਦੀ ਰੈਵੋਲਿਸ਼ਨਰੀ ਇਸਲਾਮਿਸਟ ਸਰਕਾਰ ਨੇ ਤਾਕਤ ਸੰਭਾਲ ਲਈ ਸੀ। ਹਰ ਪਾਸੇ ਉਸ ਦੀ ਚੜ੍ਹਤ ਸੀ। ਪਾਕਿਸਤਾਨ 'ਚ ਉਹ ਸਭ ਕੁਝ ਬਦਲ ਗਿਆ ਸੀ ਜੋ ਉਨ੍ਹਾਂ ਦੇ ਅਫਰੀਕਾ ਜਾਣ ਵੇਲੇ ਸੀ। ਉਥੇ ਫੌਜੀ ਜਨਰਲ ਜ਼ਿਆ ਉਲ ਹੱਕ ਦੀ ਕਮਾਂਡ ਹੇਠ ਡਿਕਟੇਟਰਸ਼ਿਪ ਕਾਇਮ ਹੋ ਚੁੱਕੀ ਸੀ। ਉਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਜ਼ੁਲਿਫਕਾਰ ਅਲੀ ਭੁੱਟੋ ਜੋ ਬਹੁਤ ਅਮੀਰ ਬੰਦਾ ਸੀ, ਮੁਲਕ ਨੂੰ ਧਾਰਮਿਕ ਗਲਬੇ ਤੋਂ ਉਪਰ ਚੁੱਕ ਕੇ ਮਜ਼ਬੂਤ ਜਮਹੂਰੀਅਤ ਮੁਲਕ ਬਣਾਉਣਾ ਚਾਹੁੰਦਾ ਸੀ। ਇਸ ਨਾਲ ਧਾਰਮਿਕ ਵਿਅਕਤੀ, ਮਤਲਬ ਮੁਲਾਣੇ ਵਗੈਰਾ ਉਸ ਤੋਂ ਬਹੁਤ ਨਾਰਾਜ਼ ਸਨ।

ਜ਼ਿਆ-ਉਲ-ਹੱਕ ਨੇ ਮੌਕੇ ਦੀ ਨਬਜ਼ ਪਛਾਣਦਿਆਂ ਰਾਜ ਪਲਟਾ ਕਰ ਦਿੱਤਾ। ਉਸ ਦੇ ਆਉਂਦਿਆਂ ਹੀ ਮੁਲਾਣਿਆਂ ਦੀ ਚੰਗੀ ਸੁਣਵਾਈ ਹੋਣ ਲੱਗੀ। ਜ਼ਿਆ-ਉਲ-ਹੱਕ ਨੇ ਮੁਲਕ ਨੂੰ ਧਾਰਮਿਕ ਰੰਗ ਵਿਚ ਰੰਗਣਾ ਸ਼ੁਰੂ ਕਰ ਦਿੱਤਾ ਸੀ। ਉਹ ਜਾਣਦਾ ਸੀ ਕਿ ਜੇਕਰ ਪੱਕੇ ਪੈਰੀਂ ਰਾਜ ਸਥਾਪਤ ਕਰਨਾ ਹੈ ਤਾਂ ਲੋਕਾਂ ਨੂੰ ਧਾਰਮਿਕ ਹਥਿਆਰ ਨਾਲ ਕਾਬੂ ਕਰਨਾ ਪਵੇਗਾ। ਇਸ ਲਈ ਉਸ ਨੇ ਲੋੜੀਂਦੇ ਕਾਰਜ ਆਰੰਭ ਦਿੱਤੇ। ਉਸ ਨੇ ਧਾਰਮਿਕ ਅਸੂਲ ਲਾਗੂ ਕਰਨ ਲਈ ਕੌਂਸਲ ਆਫ ਇਸਲਾਮਿਕ ਆਈਡੀਆਲੋਜੀ ਕਾਇਮ ਕੀਤੀ। ਅਜਿਹੀਆਂ ਧਾਰਮਿਕ ਜਥੇਬੰਦੀਆਂ ਦੀ ਮੱਦਦ ਨਾਲ ਜ਼ਿਆ-ਉਲ-ਹੱਕ ਨੇ ਪਾਕਿਸਤਾਨ ਨੂੰ ਧਾਰਮਿਕ ਸਟੇਟ ਬਣਾਉਣ ਲਈ ਪੂਰੇ ਜਤਨ ਸ਼ੁਰੂ ਕਰ ਦਿੱਤੇ। ਉਸ ਦਾ ਪਹਿਲਾ ਕਦਮ ਸੀ ਔਰਤਾਂ ਨੂੰ ਪਰਦੇ ਅਤੇ ਚਾਰਦਿਵਾਰੀ ਵਿਚ ਬੰਦ ਕਰਨਾ। ਕਿੰਨੇ ਹੀ ਨਵੇਂ ਧਾਰਮਿਕ ਰੰਗ ਵਾਲੇ ਕਾਨੂੰਨ ਬਣਾ ਕੇ ਜ਼ਿਆ-ਉਲ-ਹੱਕ ਨੇ ਮੁਲਕ ਦੇ ਧਾਰਮਿਕ ਲੀਡਰਾਂ ਦਾ ਵਿਸ਼ਵਾਸ ਜਿੱਤ ਲਿਆ। ਹਰ ਪਾਸੇ ਧਾਰਮਿਕ ਰੰਗ ਉਭਰ ਰਿਹਾ ਸੀ ਜੋ ਪੱਛਮ ਦੇ ਵੀ ਖਿਲਾਫ ਸੀ। ਪੱਛਮ ਦੇ ਖਿਲਾਫ ਜ਼ੋਰ-ਸ਼ੋਰ ਨਾਲ ਪ੍ਰਚਾਰ ਹੋ ਰਿਹਾ ਸੀ। ਇਨ੍ਹੀਂ ਹੀ ਦਿਨੀਂ ਇਰਾਨ 'ਚ ਅਮਰੀਕਨ ਅੰਬੈਂਸੀ ਦੇ ਸਟਾਫ ਨੂੰ ਕੈਦ ਕਰ ਲਿਆ ਗਿਆ। ਸਾਊਦੀ ਅਰਬ 'ਚ ਇੰਤਹਾਪਸੰਦ ਇਸਲਾਮਵਾਦੀਆਂ ਨੇ ਮੱਕੇ ਦੀ ਪਵਿੱਤਰ ਵੱਡੀ ਮਸਜਿਦ 'ਚ ਕਾਬਾ 'ਤੇ ਕਬਜ਼ਾ ਕਰ ਲਿਆ। ਪਾਕਿਸਤਾਨ ਵਿਚ ਇੰਤਹਾਪਸੰਦਾਂ ਨੇ ਅਮਰੀਕਾ ਦੀ ਇਸਲਾਮਾਬਾਦ ਵਿਚਲੀ ਅੰਬੈਸੀ ਅੱਗ ਲਾ ਕੇ ਸਾੜ ਦਿੱਤੀ। ਪੱਛਮ ਖਿਲਾਫ ਹਰ ਥਾਂ ਗੁੱਸਾ ਭੜਕ ਰਿਹਾ ਸੀ। ਉਦੋਂ ਹੀ ਦਸੰਬਰ 1979 ਵਿਚ ਸੋਵੀਅਤ ਯੂਨੀਅਨ ਦੀਆਂ ਫੌਜਾਂ ਅਫਗਾਨਿਸਤਾਨ 'ਚ ਦਾਖਲ ਹੋਈਆਂ। ਇਸ ਘਟਨਾ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ।

ਅਮਰੀਕਾ ਜੋ ਹੁਣ ਤੱਕ ਜ਼ਿਆ-ਉਲ-ਹੱਕ ਦੀਆਂ ਕਾਰਵਾਈਆਂ ਕਾਰਨ ਬਹੁਤ ਗੁੱਸੇ ਵਿਚ ਸੀ, ਉਸ ਨੂੰ ਹੁਣ ਉਸ ਦੀ ਲੋੜ ਮਹਿਸੂਸ ਹੋਈ। ਸੋਵੀਅਤ ਯੂਨੀਅਨ ਨੂੰ ਟੱਕਰ ਦੇਣ ਲਈ ਉਹ ਜਿਸ ਨੇਤਲੀ ਸ਼ਕਤੀ ਨੂੰ ਲੱਭ ਰਹੇ ਸਨ, ਜ਼ਿਆ-ਉਲ-ਹੱਕ ਉਸ ਦੇ ਬਿਲਕੁਲ ਫਿੱਟ ਆਉਂਦਾ ਸੀ। ਸਾਊਦੀ ਅਰਬ ਅਤੇ ਅਮਰੀਕਾ ਨੇ ਮਿਲ ਕੇ ਅਫਗਾਨਿਸਤਾਨ 'ਚ ਸੋਵੀਅਤ ਯੂਨੀਅਨ ਖਿਲਾਫ ਲੜਨ ਦੀ ਸਕੀਮ ਬਣਾਈ ਜਿਸ 'ਚ ਉਨ੍ਹਾਂ ਜ਼ਿਆ-ਉਲ-ਹੱਕ ਨੂੰ ਮੂਹਰੇ ਲਾ ਲਿਆ। ਜ਼ਿਆ ਨੇ ਪਾਕਿਸਤਾਨ ਦੀ ਖੁਫੀਆ ਏਜੈਂਸੀ ਆਈ.ਐਸ.ਆਈ. ਨੂੰ ਇਸ ਦੀ ਕਮਾਂਡ ਸੰਭਾਲ ਦਿੱਤੀ। ਉਨ੍ਹਾਂ ਹੀ ਦਿਨ੍ਹਾਂ 'ਚ ਅਫਰੀਕਾ ਤੋਂ ਵਾਪਸ ਆ ਕੇ ਡਾ. ਮੁਹੰਮਦ ਸੁਲੇਹ ਸਦੀਕੀ ਨੇ ਕਰਾਚੀ ਦੀ ਹਾਈ ਸੁਸਾਇਟੀ 'ਗੁਲਸ਼ਨੇ ਇਕਬਾਲ' ਵਿਚ ਬੰਗਲਾ ਖਰੀਦ ਲਿਆ ਜਿੱਥੇ ਵੱਡੇ ਵੱਡੇ ਅਫਸਰ ਅਤੇ ਅਸਰ ਰਸੂਖ ਵਾਲੇ ਹੋਰ ਲੋਕ ਰਹਿੰਦੇ ਸਨ। ਜ਼ਿਆ-ਉਲ-ਹੱਕ ਦੇ 'ਚੀਫ ਆਫ ਸਟਾਫ' ਮਿਰਜ਼ਾ ਅਸਲਮ ਬੇਗ ਦਾ ਪਰਿਵਾਰ ਸਦੀਕੀ ਦਾ ਗੁਆਂਢੀ ਸੀ। ਇਸ ਤਰ੍ਹਾਂ ਇਹ ਪਰਿਵਾਰ ਪਾਕਿਸਤਾਨ 'ਤੇ ਰਾਜ ਕਰਨ ਵਾਲੇ ਗਰੁਪ ਦੇ ਬਿਲਕੁਲ ਨੇੜੇ ਆ ਗਿਆ।

ਇਸ ਵੇਲੇ ਆਫੀਆ ਆਪਣੇ ਬਚਪਨ ਦਾ ਆਨੰਦ ਮਾਣ ਰਹੀ ਸੀ ਅਤੇ ਉਸ ਦੀ ਮਾਂ ਇਸਮਤ ਸਦੀਕੀ ਆਪਣੀ ਧਾਰਮਿਕ ਜਥੇਬੰਦੀ ਯੂ.ਆਈ.ਓ. ਲਈ ਵੱਧ ਤੋਂ ਵੱਧ ਕੰਮ ਕਰ ਰਹੀ ਸੀ। ਉਹ ਦਿਨੋ ਦਿਨ ਮਸ਼ਹੂਰ ਹੋ ਰਹੀ ਸੀ। ਇੱਥੋਂ ਤੱਕ ਕਿ ਜ਼ਿਆ-ਉਲ-ਹੱਕ ਦੀ ਆਪਣੀ ਬੇਗਮ ਸ਼ਫੀਕਾ ਵੀ ਉਸ ਦੇ ਪ੍ਰਭਾਵ ਹੇਠ ਸੀ ਤੇ ਉਸ ਦੀਆਂ ਧਾਰਮਿਕ ਕਲਾਸਾਂ ਲੈ ਰਹੀ ਸੀ। ਉਸ ਵੇਲੇ ਤੱਕ ਇਸਮਤ ਉਚੀ ਸੁਸਾਇਟੀ ਵਿਚ ਇੱਕ ਬਹੁਤ ਹੀ ਇੱਜ਼ਤਦਾਰ ਮੁਕਾਮ ਹਾਸਲ ਕਰ ਚੁੱਕੀ ਸੀ। ਜ਼ਿਆ-ਉਲ-ਹੱਕ ਖੁਦ ਉਸ ਤੋਂ ਪ੍ਰਭਾਵਤ ਸੀ। ਜ਼ਿਆ, ਇਸਮਤ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਉਸ ਨੇ ਉਸ ਨੂੰ ਉਸ ਬੋਰਡ ਦੀ ਮੈਂਬਰ ਬਣਾ ਦਿੱਤਾ ਜੋ ਕੁਰਾਨ ਮੁਤਾਬਕ ਜ਼ਕਾਤ, ਮਤਲਬ ਚੈਰਿਟੀ ਇਕੱਠੀ ਕਰਨ ਅਤੇ ਇਸ ਨੂੰ ਖਰਚਣ ਦਾ ਇੰਤਜ਼ਾਮ ਕਰਦਾ ਸੀ। ਇਸ ਬੋਰਡ ਵਿਚ ਆਉਣ ਨਾਲ ਇਸਮਤ ਦਾ ਹੋਰ ਬਹੁਤ ਵੱਡੀਆਂ ਵੱਡੀਆਂ ਜਥੇਬੰਦੀਆਂ ਨਾਲ ਸੰਪਰਕ ਹੋਇਆ ਜੋ ਕਿਸੇ ਨਾ ਕਿਸੇ ਢੰਗ ਨਾਲ ਅਫਗਾਨਿਸਤਾਨ ਵਿਚ ਚੱਲ ਰਹੇ ਜਹਾਦ ਨਾਲ ਜੁੜੀਆਂ ਹੋਈਆਂ ਸਨ। ਅਫਗਾਨਿਸਤਾਨ ਲਈ ਜਾਣ ਵਾਲਾ ਪਹਿਲਾ ਲੜਾਕਾ ਜਹਾਦੀ ਗਰੁਪ ਸਦੀਕੀ ਪਰਿਵਾਰ ਦੇ ਘਰ ਤੋਂ ਥੋੜ੍ਹੀ ਹੀ ਦੂਰ ਸਥਿਤ ਬਿਨੂਰੀ ਕਸਬੇ ਦੀ ਮਸਜਿਦ 'ਚੋਂ ਵਿਦਾ ਹੋਇਆ ਤਾਂ ਲੋਕਾਂ ਨੇ ਇਸ ਨੂੰ ਬੜੇ ਮਾਣ ਨਾਲ ਤੋਰਿਆ।

ਇਸ ਦੇ ਨਾਲ ਹੀ ਲੋਕਾਂ ਦੀਆਂ ਨਜ਼ਰਾਂ 'ਚ ਸਦੀਕੀ ਪਰਿਵਾਰ ਖਾਸ ਕਰ ਕੇ ਇਸਮਤ ਲਈ ਇਜ਼ਤ ਹੋਰ ਵਧ ਗਈ। ਉਸ ਦਿਨ ਆਫੀਆ ਵੀ ਕੰਧ ਨਾਲ ਲੱਗੀ ਖੜ੍ਹੀ, ਤੁਰੇ ਜਾਂਦੇ ਜਹਾਦੀਆਂ ਨੂੰ ਵੇਖਦੀ ਰਹੀ। ਇਸ ਤਰ੍ਹਾਂ ਛੋਟੀ ਉਮਰ 'ਚ ਹੀ ਆਫੀਆ ਜਹਾਦ ਬਾਰੇ ਸੁਣਨ ਲੱਗ ਪਈ ਸੀ। ਇਹੀ ਨਹੀਂ, ਸਗੋਂ ਉਸ ਦਾ ਜਹਾਦ ਨਾਲ ਲਗਾਉ ਹੋਣ ਲੱਗਿਆ। ਆਫੀਆ ਉਦੋਂ ਗੁਲਸ਼ਨੇ ਇਕਬਾਲ 'ਚ ਲੋਕਲ ਇੰਗਲਿਸ਼ ਦੀ ਵਿਦਿਆਰਥਣ ਸੀ। ਉਹ ਸਕੂਲ ਵਿਚ ਇੰਗਲਿਸ਼, ਮੈਥ, ਸਾਇੰਸ, ਕੁਰਾਨ ਅਤੇ ਸੁੰਨਾ ਪੜ੍ਹ ਰਹੀ ਸੀ। ਆਫੀਆ ਉਦੋਂ ਬਹੁਤ ਮਾਸੂਮ ਸੀ ਅਤੇ ਉਸ ਦੀਆਂ ਰੁਚੀਆਂ ਵੀ ਮਾਸੂਮਾਂ ਵਾਲੀਆਂ ਸਨ। ਉਹ ਘਰ ਵਿਚ ਪੰਛੀਆਂ ਨੂੰ ਹਰ ਰੋਜ਼ ਚੋਗਾ ਪਾਉਂਦੀ। ਇਸ ਤੋਂ ਬਿਨਾਂ ਉਸ ਨੇ ਘਰ 'ਚ ਕੁੱਤਾ, ਬਿੱਲੀ, ਬੱਤਖ, ਮੱਛੀਆਂ ਅਤੇ ਤੋਤੇ ਵਗੈਰਾ ਪਾਲਤੂ ਜਾਨਵਰ ਰੱਖੇ ਹੋਏ ਸਨ। ਵਿਹਲਾ ਵਕਤ ਉਹ ਇਨ੍ਹਾਂ ਜਾਨਵਰਾਂ ਨਾਲ ਖੇਡਦਿਆਂ ਬਿਤਾਉਂਦੀ।

ਆਪਣੀ ਮਾਂ ਦੇ ਅਸਰ ਹੇਠ ਉਹ ਵੀ ਬਹੁਤ ਧਾਰਮਿਕ ਹੋ ਰਹੀ ਸੀ। ਮਾਂ ਨੂੰ ਵੇਖ ਕੇ ਉਹਨੇ ਵੀ ਸਕੂਲ ਵਿਚ ਛੋਟੇ ਬੱਚਿਆਂ ਸਾਹਮਣੇ ਲੈਕਚਰ ਦੇਣੇ ਸ਼ੁਰੂ ਕਰ ਦਿੱਤੇ ਸਨ। ਸਦੀਕੀ ਪਰਿਵਾਰ 'ਚ ਹਰ ਵੇਲੇ ਅਫਗਾਨਿਸਤਾਨ ਵਿਚ ਚੱਲ ਰਹੇ ਜਹਾਦ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ ਸਨ। ਸੁਲੇਹ ਸਦੀਕੀ ਦੀ ਭਾਵੇਂ ਇਨ੍ਹਾਂ ਗੱਲਾਂ 'ਚ ਜ਼ਿਆਦਾ ਦਿਲਚਸਪੀ ਨਹੀਂ ਸੀ ਹੁੰਦੀ, ਪਰ ਉਸ ਦੀ ਪਤਨੀ ਦਿਲੋ ਜਾਨ ਨਾਲ ਜਹਾਦੀਆਂ ਦੀ ਮੱਦਦ ਕਰਦੀ। ਉਸ ਲਈ ਉਸ ਵੇਲੇ ਇਸ ਤੋਂ ਵੱਡਾ ਹੋਰ ਕੋਈ ਕੰਮ ਨਹੀਂ ਸੀ ਕਿ ਇਸਲਾਮ ਦੀ ਧਰਤੀ ਤੋਂ ਕਮਿਊਨਿਸਟਾਂ ਦਾ ਸਫਾਇਆ ਕਰਿਆ ਜਾਵੇ ਤੇ ਉਥੇ ਸੱਚਾ ਇਸਲਾਮੀ ਰਾਜ ਕਾਇਮ ਹੋਵੇ।

ਆਫੀਆ, ਮਾਂ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਬਹੁਤ ਹੀ ਧਿਆਨ ਨਾਲ ਵੇਖਦੀ। ਉਸ ਦਾ ਮਨ ਕਰਦਾ ਕਿ ਉਹ ਇਨ੍ਹਾਂ ਜਹਾਦੀਆਂ ਦੀ ਦਿਲੋ ਜਾਨ ਨਾਲ ਸੇਵਾ ਕਰੇ ਜੋ ਆਪਣੇ ਧਰਮ ਲਈ ਸ਼ਹੀਦ ਹੋ ਰਹੇ ਹਨ। ਉਹ ਜਹਾਦੀਆਂ ਦੇ ਬਹਾਦਰੀ ਭਰੇ ਕਾਰਨਾਮੇ ਸੁਣਦੀ ਤਾਂ ਉਸ ਨੂੰ ਲੱਗਦਾ ਕਿ ਇਹ ਹੀ ਧਰਮ ਦੇ ਅਸਲੀ ਹੀਰੋ ਹਨ। ਥੋੜ੍ਹੇ ਜਿਹੇ ਲੜਾਕਿਆਂ ਦੀ ਮਦਦ ਨਾਲ ਸ਼ੁਰੂ ਕੀਤਾ ਗਿਆ ਜਹਾਦ ਆਖਰ ਉਨ੍ਹਾਂ ਦੇ ਹੱਕ ਵਿਚ ਹੋਣ ਲੱਗਿਆ।

ਮੁਤਾਬਕ ਹੌਲੀ ਹੌਲੀ ਪਾਕਿਸਤਾਨ ਸਾਰੇ ਮੱਧ ਏਸ਼ੀਆ ਵਿਚ ਆਪਣਾ ਦਬਦਬਾ ਕਾਇਮ ਕਰ ਲਵੇਗਾ। ਉਸ ਨੇ ਅਫਗਾਨਿਸਤਾਨ 'ਚੋਂ ਵਿਹਲਾ ਹੋ ਕੇ ਹੋਰ ਪਾਸਿਆਂ ਵੱਲ ਵੇਖਣਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਉਸ ਨੇ ਆਪਣਾ ਮੁੱਖ ਏਜੰਡਾ ਚਾਲੂ ਕਰਨ ਦੀ ਸੋਚੀ। ਉਹ ਸੀ ਇੰਡੀਆ ਵਾਲੇ ਪਾਸੇ ਦੇ ਕਸ਼ਮੀਰ ਦੀ ਆਜ਼ਾਦੀ। ਉਹ ਅਤੇ ਹੋਰ ਇਸ ਕਸ਼ਮੀਰ ਨੂੰ ਇੰਡੀਆ ਦੇ ਕਬਜ਼ੇ ਹੇਠਲਾ ਕਸ਼ਮੀਰ ਕਹਿੰਦੇ ਸਨ। ਪਾਕਿਸਤਾਨ ਵੱਲ ਦੇ ਕਸ਼ਮੀਰ ਨੂੰ ਆਜ਼ਾਦ ਕਸ਼ਮੀਰ ਕਿਹਾ ਜਾਂਦਾ ਸੀ। ਉਸ ਨੇ ਆਪਣੇ ਲੋਕਾਂ ਨੂੰ ਕਸ਼ਮੀਰ ਆਜ਼ਾਦ ਕਰਵਾਉਣ ਦਾ ਨਾਅਰਾ ਦਿੱਤਾ। ਇਸ ਦੇ ਲਈ ਉਸ ਨੇ ਉਹੀ ਢੰਗ ਤਰੀਕਾ ਚੁਣਿਆ ਜੋ ਕਦੇ ਅਮਰੀਕਾ ਨੇ ਅਫਗਾਨਿਸਤਾਨ ਵਿਚ ਚੁਣਿਆ ਸੀ; ਮਤਲਬ ਪਾਕਿਸਤਾਨ ਪਰਦੇ ਪਿੱਛੇ ਰਹਿੰਦਾ ਸਾਰੀ ਲੜਾਈ ਲੜੇਗਾ ਅਤੇ ਕਸ਼ਮੀਰ 'ਚ ਤਿਆਰ ਕੀਤੇ ਜਹਾਦੀ ਅਸਲੀ ਲੜਾਈ ਲੜਨਗੇ। ਇਸੇ ਸੇਧ ਵਿਚ ਉਸ ਨੇ ਐਕਸ਼ਨ ਸ਼ੁਰੂ ਕੀਤਾ ਤਾਂ ਸ਼ਾਂਤ ਪਏ ਜੰਮੂ ਅਤੇ ਕਸ਼ਮੀਰ 'ਚ ਭੁਚਾਲ ਆ ਗਿਆ। ਥਾਂ ਥਾਂ ਜਹਾਦੀ ਪੈਦਾ ਹੋ ਗਏ। ਇਸ ਖੇਡ 'ਚ ਜ਼ਿਆ-ਉਲ-ਹੱਕ ਦੋ ਮਾਅਰਕੇ ਮਾਰਨੇ ਚਾਹੁੰਦਾ ਸੀ। ਇੱਕ ਤਾਂ ਸੀ ਇੰਡੀਆ ਤੋਂ ਕਸ਼ਮੀਰ ਖੋਹਣਾ ਅਤੇ ਦੂਜਾ ਸੀ ਬੰਗਲਾ ਦੇਸ਼ ਵਾਲਾ ਹਿਸਾਬ ਬਰਾਬਰ ਕਰਨਾ। ਉਹ ਸਵੈ-ਵਿਸ਼ਵਾਸ ਨਾਲ ਇੰਨਾ ਭਰ ਗਿਆ ਕਿ ਉਸ ਨੇ ਸੋਚਿਆ ਕਿ ਕਸ਼ਮੀਰ ਦੇ ਆਜ਼ਾਦ ਹੋਣ ਪਿੱਛੋਂ ਉਹ ਇਹ ਅਸਿੱਧੀ ਜੰਗ ਇੰਡੀਆ ਦੇ ਹੋਰ ਹਿੱਸਿਆਂ ਵਿਚ ਫੈਲਾ ਦੇਵੇਗਾ ਅਤੇ ਮੁਲਕ ਦੇ ਟੁਕੜੇ ਟੁਕੜੇ ਕਰ ਦੇਵੇਗਾ। ਕਸ਼ਮੀਰ ਦੇ ਨਾਲ ਹੀ ਉਸ ਨੇ ਪੰਜਾਬ ਉਤੇ ਵੀ ਅੱਖ ਰੱਖ ਲਈ। ਆਪਣਾ ਵੱਖਰਾ ਮੁਲਕ ਲੈਣ ਲਈ ਉਹ ਸਿੱਖਾਂ ਨੂੰ ਭੜਕਾਉਣ ਲੱਗਿਆ। ਉਸ ਦਾ ਕਹਿਣਾ ਸੀ ਕਿ ਅਸਲੀ ਲੜਾਈ ਤੁਸੀਂ ਲੜੋਗੇ



***ਜਹਾਦੀ ਜਨਰਲ: ਮੁਹੰਮਦ ਜ਼ਿਆ-ਉਲ-ਹੱਕ***

ਵੱਡਾ ਕਾਰਨ ਅਮਰੀਕਾ ਸੀ ਜੋ ਪਰਦੇ ਪਿੱਛੇ ਰਹਿੰਦਾ ਜ਼ਿਆ-ਉਲ-ਹੱਕ ਨੂੰ ਮੂਹਰੇ ਲਾ ਕੇ ਸਾਰੀ ਲੜਾਈ ਆਪ ਲੜ ਰਿਹਾ ਸੀ। ਆਖਰ ਜਹਾਦੀਆਂ ਦਾ ਪਲੜਾ ਭਾਰੀ ਪੈਣ ਲੱਗਿਆ। ਹੌਲੀ ਹੌਲੀ ਉਨ੍ਹਾਂ ਸੋਵੀਅਤ ਯੂਨੀਅਨ ਨੂੰ ਅਫਗਾਨਿਸਤਾਨ 'ਚੋਂ ਖਦੇੜ ਦਿੱਤਾ। ਫਿਰ ਸਮਝੌਤਾ ਹੋਇਆ ਜਿਸ ਮੁਤਾਬਕ ਸੋਵੀਅਤ ਯੂਨੀਅਨ ਉਥੋਂ ਆਪਣੀਆਂ ਫੌਜਾਂ ਕੱਢਣੀਆਂ ਮੰਨ ਗਿਆ।

ਜਦੋਂ ਸੋਵੀਅਤ ਯੂਨੀਅਨ ਦੀਆਂ ਫੌਜਾਂ ਅਫਗਾਨਿਸਤਾਨ 'ਚੋਂ ਨੀਵੀਂ ਪਾਈ ਨਿਕਲਣੀਆਂ ਸ਼ੁਰੂ ਹੋਈਆਂ ਤਾਂ ਆਫੀਆ ਨੇ ਵੀ ਹੋਰਨਾਂ ਵਾਂਗ ਜਸ਼ਨ ਦੇ ਪ੍ਰੋਗਰਾਮਾਂ 'ਚ ਵਧ ਚੜ੍ਹ ਕੇ ਹਿੱਸਾ ਲਿਆ। ਉਸ ਵੇਲੇ ਹਰ ਪਾਸੇ ਖੁਸ਼ੀ ਦਾ ਆਲਮ ਸੀ; ਖਾਸ ਕਰ ਕੇ ਸਦੀਕੀ ਪਰਿਵਾਰ ਦੇ ਘਰ ਵਿਚ। ਉਨ੍ਹਾਂ ਮੁਤਾਬਕ ਅੱਲਾ ਦੀ ਪਾਰਟੀ ਦੀ ਜਿੱਤ ਹੋ ਚੁੱਕੀ ਸੀ। ਉਨ੍ਹਾਂ ਦੀ ਸੋਚਣੀ ਸੀ ਕਿ ਇਹ ਜਹਾਦ ਹੀ ਸੀ ਜਿਸ ਨੇ ਅਫਗਾਨਿਸਤਾਨ ਨੂੰ ਕਮਿਊਨਿਸਟਾਂ ਤੋਂ ਆਜ਼ਾਦ ਕਰਵਾਇਆ। ਇਸ ਜਿੱਤ ਨੂੰ ਹਰ ਇੱਕ ਨੇ ਆਪਣੇ ਨੁਕਤੇ ਤੋਂ ਵੇਖਿਆ। ਅਮਰੀਕਾ ਨੂੰ ਲੱਗਿਆ ਕਿ ਉਸ ਨੇ ਚਿਰਾਂ ਤੋਂ ਚੱਲ ਰਹੀ ਸੀਤ ਜੰਗ 'ਚ ਰੂਸ ਦੀ ਸਿਰੀ ਫੇਹ ਦਿੱਤੀ ਹੈ। ਅਫਗਾਨਿਸਤਾਨ ਦੇ ਲੋਕਾਂ ਨੂੰ ਲੱਗਿਆ ਕਿ ਉਨ੍ਹਾਂ ਜਹਾਦ ਦੇ ਰਾਹ ਜਾ ਕੇ ਆਪਣਾ ਮੁਲਕ ਆਜ਼ਾਦ ਕਰਵਾ ਲਿਆ ਹੈ; ਪਰ ਜਨਰਲ ਜ਼ਿਆ-ਉਲ-ਹੱਕ ਅਤੇ ਉਸ ਦੀ ਸਰਕਾਰ ਨੇ ਸੋਵੀਅਤ ਯੂਨੀਅਨ ਦੀ ਹਾਰ ਨੂੰ ਕਿਸੇ ਹੋਰ ਰੂਪ 'ਚ ਵੇਖਿਆ। ਜ਼ਿਆ ਨੇ ਇਹ ਭੁਲੇਖਾ ਪਾਲ ਲਿਆ ਕਿ ਇਹ ਸਭ ਕੁਝ ਪਾਕਿਸਤਾਨ ਦੀ ਵਜ੍ਹਾ ਨਾਲ ਹੋਇਆ ਹੈ। ਉਸ ਦੀ ਸੋਚਣੀ ਸੀ ਕਿ ਇਸ ਵੇਲੇ ਪਾਕਿਸਤਾਨ ਕੁਝ ਵੀ ਕਰ ਸਕਦਾ ਹੈ। ਉਸ

ਤੇ ਮੱਦਦ ਸਾਰੀ ਉਹ ਕਰੇਗਾ। ਜ਼ਿਆ-ਉਲ-ਹੱਕ ਉਸ ਵੇਲੇ ਬਹੁਤ ਉਚੀਆਂ ਉਡਾਰੀਆਂ ਲਾ ਰਿਹਾ ਸੀ, ਪਰ ਕੁਦਰਤ ਆਪਣੀ ਖੇਡ ਆਪ ਖੇਡਦੀ ਹੈ। ਇੱਕ ਦਿਨ ਸਦੀਕੀ ਪਰਿਵਾਰ ਦੇ ਘਰ ਫਾਰੂਕੀ ਦਾ ਫੋਨ ਆਇਆ। ਫੋਨ ਇਸਮਤ ਨੇ ਚੁੱਕਿਆ ਤਾਂ ਅੱਗਿਓਂ ਉਹ ਬੋਲਿਆ, "ਆਪਾ ਗਜ਼ਬ ਹੋ ਗਿਆ।"

"ਕਿਉਂ ਕੀ ਹੋਇਆ?"

"ਜ਼ਿਆ ਸਾਹਿਬ ਨਹੀਂ ਰਹੇ।"

"ਹੈਂ!...ਕੀ ਕਿਹਾ?" ਇਮਸਤ ਨੂੰ ਆਪਣੇ ਕੰਨਾਂ 'ਤੇ ਇਤਬਾਰ ਨਾ ਆਇਆ।

"ਹੁਣੇ ਹੁਣੇ ਪਤਾ ਲੱਗਿਆ ਐ ਕਿ ਜਨਰਲ ਜ਼ਿਆ-ਉਲ-ਹੱਕ ਹਵਾਈ ਹਾਦਸੇ 'ਚ ਮਾਰੇ ਗਏ।"

ਇਸਮਤ ਤੋਂ ਕੋਈ ਜੁਆਬ ਨਾ ਦੇ ਹੋਇਆ। ਉਹ ਕੁਰਸੀ ਦੇ ਡੰਡੇ ਨੂੰ ਹੱਥ ਪਾਉਂਦੀ ਉਥੇ ਹੀ ਢੇਰੀ ਹੋ ਗਈ। ਉਧਰੋਂ ਦੋ ਚਾਰ ਵਾਰ ਆਵਾਜ਼ ਆਈ ਤਾਂ ਉਹ ਆਪਣੇ ਆਪ ਨੂੰ ਸੰਭਾਲਦੀ ਬੋਲੀ, "ਭਾਈ ਜਾਨ, ਇਹ ਤਾਂ ਬਹੁਤ ਵੱਡਾ ਕਹਿਰ ਹੋ ਗਿਆ। ਆਪਾਂ ਤਾਂ ਜਿਉਂਦੇ ਈ ਮਰ ਗਏ। ਆਪਣੇ ਲਈ ਤਾਂ ਉਹੀ ਸਭ ਕੁਝ ਸਨ। ਪਤਾ ਨ੍ਹੀਂ ਉਨ੍ਹਾਂ ਬਿਨਾਂ ਇਸ ਮੁਲਕ ਦਾ ਕੀ ਬਣੂੰਗਾ, ਪਰ ਇਹ ਸਭ ਹੋਇਆ ਕਿਵੇਂ?"

"ਉਹ ਕਿਧਰੇ ਦੌਰੇ 'ਤੇ ਗਏ ਸਨ। ਨਾਲ ਕਈ ਵੱਡੇ ਫੌਜੀ ਅਫਸਰਾਂ ਤੋਂ ਇਲਾਵਾ ਅਮਰੀਕੀ ਰਾਜਦੂਤ ਵੀ ਸੀ। ਹੈਲੀਕਾਪਟਰ ਰਾਹੀਂ ਵਾਪਸ ਆ ਰਹੇ ਸਨ ਕਿ ਉਸੇ ਹੈਲੀਕਾਪਟਰ 'ਚ ਕਿਸੇ ਨੇ ਬੰਬ ਰਖਵਾ ਦਿੱਤਾ। ਸਾਰੇ ਮਾਰੇ ਗਏ, ਕੋਈ ਵੀ ਨ੍ਹੀਂ ਬਚਿਆ।"

"ਭਾਈ ਜਾਨ, ਕਿਸ ਨੇ ਕੀਤਾ ਇਹ ਸਭ?"

"ਵੇਖੋ ਜੀ ਕੀ ਕਹਿ ਸਕਦੇ ਆਂ, ਪਰ ਲੱਗਦਾ ਹੈ...ਇਹ ਜਾਂ ਤਾਂ ਅਮਰੀਕਾ ਨੇ ਕਰਵਾਇਆ ਐ ਤੇ ਜਾਂ ਰੂਸ ਨੇ।"

"ਅਮਰੀਕਾ ਭਲਾ ਅਜਿਹਾ ਕਿਉਂ ਕਰਵਾਊਗਾ। ਉਸ ਦੀ ਤਾਂ ਜ਼ਿਆ ਸਾਹਿਬ ਨੇ ਇੰਨੀ ਮਦਦ ਕੀਤੀ ਐ। ਰੂਸ ਦੀ ਇੱਥੇ ਤੱਕ ਪਹੁੰਚ ਨ੍ਹੀਂ ਹੋ ਸਕਦੀ।"

"ਹੋਰ ਫਿਰ ਕਿਸ ਨੇ ਕਰਵਾਇਆ ਹੋਇਆ ਇਹ ਕੰਮ?"

"ਮੇਰੇ ਖਿਆਲ 'ਚ ਇਹ ਸਭ ਇੰਡੀਆ ਦਾ ਕੀਤਾ ਕਰਾਇਆ ਐ। ਇਸ ਵੇਲੇ ਸਭ ਤੋਂ ਜ਼ਿਆਦਾ ਇੰਡੀਆ ਈ ਜ਼ਿਆ ਸਾਹਿਬ ਤੋਂ ਡਰਦਾ ਸੀ।"

"ਆਪਾ ਹੋ ਸਕਦਾ ਐ ਕਿ ਤੇਰੀ ਗੱਲ ਸਹੀ ਹੋਵੇ। ਹੌਲੀ ਹੌਲੀ ਪਤਾ ਲੱਗੂਗਾ, ਪਰ ਹੋਇਆ ਬਹੁਤ ਮਾੜਾ।"

"ਮਾੜੇ ਵਰਗਾ ਮਾੜਾ। ਆਪਣਾ ਤਾਂ ਸਭ ਕੁਛ ਤਬਾਹ ਹੋ ਗਿਆ। ਆਪਾਂ ਨੂੰ ਜ਼ਿਆ ਸਾਹਿਬ ਨੇ ਬੜਾ ਇੱਜ਼ਤ ਮਾਣ ਦਿੱਤਾ ਸੀ। ਹੁਣ ਪਤਾ ਨ੍ਹੀਂ ਅੱਗੇ ਕੀ ਹੋਊਗਾ।"

ਇਸ ਪਿੱਛੋਂ ਫੋਨ ਕੱਟਿਆ ਗਿਆ। ਇਸਮਤ ਨੂੰ ਇਸ ਖ਼ਬਰ ਨੇ ਤੋੜ ਕੇ ਰੱਖ ਦਿੱਤਾ ਸੀ। ਛੋਟੀ ਜਿਹੀ ਆਫੀਆ ਮਾਂ ਨੂੰ ਧਾਹੀਂ ਰੋਂਦਿਆਂ ਵੇਖਦੀ ਰਹੀ।

ਜਿੱਥੇ ਜ਼ਿਆ ਪੱਖੀ ਲੋਕ ਇਸ ਹਾਦਸੇ ਨਾਲ ਟੁੱਟ ਕੇ ਬਿਖਰ ਗਏ ਸਨ, ਉਥੇ ਵਿਰੋਧੀ ਇਸ ਨੂੰ ਆਪਣੇ ਲਈ ਚੰਗਾ ਵਕਤ ਮੰਨ ਰਹੇ ਸਨ। ਉਨ੍ਹਾਂ ਮੁਤਾਬਕ ਜ਼ਾਲਮ ਹਾਕਮ ਤੋਂ ਖਹਿੜਾ ਛਡਵਾਉਣ 'ਚ ਅੱਲਾ ਨੇ ਉਨ੍ਹਾਂ ਦੀ ਮੱਦਦ ਕੀਤੀ ਸੀ। ਇਨ੍ਹਾਂ ਲੋਕਾਂ ਵਿਚ ਸਭ ਤੋਂ ਉਪਰ ਬੇਨਜ਼ੀਰ ਭੁੱਟੋ ਸੀ। ਕੁਝ ਸਾਲ ਪਹਿਲਾਂ ਹੀ ਮੌਕੇ ਦੇ ਪ੍ਰਧਾਨ ਮੰਤਰੀ ਅਤੇ ਬੇਨਜ਼ੀਰ ਦੇ ਪਿਉ ਜ਼ੁਲਿਫਕਾਰ ਅਲੀ ਭੁੱਟੋ ਨੂੰ ਜ਼ਿਆ-ਉਲ-ਹੱਕ ਨੇ ਨਾ ਸਿਰਫ ਗੱਦੀਉਂ ਲਾਹਿਆ ਸੀ, ਸਗੋਂ ਬਾਅਦ ਵਿਚ ਫਾਹੇ ਵੀ ਲਗਵਾਇਆ ਸੀ। ਪਿਉ ਦੀ ਮੌਤ ਪਿੱਛੋਂ ਆਪਣੀ ਪਾਰਟੀ ਨੂੰ ਅੱਗੇ ਵਧਾਉਂਦਿਆਂ ਬੇਨਜ਼ੀਰ ਨੇ ਬੜੇ ਤਸੀਹੇ ਸਹੇ ਸਨ। ਜ਼ਿਆ-ਉਲ-ਹੱਕ ਦੀ ਸਰਕਾਰ ਨੇ ਉਸ ਨੂੰ ਖਤਮ ਕਰਨ ਦੀ ਕੋਈ ਕਸਰ ਨਹੀਂ ਛੱਡੀ ਸੀ। ਪਿਛਲੇ ਕੁਝ ਸਮੇਂ ਤੋਂ ਉਹ ਪਾਕਿਸਤਾਨ 'ਚ ਰਹਿੰਦਿਆਂ ਲੋਕਾਂ ਨੂੰ ਫਿਰ ਤੋਂ ਲਾਮਬੰਦ ਕਰ ਰਹੀ ਸੀ। ਇਹ ਮੌਕਾ ਉਸ ਦੇ ਬਿਲਕੁਲ ਫਿੱਟ ਬੈਠ ਗਿਆ। ਉਸ ਨੇ ਜ਼ੋਰ-ਸ਼ੋਰ ਨਾਲ ਲੋਕਾਂ ਨੂੰ ਜਮਹੂਰੀਅਤ ਲਈ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ। ਉਸ ਦੀ ਮਿਹਨਤ ਦਾ ਹੀ ਨਤੀਜਾ ਸੀ ਕਿ ਕੁਝ ਦੇਰ ਬਾਅਦ ਹੋਈਆਂ ਚੋਣਾਂ ਵਿਚ ਉਸ ਦੀ ਪਾਰਟੀ ਬਹੁਮਤ ਲੈ ਗਈ ਅਤੇ ਬੇਨਜ਼ੀਰ ਭੁੱਟੋ ਕਿਸੇ ਇਸਲਾਮਿਕ ਮੁਲਕ ਦੀ ਪਹਿਲੀ ਔਰਤ ਪ੍ਰਧਾਨ ਮੰਤਰੀ ਬਣ ਗਈ। ਜ਼ਿਆ ਦੇ ਵੇਲੇ ਤੋਂ ਜਿਹੜੇ ਲੋਕ ਧਾਰਮਿਕ ਗਲਬੇ ਹੇਠ ਦਬ ਕੇ ਰਹਿ ਗਏ ਸਨ, ਉਨ੍ਹਾਂ ਨੂੰ ਬੇਨਜ਼ੀਰ ਦੇ ਆਉਣ ਨਾਲ ਨਵੀਂਆਂ ਉਮੀਦਾਂ ਮਿਲ ਗਈਆਂ। ਮੁਲਾਣਿਆਂ ਦੀ ਜਕੜ 'ਚ ਆਇਆ ਮੁਲਕ ਇੱਕ ਦਮ ਘੁਟਣ 'ਚੋਂ ਬਾਹਰ ਆ ਗਿਆ।

1989 ਤੱਕ ਹਾਲਾਤ ਬਦਲ ਗਏ। ਇਸ ਤਬਦੀਲੀ ਨੂੰ ਇਸਮਤ ਨੇ ਨਵੇਂ ਨਜ਼ਰੀਏ ਤੋਂ ਵੇਖਿਆ। ਉਸ ਨੇ ਸੋਚਿਆ ਕਿ ਜੇ ਭੁੱਟੋ ਰਾਜਨੀਤੀ 'ਚ ਅੱਗੇ ਵਧ ਰਹੀ ਹੈ ਤਾਂ ਆਫੀਆ ਕਿਉਂ ਨਹੀਂ! ਉਸ ਦੀ ਸੋਚ ਸੀ ਕਿ ਆਫੀਆ ਕਿਸੇ ਗੱਲੋਂ ਵੀ ਬੇਨਜ਼ੀਰ ਤੋਂ ਘੱਟ ਨਹੀਂ ਹੈ। ਉਹ ਹੁਣ 17 ਦੀ ਹੋ ਚੁੱਕੀ ਸੀ। ਪੜ੍ਹਾਈ ਵੀ ਉਸ ਨੇ ਪਾਕਿਸਤਾਨ ਦੇ ਮਸ਼ਹੂਰ ਸੇਂਟ ਜੋਸਿਫ ਕਾਲਜ ਤੋਂ ਕੀਤੀ ਸੀ ਜਿੱਥੇ ਵੱਡੇ ਲੋਕਾਂ ਦੇ ਬੱਚੇ ਪੜ੍ਹਦੇ ਸਨ। ਉਸ ਨੇ ਹਰ ਵਿਸ਼ੇ ਵਿਚ ਏ ਗਰੇਡ ਲੈਂਦਿਆਂ ਕਲਾਸ ਵਿਚੋਂ ਟਾਪ ਕੀਤਾ ਸੀ। ਵੇਖਣ ਨੂੰ ਵੀ ਉਹ ਬਹੁਤ ਖੂਬਸੂਰਤ ਸੀ। ਕੱਦ ਭਾਵੇਂ ਛੋਟਾ, 5 ਫੁੱਟ 3 ਇੰਚ ਹੀ ਸੀ ਪਰ ਉਸ ਦੀ ਦਿੱਖ ਬੜੀ ਪ੍ਰਭਾਵਸ਼ਾਲੀ ਸੀ। ਪਰ ਇਸ 'ਚ ਇੱਕ ਅੜਿੱਕਾ ਜੋ ਉਸ ਨੂੰ ਸਾਫ ਦਿਸ ਰਿਹਾ ਸੀ, ਇਹ ਸੀ ਕਿ ਪਾਕਿਸਤਾਨ ਵਿਚ ਰਹਿੰਦਿਆਂ ਆਫੀਆ ਦੀ ਛੇਤੀ ਹੀ ਸ਼ਾਦੀ ਹੋ ਜਾਣੀ ਸੀ। ਉਸ ਦੀ ਮਾਂ ਨੇ ਸੋਚ ਸੋਚ ਕੇ ਇਹ ਨਤੀਜਾ ਕੱਢਿਆ ਕਿ ਜੇ ਇਸ ਨੂੰ ਪੜ੍ਹਨ ਲਈ ਵਿਦੇਸ਼ ਭੇਜ ਦਿੱਤਾ ਜਾਵੇ ਤਾਂ ਇਹ ਬਹੁਤ ਅੱਗੇ ਵਧ ਸਕਦੀ ਹੈ; ਇੰਜ ਉਸ ਦੇ ਵਿਆਹ ਦਾ ਮਸਲਾ ਵੀ ਪਿਛੇ ਪੈ ਜਾਵੇਗਾ। ਆਫੀਆ ਦਾ ਭਰਾ ਮੁਹੰਮਦ ਅਲੀ ਪਹਿਲਾਂ ਹੀ ਪੜ੍ਹਾਈ ਲਈ ਅਮਰੀਕਾ ਗਿਆ ਹੋਇਆ ਸੀ। ਉਸ ਨੇ ਉਥੇ ਪੜ੍ਹਾਈ ਤੋਂ ਬਾਅਦ ਆਰਚੀਟੈਕਟ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਆਖਰ ਇਸਮਤ ਨੇ ਅਲੀ ਨਾਲ ਸਲਾਹ ਕੀਤੀ। ਉਸ ਦਾ ਵੀ ਇਹੀ ਕਹਿਣਾ ਸੀ ਕਿ ਆਫੀਆ ਅਜੇ ਛੋਟੀ ਹੈ ਤੇ ਨਾਲ ਹੀ ਪੜ੍ਹਾਈ 'ਚ ਬਹੁਤ ਹੁਸ਼ਿਆਰ ਵੀ ਹੈ। ਇਸ ਲਈ ਇਸ ਨੂੰ ਅਮਰੀਕਾ ਭੇਜ ਦਿੱਤਾ ਜਾਵੇ। ਆਫੀਆ ਦੇ ਮਾਂ ਪਿਉ ਨੇ ਸਲਾਹ ਮਸ਼ਵਰਾ ਕਰ ਕੇ ਆਖਰ ਆਫੀਆ ਨੂੰ ਅਮਰੀਕਾ ਭੇਜਣ ਦੀ ਤਿਆਰੀ ਅਰੰਭ ਦਿੱਤੀ।

***(ਚੱਲਦਾ)***

# ਗੀਤਾ ਦੱਤ

## ਵਕਤ ਨੇ ਕੀਆ, ਕਿਆ ਹਸੀਂ ਸਿਤਮ...

ਹਿੰਦੀ, ਪੰਜਾਬੀ, ਗੁਜਰਾਤੀ, ਮਰਾਠੀ, ਬੰਗਾਲੀ, ਨੇਪਾਲੀ, ਭੋਜਪੁਰੀ ਅਤੇ ਕਈ ਹੋਰ ਭਾਸ਼ਾਵਾਂ ਵਿਚ ਕਰੀਬ 1000 ਗੀਤਾ ਗਾ ਕੇ ਪ੍ਰਸਿੱਧ ਹੋਈ ਗਾਇਕਾ ਗੀਤਾ ਦੱਤ ਦਾ ਜਨਮ 23 ਨਵੰਬਰ 1930 ਨੂੰ ਬੰਗਾਲ ਵਿਚਲੇ ਰਾਏ ਪਰਿਵਾਰ ਵਿਚ ਹੋਇਆ ਸੀ। ਜਦੋਂ ਗੀਤਾ 12 ਸਾਲ ਦੀ ਹੀ ਸੀ ਤਾਂ ਇਨ੍ਹਾਂ ਦਾ ਪਰਿਵਾਰ ਮੁੰਬਈ ਵਿਚ ਜਾ ਵੱਸਿਆ। ਜਦੋਂ ਉਹ ਮੁੰਬਈ ਵਿਚ ਫਿਲਮ 'ਬਾਜ਼ੀ' (1951) ਦੇ ਆਪਣੇ ਗੀਤਾਂ ਦੀ ਰਿਕਾਰਡਿੰਗ ਕਰ ਰਹੀ ਸੀ ਤਾਂ ਉਸ ਨੂੰ ਪ੍ਰਸਿੱਧ ਫਿਲਮੀ ਹੀਰੋ ਤੇ ਨਿਰਦੇਸ਼ਕ ਗੁਰੂ ਦੱਤ ਨਾਲ ਪਿਆਰ ਹੋ ਗਿਆ। ਦੋਹਾਂ ਨੇ 1953 ਵਿਚ ਵਿਆਹ ਕਰਵਾ ਲਿਆ। ਇਸ ਜੋੜੀ ਦੇ ਤਿੰਨ ਬੱਚੇ ਪੈਦਾ ਹੋਏ, ਪਰ ਗੁਰੂ ਦੱਤ ਨਾਲ ਗੀਤਾ ਦਾ ਤਲਾਕ ਹੋ ਗਿਆ। ਤਲਾਕ ਤੋਂ ਬਾਅਦ ਦੁਖੀ ਹੋਈ ਗੀਤਾ ਨੂੰ ਸ਼ਰਾਬ ਪੀਣ ਦੀ ਆਦਤ ਪੈ ਗਈ। ਉਹ ਬੇਹੱਦ ਉਦਾਸ ਗੀਤ ਗਾਉਣ ਲੱਗ ਪਈ। ਫਿਰ ਤਾਂ ਉਸ ਦੀ ਮੌਤ ਵੀ ਇਸੇ ਗਮ ਵਿਚ 20 ਜੁਲਾਈ 1972 ਨੂੰ ਮੁੰਬਈ ਵਿਚ ਹੋ ਗਈ। ਬਾਅਦ ਵਿਚ ਗੁਰੂ ਦੱਤ ਨੇ ਵੀ ਕਥਿਤ ਤੌਰ 'ਤੇ ਆਤਮ ਹੱਤਿਆ ਕਰ ਲਈ। ਗੀਤਾ ਦੱਤ ਦੇ ਗਾਏ ਗੁਜਰਾਤੀ ਲੋਕ ਗੀਤ 'ਮਾਨੇ ਕੇੜਾ ਕਾਂਟੋ ਲਾਗਿਓ' ਤੋਂ ਇਲਾਵਾ ਗੁਜਰਾਤੀ ਫਿਲਮਾਂ 'ਗੁਨਾ ਸੁੰਦਰੀ' (1948), ਦੇ ਗੀਤ 'ਭਬੀ ਤਾਮੇ ਥੋੜਾ ਥੋੜਾ ਠਾਓ...' ਅਤੇ ਫਿਲਮ 'ਮੰਗਲ ਫੇਰਾ' (1949) ਦੇ ਗੀਤ 'ਟਾਲੀਓ ਨਾ ਟਾਲੇ...' ਤੋਂ ਬਿਨਾਂ ਕਈ ਭਜਨ ਵੀ ਕਾਫੀ ਹਿੱਟ ਰਹੇ। ਉਸ ਵੱਲੋਂ ਕੁਝ ਹਿੰਦੀ ਫਿਲਮਾਂ ਵਿਚ ਗਾਏ ਗੀਤ ਤਾਂ ਅੱਜ ਵੀ ਅਮਰ ਹਨ, ਜਿਵੇਂ 'ਘੂੰਘਟ ਕੇ ਪਟ ਖੋਲ੍ਹ ਜੋਗੀ' (ਜੋਗਨ 1950), 'ਖਿਆਲੋਂ ਮੇਂ ਕਿਸੀ ਕੇ' (ਬਾਵਰੇ ਨੈਣ 1950), 'ਜੈ ਜਗਦੀਸ਼ ਹਰੇ' (ਆਨੰਦ ਮੱਠ 1950), 'ਤਦਬੀਰ ਸੇ ਬਿਗੜੀ ਹੂਈ ਤਕਦੀਰ ਬਨਾ ਲੇ' (ਬਾਜ਼ੀ 1951), 'ਨਾ ਯੇ ਚਾਂਦ ਹੋਗਾ' (ਸ਼ਰਤ 1954), 'ਯੇ ਲੋ ਮੈਂ ਹਾਰੀ ਪੀਆ' (ਆਰ-ਪਾਰ 1954), 'ਠੰਢੀ ਹਵਾ ਕਾਲੀ



ਘਟਾ', 'ਜਾਨੇ ਕਹਾਂ ਮੇਰਾ ਜਿਗਰ', 'ਜਾ ਜਾ ਜਾ ਬੇਵਫਾ' ਤੇ 'ਪ੍ਰੀਤਮ ਆਨ ਮਿਲੋ', 'ਆਨ ਮਿਲੋ' (ਦੇਵਦਾਸ 1955), 'ਮੇਰੇ ਜ਼ਿੰਦਗੀ ਕੇ ਹਮਸਫਰ' (ਸ੍ਰੀਮਤੀ 420), 'ਐ ਦਿਲ ਮੁਝੇ ਬਤਾ ਦੇ' (ਭਾਈ ਭਾਈ 1956), 'ਜਾਨੇ ਕਿਆ ਤੂਨੀ ਕਹੀ', 'ਹਮ ਆਪ ਕੀ ਆਖੋ ਮੇਂ' (ਪਿਆਸਾ-1957), 'ਮੇਰਾ ਨਾਮ ਚਿੰਨ ਚਿੰਨ ਚੂ' (ਹਾਵੜਾ ਬ੍ਰਿਜ 1958), 'ਕੈਸਾ ਜਾਦੂ ਬਲੱਮ ਤੂਨੇ ਡਾਲਾ' (12ਓ ਕਲਾਕ), 'ਹਵਾ ਧੀਰੇ ਆਨਾ' (ਸੁਜਾਤਾ1959), 'ਵਕਤ ਨੇ ਕੀਆ ਕਿਆ ਹਸੀਂ ਸਿਤਮ, ਹਮ ਰਹੇ ਨਾ ਹਮ, ਤੁਮ ਰਹੇ ਨਾ ਤੁਮ' (ਕਾਗ਼ਜ਼ ਕੇ ਫੂਲ 1959), 'ਨਾ ਜਾਵੋ ਸਈਆਂ ਛੁੜਾ ਕੇ ਬਈਆਂ', 'ਪੀਆ ਐਸੋ ਜੀਆ ਕੋ ਤੜਪਾ ਕੇ ਗਯਾ ਰੇ' (ਸਾਹਿਬ ਬੀਵੀ ਔਰ ਗੁਲਾਮ 1962), 'ਮੁਝੇ ਜਾਨ ਨਾ ਕਹੋ, ਮੇਰੀ ਜਾਂ' (ਅਨੁਭਵ 1971) ਤੇ ਕੁਝ ਹੋਰ ਗੀਤ। ਗੀਤਾ ਦੱਤ ਨੇ ਸਭ ਤੋਂ ਪਹਿਲਾ ਫਿਲਮੀ ਗੀਤ ਫਿਲਮ 'ਹੀਰ ਰਾਂਝਾ' (1948) ਵਿਚ ਖੱਯਾਮ ਦੇ ਸੰਗੀਤ ਨਿਰਦੇਸ਼ਨ ਹੇਠ 'ਕੈਸੇ ਕਾਟੂੰ ਯੇ ਕਲੀ' ਗਾਇਆ ਤੇ ਕੁਝ ਹਿੰਦੀ ਫਿਲਮਾਂ ਵਿਚ ਪੰਜਾਬੀ ਗੀਤ ਵੀ ਗਾਏ। 'ਤੇਰੀ ਜਾਤ ਹੈ, ਅਕਬਰੀ' ਤੇ 'ਹੇ ਬਾਬੂ ਹੇ ਬੰਧੂ' (ਫਿਲਮ ਇਨਸਾਫ), ਪੰਜਾਬੀ ਫੀਚਰ ਫਿਲਮ 'ਬਾਲੋ' (1951) ਵਿਚਲੇ ਸਾਹਿਰ ਲੁਧਿਆਣਵੀ ਦੇ ਦੋ ਗੀਤ 'ਇਕ ਇਕ ਅੱਖ ਮੇਰੀ ਸਵਾ ਸਵਾ ਲੱਖ ਦੀ' ਤੇ 'ਕੋਠੇ ਕੋਠੇ ਆ ਕੁੜੀਏ...' ਅਤੇ ਫਿਲਮ 'ਹੀਰ ਰਾਂਝਾ' (1948) ਦਾ ਗੀਤ 'ਹਾੜਾ ਵੇ ਚੁੰਨੀ ਲੈਦੇ ਲਾਲ ਰੰਗ ਦੀ' ਅਤੇ 'ਛੱਡ ਅੜਿਆ ਮੇਰੀ ਵੀਣੀ ਨਾ ਮਰੋੜ' (ਫਿਲਮ ਲਾਲਾ) ਵਿਚ ਗਾਏ ਗੀਤਾ ਦੱਤ ਦੇ ਗਾਏ ਗੀਤ ਅੱਜ ਵੀ ਸੰਗਤਿ ਪ੍ਰੇਮੀਆਂ ਲਈ ਸੌਗਾਤ ਹਨ।

***-ਪੇਸ਼ਕਸ਼ ਜੁਗਰਾਜ ਗਿੱਲ ਸ਼ਰਲਟ***
***(ਫੋਨ: 704-257-6693)***



## ਦੀਆ ਮਿਰਜ਼ਾ ਦਾ ਭਵਿੱਖ ਸੁਨਹਿਰੀ

'ਪਰਣੀਤਾ', 'ਦਸ ਕਹਾਨੀਆਂ' ਤੋਂ 'ਐਸਿਡ ਫੈਕਟਰੀ' ਤੱਕ ਕਈ ਚੰਗੀਆਂ ਫ਼ਿਲਮਾਂ ਕਰਨ ਵਾਲੀ ਦੀਆ ਮਿਰਜ਼ਾ ਲਈ ਚਾਹੇ 2012 ਵਪਾਰਕ ਤੌਰ 'ਤੇ ਖਾਸ ਨਹੀਂ ਸੀ ਪਰ ਸਾਹਿਲ ਸੰਗਾ ਤੇ ਜ਼ਾਏਦ ਖਾਨ ਦੇ ਸਾਥ ਨੇ ਦੀਆ ਨੂੰ ਲੇਖਣ/ਨਿਰਮਾਣ ਤੇ ਸਮਾਜਿਕ ਕੰਮਾਂ ਵਿਚ ਅਗਾਂਹ ਵਧਣ ਲਈ ਪੂਰਾ ਉਤਸ਼ਾਹਤ ਕੀਤਾ। 'ਆਈ ਬਲੀਵ ਇਨ ਇੰਗਲਸ਼' ਦੀਆ ਦੀ 2012 ਵਿਚ ਅੰਤਿਮ ਹਿੰਦੀ ਫਿਲਮ ਹੈ ਪਰ ਨਵਾਂ ਸਾਲ ਦੀਆ ਲਈ ਜੋਸ਼ ਭਰਿਆ ਹੈ ਤੇ ਉਹ ਭਵਿੱਖ ਲਈ ਕਾਫੀ ਆਸ਼ਵੰਦ ਹੈ। ਮਾਂ ਦੀਪਾ ਤੇ ਮਤਰੇਅ ਪਿਤਾ ਅਹਿਮਦ ਮਿਰਜ਼ਾ ਦੀ ਪਰਵਰਿਸ਼ ਨੇ ਦੀਆ ਨੂੰ ਮਜ਼ਬੂਤ ਕੁੜੀ ਬਣਾਇਆ ਹੈ। 'ਫੈਮਿਲੀ ਵਾਲਾ', 'ਕਾਇਨਾਤ', 'ਬਿਟਸ ਐਂਡ ਪੀਸੀਜ਼', 'ਬਚਿੱਤਰ ਲੇਖਾ', 'ਅਲੀਬਾਗ਼', 'ਜੌਨੀ ਮਸਤਾਨਾ', 'ਪ੍ਰਤੀਕਸ਼ਾ', 'ਮਾਸਟਰ ਪਲਾਨ' ਅੱਧੀ ਦਰਜਨ ਤੋਂ ਵੱਧ ਦੀਆ ਦੀਆਂ ਇਹ ਫ਼ਿਲਮਾਂ 2013 ਵਿਚ ਆ ਕੇ ਮੁੜ ਦੀਆ ਨੂੰ ਸਫ਼ਲ ਫ਼ਿਲਮੀ ਸਿੰਘਾਸਨ ਤੇ ਬਿਰਾਜਮਾਨ ਕਰਨਗੀਆਂ।

## ਈਸ਼ਾ ਗੁਪਤਾ ਅਜੇ ਵਿਖਾਵੇ ਦੀ ਸ਼ੈਅ

ਆਧੁਨਿਕ ਵਿਚਾਰਾਂ ਵਾਲੀ ਈਸ਼ਾ ਗੁਪਤਾ ਖ਼ੂਬ ਚਰਚਾ ਵਿਚ ਹੈ। 'ਜੰਨਤ-2' ਫ਼ਿਲਮ ਨਾਲ ਉਸ ਨੇ ਬਾਲੀਵੁੱਡ ਵਿਚ ਦਸਤਕ ਦਿੱਤੀ। ਹੁਣ ਤੱਕ ਉਹ ਪ੍ਰਕਾਸ਼ ਝਾਅ ਦੀ ਫ਼ਿਲਮ 'ਚੱਕਰਵਿਊ' ਤੇ ਭੱਟ ਪਰਿਵਾਰ ਦੀ ਹੀ 'ਰਾਜ਼-3' ਕਰਕੇ ਆਪਣੀ ਪਛਾਣ ਨੂੰ ਹੋਰ ਮਜ਼ਬੂਤੀ ਦੇ ਚੁੱਕੀ ਹੈ। ਈਸ਼ਾ ਚਾਹੇ ਤਾਂ ਦਰਜਨ ਫ਼ਿਲਮਾਂ



ਪ੍ਰਾਪਤ ਕਰ ਲਵੇ ਪਰ ਬਗੈਰ ਦਮਦਾਰ ਕਹਾਣੀ ਵਾਲੀ ਫਿਲਮ ਕਰਨੀ ਸਮੇਂ ਦੀ ਬਰਬਾਦੀ, ਦਿੱਲੀ ਦੀ ਇਸ ਫ਼ਿਲਮੀ ਕੁੜੀ ਨੂੰ ਲੱਗਦੀ ਹੈ। ਈਸ਼ਾ ਚੈਨਲ ਪੱਤਰਕਾਰ ਬਣਦੀ-ਬਣਦੀ ਸੁੰਦਰਤਾ ਮੁਕਾਬਲਿਆਂ ਵਿਚ ਜਾ ਕੇ ਫ਼ਿਲਮਾਂ ਦਾ ਹਿੱਸਾ ਬਣਨ ਵੱਲ ਤੁਰ ਪਈ ਸੀ। ਮਾਡਲਿੰਗ ਈਸ਼ਾ ਦੇ ਵਰ ਆਈ ਤੇ ਉਸ ਦਾ ਇਸ਼ਤਿਹਾਰ ਦੇਖ ਕੇ ਹੀ ਮਹੇਸ਼ ਭੱਟ ਨੇ ਉਸ ਨੂੰ ਨਾਇਕਾ ਲਿਆ ਸੀ। ਈਸ਼ਾ ਕੋਲ ਹਾਲੇ ਵੀ ਭੱਟ ਪਰਿਵਾਰ ਦਾ ਕੰਮ ਜ਼ਿਆਦਾ ਹੈ। ਇਹ ਵੀ ਉਹ ਮੰਨਦੀ ਹੈ ਕਿ ਅਜੇ ਤੱਕ ਕੰਮ ਦੇ ਨਾਂ 'ਤੇ ਉਹ ਵਿਖਾਵੇ ਦੀ ਸ਼ੈਅ ਹੀ ਰਹੀ ਹੈ; ਹਾਲੇ ਉਸ ਨੇ ਆਪਣੀ ਕਲਾਕਾਰੀ ਦਿਖਾਉਣੀ ਹੈ। ਉਸ ਨੂੰ ਆਸ ਹੈ ਕਿ ਉਹ ਆਪਣਾ ਜਲਵਾ ਦਿਖਾਏਗੀ।

## 'ਸਾਡਾ ਹੱਕ' ਤੋਂ ਖੋਹ ਲਿਆ ਹੱਕ

ਭਾਰਤ ਦੇ ਸੰਵਿਧਾਨ ਮੁਤਾਬਕ ਹਰ ਭਾਰਤੀ ਨਾਗਰਿਕ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਬੁਨਿਆਦੀ ਅਧਿਕਾਰ ਹੈ ਤੇ ਇਸੇ ਅਧਿਕਾਰ ਤਹਿਤ ਹੀ ਭਾਰਤੀ ਮੀਡੀਆ ਆਪਣਾ ਕੰਮ ਕਰ ਰਿਹਾ ਹੈ। ਸਿਨੇਮਾ ਰਾਹੀਂ ਵੀ ਬਹੁਤ ਸਾਰੇ ਲੇਖਕਾਂ ਤੇ ਨਿਰਦੇਸ਼ਕਾਂ ਨੇ ਆਪਣੇ ਇਸੇ ਬੁਨਿਆਦੀ ਅਧਿਕਾਰ ਦੀ ਵਰਤੋਂ ਕਰਦੇ ਹੋਏ ਸਰਕਾਰ, ਪੁਲਿਸ ਤੇ ਸਮਾਜ ਵਿਚ ਫੈਲੀਆਂ ਕੁਰੀਤੀਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਾਲ ਹੀ ਵਿਚ ਆਈਆਂ ਫ਼ਿਲਮਾਂ 'ਓ ਮਾਈ ਗੌਡ' ਤੇ 'ਚੱਕਰਵਿਊ' ਇਸੇ ਕੜੀ ਦਾ ਹੀ ਹਿੱਸਾ ਸਨ।

ਪਰੇਸ਼ ਰਾਵਲ ਵੱਲੋਂ ਨਿਰਮਿਤ ਫ਼ਿਲਮ 'ਓ ਮਾਈ ਗੌਡ' ਵਿਚ ਜਿੱਥੇ ਹਿੰਦੂ ਧਰਮ ਅੰਦਰ ਫੈਲੀਆਂ ਕੁਰੀਤੀਆਂ ਤੇ ਵਹਿਮਾਂ-ਭਰਮਾਂ 'ਤੇ ਕਰਾਰੀ ਚੋਟ ਕੀਤੀ ਗਈ ਹੈ, ਉੱਥੇ ਪ੍ਰਕਾਸ਼ ਝਾਅ ਨੇ ਆਪਣੀ ਫ਼ਿਲਮ 'ਚੱਕਰਵਿਊ' ਵਿਚ ਮਾਓਵਾਦੀ ਲਹਿਰ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ। ਪ੍ਰਕਾਸ਼ ਝਾਅ ਨੇ ਆਪਣੀ ਫ਼ਿਲਮ ਰਾਹੀਂ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਮਾਓਵਾਦੀ ਗ਼ਰੀਬ ਨੂੰ ਇਨਸਾਫ਼ ਦਿਵਾਉਣ ਲਈ ਲੜ ਰਹੇ ਹਨ, ਭਾਵੇਂ ਉਸ ਨੇ ਇਨਸਾਫਪਸੰਦ ਪੁਲਿਸ ਅਫ਼ਸਰ ਰਾਹੀਂ ਆਪਣੀ ਫ਼ਿਲਮ ਨੂੰ ਇਕਪਾਸੜ ਹੋਣ ਤੋਂ ਬਚਾਉਣ ਦੀ ਕੋਸ਼ਿਸ਼ ਵੀ ਕੀਤੀ ਹੈ ਪਰ ਕੁੱਲ ਮਿਲਾ ਕੇ ਫ਼ਿਲਮ ਦੇ ਅੰਤ ਵਿਚ ਪ੍ਰਕਾਸ਼ ਝਾਅ ਦਾ ਸਪਸ਼ਟ ਸੰਦੇਸ਼ ਹੈ ਕਿ ਭਾਰਤ ਨੇ ਆਪਣੇ ਗ਼ਰੀਬ ਤੇ ਦੱਬੇ-ਕੁੱਚਲੇ ਲੋਕਾਂ ਦੀ ਸਾਰ ਨਾ ਲਈ ਤਾਂ ਇਹ ਲਹਿਰ ਹੋਰ ਵੀ ਪ੍ਰਚੰਡ ਰੂਪ ਦੇ ਸਕਦੀ ਹੈ।



ਇਸੇ ਕੜੀ ਵਿਚ ਹੀ ਬਣੀ ਪੰਜਾਬੀ ਫ਼ਿਲਮ 'ਸਾਡਾ ਹੱਕ' ਵੀ ਪੰਜਾਬੀ ਸਿਨੇਮਾ ਨੂੰ ਨਵੇਂ ਮੁਕਾਮ 'ਤੇ ਲਿਜਾਣ ਦੀ ਕੋਸ਼ਿਸ਼ ਹੈ। ਫ਼ਿਲਮ ਦੇ ਯੂਟਿਊਬ 'ਤੇ ਪਏ ਪ੍ਰੋਮੋ ਨੂੰ ਦੇਖ ਕੇ ਸਪਸ਼ਟ ਹੋ ਜਾਂਦਾ ਹੈ ਕਿ ਇਹ ਫ਼ਿਲਮ ਪੰਜਾਬ ਵਿਚ ਉੱਠੀ ਖਾੜਕੂ ਲਹਿਰ ਨੂੰ ਵੱਖਰੇ ਨਜ਼ਰੀਏ ਤੋਂ ਦਿਖਾਉਣ ਦੀ ਕੋਸ਼ਿਸ਼ ਹੈ। ਪੰਜਾਬੀ ਸਿਨੇਮਾ ਨੂੰ ਪਸੰਦ ਕਰਨ ਵਾਲੇ ਦਰਸ਼ਕਾਂ ਨੂੰ ਇਸ ਦੀ ਝਲਕ ਦੇਖਣ ਤੋਂ ਬਾਅਦ ਇਹ ਆਸ ਬੱਝੀ ਸੀ ਕਿ ਹੁਣ ਪੰਜਾਬੀ ਵਿਚ ਵੀ ਸੱਚੀਆਂ ਘਟਨਾਵਾਂ 'ਤੇ ਆਧਾਰਤ ਫ਼ਿਲਮਾਂ ਦੇਖਣ ਨੂੰ ਮਿਲਣਗੀਆਂ ਪਰ ਪੰਜਾਬੀ ਦਰਸ਼ਕਾਂ ਨੂੰ ਉਸ ਵੇਲੇ ਬਹੁਤ ਵੱਡਾ ਝਟਕਾ ਲੱਗਾ ਜਦੋਂ ਇਹ ਖ਼ਬਰ ਸੁਣਨ ਵਿਚ ਆਈ ਕਿ ਇਸ ਫ਼ਿਲਮ 'ਤੇ ਸੈਂਸਰ ਬੋਰਡ ਵੱਲੋਂ ਰੋਕ ਲਾ ਦਿੱਤੀ ਗਈ ਹੈ।

ਸੈਂਸਰ ਬੋਰਡ ਨੇ ਇੰਨਾ ਸਖ਼ਤ ਫ਼ੈਸਲਾ ਇਸ ਫ਼ਿਲਮ ਬਾਰੇ ਕਿਉਂ ਲਿਆ, ਇਹ ਅਜੇ ਤੱਕ ਬੁਝਾਰਤ ਬਣੀ ਹੋਈ ਹੈ। ਸੈਂਸਰ ਬੋਰਡ ਵੱਲੋਂ ਫ਼ਿਲਮ ਦੇ ਨਿਰਮਾਤਾ ਤੇ ਲੇਖਕ ਕੁਲਜਿੰਦਰ ਸਿੰਘ ਸਿੱਧੂ ਨੂੰ ਹਾਲੇ ਤਕ ਆਪਣੇ ਇਸ ਫ਼ੈਸਲੇ ਦੀ ਕੋਈ ਲਿਖਤ ਕਾਪੀ ਨਹੀਂ ਦਿੱਤੀ ਗਈ। ਸੈਂਸਰ ਬੋਰਡ ਦੇ ਮੈਂਬਰਾਂ ਨੇ ਇਸ ਫ਼ਿਲਮ ਨੂੰ 18 ਅਕਤੂਬਰ ਨੂੰ ਦੇਖਿਆ ਤੇ ਪੰਜ ਮੈਂਬਰਾਂ ਵਾਲੀ ਇਸ ਕਮੇਟੀ ਨੇ ਫ਼ਿਲਮ ਦੇ ਵਿਸ਼ੇ ਨੂੰ ਹੀ ਇਤਰਾਜ਼ਯੋਗ ਕਹਿ ਕੇ ਫ਼ਿਲਮ ਰਿਲੀਜ਼ ਹੋਣ 'ਤੇ ਰੋਕ ਲਾ ਦਿੱਤੀ। ਇਹ ਫ਼ਿਲਮ 26 ਅਕਤੂਬਰ ਨੂੰ ਦੁਨੀਆਂ ਭਰ ਵਿਚ ਰਿਲੀਜ਼ ਹੋਣੀ ਸੀ। ਜਦੋਂ ਫ਼ਿਲਮ ਦੀ ਟੀਮ ਨੇ ਸੈਂਸਰ ਬੋਰਡ ਕੋਲੋਂ ਇਤਰਾਜ਼ਯੋਗ ਗੱਲਾਂ ਦੀ ਕੋਈ ਸੂਚੀ ਮੰਗੀ ਤਾਂ ਸੈਂਸਰ ਬੋਰਡ ਵੱਲੋਂ ਕੋਈ ਵੀ ਸਪਸ਼ਟ ਜਵਾਬ ਨਾ ਦਿੱਤਾ ਗਿਆ। ਫ਼ਿਲਮ ਦੇ ਨਿਰਮਾਤਾ ਵੱਲੋਂ ਅਪੀਲ ਕਰਨ 'ਤੇ ਸੈਂਸਰ ਬੋਰਡ ਨੇ ਇਸ ਫ਼ਿਲਮ ਨੂੰ 14 ਨਵੰਬਰ ਨੂੰ ਮੁੜ ਦੇਖਿਆ ਪਰ ਇਸ ਤੋਂ ਬਾਅਦ ਵੀ ਫ਼ਿਲਮ ਨੂੰ ਰਿਲੀਜ਼ ਕਰਨ ਦੀ ਇਜਾਜ਼ਤ ਨਾ ਦਿੱਤੀ ਗਈ। ਭਾਰਤੀ ਸਿਨੇਮਾ ਦੇ ਇਤਿਹਾਸ ਵਿਚ ਹੁਣ ਤਕ ਅਜਿਹੀ ਕੋਈ ਵੀ ਉਦਾਹਰਣ ਨਹੀਂ ਮਿਲਦੀ ਜਿਸ ਵਿਚ ਸੈਂਸਰ ਬੋਰਡ ਨੇ ਕਿਸੇ ਫ਼ਿਲਮ ਨੂੰ ਬਿਨਾਂ ਕੋਈ ਕਾਰਨ ਦੱਸੇ ਰੱਦ ਕਰ ਦਿੱਤਾ ਹੋਵੇ। ਸੈਂਸਰ ਬੋਰਡ ਵੱਲੋਂ ਸ਼ੇਖਰ ਕਪੂਰ ਦੀ ਫ਼ਿਲਮ 'ਬੈਂਡਿਟ ਕੁਈਨ' 'ਤੇ ਵੀ ਰੋਕ ਲਾਈ ਗਈ ਸੀ ਪਰ ਸੈਂਸਰ ਵੱਲੋਂ ਰੋਕ ਲਾਉਣ ਦੇ ਕਾਰਨਾਂ ਦੀ ਇਕ ਸੂਚੀ ਨਿਰਮਾਤਾ ਤੇ ਨਿਰਦੇਸ਼ਕ ਨੂੰ ਦਿੱਤੀ ਗਈ ਸੀ। ਸ਼ੇਖਰ ਕਪੂਰ ਫ਼ਿਲਮ ਵਿਚ ਕੱਟ-ਵੱਢ ਕਰਨ ਦੀ ਬਜਾਏ ਇਸ ਫ਼ਿਲਮ ਨੂੰ ਅਦਾਲਤ ਵਿਚ ਲੈ ਗਿਆ ਤੇ ਅਖੀਰ ਮੁੰਬਈ ਹਾਈ ਕੋਰਟ ਨੇ ਆਪਣੇ ਫ਼ੈਸਲੇ ਰਾਹੀਂ ਸੈਂਸਰ ਬੋਰਡ ਨੂੰ ਇਸ ਫ਼ਿਲਮ 'ਤੇ ਲੱਗੀ ਰੋਕ ਨੂੰ ਹਟਾਉਣ ਲਈ ਕਿਹਾ।

ਫ਼ਿਲਮ ਦੇ ਨਿਰਮਾਤਾ ਕੁਲਜਿੰਦਰ ਸਿੰਘ ਸਿੱਧੂ ਨੇ 'ਸਾਡਾ ਹੱਕ' ਫ਼ਿਲਮ ਦਾ ਕੇਸ ਅਦਾਲਤ ਵਿਚ ਲਿਜਾਣ ਤੋਂ ਪਹਿਲਾਂ ਸੈਂਸਰ ਬੋਰਡ ਨੂੰ ਇਕ ਮੌਕਾ ਹੋਰ ਦੇਣ ਦੀ ਗੱਲ ਕਹੀ ਹੈ। ਉਨ੍ਹਾਂ ਮੁਤਾਬਕ ਸੈਂਸਰ ਬੋਰਡ ਦੇ ਟ੍ਰਿਬਿਊਨਲ ਨੂੰ ਇਸ ਫ਼ਿਲਮ 'ਤੇ ਫਿਰ ਨਜ਼ਰਸਾਨੀ ਕਰਨੀ ਚਾਹੀਦੀ ਹੈ।

ooraa




ਕਰੈਡਿਟ ਕਾਰਡ ਪੇਮੈਂਟਾਂ
ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org



CHAHAL VIDEO
Video & Photography
We Treat your special events with care!
- HD Video (High Definition)
- Magazine Album

Cell: (916) 601-6632
Cell: (916) 690-4182
Ph: (916) 682-7321
email: ChahalVideo1@yahoo.com

ਵਿਆਹ-ਸ਼ਾਦੀ ਜਾਂ ਕਿਸੇ ਪਾਰਟੀ ਦੀ ਯਾਦ ਨੂੰ ਸਾਂਭਣ ਲਈ ਸੰਪਰਕ ਕਰੋ

Jaison Chahal
at 916-601-6632



M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

510-794-7058

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

"I take your accident personally"

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information
www. markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Selling Homes from Gilroy to Sacramento, CA

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 4205 Lunar Way Union City, CA 94587
2. 5329 Calabria Way Sacramento CA 95835
3. 3167 San Bernardino Way Union City, CA 94587
4. 34782 Klondike Dr. Union City, CA 94587
5. 32467 Woodland Dr., Union City, CA 94587
6. 1969 Catalpa Way Hayward, CA 94545
7. 2952 Remington Way San Jose, CA 95148
8. 32452 Springwood Dr., Union City, CA 94587
9. 648 Cayuga Dr., San Jose, CA 95123

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.